7 ਅਕਤੂਬਰ-ਦਸੰਬਰ, 2007

# ਕਹਾਣੀ ਧਾਰਾ



ਮੁੱਲ : 20/-

7 ਅਕਤੂਬਰ-ਦਸੰਬਰ, 2007

ਕਹਾਣੀ ਧਾਰਾ

'KAHANI DHARA'(PUNJABI QUARTERLY)
R.N.I. Regd No. PUN PUN /2006 /19971



e-mail: kahani_dhara@yahoo.co.in

**ਸੰਪਾਦਕ:**

ਭਗਵੰਤ ਰਸੂਲਪੁਰੀ (94170-64350)

**ਸਹਾਇਕ ਸੰਪਾਦਕ (ਅਨ.)**

ਦੇਸ ਰਾਜ ਕਾਲੀ (94176-58139, 93562-67116)

**ਸਹਿਯੋਗੀ**

ਸੁਰਜੀਤ ਸੁਮਨ (98144-30874)

ਟਾਇਟਲ ਫੋਟੋ : PICASSO

**ਰਚਨਾਵਾਂ ਭੇਜਣ ਲਈ ਪਤਾ :** Editor KAHANI DHARA
V. Dharampura, P.O:. Khambra,
Distt. JALANDHAR-144026
Ph. 0181-2685313

**ਤਰਤੀਬ-**

**ਕਹਾਣੀਆਂ** ○ ਸੋਨ ਚਿੜੀ ਦੇ ਖੰਭ / ਪ੍ਰੋ. ਹਰਭਜਨ ਸਿੰਘ-3, ○ ਧੁੰਦ ਦੀਆਂ ਕੰਧਾਂ/ ਦਰਸ਼ਨ ਮਿਤਵਾ-17, ○ ਕਲਰਕ ਰਾਧੇਸ਼ਾਮ ਦੀ ਜ਼ਿੰਦਗੀ ਦਾ ਇਕ ਦਿਨ / ਬਲਬੀਰ ਪਰਵਾਨਾ-24, ○ ਇਕ ਬੇਦਾਵਾ ਹੋਰ/ ਸਰੂਪ ਸਿਆਲਵੀ-33, ○ ਰਾਤ ਗਈ ਬਾਤ ਗਈ/ ਬਲਦੇਵ ਪੋਹਲੋਪੁਰੀ-46, ○ ਸੱਚ ਬੋਲਣਾ ਪਾਪ ਹੈ/ ਸਿਮਰਨ ਧਾਲੀਵਾਲ-51, ○ ਬੜੇ ਭਾਈ/ ਸੁਰਜੀਤ ਸੁਮਨ-54, ○ ਜ਼ਖ਼ਮ / ਅਨੁਰਾਧਾ ਸ਼ਰਮਾ-62, **ਆਲੋਚਨਾ**-ਕਮਲੇਸ਼ਵਰ ਦਾ 'ਛਾਂਗਿਆ ਰੁੱਖ' ਬਾਰੇ ਲੇਖ-64, ○ ਡਾ. ਜਸਵਿੰਦਰ ਕੌਰ ਬਿੰਦਰਾ ਦਾ 'ਰੇਪ' ਬਾਰੇ ਲੇਖ-67, **ਜਨ ਬੋਧ**- ਡਾਕਟਰ ਵਿਲੀਅਮ ਕੇਰੀ- ਪਹਿਲੀ ਪੰਜਾਬੀ ਗਰਾਮਰ ਦਾ ਖ਼ਾਲਿਕ-70, **ਪੁਸਤਕ ਪੜਚੋਲ**-82, **ਹੁੰਗਾਰਾ**-95

**ਸਾਲਾਨਾ ਚੰਦੇ :** 200 ਰੁਪਏ 10 ਅੰਕ, ਡਾਲਰ 25, ਪੌਂਡ 20,ਪਰਚੇ ਲਈ ਚੰਦੇ ਚੈੱਕ / ਬੈਂਕ ਡਰਾਫਟ / ਮਨੀਆਰਡਰ ਰਾਹੀਂ ਕੇਵਲ ................ ਦੇ ਨਾਂ ਭੇਜੇ ਜਾਣ।

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਖਵਿੰਦਰ ਨੇ Bright Printing Press,Mohalla Kishanpura, Jalandhar City ਤੋਂ ਛਪਵਾ ਕੇ ਦਫਤਰ 'ਕਹਾਣੀ ਧਾਰਾ' ਪਿੰਡ ਧਰਮ ਪੁਰ, ਡਾਕ ਖਾਂਬਰਾ, ਜ਼ਿਲਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ: ਭਗਵੰਤ ਰਸੂਲਪੁਰੀ, (ਪ੍ਰਕਾਸ਼ਨ ਮਿਤੀ 1 ਨਵੰਬਰ, 07)

ਸੰਪਾਦਕੀ

## ਸੈਲੀਬਰੇਟਿੰਗ ਭਗਤ ਸਿੰਘ

ਸ਼ਹੀਦ ਭਗਤ ਸਿੰਘ ਦਾ ਜਨਮ ਸ਼ਤਾਬਦੀ ਵਰ੍ਹਾ ਚੱਲ ਰਿਹਾ ਹੈ। ਪਹਿਲੀ ਵਾਰ ਹੈ ਜਦੋਂ ਕਿਸੇ ਕ੍ਰਾਂਤੀਕਾਰੀ ਨੂੰ, ਉਸਦੀ ਕੁਰਬਾਨੀ ਨੂੰ, ਉਸਦੇ ਵਿਚਾਰਾਂ ਨੂੰ ਏਡੀ ਵੱਡੀ ਪੱਧਰ 'ਤੇ ਸੈਲੀਬ੍ਰੇਟ ਕੀਤਾ ਗਿਆ। ਇੱਥੇ 'ਸੈਲੀਬ੍ਰੇਟ' ਸ਼ਬਦ ਬਿਲਕੁਲ ਢੁਕਵਾਂ ਸ਼ਬਦ ਹੈ, ਕਿਉਂ ਕਿ ਸਾਡੇ ਹਿਸਾਬ ਨਾਲ ਜੋ ਕੁਝ ਵੀ ਹੋਇਆ ਹੈ, 'ਜਸ਼ਨ' ਦੀ ਆਭਾ ਵਾਲਾ ਹੀ ਹੋਇਆ ਹੈ। ਪਰੰਤੂ ਇਸ 'ਹੋਏ' ਨੇ ਬਹੁਤ ਸਾਰੇ ਸਵਾਲ ਵੀ ਪੈਦਾ ਕਰ ਦਿੱਤੇ ਹਨ, ਜਿਹਨਾਂ ਬਾਰੇ ਚਿੰਤਨ ਦੀ ਲੋੜ ਹੈ। ਅਸੀਂ ਚਾਹੁੰਦੇ ਹਾਂ ਕਿ ਇਸ ਬਾਕੀ ਬਚਦੇ ਵਰ੍ਹੇ ਵਿੱਚ ਇਹਨਾਂ ਸਵਾਲਾਂ ਦੇ ਰੂ-ਬ-ਰੂ ਹੀ ਹੋਇਆ ਜਾਵੇ।

ਸਾਡੀ ਜਾਚੇ, ਸਭ ਤੋਂ ਪਹਿਲੀ ਗੱਲ ਤਾਂ ਇਹ ਵਿਚਾਰੀ ਜਾਣੀ ਚਾਹੀਦੀ ਹੈ ਕਿ ਇਹਨਾਂ 'ਜਸ਼ਨਾਂ' ਦਾ ਸਾਡੀ ਨੌਜਵਾਨ ਪੀੜ੍ਹੀ 'ਤੇ ਕਿੰਨਾ ਕੁ ਤੇ ਕਿਵੇਂ ਦਾ ਪ੍ਰਭਾਵ ਪਿਆ ਹੈ? ਕੀ ਇਹ ਪ੍ਰਭਾਵ ਬੌਧਿਕ ਹੈ? ਜੇ ਬੌਧਿਕ ਨਹੀਂ ਹੈ ਤਾਂ 'ਜਸ਼ਨ' ਕਿਨੇ ਕੁ ਸਾਰਥਕ ਹਨ।

ਦੂਸਰਾ ਅਹਿਮ ਸਵਾਲ ਇਹ ਹੈ ਕਿ ਇਹਨਾਂ ਜਸ਼ਨਾਂ ਵਿੱਚ ਭਗਤ ਸਿੰਘ ਕਮਿਉਨਿਸਟ ਪਾਰਟੀਆਂ ਨੂੰ ਵੀ ਫਿੱਟ ਬੈਠ ਰਿਹਾ ਹੈ, ਆਰ. ਐਸ. ਐਸ. ਨੂੰ ਵੀ, ਸਰਕਾਰਾਂ ਨੂੰ ਵੀ, ਤਰਕਸ਼ੀਲਾਂ ਨੂੰ ਵੀ, ਅੰਬੇਡਕਰੀਆਂ ਨੂੰ ਵੀ ਤੇ 'ਬਾਬਿਆਂ' ਨੂੰ ਵੀ। ਕੀ ਭਗਤ ਸਿੰਘ ਦਾ 'ਫਿੱਟ' ਬੈਠਣਾ ਵਿਚਾਰ ਉਤੇਜਕ ਨਹੀਂ ਹੈ। ਕੀ ਇਸ 'ਫਿੱਟ ਬੈਠਣ' ਬਾਰੇ ਚਰਚਾ ਨਹੀਂ ਹੋਣੀ ਚਾਹੀਦੀ?

ਤੀਸਰਾ ਸਵਾਲ ਸ਼ਹੀਦ ਭਗਤ ਸਿੰਘ ਬਾਰੇ ਪ੍ਰਕਾਸ਼ਿਤ ਸਾਹਿਤ ਦਾ ਹੈ। ਕਈ ਚਿੱਠੀਆਂ, ਬਿਨਾਂ ਕਿਸੇ ਇਤਿਹਾਸਕ ਸਬੂਤ ਦੇ 'ਇਤਿਹਾਸ' ਕਹਿ ਕੇ ਪ੍ਰਕਾਸ਼ਤ ਕੀਤੀਆਂ ਗਈਆਂ। ਰੌਲੇ-ਗੌਲੇ 'ਚ ਉਹ ਵੀ ਚੱਲ ਨਿਕਲੀਆਂ। ਵੱਡ ਅਕਾਰੀ ਨਾਵਲ ਪ੍ਰਕਾਸ਼ਿਤ ਹੋਏ, ਜਿਹਨਾਂ ਨੂੰ ਇਹ ਕਹਿ ਕੇ ਵੇਚਿਆ ਗਿਆ ਕਿ 'ਜਨਮ ਸ਼ਤਾਬਦੀ ਜਸ਼ਨਾਂ ਮੌਕੇ 75 ਫੀਸਦੀ ਛੂਟ' ਦਿੱਤੀ ਜਾ ਰਹੀ ਹੈ। ਕੀ ਇਹ 'ਪਾਲਿਟਿਕਸ ਆਫ ਸੇਲ' ਵੀ ਵਿਚਾਰੀ ਨਹੀਂ ਜਾਣੀ ਚਾਹੀਦੀ?

ਇੱਕ ਹੋਰ ਅਹਿਮ ਸਵਾਲ ਹੈ, ਸ਼ਹੀਦ ਭਗਤ ਸਿੰਘ ਦੇ ਪੋਸਟਰਾਂ ਦਾ ਸਭ ਤੋਂ ਵੱਧ ਵਿਕਣਾ। ਇਹਨਾਂ ਪੋਸਟਰਾਂ ਵਿੱਚ ਵੀ ਉਸਦੇ ਹੱਥ 'ਚ ਰਿਵਾਲਵਰ ਵਾਲੇ ਦਾ ਸਭ ਤੋਂ ਵੱਧ ਵਿਕਣਾ ਵੀ ਸਵਾਲਾਂ ਦਾ ਸਵਾਲ ਹੈ। ਭਗਤ ਸਿੰਘ ਦੇ ਪੋਸਟਰ ਉੱਤੇ 'ਹੱਟ ਪਿੱਛੇ ਮਿੱਤਰਾਂ ਦੀ ਮੁੱਛ ਦਾ ਸਵਾਲ ਏ' ਛਪਿਆ ਹੋਣਾ ਵੀ ਸਵਾਲ ਪੈਦਾ ਕਰਦਾ ਹੈ। ਕੀ ਇਹਨਾਂ 'ਤੇ ਵਿਚਾਰ ਨਹੀਂ ਹੋਣਾ ਚਾਹੀਦਾ।

ਮੁਆਫ ਕਰਨਾ ਅਸੀਂ 'ਜਸ਼ਨਾਂ' ਵਿੱਚ ਵਿਘਨ ਨਹੀਂ ਪਾ ਰਹੇ। ਅਸੀਂ ਤਾਂ ਸ਼ਹੀਦ-ਏ-ਆਜ਼ਮ ਨੂੰ 'ਸੈਲੀਬ੍ਰੇਟ ਕਰਨ 'ਤੇ ਸਵਾਲ ਕਰ ਰਹੇ ਹਾਂ।

- ਭਗਵੰਤ ਰਸੂਲਪੁਰੀ
- ਦੇਸ ਰਾਜ ਕਾਲੀ






'ਕੱਥ ਕਾਲੀ', 'ਫ਼ਕੀਰੀ' ਤੋਂ ਬਾਅਦ
ਚਰਚਿਤ ਕਹਾਣੀਕਾਰ ਦੇਸ ਰਾਜ ਕਾਲੀ ਦਾ ਨਵਾਂ
ਨਾਵਲ
ਪਰਨੇਸ਼ਵਰੀ

ਪ੍ਰਕਾਸ਼ਕ
ਚੇਤਨਾ ਪ੍ਰਕਾਸ਼ਨ
ਪੰਜਾਬੀ ਭਵਨ, ਲੁਧਿਆਣਾ -141001
ਫੋਨ : 0161-2413613, 2404928
ਮੋਬਾਇਲ : 98152-98459
E-mail chetnaparkashan@sify.com

ਪਿੰਡ ਨਾਲੋਂ ਟੁੱਟਿਆਂ ਤਿੰਨ ਵਰ੍ਹਿਆਂ ਤੋਂ ਉੱਪਰ ਹੋ ਚੁੱਕੇ ਹਨ। ਇਸੇ ਸਮੇਂ ਦੌਰਾਨ ਮਾਂ ਤੁਰ ਗਈ। ਅੰਦਰੋਂ 'ਕੜੱਕ' ਕਰਕੇ ਕੁਝ ਟੁੱਟਿਆ। ਘਰ 'ਚ ਰਹਿ ਕੇ ਬਣਵਾਸ ਮਹਿਸੂਸ ਕਰਦਾ ਰਿਹਾ ਹਾਂ। ਕਈ ਵਾਰ ਲਗਦਾ ਹੁੰਦਾ ਸੀ, ਮਾਂ ਮੈਨੂੰ ਥੋੜ੍ਹਾ-ਬਹੁਤ ਸਮਝਦੀ ਹੈ। ਪਰ ਬਹੁਤੀ ਵਾਰ ਉਹ ਵੀ ਬੇਵੱਸ, ਲਾਚਾਰ ਤੇ ਕਮਜ਼ੋਰ ਨਜ਼ਰ ਆਈ। ਉਹਨੀਂ ਦਿਨੀਂ ਅੱਖਾਂ 'ਚੋਂ ਆਪ ਮੁਹਾਰੇ ਪਾਣੀ ਵਗਣ ਲੱਗ ਪੈਂਦਾ ਸੀ। ਸਮਾਜਿਕ ਗਲਬਾ ਇਹੋ-ਜਿਹਾ ਸੀ ਕਿ ਜੰਜ਼ੀਰਾਂ ਤੋੜਨੀਆਂ ਮੁਸ਼ਕਿਲ ਲਗਦੀਆਂ ਸਨ। ਫਿਰ ਛਲਣੀ ਦਿਲ ਨਾਲ ਸੱਭ ਕੁਝ ਤੋਂ ਟੁੱਟ ਗਿਆ।

ਟੁੱਟਿਆ ਨਹੀਂ, ਸਗੋਂ ਹੋਰ ਡੂੰਘੀ ਤਰ੍ਹਾਂ ਜੁੜ ਗਿਆ। ਇਹ ਟੁੱਟਣਾ ਜਾਂ ਜੁੜਨਾ ਵੀ ਰਹੱਸ ਜਾਪਦਾ ਹੈ। ਅਸੀਂ ਜਿੰਨੇ ਜ਼ੋਰ ਨਾਲ ਕਹਿੰਦੇ ਹਾਂ 'ਟੁੱਟ ਗਿਆ', ਓਨੇ ਜ਼ੋਰ ਨਾਲ ਹੀ 'ਜੁੜਦੇ' ਹਾਂ। ਜਿੰਨੇ ਜ਼ੋਰ ਨਾਲ ਕਹਿੰਦੇ ਹਾਂ 'ਜੁੜ ਗਿਆ', ਓਨੇ ਜ਼ੋਰ ਨਾਲ ਹੀ 'ਟੁੱਟਦੇ' ਹਾਂ। ਜਾਂ ਸ਼ਾਇਦ ਗੱਲ ਇਸਤੋਂ ਵੀ ਵੱਧ ਹੈ। ਇਹ ਦੰਭ ਵਾਲੀ ਸਥਿਤੀ ਵੀ ਨਹੀਂ ਹੁੰਦੀ। ਬਸ ਅਚੇਤ 'ਦਬਾਅ' ਹੁੰਦੇ ਹਨ। ਅਜਿਹੇ ਹੀ ਅਚੇਤ ਦਬਾਅ, ਆਪਣੇ ਆਲੇ-ਦੁਆਲੇ ਦੇ ਲੋਕਾਂ ਦੇ ਮਨਾਂ ਉੱਤੇ ਮਹਿਸੂਸ ਕਰਨ ਲੱਗ ਪਿਆ। ਇਹ ਲੋਕ ਖ਼ਾਸ ਕਰਕੇ ਮੇਰੇ ਪਿੰਡ ਦੇ ਮੇਰੇ ਆਪਣੇ 'ਵਿਹੜੇ' ਦੇ ਸਨ। ਪਿੰਡ ਮੈਨੂੰ ਹੁਣ ਬਹੁਤ ਵੱਡਾ ਵਿਖਾਈ ਦੇਣ ਲੱਗਾ ਸੀ। ਜਿਸ ਪਿਉ ਨਾਲ ਅੱਜ ਤੱਕ ਅੱਖ 'ਚ ਅੱਖ ਪਾ ਕੇ ਗੱਲ ਨਹੀਂ ਕਰ ਸਕਿਆ, ਉਸਦਾ ਕੱਦ ਬਹੁਤ ਉੱਚਾ ਦਿਖਾਈ ਦੇਣ ਲੱਗਾ ਸੀ। ਆਲਾ-ਦੁਆਲਾ ਵੱਧ ਸਾ.ਫ ਦਿਖਣ ਲੱਗਾ ਸੀ। ਜਿਹੜੀਆਂ ਗੱਲਾਂ ਪਿੰਡ ਰਹਿ ਕੇ ਸਮਝ ਨਹੀਂ ਸਨ ਆਉਂਦੀਆਂ, ਸਾਫ ਕਪਾਹ ਵਾਂਗ ਮੇਰੇ ਸਾਹਮਣੇ ਖਿੜ ਗਈਆਂ ਸਨ।

ਇਸ ਸਾਰੇ ਕੁਝ ਵਿੱਚ ਹੀ ਮੈਨੂੰ ਆਪਣੀਆਂ ਸੱਭਿਆਚਾਰਕ / ਧਾਰਮਿਕ ਰੀਤਾਂ ਦੀ ਗਹਿਰਾਈ ਦਿਸਣ ਲੱਗ ਪਈ ਸੀ। ਸੂਫੀ ਸੰਤਾਂ ਦੇ ਡੇਰੇ, ਸਾਡੀ ਸ਼ਰਧਾ, ਨਾਥਾਂ ਦਾ ਸਾਡੇ ਪਰਵਾਰਾਂ 'ਚ ਅਸਰ-ਰਸੂਖ, ਬਹੁਤ ਸਾਰੇ ਗੁੱਝੇ ਭੇਤ ਖੁੱਲ੍ਹ ਗਏ ਸਨ। ਆਦਿ ਧਰਮ ਮੰਡਲ ਦੀ ਸਿਆਸੀ / ਸਮਾਜਿਕ / ਧਾਰਮਿਕ ਸੂਝ ਦੇ ਦਲਿਤਾਂ ਉੱਤੇ ਅਸਰ ਬਾਰੇ ਕਈ ਗੰਢਾਂ ਖੁੱਲ੍ਹ ਗਈਆਂ। ਇਸ ਸਾਰੇ ਕੁਝ ਨੇ ਮੇਰੇ ਮਨ 'ਤੇ ਇੱਕ ਨਾਵਲ ਦੇ ਨਕਸ਼ ਉਲੀਕ ਦਿੱਤੇ।

ਇਹਨਾਂ ਦਿਨਾਂ ਵਿੱਚ ਹੀ ਪ੍ਰਸਿੱਧ ਨਾਵਲਕਾਰ ਸਿੰਕਲੇਅਰ ਦੇ ਨਾਵਲ 'ਜੰਗਲ' ਦਾ ਬਹੁਤ ਗਹਿਰਾ ਅਸਰ ਮੇਰੇ ਮਨ 'ਤੇ ਸੀ। ਫਿਰ ਰੂਪਾ ਬਾਜਵਾ ਦਾ ਨਾਵਲ 'ਸਾੜ੍ਹੀ ਸ਼ਾਪ' ਪੜ੍ਹਿਆ ਤਾਂ ਉਸਦੀ ਸਾਦਗੀ ਤੇ ਗਹਿਰਾਈ ਨੇ ਬਲ ਬਖਸ਼ਿਆ। ਇਹਨਾਂ ਦਿਨਾਂ 'ਚ ਹੀ ਦੇਵੀ ਪ੍ਰਸਾਦ ਚਟੋਪਾਧਿਆਇ ਦੀ 'ਲੋਕਾਇਤ' ਅਤੇ ਡਾ. ਸੇਵਾ ਸਿੰਘ ਦੀ ਪੁਸਤਕ 'ਭਗਤੀ ਔਰ ਜਨ' ਮਨ ਮਸਤਕ 'ਤੇ ਛਾਈਆਂ ਹੋਈਆਂ ਸਨ। ਬਹੁਤ ਕੁਝ ਸੀ ਮਨ 'ਚ। ਨਾਲ ਦੀ ਨਾਲ ਕੋਈ ਵੱਡੀ ਰਚਨਾ ਲਿਖਣ ਦੀ ਤਾਂਘ ਸੀ।

ਇਸ ਸੱਭ ਕੁਝ ਵਿੱਚੋਂ ਹੀ ਇਸ ਨਾਵਲ ਨੇ ਜਨਮ ਲਿਆ। ਇਸ ਨਾਵਲ ਦੇ ਜਨਮ ਮੌਕੇ ਮੇਰੀ ਮਾਨਸਿਕ / ਸਰੀਰਕ ਹਾਲਤ ਬਿਲਕੁਲ ਭੇਦਭਰੀ ਰਹੀ ਹੈ। ਮੈਂ ਬਿਲਕੁਲ ਅਲਗ ਮਹਿਸੂਸ ਕੀਤਾ ਹੈ, ਜੋ ਰਹੱਸਮਈ ਜਿਹੇ ਵਰਤਾਰੇ ਵਰਗਾ ਸੀ। ਇਸ ਭੇਦ ਦੀਆਂ ਗੱਲਾਂ ਵੀ ਕਿਤੇ ਕਰਾਂਗਾ। ਹੋ ਸਕਦਾ ਹੈ ਉਹ ਗੱਲਾਂ ਵੀ ਕੋਈ ਸਿਰਜਣਾਤਮਕ ਰੂਪ ਧਾਰਨ ਕਰ ਜਾਣ !

ਇਸ ਨਾਵਲ ਦੀ 'ਚੇਤਨ' ਪਰਤ ਵਿੱਚੋਂ ਮੇਰੇ ਪਿਤਾ 'ਨਰੰਜਨ ਦਾਸ' ਦੀ ਝਲਕ ਮਿਲੇਗੀ। ਮੈਨੂੰ ਇਸ ਗੱਲ 'ਤੇ ਮਾਣ ਹੈ ਕਿ ਮੈਂ ਉਸਦਾ ਬੀਜ ਹਾਂ। ਮੈਨੂੰ ਇਹ ਵੀ ਮਾਣ ਹੈ ਕਿ ਮੇਰੀ ਚੇਤਨਾ ਵਿੱਚ ਸਾਹਿਤ ਦਾ ਬੀਜ ਵੀ ਉਸੇ ਦਾ ਬੋਇਆ ਹੋਇਆ ਹੈ।

- ਦੇਸ ਰਾਜ ਕਾਲੀ

# ਸੋਨ ਚਿੜੀ ਦੇ ਖੰਭ / ਪ੍ਰੋ. ਹਰਭਜਨ ਸਿੰਘ

ਸ਼ੈਰੀ ਰੋਜ਼ਮੈਰੀ ਅੱਜ ਇੱਕ ਨਵੀਂ ਕਿਸਮ ਦੀ ਖੁਸ਼ੀ ਨਾਲ ਖੀਵੀ ਹੋਈ ਉੱਡਦੀ ਫਿਰ ਰਹੀ ਹੈ ਅਤੇ ਉਹਦਾ ਬੁਆਏ-ਫਰੈਂਡ ਉਹਦੀਆਂ ਤਾਰੀਫ਼ਾਂ ਦੇ ਪੁਲ ਉਤੇ ਪੁਲ ਬੰਨ੍ਹੀ ਜਾ ਰਿਹਾ ਹੈ,''ਸਵੀਟਹਾਰਟ, ਤੁਸੀਂ ਤਾਂ ਸਰਵ-ਕਲਾ ਸੰਪੂਰਨ ਹੋ ! ਵਿਦਵਾਨ, ਵਿਲੱਖਣ, ਹੁਨਰਮੰਦ, ਸੁੰਦਰ ਤੇ ਦਿਆਲੂ...।''

''ਤੁਸੀਂ ਆਪਣੇ ਕੈਰੀਅਰ ਦੇ ਸਿਰਫ਼ ਇਕ ਸਾਲ ਵਿਚ ਉਹ ਸਾਰਾ ਕੁਝ ਹਾਸਲ ਕਰ ਲਿਆ ਜੋ ਕਹਿੰਦੇ ਕਹਾਉਂਦੇ ਵਿਦਵਾਨ, ਬੁੱਧੀਮਾਨ ਤੇ ਤਕਨੀਕੀ-ਮਾਹਰ ਸਾਰੀ ਉਮਰ ਵਿਚ ਵੀ ਨਹੀਂ ਕਰ ਸਕਦੇ.... ਠਾਠ-ਬਾਠ, ਪ੍ਰਸਿੱਧੀ ਤੇ ਰੁਤਬਾ... ਇੰਨਾ ਕੁਝ ਕਿ ਕੋਈ ਵੀ ਰਸ਼ਕ ਕਰ ਸਕੇ !''

''ਇਹ ਮੈਨੂੰ ਮਿਲੇ ਅਦਭੁੱਤ ਮੌਕਿਆਂ ਦਾ ਅਨੋਖਾ ਸੁਮੇਲ ਹੀ ਹੈ, ਫਰੈਂਕੀ ਡਾਰਲਿੰਗ ! ਵੈਸੇ ਹੋਇਆ ਇਹ ਇਕ ਤਰ੍ਹਾਂ ਦਾ ਚਮਤਕਾਰ ਹੀ, ਇਕ ਕ੍ਰਿਸ਼ਮਾ ਹੀ ਕਿ ਮੌਕੇ ਮਿਲਦੇ ਗਏ ਤੇ ਮੈਂ ਟਪੂਸੀਆਂ ਮਾਰਦੀ ਪੌੜੀਆਂ ਚੜ੍ਹਦੀ ਗਈ...।''

ਸ਼ੈਰੀ ਸਹੀ ਕਹਿ ਰਹੀ ਹੈ, ਉਸਦਾ ਕੈਰੀਅਰ ਸ਼ੁਰੂ ਹੀ ਇੰਨੇ ਚਮਤਕਾਰੀ ਢੰਗ ਨਾਲ ਹੋਇਆ ਕਿ ਪਹਿਲਾ ਕਦਮ ਪੁੱਟਦੇ ਹੀ ਕਰਿਸ਼ਮਾ ਹੋ ਗਿਆ। ਕਰਿਸ਼ਮਾ, ਉਸ ਜੰਗਲੀ ਰੈਸਟ-ਹਾਊਸ ਦੀ ਖੂਬਸੂਰਤੀ ਦਾ, ਜਿਸਨੂੰ ਦੁਨੀਆਂ ਦਾ ਇਕ ਹੋਰ ਅਜੂਬਾ ਵੀ ਕਿਹਾ ਜਾ ਸਕਦਾ ਹੈ... ਨੌਵਾਂ ਅਜੂਬਾ, ਇਕ ਪਾਸੇ ਠਾਠਾਂ ਮਾਰਦੇ ਸਮੁੰਦਰ ਦੀ ਵਿਸ਼ਾਲਤਾ ਅਤੇ ਦੂਜੇ ਪਾਸੇ ਫੁੱਲਾਂ ਦੀ ਘਾਟੀ। ਫੁੱਲ ਹੀ ਫੁੱਲ, ਮੀਲਾਂ ਮੀਲਾਂ ਤੱਕ। ਰੰਗ ਬਿਰੰਗੇ ਸੁਗੰਧੀਆਂ ਭਰੇ ਅਸਲੀ ਅਤੇ ਜੰਗਲੀ ਫੁੱਲ। ਤੀਜੇ ਪਾਸੇ ਡੂੰਘੀਆਂ ਖੱਡਾਂ, ਹਰੀਆਂ ਭਰੀਆਂ ਤੇ ਰਹੱਸਮਈ ਅਤੇ ਚੌਥੇ ਪਾਸੇ ਉਹ ਸੈਰਗਾਹ ਜਿਹੜੀ ਧਰਤੀ ਉੱਤੇ 'ਸਵਰਗ' ਕਹਾਉਂਦੀ ਹੈ ਅਤੇ ਜਿਸ ਵਿਚ ਉਹ ਰੈਸਟ-ਹਾਊਸ ਦੁਲਹਨ ਦੀ ਤਰ੍ਹਾਂ ਸਜਿਆ-ਫਬਿਆ ਹਰ ਵਕਤ ਤਿਆਰ ਖੜ੍ਹਾ ਰਹਿੰਦਾ ਹੈ।

ਹਰਿਆਲੀ ਰੁੱਖਾਂ ਦੀ, ਖੁਸ਼ਬੂ ਫੁੱਲਾਂ ਦੀ ਅਤੇ ਨਜ਼ਾਰਾ ਜੰਗਲ ਵਿਚ ਮੰਗਲ ਦਾ... ਤੇ ਮੌਕਾ, ਉਹਦੇ ਟਰੇਨਰ ਦੀ ਉਸ 'ਤੇ ਪੈ ਗਈ ਮਿਹਰ ਦੀ ਨਜ਼ਰ ਦਾ, ''ਮਿਸ ਸ਼ੈਰੀ, ਮੈਂ ਤੈਨੂੰ ਅਜੇਹਾ ਟਰੇਂਡ ਕਰਾਂਗਾ ਕਿ ਜ਼ਿੰਦਗੀ ਦੇ ਹਰ ਖੇਤਰ ਵਿਚ ਤੂੰ ਸੌ ਪ੍ਰਤੀਸ਼ਤ ਸਫ਼ਲ ਸਿੱਧ ਹੋਵੇਂਗੀ... ਜ਼ਿੰਦਗੀ ਤੇਰੇ ਲਈ ਨਹੀਂ, ਤੂੰ ਜ਼ਿੰਦਗੀ ਲਈ ਇਕ ਚੈਲਿੰਜ ਬਣੇਂਗੀ।'' ਤੇ ਉਸਨੇ ਬਚਨ ਨਿਭਾਇਆ ਵੀ, ਆਪਣੇ ਜੀਵਨ ਜੀ ਸਾਰੀ ਯੋਗਤਾ ਅਤੇ ਹੁਨਰ ਉਹਦੇ ਅੰਦਰ ਉਲੱਦ ਦਿੱਤੇ। ਉਸਨੂੰ ਤਕਨੀਕੀ ਵਿਕਾਸ ਦੀਆਂ ਉਹ ਤੰਦਾਂ ਵੀ ਦਿਖਾ ਦਿੱਤੀਆਂ ਜੋ ਉਹ ਵੀਹ ਵਰ੍ਹੇ ਪੜ੍ਹਾਈ ਦੇ ਲੇਖੇ ਲਾ ਕੇ ਵੀ ਨਹੀਂ ਸੀ ਵੇਖ ਸਕੀ, *ਓਪਟੀਕਲ ਫਾਈਵਰ ਦੀਆਂ ਰਗਾਂ ਵਿਚ ਦੌੜਦੀ ਲੇਜ਼ਰ ਬੀਮ ਅਤੇ ਲੇਜ਼ਰ ਬੀਮ ਦੇ ਲਹੂ ਵਿਚ ਦੌੜਦੀਆਂ ਡਿਜ਼ਟਿਲ ਡੈਟਾ ਬੱਸਾਂ ਦੇ ਵੀ ਦਰਸ਼ਨ ਕਰਾ ਦਿੱਤੇ।*

ਕਿੰਨਾ ਮਿੱਠਾ ਸੀ ਉਹ ਤੇ ਗਿਆਨ-ਵਿਗਿਆਨ ਨਾਲ ਭਰਿਆ-ਪਰੁੰਨਿਆ ਕਿ ਉਸਨੂੰ ਸਭ ਕੁਝ ਦੇ ਕੇ ਵੀ ਰਤੀ-ਭਰ ਊਣਾ ਨਹੀਂ ਹੋਇਆ। ਫਿਰ ਕਦਰਦਾਨਾਂ ਦਾ ਕਦਰਦਾਨ ਵੀ। ਉਸਦੀ ਇਸ ਕਦਰ ਦਾ ਹੀ ਤਾਂ ਕਮਾਲ ਸੀ, ਉਹਦੀ ਇਹ ਅੰਤਿਮ ਰਿਪੋਰਟ, ''ਮਿਸ ਸ਼ੈਰੀ ਰੋਜ਼ਮੈਰੀ ਆਪਣੇ ਕਿੱਤੇ ਦੇ ਹਰ ਖੇਤਰ ਵਿਚ ਲਾਜਵਾਬ, ਬੇਜੋੜ ਬੇਮਿਸਾਲ ... ਲੇਜ਼ਰ ਡਿਜ਼ਿਟਲ ਕੁਮਨੀਕੇਸ਼ਨ ਯੁਗ ਦੀ ਇਕ ਇਨਕਲਾਬੀ ਪ੍ਰਾਪਤੀ...।''

ਇਹ ਰਿਪੋਰਟ ਉਹਦੇ 'ਹਾਇਰਿੰਗ' ਬੌਸ ਨੇ ਪੜ੍ਹੀ ਤਾਂ ਪੜ੍ਹਦੇ ਸਾਰ ਮਚਲ ਉੱਠਿਆ। ਉਸੇ ਵੇਲੇ ਉੱਡਦਾ ਹੋਇਆ ਉਹਦੇ ਕੈਬਿਨ ਤੱਕ ਆਇਆ, ਨਿੱਘੇ ਮੋਹ ਨਾਲ ਸੀਨੇ ਨਾਲ ਲਾਇਆ, ਅੱਖਾਂ ਵਿਚ ਅੱਖ ਪਾ ਕੇ ਵਧਾਈ ਦਿੱਤੀ ਅਤੇ ਤੁਰ ਪਿਆ ਕੰਪਨੀ ਵਿਚ ਕੰਮ ਕਰਦੇ ਹੋਰ ਇੰਜਨੀਅਰਾਂ, ਰਿਸਰਚ ਸਕਾਲਰਾਂ ਅਤੇ ਸਟਾਫ ਮੈਂਬਰਾਂ ਨਾਲ ਮਿਲਾਉਣ। ਹਰ ਕਿਸੇ ਨਾਲ ਮਿਲਾਇਆ ਅਤੇ ਸ਼ਾਨਦਾਰ ਪਰਿਚੈ ਕਰਵਾਇਆ, ''ਇਹ ਹੈ ਮਿਸ ਸ਼ੈਰੀ ਰੋਜ਼ਮੈਰੀ ! ਆਪਣੀ ਕੰਪਨੀ ਦੀ ਨਵੀਂ ਸਾਫਟਵੇਅਰ ਇੰਜਨੀਅਰ। ਮਿਸ ਸ਼ੈਰੀ ਨੇ ਆਪਣੀ ਪੜ੍ਹਾਈ ਤੇ ਰਿਸਰਚ ਦੌਰਾਨ ਲੇਜ਼ਰ-ਡਿਜ਼ਿਟਲ ਕੁਮਨੀਕੇਸ਼ਨ ਦੇ ਫੀਲਡ ਵਿਚ ਮਾਰਕੇ ਦਾ ਕੰਮ



ਕੀਤਾ ਹੈ ਅਤੇ ਆਪਣੀ ਟਰੇਨਿੰਗ ਦੌਰਾਨ ਇਕ ਅਜੇਹਾ ਸਾਫਟਵੇਅਰ ਵੀ ਈਜਾਦ ਕੀਤਾ ਹੈ, ਜਿਸ ਨਾਲ ਸੁਮੱਚੇ ਲੇਜ਼ਰ-ਡਿਜ਼ਿਟਲ ਤਕਨੀਕੀ ਵਿਕਾਸ ਵਿਚ ਇਕ ਇਨਕਲਾਬ ਹੋਣ ਦੀਆਂ ਸੰਭਾਵਨਾਵਾਂ ਪੈਦਾ ਹੋ ਗਈਆਂ ਹਨ...।''

ਇਸ ਪਰਿਚੈ ਨੇ ਇੰਨਾ ਉਤੇਜਿਤ ਵਾਤਾਵਰਣ ਸਿਰਜ ਦਿੱਤਾ ਕਿ ਕੰਪਨੀ ਦਾ ਜ਼ਰਰਾ-ਜ਼ਰਰਾ ਉਹਦੇ ਬਾਰੇ ਗੱਲਾਂ ਕਰਨ ਲੱਗਾ ਅਤੇ ਉਹ ਖੁਸ਼ੀ ਦੇ ਅਸਮਾਨ ਵਿਚ ਉੱਡਣ ਲੱਗੀ ਅਤੇ ਉੱਡਦੀ-ਉੱਡਦੀ ਇਕ ਦਿਨ ਉਸ ਪਹਾੜੀ ਵਾਦੀ ਵਿਚ ਜਾ ਪਹੁੰਚੀ ਜਿੱਥੇ ਉਹਦੀ ਜ਼ਿੰਦਗੀ ਵਿਚ ਇਕ ਹੋਰ ਕਰਿਸ਼ਮਾ ਹੋ ਗਿਆ। ਕਰਿਸ਼ਮਾ, ਉਹਦੇ 'ਹਾਇਰਿੰਗ ਬੌਸ' ਦੀ 'ਸਹੀ ਸਿੱਧ ਹੋ ਚੁੱਕੀ ਚੋਣ' ਦਾ। ਉਹਦੇ ਚਾਂਦੀ ਜੈਸੇ ਬਦਨ, ਬੌਧਿਕ ਸ਼ੋਖੀਆਂ ਅਤੇ ਸੁੰਦਰ ਅਦਾਵਾਂ ਦਾ। ਪਹਾੜੀ ਦੀ ਸਭ ਤੋਂ ਉੱਚੀ ਟੀਸੀ ਉੱਤੇ ਵਸੇ ਪੰਜ ਸਿਤਾਰਾ ਹੋਟਲ ਦੀ ਦਿਲਕਸ਼ ਸ਼ਾਮ ਅਤੇ ਚਮਤਕਾਰੀ ਰਾਤ ਦਾ।

ਉਸ ਸ਼ਾਮ ਦਾ ਇਕ ਇਕ ਲਮਹਾ, ਇਕ ਇਕ ਛਿਣ ਉਹਦੇ ਵਜੂਦ ਨੂੰ ਟੁੰਬਦਾ, ਉਕਸਾਉਂਦਾ ਗਿਆ ਅਤੇ ਉਹ ਚੁੱਪ ਨਾਲ ਸੰਵਾਦ ਰਚਾਉਂਦੇ ਹਰੇ-ਭਰੇ ਰੁੱਖਾਂ ਨੂੰ ਡੂੰਘੀ ਨੀਝ ਨਾਲ ਤੱਕਦੀ ਰਹੀ। ਪਹਾੜੀ ਦੀ ਟੀਸੀ ਉੱਤੇ ਅਟਕ ਗਈ ਮਿੰਨ੍ਹੀ-ਮਿੰਨ੍ਹੀ ਸੰਦਲੀ ਧੁੱਪ ਉਹਦੀ ਰੂਹ ਵਿਚ ਕੁਤਕਤਾਰੀਆਂ ਕੱਢਦੀ ਰਹੀ, ਝੀਲ ਦੇ ਕਿਨਾਰੇ ਤੋਂ ਉੱਡ-ਉੱਡ ਕੇ ਪਹਾੜੀਆਂ ਵੱਲ ਕੂਚ ਕਰ ਰਹੇ ਪੰਛੀਆਂ ਦੇ ਝੁੰਡ ਮਨ ਵਿਚ ਝਰਨਾਹਟਾਂ ਛੇੜਦੇ ਗਏ ਅਤੇ ਉਹ ਹੋਟਲ ਦੀ ਰੂਫ਼-ਬਾਰ ਗੈਲਰੀ ਵਿਚ ਬੈਠੀ ਚਿੱਟੇ-ਕਾਲੇ ਬੱਦਲਾਂ ਨਾਲ ਕਲੋਲਾਂ ਕਰਦੀ ਰਹੀ।

ਉਹ ਪਲ ਭਰ ਲਈ ਇਹ ਭੁੱਲ ਹੀ ਗਈ ਕਿ ਉਹਦਾ ਬੌਸ (ਉਹਦਾ ਮੇਜ਼ਬਾਨ) ਵੀ ਉਹਦੇ ਨਾਲ ਹੈ... ਧਿਆਨ ਪਲਟਿਆ ਤਾਂ ਹੱਥ ਵਿਚ ਫੜਿਆ ਸੌ ਸਾਲ ਪੁਰਾਣੀ ਫਰੈਂਚ ਸਕਾਚ ਦਾ ਗਲਾਸ ਡਾਨਸ ਕਰਨ ਲੱਗ ਪਿਆ ਅਤੇ ਬੁੱਲ੍ਹਾਂ ਉੱਤੇ ਆ ਚਿਪਕੇ ਮਿੱਠੇ-ਮਿੱਠੇ ਬੋਲ ਤੇ ਪਿਆਰੇ-ਪਿਆਰੇ ਕੌਲ... ਉਹ ਬੜੀ ਦੇਰ ਤੱਕ ਖਾਂਦੇ ਰਹੇ, ਪੀਂਦੇ ਰਹੇ, ਨੱਚਦੇ ਰਹੇ ਆਰਕੈਸਟਰਾ ਦੀਆਂ ਦਿਲਕਸ਼ ਧੁਨਾਂ ਦੇ ਨਾਲ ਨਾਲ ... ਤਨ-ਮਨ ਪੰਘਰਦੇ ਗਏ ਨਰਮ ਮੁਲਾਇਮ ਛੂਹ ਦੇ ਨਾਲ... ਨਸ਼ੇ ਦਾ ਸਰੂਰ ਤਿੱਖਾ ਹੋਇਆ ਤਾਂ ਹੋਟਲ ਦੇ ਸੁਵੀਟ ਦੀਆਂ ਦੀਵਾਰਾਂ ਉੱਤੇ ਲਟਕਦੀਆਂ ਤਸਵੀਰਾਂ, ਸੀਨਰੀਆਂ ਅਤੇ ਪੇਂਟਿੰਗਜ਼ ਆਵਾਜ਼ਾਂ ਮਾਰ-ਮਾਰ ਕੇ ਬਲਾਉਣ ਲੱਗ ਪਈਆਂ ਅਤੇ ਖਿੱਚ ਕੇ ਲੈ ਗਈ ਇਕ ਉਤੇਜਿਤ ਮਹਿਕ ਦੁਲਹਨ ਵਾਂਗ ਸ਼ਿੰਗਾਰੇ ਪਲੰਘ ਤੱਕ।

ਫਿਰ ਹੁਸਨੋ-ਹੁਲਾਸ ਦੇ ਜਲਬੇ... ਤਰਦੇ ਰਹੇ ਉਹ ਅੱਗ ਦੀ ਨਦੀ ਰਾਤ ਭਰ... ਤੇ ਕਰ ਗਈ ਸ਼ੈਰੀ ਇਕ ਹੋਰ ਕਰਿਸ਼ਮਾ ਸੁਬਹਾ ਹੋਣ ਤੱਕ, *ਲੱਗ ਗਈ ਉਹਦੇ ਕੈਰੀਅਰ ਉੱਪਰ 'ਚੀਫ ਸਾਫਟਵੇਅਰ ਇੰਜੀਨਅਰ' ਹੋਣ ਦੀ ਇਕ ਨਵੀਂ ਮੋਹਰ।*

ਸ਼ੈਰੀ ਆਪਣੇ ਅਤੀਤ ਦੀਆਂ ਵਾਦੀਆਂ ਵੱਲ ਫਿਸਲ ਤੁਰੀ ਹੈ ਤਾਂ ਫਰੈਂਕੀ ''ਮੈਂ ਹੁਣੇ ਆਇਆ, ਹਨੀ !'' ਕਹਿ ਕੇ ਬਾਥਰੂਮ ਵਿਚ ਜਾ ਵੜਿਆ ਹੈ ਅਤੇ ਸੰਗਮਰਮਰੀ ਮਾਰਬਲ ਦੇ ਧੁੱਪ ਵਾਂਗ ਲਿਸ਼ਕਦੇ ਬਾਥਰੂਮ ਦੇ ਐਨ ਵਿਚਕਾਰ ਖੜ੍ਹਾ, ਆਦਮਕਦ ਸ਼ੀਸ਼ਿਆਂ ਵਿਚ ਆਪਣਾ ਮਲਟੀ-ਡਾਈਮੈਨਸ਼ਨਲ' ਰੂਪ ਦੇਖ ਕੇ, ਸ਼ੈਰੀ 'ਤੇ ਫਿਦਾ ਹੋ ਰਿਹਾ ਹੈ, 'ਵਾਹ, ਕਿਆ ਔਰਤ ਹੈ ! ਹੁਸਨ ਵੀ, ਸ਼ਬਾਬ ਵੀ, ਪਿਆਰ ਵੀ, ਹੁਲਾਸ ਵੀ, ਮਿਠਾਸ ਵੀ ਤੇ ਇਕ ਚੈਲਿੰਜ ਵੀ !' ਉਸਨੂੰ ਆਪਣੇ ਕਣ ਕਣ ਵਿਚੋਂ ਸ਼ੈਰੀ ਦੇ ਸ਼ਬਾਬ ਦੀ ਖ਼ੁਸ਼ਬੋ ਆ ਰਹੀ ਹੈ ਅਤੇ ਉਹ ਸੀਟੀਆਂ ਮਾਰਦਾ ਗੁਣਗੁਣਾ ਰਿਹਾ ਹੈ।

ਪਰ ਸ਼ੈਰੀ ਦਾ ਮਨ ਪਤਲਾ ਪੈਣਾ ਸ਼ੁਰੂ ਹੋ ਗਿਆ ਹੈ, 'ਇਹ ਤਾਂ ਸ਼ਾਵਰ ਲੈ ਰਿਹਾ ਲੱਗਦਾ ! ਹਾਲੇ ਤਾਂ ਸਾਰੀ ਰਾਤ ਪਈ ਹੈ, ਕਿਤੇ ਟਿਭ ਹੀ ਨਾ ਜਾਏ?' ਤੇ ਇਹ ਵਿਚਾਰ ਮਨ ਵਿਚ ਆਉਂਦੇ ਹੀ ਉਹ ਇਕ ਘੁੰਮਣਘੇਰੀ ਵਿਚ ਜਾ ਫਸੀ ਹੈ। ਬੇਵਸਾਹੀ ਅਤੇ ਮਨੋ-ਬਚਨੀ ਦੀ ਘੁੰਮਣਘੇਰੀ ਵਿਚ,

'ਕੀ ਸਿਰਫ਼ ਕੈਰੀਅਰ ਜ਼ਿੰਦਗੀ ਬਣ ਸਕਦਾ ਹੈ? '

''ਨਹੀਂ, ਜੀਣ ਲਈ ਤਾਂ ਬੜਾ ਕੁਝ ਹੋਰ ਚਾਹੀਦਾ... ਤੇ ਸਭ ਪਹਿਲਾਂ ਉਹ ਮਰਦ, ਜੋ ਸਿਰਫ਼ ਮੇਰਾ ਹੋਵੇ।''

''ਕੀ ਫਰੈਂਕੀ ਉਹ ਮਰਦ ਹੋ ਸਕਦਾ ਹੈ? ... ਸਿਰਫ਼ ਮੇਰਾ? '

'ਸ਼ਾਇਦ... !'

'ਪਰ ਇਨ੍ਹਾਂ 'ਔਨ ਲਾਈਨ' ਵਾਲਿਆਂ ਦਾ ਭਰੋਸਾ ਵੀ ਕੀ ਐ? ਕੀ ਪਤਾ ਕਦੋਂ, ਜਿੱਥੋਂ ਨਿਕਲੇ ਆ, ਉਥੇ ਮੁੜ ਜਾ ਵੜਣ !'

ਫਰੈਂਕੀ ਵੀ ਤਾਂ ਕੁਝ ਦਿਨ ਪਹਿਲਾਂ ਤੱਕ ਉਹਦਾ ਸਿਰਫ਼ 'ਔਨ ਲਾਈਨ' ਫਰੈਂਡ ਸੀ। ਉਹਦੀ 'ਮਾਈ ਸਪੇਸ' ਦੀ ਉਪਲਬਦੀ। ਪਰ ਜਿਸ ਦਿਨ ਤੋਂ ਉਹ 'ਮਾਈ ਸਪੇਸ' ਵਿਚੋਂ ਨਿਕਲ ਕੇ ਉਹਦੇ ਰੂਬਰੂ ਹੋਇਆ ਹੈ, ਉਹ ਉਹਦੀ ਹੋ ਕੇ ਰਹਿ ਗਈ ਹੈ। ਸਿਰਫ਼ ਉਹਦੀ। ਇਸੇ ਕਰਕੇ ਹੀ ਤਾਂ ਉਹ ਅੱਜ ਉਹਨੂੰ ਖਿੱਚ ਕੇ ਆਪਣੇ ਘਰ, ਆਪਣੇ ਬੈੱਡਰੂਮ ਤੱਕ ਲੈ ਆਈ ਹੈ ਅਤੇ ਖੁਸ਼ੀ ਨਾਲ ਖੀਵੀ ਹੋਈ ਵਿਛਦੀ ਜਾ ਰਹੀ ਹੈ। ਪਰ ਉਹ ਬਾਥਰੂਮ ਵਿਚੋਂ ਬਾਹਰ ਆਉਣ ਦਾ ਨਾਂ ਹੀ ਨਹੀਂ ਲੈ ਰਿਹਾ। ਹੁਣ ਤਾਂ ਉਹਦੀ ਗੁਣਗੁਣਾਹਟ ਵੀ ਬੰਦ ਹੋ ਗਈ ਹੈ ਅਤੇ ਇਹ ਚੁੱਪ ਸ਼ੈਰੀ ਦਾ ਜਾਨ ਲੈ ਰਹੀ ਹੈ। ਉਹਦਾ ਜੀ ਕਰ ਰਿਹਾ ਹੈ ਕਿ ਉਹ ਬਾਥਰੂਮ ਵਿਚ ਜਾ ਵੜੇ ਅਤੇ ਦੇਖੇ ਕਿ ਉਹ ਕੀ ਕਰ ਰਿਹਾ ਹੈ ਪਰ ਉਹਦੀ ਹਿੰਮਤ ਨਹੀਂ ਪੈ ਰਹੀ।

'ਕਿਤੇ ਐਵੇਂ ਭੜਕ ਈ ਨਾ ਜਾਏ... ਭੁੱਖੀ ਸਮਝ ਕੇ ਭੱਜ ਹੀ ਜਾਏ।''

ਉਹਦੀ ਇਹ ਮਨੋ-ਸਥਿਤੀ ਐਨੀ ਤਰਲ ਹੋ ਗਈ ਹੈ ਕਿ ਉਹ ਉਥੇ ਜਾ ਹੀ ਵੜੀ ਹੈ ਜਿੱਥੇ ਫਰੈਂਕੀ ਖੜ੍ਹਾ ਆਪਣਾ ਗਿੱਲਾ ਪਿੰਡਾ ਤੌਲੀਏ ਨਾਲ ਰਗੜ-ਰਗੜ ਕੇ ਵਾਰ ਵਾਰ ਪੂੰਝ ਰਿਹਾ ਹੈ ਅਤੇ ਉਹਦਾ ਅਕਸ ਚਾਰੇ ਪਾਸੇ ਲੱਗੇ ਸ਼ੀਸ਼ਿਆਂ ਵਿਚ ਦੇਖ ਕੇ ਉਸਦੇ ਤਨ-ਮਨ ਵਿਚ ਪਿਆਰ-ਤਰੰਗਾਂ ਦਾ ਇਕ ਤੇਜ਼ ਪ੍ਰਵਾਹ ਵਗ ਤੁਰਿਆ ਹੈ, ਜੋ ਕਿਸੇ ਸਮੁੰਦਰੀ ਤੂਫ਼ਾਨ ਵਾਂਗ ਸ਼ੂਕਦਾ ਹੋਇਆ ਫਰੈਂਕੀ ਵੱਲ ਵਧ ਰਿਹਾ ਹੈ ਅਤੇ ਉਹ ਇਸ ਤੂਫ਼ਾਨ ਵਿਚ ਹੜ੍ਹ ਜਾਣ ਲਈ ਬਾਹਾਂ ਫੈਲਾਈ, ਅੱਖਾਂ ਮੀਟੀ ਖੜ੍ਹੀ ਹੈ। ਪਿਆਰ ਅਤੇ ਸੈਕਸ ਉਤੇਜਨਾ ਦਾ ਇਸ ਤਰ੍ਹਾਂ ਦਾ ਖੂੰਖਾਰ ਤੂਫ਼ਾਨ ਅੱਜ ਪਹਿਲੀ ਵਾਰ ਉਸਨੂੰ ਆਪਣੇ ਅੰਦਰ ਖੌਰੂ ਪਾਉਂਦਾ ਮਹਿਸੂਸ ਹੋ ਰਿਹਾ ਹੈ ਅਤੇ ਉਹ ਫਰੈਂਕੀ ਨੂੰ ਖਿੱਚ ਕੇ ਫਿਰ ਬੈੱਡਰੂਮ ਵਿਚ ਲੈ ਵੜੀ ਹੈ।

ਫਰੈਂਕੀ ਦਾ ਵੀ ਰੋਮ-ਰੋਮ ਸੁਲਗ ਪਿਆ ਹੈ। ਉਹਦੇ ਅੰਦਰੋਂ ਵੀ ਉਤੇਜਨਾ ਦਾ ਉਸੇ ਤਰ੍ਹਾਂ ਦਾ ਠਾਠਾਂ ਮਾਰਦਾ ਤੂਫ਼ਾਨ ਫੁੱਟ ਤੁਰਿਆ ਹੈ... ਅਤੇ ਉਹ ਆਪਣੀਆਂ ਸੀਮਾਵਾਂ ਦੇ ਸਾਰੇ ਕੰਢੇ ਖੋਰ ਕੇ ਹੀ ਆਪਣੇ ਆਪ ਵਿਚ ਪਰਤੇ ਹਨ।

ਸ਼ੈਰੀ ਦਾ ਕਣ ਕਣ ਲਹਿਰੋ-ਲਹਿਰ ਹੋ ਗਿਆ ਹੈ।

ਫਰੈਂਕੀ ਵੀ ਰਾਤ ਉਹਦੇ ਕੋਲ ਰਹਿ ਪਿਆ ਹੈ।

ਤੇ ਅੱਜ ਸੁਬਹਾ ਉਨ੍ਹਾਂ ਦੀ ਜ਼ਿੰਦਗੀ ਦੀ ਸਭ ਤੋਂ ਹੁਸੀਨ ਸੁਬਹਾ ਹੈ।

ਕਿਸੇ ਸੁਪਨੇ ਦੇ ਸੰਦਲੀ ਰੰਗ ਅਤੇ ਗੁਲਾਬ ਦੇ ਤਾਜ਼ਾ ਖਿੜੇ ਫੁੱਲ ਵਰਗੀ।

ਬਹਾਰ ਦੀ ਰੁੱਤ ਦੀ ਆਮਦ ਦਾ ਆਗਾਜ਼ ਹੋ ਚੁੱਕਾ ਹੈ ਅਤੇ ਉਹ ਰੰਗ ਬਿਰੰਗੇ ਫੁੱਲਾਂ ਨਾਲ ਚਹਿਕਦੇ, ਮਹਿਕਦੇ ਬਾਹਰਲੇ ਵਿਹੜੇ ਵਿਚ ਮਖ਼ਮਲੀ ਘਾਹ ਉਪਰ ਮੇਜ਼-ਕੁਰਸੀਆਂ ਡਾਹੀ ਬੈਠੇ, ਮਿੱਠੀ-ਮਿੱਠੀ ਧੁੱਪ ਦਾ ਆਨੰਦ ਲੈਂਦੇ, ਨਾਸ਼ਤਾ ਕਰਦੇ, ਪਿਆਰ ਭਰੀ ਗੁਫ਼ਤਗੂ ਦਾ ਲੁਤਫ਼ ਲੈ ਰਹੇ ਹਨ। ਇਕ ਬਦਲੋਟੀ ਸੂਰਜ ਦੇ ਅੱਗੇ-ਪਿੱਛੇ ਘੁੰਮਦੀ ਉਹਦੇ ਨਾਲ ਅੱਖ ਮਚੋਲੀ ਖੇਲ੍ਹ ਰਹੀ ਹੈ ਅਤੇ ਸੂਰਜ ਦੀਆਂ ਕਿਰਨਾਂ ਇਸ ਨਾਲ ਟਕਰਾ-ਟਕਰਾ ਕੇ, ਉਨ੍ਹਾਂ ਦੇ ਤਨ-ਮਨ ਨੂੰ ਛੂਹ ਛੂਹ ਕੇ ਰੰਗੀਨ ਸੁਰਤਾਲ ਛੇੜ ਰਹੀਆਂ ਹਨ। ਅਤੇ ਇਹ ਸੁਰਤਾਲ ਸ਼ੈਰੀ ਦੀ ਰੂਹ ਵਿਚ ਮਿੱਠੀਆਂ-ਮਿੱਠੀਆਂ ਕੁਤਕਤਾਰੀਆਂ ਕੱਢਦਾ ਇਕ ਨਵੀਂ ਕਿਸਮ ਦੀ ਉਤੇਜਨਾ ਭਰਦਾ ਦਾ ਰਿਹਾ ਹੈ ਅਤੇ ਉਹਦਾ ਮਨ ਵਾਰ-ਵਾਰ ਕਹਿ ਰਿਹਾ ਹੈ,

''ਹੁਣ ਫਰੈਂਕੀ ਮੈਨੂੰ ਆਪਣੇ ਅੰਗ-ਸੰਗ ਚਾਹੀਦਾ... ਹਰ ਪਲ ਅੱਖਾਂ ਦੇ ਆਹਮਣੇ ਸਾਹਮਣੇ।' ਉਸਦੀ ਇਹ ਸੋਚ ਇੰਨੀ ਪ੍ਰਬਲ ਹੋ ਗਈ ਹੈ ਕਿ ਉਹ ਇਸ ਨੂੰ ਜ਼ਮੀਨ ਉਤੇ ਉਤਾਰ ਕੇ ਲੈ ਆਉਣ ਲਈ ਸ਼ਬਦ ਲੱਭ ਰਹੀ ਹੈ। ਤੇ ਆਖ਼ਿਰ ਸ਼ਬਦ ਵੀ ਜ਼ੁਬਾਨ ਉਤੇ ਆ ਹੀ ਗਏ ਹਨ, ''ਹਨੀ, ਅੱਜ ਮੈਂ ਏਨੀ ਖੁਸ਼ ਹਾਂ, ਜਿੰਨੀ ਕਦੇ ਵੀ ਨਹੀਂ ਹੋਈ। ਦਰਅਸਲ, ਮੈਨੂੰ ਤੇਰੇ ਨਾਲ ਇੰਨਾ ਗਹਿਰਾ ਪਿਆਰ ਹੋ ਗਿਆ ਏ ਕਿ ਮੈਂ ਸ਼ਬਦਾਂ ਵਿਚ ਬਿਆਨ ਨਹੀਂ ਕਰ ਸਕਦੀ... ਏਨਾ ਪਿਆਰ ਕਿ ਮੈਂ ਉਸ ਬਦਲੀ ਵਾਂਗ ਉੱਡਦੀ ਫਿਰਦੀ ਮਹਿਸੂਸ ਕਰ ਰਹੀ



ਹਾਂ।''

''ਓ ਮਾਈ ਡਾਰਲਿੰਗ, ਓ ਮਾਈ ਲਵ ! ਤੁਸੀਂ ਤਾਂ ਮੇਰੀ ਖੁਸ਼ੀ ਦੇ ਸਾਰੇ ਖ਼ਜਾਨੇ ਖੋਲ੍ਹ ਦਿੱਤੇ। ਤੁਸੀਂ ਮੇਰੀ ਜ਼ਿੰਦਗੀ ਦਾ ਉਹ ਦਰਵਾਜ਼ਾ ਵੀ ਖੋਲ੍ਹ ਦਿੱਤਾ... ਹੁਣ ਮੈਂ ਹੋਰ ਕੀ ਕਹਾਂ... ਆਈ ਲਵ ਯੂ ਵੈਰੀ ਮੱਚ... ਯੂ ਆਰ ਸੋ ਗਰੇਟ !'' ਫਰੈਂਕੀ ਨੇ ਉੱਠ ਕੇ ਪੂਰਾ ਝੁਕ ਕੇ, ਇਕ ਗੋਡਾ ਥੱਲੇ ਘਾਹ ਉਪਰ ਲਾ ਕੇ, ਉਹਦਾ ਹੱਥ ਚੁੰਮਿਆ ਹੈ ਤਾਂ ਉਹ ਹੋਰ ਵੀ ਭਾਵੁਕ ਹੋ ਕੇ ਚਹਿਕ ਉੱਠੀ ਹੈ,

''ਹਨੀ, ਇਸ ਘਰ ਦੀ ਹਰ ਚੀਜ਼ ਵਿਚੋਂ ਹੁਣ ਮੈਨੂੰ ਤੂੰ ਦਿਖਦਾ ਏਂ। ਆਪਣੇ ਸਾਹਾਂ ਵਿਚੋਂ ਵੀ ਮੈਨੂੰ ਤੇਰੇ ਸਾਹਾਂ ਦੀ ਮਹਿਕ ਆਉਂਦੀ ਹੈ। ਹਵਾ ਦੀ ਰਵਾਨੀ ਵਿਚੋਂ ਵੀ ਮੈਨੂੰ ਤੇਰੀ ਗੁਣਗੁਣਾਹਟ ਸੁਣਾਈ ਦੇਂਦੀ ਐ... ਮੇਰੇ ਰੋਮ-ਰੋਮ ਵਿਚ ਤੂੰ ਵਸ ਗਿਆ ਏਂ... ਹੁਣ ਮੈਂ ਤੇਰੇ ਬਿਨਾਂ ਇਕ ਪਲ ਵੀ ਨਹੀਂ ਰਹਿ ਸਕਦੀ, ਮਾਈ ਸਵੀਟਹਾਰਟ !''

''ਸਵੀਟੀ, ਮੈਂ ਵੀ ਤੈਨੂੰ ਬੇਪਨਾਹ ਮੁਹੱਬਤ ਕਰਦਾ ਹਾਂ, ਮੁਹੱਬਤ ਨਾਲੋਂ ਵੀ ਵੱਧ... ਮੈਂ ਤਾਂ ਸਗੋਂ ਇਹ ਫ਼ਖ਼ਰ ਮਹਿਸੂਸ ਕਰ ਰਿਹਾ ਹਾਂ ਕਿ ਇਕ ਸਿਖਰ ਔਰਤ ਮੇਰੇ ਨਾਲ ਏਨੀ ਮੁਹੱਬਤ ਕਰਦੀ ਹੈ... ਏਨੀ ਗਹਿਰੀ ਮੁਹੱਬਤ ਕਿ ਹੁਣ ਮੈਂ ਕੀ ਕਹਾਂ...।'' ਉਹਦੀਆਂ ਸ਼ਹਿਦ-ਭਿੱਜੀਆਂ ਨੀਲੀਆਂ ਅੱਖੀਆਂ ਵਿਚ ਡੂੰਘਾ ਖੁੱਭ ਕੇ ਉਹ ਫਿਰ ਬੋਲਿਆ, ''ਇਕ ਸਿਖਰ ਔਰਤ ਦੀ ਮੁਹੱਬਤ ਹਾਸਲ ਕਰਕੇ ਮੈਂ ਇਸ ਵੇਲੇ ਆਪਣੇ ਆਪ ਨੂੰ ਦੁਨੀਆ ਦਾ ਸਭ ਤੋਂ ਵੱਧ ਗੌਰਵਸ਼ਾਲੀ ਮਨੁੱਖ ਸਮਝ ਰਿਹਾਂ... ਇਸ ਤੋਂ ਵੱਧ ਜ਼ਿੰਦਗੀ ਮੈਨੂੰ ਹੋਰ ਦੇ ਵੀ ਕੀ ਸਕਦੀ ਹੈ !''

''ਦੈਟ'ਸ ਗਰੇਟ ! ਚੱਲ ਫਿਰ ਸੈਲੀਬਰੇਟ ਕਰੀਏ, ਕਿਤੇ ਦੂਰ ਉੱਡ ਚੱਲੀਏ ! ਤੈਨੂੰ ਸਭ ਤੋਂ ਚੰਗੀ ਜਗ੍ਹਾ ਕਿਹੜੀ ਲੱਗਦੀ ਏ, ਮੇਰੇ ਪਿਆਰੇ? ''

''ਹਨੀ, ਜਿੱਥੇ ਵੀ ਤੇਰਾ ਦਿਲ ਚਾਹੇ।''

''ਫਿਰ ਹਵਾਈ ਦੇ ਨਜ਼ਾਰਿਆਂ ਦੀ ਸੈਰ ਕਰਨ ਨਾ ਚੱਲੀਏ? ਮੇਰੀ ਬੜੀ ਰੀਝ ਹੈ ਉਥੇ ਘੁੰਮਣ ਦੀ ਤੇ ਨਿੱਘੇ ਪਾਣੀਆਂ ਵਿਚ ਤਾਰੀਆਂ ਲਾਉਣ ਦੀ।''

''ਵਾਹ, ਇਸ ਤੋਂ ਵਧੀਆ ਥਾਂ ਵੀ ਕੋਈ ਹੋਰ ਹੋ ਸਕਦੀ ਹੈ !''

''ਚੱਲ ਫਿਰ ਅਗਲੇ ਵੀਕ-ਇੰਡ 'ਤੇ ਈ ਚੱਲਦੇ ਆਂ, ਇਕ ਹਫ਼ਤੇ ਭਰ ਲਈ। ਟਿਕਟਾਂ ਮੈਂ ਮੰਗਵਾ ਲਊਂਗੀ, ਖਰਚ ਦਾ ਵੀ ਤੂੰ ਫ਼ਿਕਰ ਨਾ ਕਰੀਂ ... ਬੱਸ ਸਮੇਂ ਸਿਰ ਸਿੱਧਾ ਏਅਰਪੋਰਟ ਪਹੁੰਚ ਜਾਈਂ। ਪਲੀਜ਼, ਇਸ ਵਾਰ ਬਹੁਤਾ ਇੰਤਜ਼ਾਰ ਨਾ ਕਰਵਾਈਂ... ਕੱਲ੍ਹ ਮੈਂ ਡੇਢ ਘੰਟਾ ਇੰਤਜ਼ਾਰ ਕੀਤਾ ... ਕਦੇ ਗੇਟ ਉੱਤੇ ਖੜ੍ਹ ਕੇ, ਕਦੇ ਏਥੇ ਵਿਹੜੇ ਵਿਚ ਬੈਠ ਕੇ, ਕਦੇ ਗੈਲਰੀ ਵਿਚ ਚੜ੍ਹ ਕੇ... ਦਰਅਸਲ, ਮੈਨੂੰ ਇੰਤਜ਼ਾਰ ਕਰਨਾ ਨਹੀਂ ਆਉਂਦਾ।''

''ਇਸ ਵਾਰ ਮੈਂ ਇੰਤਜ਼ਾਰ ਕਰਾਂਗਾ, ਪਹਿਲਾਂ ਪਹੁੰਚ ਜਾਵਾਂਗਾ !''

''ਪੱਕਾ? '' ਸ਼ੈਰੀ ਨੇ ਉਸ ਨੂੰ ਨਜ਼ਰਾਂ ਦੇ ਪੈਮਾਨੇ ਨਾਲ ਤੋਲਿਆ ਤਾਂ ਉਹ ਫਿਰ ਬੋਲਿਆ, ''ਮੇਰੇ 'ਤੇ ਵਿਸ਼ਵਾਸ ਕਰੋ ਹਨੀ, ਆਈ ਲਵ ਯੂ ਸੋ ਮੱਚ !''

''ਮੈਂ ਤੇਰੇ 'ਤੇ ਰੱਬ ਜਿੰਨਾ ਵਿਸ਼ਵਾਸ ਕਰਦੀ ਹਾਂ... ਰੱਬ ਨਾਲੋਂ ਵੀ ਵੱਧ, ਮੇਰੇ ਪਿਆਰੇ !'' ਸ਼ੈਰੀ ਦੀਆਂ ਖੁਸ਼ੀ ਨਾਲ ਅੱਖਾਂ ਭਰ ਆਈਆਂ। ਫਿਰ ਮੀਲ ਲੰਮਾ ਇਕ ਚੁੰਮਣ ਅਤੇ ਹਫ਼ਤੇ ਭਰ ਲਈ ਅਲਵਿਦਾ।

ਤੇ ਹੁਣ ਹਵਾਈ ਉਨ੍ਹਾਂ ਨੂੰ ਇੰਨੀ ਰਾਸ ਆ ਰਹੀ ਹੈ ਕਿ ਉਹ ਮੁਹੱਬਤ ਦੇ ਨਿੱਤ ਨਵੇਂ ਤੋਂ ਨਵੇਂ ਆਕਾਸ਼ ਗਾਹੁੰਦੇ ਫਿਰ ਰਹੇ ਹਨ।

ਕਦੇ ਇਸ ਬੀਚ ਕਿਨਾਰੇ ਕਦੇ ਉਸ ਬੀਚ ਕਿਨਾਰੇ ਵੱਲ। ਕਦੇ ਪੱਛਮੀ ਤੱਟ ਉੱਤੇ, ਕਦੇ ਪੂਰਵੀ ਤੱਟ ਵੱਲ। ਕਦੇ 'ਵੱਡੇ ਟਾਪੂ' ਦੇ ਇਸ ਪਾਰ, ਕਦੇ 'ਹਾਨਾਲੂਲੂ' ਦੇ ਉਸ ਪਾਰ... ਕਦੇ ਸਮੁੰਦਰ ਦੀਆਂ ਲਹਿਰਾਂ ਉਤੇ ਸਵਾਰ, ਕਦੇ ਬੀਚ ਦੀ ਗਰਮ ਰੇਤ ਉਤੇ ਕਦਮ ਚਾਪ। ਬਾਗਾਂ ਤੇ ਪਾਰਕਾਂ ਦੀ ਸੈਰ, ਪ੍ਰੇਮ-ਵਾਰਤਾਲਾਪ ਅਤੇ ਪਿਆਰ ਹੀ ਪਿਆਰ... ਉਹ ਕਿਸੇ ਰੁਮਾਂਟਿਕ ਥਾਂ ਬੈਠ ਕੇ ਸਮੁੰਦਰ ਦੀ ਨਿਲੱਤਣ ਨੂੰ ਨਿਹਾਰਨ ਲੱਗਦੇ ਹਨ ਤਾਂ

ਘੰਟਿਆਂ-ਬੱਧੀ ਨਿਹਾਰਦੇ ਰਹਿੰਦੇ ਹਨ ਅਤੇ ਇਸਦੀ ਗਹਿਰਾਈ ਨੂੰ ਆਪਣੀਆਂ ਰੂਹਾਂ ਵਿਚ ਉਤਾਰਦੇ ਰਹਿੰਦੇ ਹਨ। ਕਿਸੇ ਪਾਰਕ ਦੇ ਘਾਹ ਉਪਰ ਪਲਸੇਟੇ ਮਾਰਦੇ-ਮਾਰਦੇ ਨੀਲੰਬਰ ਨੂੰ ਨਿਹਾਰਨ ਲੱਗਦੇ ਹਨ ਤਾਂ ਅੱਖਾਂ ਥੱਕ ਜਾਣ ਤੱਕ ਨਿਹਾਰਦੇ ਰਹਿੰਦੇ ਹਨ ਅਤੇ ਅੱਖਾਂ ਬੰਦ ਹੋ ਜਾਣ ਤੇ ਵੀ ਨੀਲੰਬਰ ਪਾਰ ਕਿਸੇ ਹੋਰ ਬ੍ਰਹਿਮੰਡ ਨੂੰ ਕਿਆਸਦੇ, ਉਸ ਵਿਚ ਜਾ ਵੜਦੇ ਹਨ। ਕਿਸੇ ਪਹਾੜੀ ਉੱਤੇ ਚੜ੍ਹ ਕੇ ਫੋਟੋਆਂ ਖਿੱਚਣ ਲੱਗਦੇ ਹਨ ਜਾਂ ਵੀਡਿਓ ਰਿਕਾਰਡਿੰਗ ਕਰਦੇ ਹਨ ਤਾਂ ਇੰਝ ਮਹਿਸੂਸ ਕਰਦੇ ਹਨ, ਜਿਵੇਂ ਆਪਣੇ ਵਰਤਮਾਨ ਨੂੰ ਭਵਿੱਖ ਦੇ ਕੈਮਰੇ ਵਿਚ ਬੰਦ ਕਰ ਰਹੇ ਹੋਣ। ਕਦੇ ਤਾਰਿਆਂ ਭਰੀ ਰਾਤ ਵਿਚ ਬਾਂਹ ਵਿਚ ਬਾਂਹ ਪਾ ਕੇ ਹੋਟਲ ਦੀ ਛੱਤ ਉੱਤੇ ਕਦਮ-ਚਾਪ ਕਰਦੇ ਹਨ ਤਾਂ ਚੰਦ ਤੇ ਚਾਂਦਨੀ ਬਣ ਜਾਣਾ ਲੋਚਦੇ ਹਨ।

ਉਹ ਜਿਧਰ ਨੂੰ ਵੀ ਨਿਕਲਦੇ ਹਨ, ਜ਼ਿੰਦਗੀ ਦੇ ਸਭ ਤੋਂ ਹੁਸੀਨ ਪਲ ਹੰਢਾਅ ਰਹੇ ਮਹਿਸੂਸ ਕਰਦੇ ਹਨ... ਅਤੇ ਸ਼ੈਰੀ ਜਿਸ ਤਰ੍ਹਾਂ ਨਾਲ ਆਪਣੀ ਮੁਹੱਬਤ ਦੇ ਉਡਨ-ਖਟੋਲੇ ਵਿਚ ਫਰੈਂਕੀ ਨੂੰ ਉਡਾਈ ਫਿਰਦੀ ਹੈ, ਉਹ ਉਸਨੂੰ 'ਸੋਨ ਖੰਭੀ ਉਡਨ ਪਰੀ।'' ਕਹਿ ਕੇ ਬੁਲਾਉਣ ਲੱਗ ਪਿਆ ਹੈ... ਤੇ ਉਹ ਜਦੋਂ ਵੀ ਇੰਝ ਬਲਾਉਂਦਾ ਹੈ, ਸ਼ੈਰੀ ਨੂੰ ਸੱਚ-ਮੁੱਚ ਇਹ ਅਹਿਸਾਸ ਹੁੰਦਾ ਹੈ ਜਿਵੇਂ ਉਹਦੇ ਖੰਭ ਉੱਗ ਆਏ ਹੋਣ ਅਤੇ ਉਹ ਉਸਦੇ ਇਨ੍ਹਾਂ ਖੰਭਾਂ ਉੱਤੇ ਸਵਾਰ ਮੁਹੱਬਤ ਦੇ ਆਕਾਸ਼ ਵਿਚ ਉਡਾਰੀਆਂ ਮਾਰ ਰਿਹਾ ਹੋਵੇ। ਉਡਾਰੀਆਂ ਅਤੇ ਤਾਰੀਆਂ।

ਸ਼ੈਰੀ ਦੀ ਰੂਹ ਪੂਰੀ ਤਰ੍ਹਾਂ ਤ੍ਰਿਪਤ ਹੋ ਗਈ ਹੈ। ਉਸਨੂੰ ਇੰਝ ਮਹਿਸੂਸ ਹੋ ਰਿਹਾ ਹੈ ਜਿਵੇਂ ਜ਼ਿੰਦਗੀ ਦੀ ਅਸਲੀ ਸਿਖਰ ਉਸਨੇ ਹੁਣ ਹੀ ਹਾਸਲ ਕੀਤੀ ਹੋਵੇ। ਫਰੈਂਕੀ ਨੂੰ ਹਾਸਲ ਕਰ ਲੈਣਾ ਉਹਨੂੰ ਆਪਣੀ ਜ਼ਿੰਦਗੀ ਦੀ ਸਭ ਤੋਂ ਮਹਾਨ ਪ੍ਰਾਪਤੀ ਲੱਗ ਰਹੀ ਹੈ ਅਤੇ ਉਹਦੇ ਸਮੁੱਚੇ ਵਜੂਦ ਦੇ ਕਣ-ਕਣ ਵਿਚ ਇਹ ਅਹਿਸਾਸ ਤਾਜ਼ਾ ਖਿੜੇ ਗੁਲਾਬ ਦੇ ਫੁੱਲ ਵਾਂਗ ਖਿੜਿਆ ਪਿਆ ਹੈ। ਕਿਸੇ ਮਰਦ ਦੇ ਸਾਥ ਦਾ ਇਸ ਪ੍ਰਕਾਰ ਦਾ ਅਦਭੁੱਤ ਅਤੇ ਅਨੋਖਾ ਨਸ਼ਾ ਉਸਨੂੰ ਪਹਿਲਾਂ ਕਦੇ ਨਹੀਂ ਮਹਿਸੂਸ ਹੋਇਆ। ਉਸਦਾ ਰੋਮ-ਰੋਮ ਚਹਿਕ ਰਿਹਾ ਹੈ ਅਤੇ ਹਰ ਧੜਕਣ ਮੁਹੱਬਤ ਦਾ ਨਗਮਾ ਗੁਣਗੁਣਾ ਰਹੀ ਹੈ।

ਫਰੈਂਕੀ ਵੀ ਪੂਰਾ ਖੁਸ਼ ਹੈ, ਇੰਨਾ ਖੁਸ਼ ਜਿਵੇਂ ਸੱਚ-ਮੁੱਚ ਸੋਨ-ਪਰੀ ਦੇ ਖੰਭਾਂ ਉੱਤੇ ਸਵਾਰ ਹੋ ਕੇ ਪਰੀ-ਦੇਸ਼ ਵਿਚ ਆ ਉਤਰਿਆ ਹੋਵੇ।

ਇਹ ਸੱਤ ਦਿਨਾਂ ਦੀ ਸੈਰ ਉਨ੍ਹਾਂ ਨੂੰ ਜੁਗਾਂ-ਜੁਗਾਂਤਰਾਂ ਦੀ ਮੌਜ-ਮਸਤੀ ਦੇ ਬਰਾਬਰ ਲੱਗ ਰਹੀ ਹੈ।

ਤੇ ਅੱਜ ਹਵਾਈ ਦੀ ਸੈਰ ਦਾ ਉਨ੍ਹਾਂ ਦਾ ਆਖ਼ਰੀ ਦਿਨ ਹੈ।

ਆਖ਼ਰੀ ਰਾਤ।

ਬੱਸ, ਪਿਆਰ ਹੀ ਪਿਆਰ ਹੈ ਦੋਨਾਂ ਦੇ ਵਿਚਕਾਰ।

ਅਤੇ ਅੱਜ ਉਹ ਤੜਕਸਾਰ ਸੁੱਤੇ ਉੱਠ ਕੇ, ਸੂਰਜ ਚੜ੍ਹਨ ਤੋਂ ਵੀ ਕਾਫ਼ੀ ਚਿਰ ਪਹਿਲਾਂ ਹੀ, 'ਸਨ-ਰਾਈਜ਼' ਬੀਚ ਵੱਲ ਨਿਕਲ ਤੁਰੇ ਹਨ।

ਬੀਚ ਕਿਨਾਰੇ ਇਸ ਸਮੇਂ ਨਾ ਕੋਈ ਚਿੜੀ ਹੈ, ਨਾ ਪਰਿੰਦਾ। ਸਮੁੰਦਰ ਵੀ ਹਨੇਰੇ ਦੀ ਸੁਰਮਈ ਚਾਦਰ ਤਾਣ ਕੇ ਘੂਕ ਸੁੱਤਾ ਪਿਆ ਹੈ। ਇਕ ਰਮਾਂਟਿਕ ਚੁੱਪ ਸਾਰੀ ਕਾਇਨਾਤ ਵਿਚ ਪਸਰੀ ਪਈ ਹੈ। ਫ਼ਿਜ਼ਾ ਵੀ ਇਸੇ ਚੁੱਪ ਦਾ ਸੰਗੀਤ ਗੁਣਗੁਣਾ ਰਹੀ ਹੈ ਅਤੇ ਉਨ੍ਹਾਂ ਦੇ ਕਦਮਾਂ ਦੀ ਆਹਟ ਵੀ ਇਕ ਰਿਦਮ ਮਈ ਸੁਰਸਰਾਹਟ ਬਣ ਕੇ ਇਸੇ ਸੰਗੀਤ ਵਿਚ ਵਲੀਨ ਹੋ ਰਹੀ ਹੈ। ਇਸ ਸਮੇਂ ਪੌਣ ਵੀ ਸਿਰਫ਼ ਦਿਲਾਂ ਨੂੰ ਛੂਹ-ਛੂਹ ਕੇ ਰੁਮਕ ਰਹੀ ਹੈ ਅਤੇ ਧੜਕਣਾ ਦੀ ਆਵਾਜ਼ ਵੀ ਸੰਗੀਤਕ ਧੁਨ ਬਣ ਕੇ ਇਸੇ ਰਵਾਨੀ ਵਿਚ ਮਿਲ ਰਹੀ ਹੈ... ਅਤੇ ਚਿੱਟੀ ਚਕੋਰ ਰੇਤ ਚਾਂਦਨੀ ਵਾਂਗ ਚਮਕ ਰਹੀ ਹੈ।

ਸ਼ੈਰੀ ਇਸ ਰੇਤ ਉਪਰ ਠੁਮਕ-ਠੁਮਕ ਮੋਰਨੀ ਵਾਂਗ ਪੱਬ ਧਰ ਰਹੀ ਹੈ। ਫਰੈਂਕੀ ਵੀ ਸੁਬਹਾ ਦਾ ਕੋਈ ਖ਼ਾਮੋਸ਼ ਤਰਾਨਾ ਗੁਣਗੁਣਾ ਰਿਹਾ ਹੈ। ਉਹ ਇਸ ਰਹੱਸਮਈ ਚੁੱਪ ਨੂੰ ਆਪਣੀਆਂ ਰੂਹਾਂ ਵਿਚ ਉਤਾਰ ਰਹੇ ਹਨ ਅਤੇ ਇਸ ਨਾਲ ਮੂਕ-ਸੰਵਾਦ ਰਚਾਉਂਦੇ ਤੁਰੇ ਜਾ ਰਹੇ ਹਨ। ਪਰ ਅਚਾਨਕ ਅੱਖ ਦੇ ਇਕ ਲਿਸ਼ਕੋਰੇ ਵਾਂਗ,



ਸੋਨ-ਸੁਨਹਿਰੀ ਉਜਾਲੇ ਨੇ ਸਾਰੀ ਕਾਇਨਾਤ ਨੂੰ ਆਪਣੀ ਗ੍ਰਿਫ਼ਤ ਵਿਚ ਲੈ ਲਿਆ ਹੈ। ਪਲਕ ਝਪਕਦੇ ਹੀ ਸਾਰਾ ਸਮੁੰਦਰ ਜਾਗ ਪਿਆ ਹੈ ਅਤੇ ਬੀਚ ਦਾ ਕਣ-ਕਣ ਚਹਿਕ ਉਠਿਆ ਹੈ ਅਤੇ ਫਰੈਂਕੀ ਇਸ ਰੁਮਾਂਟਿਕ ਦ੍ਰਿਸ਼ ਦੀ ਟੀਸੀ ਉੱਤੇ ਚੜ੍ਹ ਕੇ ਚਹਿਕ ਰਿਹਾ ਹੈ,

''ਵੱਟ੍ਹ ਏ ਗਰੇਟ ਸੀਨ, ਡਾਰਲਿੰਗ ! ਮੈਂ ਇਸ ਤੋਂ ਵੱਧ ਸੁੰਦਰ ਸੀਨ, ਕਦੇ ਵੀ ਆਪਣੀ ਜ਼ਿੰਦਗੀ ਵਿਚ ਨਹੀਂ ਦੇਖਿਆ...''

''ਦੇਖ ਹਨੀ ! ਸਮੁੰਦਰ ਵੱਲ ਦੇਖ, ਪਹਾੜੀਆਂ ਵੱਲ ਦੇਖ, ਰੁੱਖਾਂ ਵੱਲ ਦੇਖ, ਕਿਸ਼ਤੀਆਂ ਵੱਲ ਦੇਖ, ਮੇਰੇ ਵੱਲ ਦੇਖ... ਵੇਖ ਮੈਂ ਕਿੰਨਾ ਖੁਸ਼ ਹਾਂ !''

''ਮੇਰਾ ਜੀ ਕਰਦਾ ਏ, ਮੈਂ ਇਸ ਸੋਨ-ਸੁਨਹਿਰੀ ਉਜਾਲੇ ਨੂੰ ਮੁੱਠੀ ਵਿਚ ਭਰ ਕੇ, ਆਸਮਾਨ ਵਿਚ ਉੱਡ ਜਾਵਾਂ। ਸਿਤਾਰਿਆਂ ਵਿਚ ਜਾ ਵਸਾਂ !''

ਉਹ ਇਸ ਖੁਸ਼ੀ ਨਾਲ ਦੀਵਾਨਾ ਹੋਇਆ ਦੌੜ ਤੁਰਿਆ ਹੈ ਅਤੇ ਹਵਾ ਨਾਲ ਗੱਲਾਂ ਕਰਦਾ ਉੱਡਿਆ ਜਾ ਰਿਹਾ ਹੈ। ਪਰ ਸ਼ੈਰੀ ਕੁਝ ਕੁ ਕਦਮ ਦੌੜ ਕੇ, ਹਫ਼ ਕੇ ਖਲੋ ਗਈ ਹੈ ਅਤੇ ਇਕ ਉੱਚੀ ਥਾਂ ਉੱਤੇ ਚੜ੍ਹ ਕੇ ਇਕ ਰੁੱਖ ਥੱਲੇ ਬਹਿ ਗਈ ਹੈ... ਹੁਣ ਫਰੈਂਕੀ ਉਸਦੀਆਂ ਨਜ਼ਰਾਂ ਤੋਂ ਅਲੋਪ ਹੋ ਗਿਆ ਹੈ... ਅੱਧਾ ਘੰਟਾ... ਪੌਣਾ ਘੰਟਾ... ਕਿ ਘੰਟਾ ਹੋ ਗਿਆ ਹੈ ਪਰ ਉਹ ਮੁੜਿਆ ਨਹੀਂ। ਉਡੀਕ ਉਡੀਕ ਕੇ ਉਹ ਬੇਚੈਨ ਹੋ ਉਠੀ ਹੈ ਤਾਂ ਉਹ ਵੀ ਉਸੇ ਦਿਸ਼ਾ ਵਿਚ ਤੇਜ਼ ਚਾਲੇ ਤੁਰ ਪਈ ਹੈ ਅਤੇ ਸੋਚਦੀ ਜਾ ਰਹੀ ਹੈ, 'ਉਹ ਕਿੱਥੇ ਉੱਡ ਗਿਆ? ਮੁੜਿਆ ਕਿਉਂ ਨਹੀਂ ? '

'ਕਿਤੇ ਮੈਨੂੰ ਛੱਡ ਕੇ ਉਡਨ-ਛੂਹ ਹੀ ਨਾ ਹੋ ਜਾਏ... ਕਿਤੇ ਸੱਚ ਮੁੱਚ ਕੋਈ ਸਿਤਾਰਾ ਹੀ ਨਾ ਬਣ ਜਾਏ? '

ਉਹ ਤੁਰੀ ਜਾ ਰਹੀ ਹੈ। ਉਹ ਸੋਚੀ ਜਾ ਰਹੀ ਹੈ ਅਤੇ ਬੀਚ ਕਿਨਾਰੇ ਭੀੜ ਹੁਣ ਵਧਦੀ ਜਾ ਰਹੀ ਹੈ। ਚਾਰੇ ਪਾਸੇ ਚਹਿਲ-ਪਹਿਲ ਅਤੇ ਖੁਸ਼ੀਆਂ ਦੇ ਫੁਹਾਰੇ ਫੁੱਟ ਰਹੇ ਹਨ। ਉਹ ਥੱਕ ਗਈ ਏ ਤਾਂ ਫਿਰ ਇਕ ਉੱਚੀ ਥਾਂ ਖਜੂਰ ਦੇ ਰੁੱਖ ਹੇਠ ਖਲੋ ਕੇ, ਅੱਡੀਆਂ-ਚੁੱਕ-ਚੁੱਕ ਕੇ ਫਰੈਂਕੀ ਨੂੰ ਭਾਲ ਰਹੀ ਹੈ... ਤੇ ਆਖਿਰ, ਇਕ ਮੁੱਦਤ ਬਾਅਦ ਉਹ ਮੁੜਿਆ ਹੈ ਤਾਂ ਉਹਦੇ ਸਰੀਰ ਵਿਚੋਂ ਪਸੀਨੇ ਦੀਆਂ ਘਰਾਲਾਂ ਵਗ ਰਹੀਆਂ ਹਨ ਅਤੇ ਉਹ ਇੰਝ ਹੌਂਕ ਰਿਹਾ ਹੈ ਕਿ ਡਿੱਗਾ ਕਿ ਡਿੱਗਾ। ਸ਼ੈਰੀ ਉਹਨੂੰ ਦੇਖ ਕੇ ਪਹਿਲਾਂ ਇਕ ਠਹਾਕਾ ਮਾਰ ਕੇ ਹੱਸੀ, ਫਿਰ ਇਕਦਮ ਠੰਠਬਰ ਗਈ ਹੈ ਅਤੇ ਉਹਨੂੰ ਸੰਭਾਲਦੀ ਹੋਈ ਉਹਦੇ ਗਿੱਲੇ ਪਿੰਡੇ ਨੂੰ ਆਪਣੇ ਸੁੱਕੇ ਪਿੰਡੇ ਤੇ ਤਨ ਦੇ ਕੱਪੜਿਆਂ ਨਾਲ ਪੂੰਝਣ ਦੀ ਕੋਸ਼ਿਸ਼ ਕਰ ਰਹੀ ਹੈ। ਪਰ ਉਹ ਉਹਦੇ ਹੱਥਾਂ ਵਿਚੋਂ ਤਿਲਕ ਕੇ ਬੀਚ ਦੀ ਰੇਤ ਉਤੇ ਜਾ ਡਿੱਗਾ ਹੈ ਅਤੇ ਰੇਤ ਉਤੇ ਪਿਆ ਵੀ ਬਹੁਤ ਬੁਰੀ ਤਰ੍ਹਾਂ ਹੌਂਕ ਰਿਹਾ ਹੈ।

ਸ਼ੈਰੀ ਉਹਦੇ ਪਿੰਡੇ ਨੂੰ ਰੇਤ ਨਾਲ ਢਕ-ਢਕ ਕੇ ਸਕਾਉਣ ਵਿਚ ਲੱਗੀ ਹੋਈ ਹੈ ਅਤੇ ਉਹਦੇ ਬੁੱਲ੍ਹ ਆਪ-ਮੁਹਾਰੇ ਫ਼ਰਕ ਰਹੇ ਹਨ,

'ਮਾਈ ਹੀ-ਮੈਨ... ਏ ਗਰੇਟ ਹੀ-ਮੈਨ... ਮਾਈ ਲਵ... ਏ ਗਰੇਟ ਲਵਰ !'

ਉਹਨੂੰ ਹੋਸ਼ ਆਈ ਹੈ ਤਾਂ ਢਿੱਡ ਫੜ ਕੇ ਬੈਠਾ ਹੱਸਣ ਦੀ ਕੋਸ਼ਿਸ਼ ਕਰ ਰਿਹਾ ਹੈ ਪਰ ਉਹਦਾ ਜਿਸਮ ਫਿਰ ਰੇਤ ਉਤੇ ਜਾ ਪਿਆ ਹੈ ਅਤੇ ਸ਼ੈਰੀ ਉਹਦੀ ਇਸ ਦੀਵਾਨਗੀ ਉੱਤੇ ਫ਼ਿਦਾ ਹੁੰਦੀ ਕਹਿ ਰਹੀ ਹੈ, ''ਮੈਨੂੰ ਤੇਰਾ ਇਸ ਤਰ੍ਹਾਂ ਭੱਜਣਾ ਬਹੁਤ ਚੰਗਾ ਲੱਗਾ... ਹਵਾ ਵਾਂਗ ਉੱਡਣਾ !''

''ਪਾਗ਼ਲਾਂ ਵਾਂਗ ਕਹਿ ਤਾਂ !''

''ਪਿਆਰ ਬੰਦੇ ਨੂੰ ਪਾਗ਼ਲ ਹੀ ਤਾਂ ਬਣਾਉਂਦਾ ਐ।''

''ਪਾਗ਼ਲਾਂ ਵਾਂਗ ਮਰਨਾ ਵੀ ਤਾਂ ਸਿਖਾਉਂਦਾ ਹੈ।''

''ਤੇ ਅਸਲੀ ਇਨਸਾਨਾਂ ਵਾਂਗ ਜੀਣਾ ਵੀ ਤਾਂ ਸਿਖਾਉਂਦਾ ਹੈ।''

ਉਹ ਹੋਟਲ ਵਿਚ ਪਰਤ ਕੇ ਵੀ ਇਸ ਦੌੜ-ਦੀਵਨਗੀ ਉੱਤੇ ਹੱਸ ਰਹੇ ਸਨ। ਪਰ ਫਰੈਂਕੀ ਇੰਨਾ ਬੁਰੀ ਤਰ੍ਹਾਂ ਥੱਕ ਗਿਆ ਹੈ ਅਤੇ ਉਹਦੇ ਐਨੀਆਂ ਖੱਲੀਆਂ ਪੈ ਗਈਆਂ ਹਨ ਕਿ ਉਹਦੇ ਤੋਂ ਹਿੱਲਿਆ ਵੀ ਨਹੀਂ ਜਾ

ਰਿਹਾ ਅਤੇ ਨਹਾਉਣ ਤੋਂ ਪਹਿਲਾਂ ਸ਼ੈਰੀ ਉਹਦੇ ਅੰਗ-ਅੰਗ ਦੀ ਮਾਲਿਸ਼ ਕਰ ਰਹੀ ਹੈ। ਤੇਲ ਮਾਲਿਸ਼... ਤੇ ਆਪਣੇ ਆਪ ਨੂੰ 'ਪਤਨੀ' ਚਿੱਤਵ ਕੇ ਉਹਦੀ ਰੂਹ ਹੁਲਾਰੇ 'ਤੇ ਹੁਲਾਰਾ ਖਾ ਰਹੀ ਹੈ... ਅਤੇ ਲੰਚ ਕਰਨ ਤੋਂ ਬਾਅਦ ਉਨ੍ਹਾਂ ਨੂੰ ਇੰਨੀ ਗਹਿਰੀ ਨੀਂਦ ਆ ਗਈ ਹੈ ਕਿ ਉਹ ਆਪਣੇ-ਆਪਣੇ ਸੁਪਨਿਆਂ ਦੀਆਂ ਵਾਦੀਆਂ ਵਿਚ ਵਿਚਰ ਰਹੇ ਹਨ... ਤੇ ਸ਼ਾਮ ਦੇ ਤਾਂ ਉਹ ਇਹ ਭੁੱਲ ਹੀ ਗਏ ਹਨ ਕਿ ਕਦੋਂ ਸ਼ਾਮ ਰਾਤ ਵਿਚ ਢਲ ਗਈ ਅਤੇ ਅੱਧੀ ਲੰਘ ਵੀ ਗਈ। ਸ਼ੈਰੀ ਨੂੰ ਤਾਂ ਇਹ ਵੀ ਪਤਾ ਨਹੀਂ ਲੱਗਾ ਕਿ ਫਰੈਂਕੀ ਕਦੋਂ ਗੱਲਾਂ ਕਰਦਾ-ਕਰਦਾ ਸੌਂ ਵੀ ਗਿਆ। ਬੜੇ ਕੌਲ-ਇਕਰਾਰ ਕੀਤੇ ਅੱਜ ਉਨ੍ਹਾਂ ਇਕ ਦੂਜੇ ਨਾਲ। ਇਕ ਦੂਜੇ ਦੀਆਂ ਝੋਲੀਆਂ ਭਰ ਦਿੱਤੀਆਂ।

ਇਸ ਕਰਕੇ ਸ਼ੈਰੀ ਇੰਨੀ ਖੁਸ਼ ਹੈ ਕਿ ਇਹ ਖੁਸ਼ੀ ਉਸਨੂੰ ਸੌਣ ਨਹੀਂ ਦੇ ਰਹੀ ਅਤੇ ਉਹ ਅੱਧ-ਸੁੱਤੀ ਮਨੋ-ਅਵਸਥਾ ਵਿਚ ਆਪਣੇ-ਆਪ ਨਾਲ ਗੱਲਾਂ ਕਰੀ ਜਾ ਰਹੀ ਹੈ, 'ਆਖਿਰ, ਮੈਂ ਆਪਣੇ ਸੁਪਨਿਆਂ ਦਾ ਮਰਦ ਹਾਸਲ ਕਰ ਹੀ ਲਿਆ ਹੈ। ਮੇਰੇ ਪਿਆਰ ਨੂੰ ਉਹ ਪਿਆਰ ਮਿਲ ਹੀ ਗਿਆ ਜਿਸਦੀ ਮੈਨੂੰ ਤਲਾਸ਼ ਸੀ... ਤੇ ਹਾਣ ਨੂੰ ਹਾਣ ... ਵਾਹ, ਕਿੰਨਾ ਹੈਂਡਸਮ ਹੈ ਮੇਰਾ ਯਾਰ ! ਕਿੰਨਾ ਕਿਊਟ'... ਫਿਰ ਪੂਰਾ ਵਫ਼ਾਦਾਰ ਤੇ ਪਿਆਰ-ਦੀਵਾਨਾ...।''

''ਦਰਅਸਲ, ਆਪਣੀ ਜ਼ਿੰਦਗੀ ਵਿਚ ਪਹਿਲੀ ਵਾਰ ਹੀ ਤਾਂ ਮੈਂ ਪੂਰੇ ਦਾ ਪੂਰਾ ਮਰਦ ਹਾਸਲ ਕੀਤਾ ਐ... ਉਹ ਮਰਦ, ਜੋ ਸਿਰਫ਼ ਮੇਰਾ ਹੈ !'

'ਇਸ ਪਿਆਰ ਨਾਲ ਮੇਰਾ ਹੁਸਨੋ-ਸ਼ਬਾਬ ਅਤੇ ਸੈਕਸ-ਅਪੀਲ ਕਿੰਨੇ ਹੋਰ ਨਿਖਰ ਆਏ ਹਨ ਤੇ ਮੈਂ ਹੋਰ ਜਵਾਨ ਹੋ ਗਈ ਲੱਗਦੀ ਹਾਂ।'

'ਥੈਂਕ ਯੂ ਮਾਈ ਲਵ, ਮਾਈ ਸਵੀਟਹਰਟ ! ਮਾਈ ਡਰੀਮ ਮੈਨ, ਏ ਗਰੇਟ ਹੀ-ਮੈਨ !'

ਉਹ ਮਨ ਹੀ ਮਨ ਆਪਣੀ ਇਸ ਪ੍ਰਾਪਤੀ ਨੂੰ ਵਾਰ-ਵਾਰ ਚੁੰਮ ਰਹੀ ਹੈ ਅਤੇ ਫਰੈਂਕੀ ਦੇ ਮੱਥੇ ਉੱਤੇ ਵੀ ਸਕੂਨ ਤੇ ਪ੍ਰਾਪਤੀ ਦਾ ਇਕ ਹਾਈ-ਪਾਵਰ ਬਲਬ ਜਗਮਗਾਉਂਦਾ ਉਸਨੂੰ ਸਾਫ਼ ਦਿਖਾਈ ਦੇ ਰਿਹਾ ਹੈ ਅਤੇ ਤਾਜ਼ਾ-ਤਰੀਨ ਪਿਆਰ-ਦ੍ਰਿਸ਼ ਉਹਦੀਆਂ ਅੱਖਾਂ ਵਿਚ ਖਰਮਸਤੀ ਕਰ ਰਹੇ ਹਨ। ਉਹ ਉਹਦੇ 'ਤੇ ਵਾਰੀ-ਬਲਿਹਾਰੀ ਜਾਂਦੀ ਆਪਣੇ ਆਪ ਨੂੰ ਕਹਿ ਰਹੀ ਹੈ, 'ਮੈਨੂੰ ਹੁਣ ਹੀ ਤਾਂ ਪਤਾ ਲੱਗਾ ਕਿ ਅਸਲੀ ਪਿਆਰ ਕੀ ਹੁੰਦਾ ਤੇ ਅਸਲੀ ਮਰਦ ਕੀ ਹੁੰਦਾ... ਉਹ ਮਰਦ ਜਿਹਦੇ ਲਈ ਮੈਂ ਆਪਣੀ ਜਾਨ ਤੱਕ ਵੀ ਵਾਰ ਸਕਦੀ ਹਾਂ...।'

'ਦਰਅਸਲ, ਮੈਂ ਅਸਲੀ ਕਰਿਸ਼ਮਾ ਤਾਂ ਹੁਣ ਹੀ ਕੀਤਾ ਐ... ਫਰੈਂਕੀ ਦਾ ਪਿਆਰ ਮੇਰੀ ਜ਼ਿੰਦਗੀ ਦਾ ਸਭ ਤੋਂ ਮਹਾਨ ਕਰਿਸ਼ਮਾ ਹੈ !'

ਇਹ 'ਕਰਿਸ਼ਮਾ' ਸ਼ਬਦ ਜ਼ਿਹਨ ਵਿਚ ਉਭਰਦੇ ਹੀ, ਉਹ ਆਪਣੇ ਵਰਤਮਾਨ ਤੋਂ ਇਕਦਮ ਤਿਲਕ ਕੇ ਬੀਤੇ ਸਮਿਆਂ ਦੀ ਕਿਸੇ ਸਿਮਰਤੀ ਵਿਚ ਜਾ ਵੜੀ ਹੈ ਅਤੇ ਉਹਦੇ ਸੋਚ-ਕੇਂਦਰ ਵਿਚ ਹੁਣ ਉਹਦੇ ਕੈਰੀਅਰ ਦਾ ਇਕ ਹੋਰ ਪੁਰਾਣਾ ਕਰਿਸ਼ਮਾ ਤਰਥੱਲੀ ਮਚਾ ਰਿਹਾ ਹੈ,

ਕਰਿਸ਼ਮਾ, ਕੰਪਨੀ ਦੇ ਮਾਲ ਦੀ 'ਗਲੋਬਲੀ ਨੁਮਾਇਸ਼' ਦਾ ... ਤੇ ਮੌਕਾ, ਸ਼ੈਰੀ ਦੀ ਸਿਰ-ਤੋੜ ਮਿਹਨਤ, ਲਿਆਕਤ ਅਤੇ ਸ਼ਖਸੀਅਤ ਸਕਦਾ, ਇਕ ਮਲਟੀ ਮਿਲੀਅਨ ਡਾਲਰ ਦੇ ਨਵੇਂ 'ਓਵਰਸੀਜ਼ ਰਿਸਰਚ ਕਾਨਟ੍ਰੈਕਟ' ਦੇ ਸਿਰੇ ਚੜ੍ਹ ਜਾਣ ਦਾ। ਕਰਿਸ਼ਮਾ, ਕੰਪਨੀ ਦੇ ਸੀ. ਈ. ਓ. (ਮਾਲਕ) ਦੀ ਉਹਦੇ 'ਤੇ ਪੈ ਗਈ ਮਿਹਰਭਰੀ ਨਜ਼ਰ ਦਾ ਅਤੇ ਉਹਦੇ ਨਾਲ ਪਹਿਲੀ ਸਿੱਧੀ ਮੁਲਾਕਾਤ ਦਾ।

ਮਾਲਕ ਦਾ ਵਿਅਕਤੀਤਵ ਦੇਖ ਕੇ ਤਾਂ ਉਹ ਦੰਗ ਰਹਿ ਗਈ, ਨੌਜਵਾਨ, ਸੋਹਣਾ-ਸੁਨੱਖਾ, ਗੋਰਾ-ਚਿੱਟਾ, ਉੱਚਾ ਲੰਮਾ ਅਤੇ ਡੁੱਲ੍ਹ ਡੁੱਲ੍ਹ ਪੈਂਦਾ ਆਤਮ-ਵਿਸ਼ਵਾਸ। ਪਾਰਖੂ ਇੰਨਾ ਕਿ ਇਕ ਨਜ਼ਰ ਵਿਚ ਹੀ ਸਭ ਕੁਝ ਤੋਲ ਗਿਆ। ਇਕ ਵਾਰੀ ਨੀਝ ਲਾ ਕੇ ਦੇਖਿਆ ਉਹਨੂੰ ਸਿਰ ਤੋਂ ਪੈਰਾਂ ਤੱਕ ਅਤੇ ਬੱਸ, ਛਿਣ ਭਰ ਲਈ ਅੱਟਕਿਆ ਉਹਦੀਆਂ ਨੀਲੀਆਂ ਡੂੰਘੀਆਂ ਅੱਖਾਂ ਵਿਚ, ਮੁਸਕਰਾਇਆ ਤਾਂ ਸ਼ੈਰੀ ਵੀ ਧੁਰ ਅੰਦਰ ਤੱਕ ਖਿੜ ਗਈ। ਉਸਨੇ ਉਸੇ ਵੇਲੇ ਪਲਕਾਂ ਵਿਛਾ ਦਿੱਤੀਆਂ। ਤੇ ਉਹ ਵੀ ਪਤਾ ਨਹੀਂ ਕਿੰਨੇ ਪੱਤਣਾਂ ਦਾ ਤਾਰੂ ਹੋਊ, ਇਸ



ਰਹੱਸਮਈ ਨਜ਼ਰ ਦੀ ਤਾਬ 'ਬਿਨਾ ਸੀ ਕੀਤੇ' ਝੱਲ ਗਿਆ ਅਤੇ ਬੋਲਿਆ, ''ਮਿਸ ਸ਼ੈਰੀ, ਆਪਾਂ ਸਾਰੀ ਗੱਲ ਕਿਤੇ ਰੀਲੈਕਸ ਮੂਡ ਤੇ ਖੁੱਲ੍ਹੇ ਮਾਹੌਲ ਵਿਚ ਨਾ ਕਰੀਏ? ਉਸੇ 'ਨਵੇਂ ਪ੍ਰੋਜੈਕਟ' ਬਾਰੇ ਗੱਲਬਾਤ ਕਰਨੀ ਏ ਜਿਹੜਾ ਤੂੰ ਹਾਸਲ ਕੀਤਾ ਐ... ਤੇ ਇਹ ਗੱਲ ਇੰਨੀ ਮਹੱਤਵਪੂਰਨ ਹੈ ਕਿ ਇਸ ਦਫ਼ਤਰੀ ਮਾਹੌਲ ਵਿਚ ਚੱਜ ਨਾਲ ਹੋ ਨਹੀਂ ਸਕਣੀ।''

''ਸਰ, ਜਿਵੇਂ ਤੁਸੀਂ ਚਾਹੋ !'' ਸ਼ੈਰੀ ਦੀਆਂ ਪਲਕਾਂ ਹੋਰ ਝੁਕ ਗਈਆਂ।

ਉਸੇ ਵੇਲੇ ਦੋ ਟਿਕਟਾਂ ਆ ਗਈਆਂ ਅਤੇ ਉਹ ਸਵੇਰ ਹੋਣ ਤੱਕ ਉਸਦੇ ਨਿੱਜੀ ਰੈਂਚ ਵਿਚ ਪਹੁੰਚ ਗਏ... ਸਫ਼ਰ ਦੀ ਥਕਾਵਟ ਨਾਲ ਚੂਰ ਸ਼ੈਰੀ ਦੀਆਂ ਅੱਖਾਂ ਖੁੱਲ੍ਹੀਆਂ ਤਾਂ ਖੁੱਲ੍ਹੀਆਂ ਹੀ ਰਹਿ ਗਈਆਂ। ਜਿਧਰ ਦੇਖਿਆ, ਦੇਖਦੀ ਹੀ ਰਹਿ ਗਈ। ਕਿਸੇ ਪਾਸੇ ਕੋਈ ਦਿਸਹੱਦਾ ਹੀ ਨਾ ਦਿਖੇ ਨਾ ਕਿਸੇ ਚੀਜ਼ ਦਾ ਕੋਈ ਅੰਤ ਹੀ, ਇਕ ਪਾਸੇ ਬੰਗਲਾ ਕਿਸੇ ਪਰੀ ਕਹਾਣੀ ਦੇ ਸਵਰਗੀ ਮਹਿਲ ਨਾਲੋਂ ਵੀ ਵੱਧ ਸੁੰਦਰ। ਦੂਜੇ ਪਾਸੇ ਸਵਿੰਮਿੰਗ ਪੂਲ ਕਿਸੇ ਮਿਸਟਰੀ ਮੂਵੀ ਦੇ ਤਲਿਸਮੀ ਤਲਾਅ ਵਰਗਾ। ਤੀਜੇ ਪਾਸੇ ਇਕ ਗੋਲਫ ਗਰਾਊਂਡ, ਹਰਿਆਲੀ ਅਤੇ ਲੈਂਡਸਕੇਪ ਦਾ ਅਦਭੁਤ ਨਮੂਨਾ ਅਤੇ ਚੌਥੇ ਪਾਸੇ ਇਕ ਆਜਾਇਬ ਘਰ, ਦੁਨੀਆਂ ਭਰ ਦੀਆਂ ਹੁਸੀਨ ਵਸਤਾਂ ਅਤੇ ਕੀਮਤੀ ਪਦਾਰਥਾਂ ਨਾਲ ਭਰਿਆ ਪਿਆ... ਇਹ ਸਭ ਦੇਖ ਕੇ ਉਹਨੂੰ ਪਹਿਲੀ ਵਾਰੀ ਇਹ ਪਤਾ ਲੱਗਾ ਕਿ ਕਿਸ-ਕਿਸ ਦੇਸ਼ ਵਿਚ ਕੀ-ਕੀ ਹੁੰਦਾ ਹੋਊ (ਜਿਹਦੇ ਲਈ ਏਨੀ ਭੱਜ-ਨੱਠ, ਮਾਰ-ਮਰਾਈ ਅਤੇ ਖਿੱਚ-ਧੂਹ ਚੱਲ ਰਹੀ ਹੈ) ਅਤੇ ਉਹਦੇ ਮਨ ਨੇ ਇਕ ਲੰਮਾ ਹਾਉਕਾ ਲੈ ਕੇ ਕਿਹਾ, 'ਕੋਈ ਬੰਦਾ ਇੰਨਾ ਅਮੀਰ ਕਿੰਝ ਹੁੰਦਾ ਹੋਊ? ... ਕੀ-ਕੀ ਕਰਦਾ ਹੋਊ ਇਹ ਸਭ ਹੋਣ ਲਈ? '

ਇਹ ਸੋਚਦੀ ਉਹ ਸੌਂ ਗਈ... ਸ਼ਾਮ ਢਲੇ ਉੱਠੀ ਤਾਂ ਨੌਕਰ ਕੁੜੀਆਂ ਨੂੰ ਮਿਲੀ। ਖੂਬਸੂਰਤ ਕੁੜੀਆਂ ਤਿਤਲੀਆਂ ਵਰਗੀਆਂ। ਬੱਸ, ਦਿਲ ਹਾਰ ਬੈਠੀ। ਸੋਚਿਆ, ਇਹੀ ਅੰਤਿਮ ਮੰਜ਼ਿਲ ਬਣ ਜਾਏ। ਇਹੀ ਉਹਦਾ ਘਰ ਹੋ ਜਾਏ ਅਤੇ ਇਹ ਸੱਚ ਹੁੰਦਾ ਵੀ ਜਾਪਿਆ। ਉਸ ਸ਼ਾਮ ਉਹ ਉਸਨੂੰ ਘਰਵਾਲੇ ਵਾਂਗ ਹੀ ਮਿਲਿਆ। ਮਹਿਮਾਨ-ਨਿਵਾਜ਼ੀ ਦਾ ਤਾਂ ਉਹਨੇ ਸਿਰਾ ਹੀ ਤੋੜ ਦਿੱਤਾ... ਤੇ ਉਸਨੂੰ ਇਹ ਵੀ ਪਹਿਲੀ ਵਾਰ ਹੀ ਪਤਾ ਲੱਗਾ ਕਿ ਕੋਈ ਸ਼ਾਮ ਇੰਝ ਵੀ ਮਨਾਈ ਜਾ ਸਕਦੀ ਹੈ। ਦੋਹਰੇ-ਤੀਹਰੇ ਕਿਸਮ ਦੇ ਸਰੂਰ ਨਾਲ ਉਹਦਾ ਤਨ-ਮਨ ਖਿਲ਼ ਉੱਠਿਆ ਅਤੇ ਉਸਨੂੰ ਝੂਮਦੀ ਦੇਖ ਕੇ ਉਹ ਬੋਲਿਆ,

''ਮਿਸ ਸ਼ੈਰੀ ! ਮੈਂ ਆਪਣੀ ਪਤਨੀ ਨਾਲ ਤਲਾਕ ਦੇ ਪੂਰੇ ਇਕ ਸਾਲ ਬਾਅਦ ਅੱਜ ਇੱਥੇ ਆਇਆਂ, ਆਪਣੇ ਇਸ ਫਾਰਮ ਹਾਊਸ ਵਿਚ... ਇਸ ਲਈ ਹਰ ਚੀਜ਼ ਓਪਰੀ ਓਪਰੀ ਲੱਗ ਰਹੀ ਐ ਤੇ ਮਨ ਉਦਾਸ ਉਦਾਸ...।''

''ਸਰ, ਮੈਂ ਹਾਜ਼ਰ ਹਾਂ !'' ਉਸਨੂੰ ਇਹੀ ਸੁਝਿਆ ਉਸ ਵਕਤ।

ਪਰ ਸ਼ਾਇਦ, ਉਹਦਾ ਇੰਨਾ ਖੁੱਲ੍ਹਮ-ਖੁੱਲ੍ਹਾ ਆਤਮ-ਸਮਰਪਣ ਉਹਨੂੰ ਪਸੰਦ ਨਹੀਂ ਆਇਆ ਜਾਂ ਉਹ ਆਪਣੇ ਹੀ ਅੰਦਰਲੇ ਕਿਸੇ ਡਰ ਨਾਲ ਝੇਂਪ ਗਿਆ, ਖਾਣਾ ਖਾ ਕੇ ਕਿਤੇ ਤਿਤਰ ਹੋ ਗਿਆ, ਪਤਾ ਨਹੀਂ ਕਿੱਥੇ ਜਾ ਕੇ ਸੁੱਤਾ ਤੇ ਇਹ ਵੀ ਪਤਾ ਨਹੀਂ ਇਕੱਲਾ ਜਾਂ ਕਿਸੇ ਬੁੱਕਲ ਵਿਚ?

ਉਸ ਤੋਂ ਬਾਅਦ ਤਾਂ ਕਈ ਦਿਨ ਲੁਕਣ ਮੀਚੀਆਂ ਜਿਹੀਆਂ ਹੀ ਖੇਡਦਾ ਰਿਹਾ। ਹਾਂ, ਹਰ ਸ਼ਾਮ ਉਹਦੇ ਨਾਲ ਜ਼ਰੂਰ ਬਿਤਾਉਂਦਾ ਰਿਹਾ ਅਤੇ ਮਨ ਹੀ ਮਨ ਉਹਦੇ ਸਾਹਮਣੇ ਕਿਸੇ ਨਵੇਂ ਸੁਫ਼ਨੇ ਦੀ ਕੋਈ ਨਵੀਂ ਸੇਜ਼ ਵੀ ਵਿਛਾਉਂਦਾ ਰਿਹਾ। ਪਰ ਸਿਰਫ਼ ਇਕ ਰਾਤ ਉਹ ਇਹ ਸੇਜ਼ ਮਾਣਨ ਆਇਆ ਅਤੇ ਪੂਰਾ ਨਿਹਾਲ ਹੋ ਗਿਆ ਜਿਵੇਂ ਸਿਰਫ਼ ਚੱਖ ਕੇ ਹੀ, ਸੁਆਦ ਦੇਖ ਕੇ ਹੀ, ਸੰਤੁਸ਼ਟ ਹੋ ਗਿਆ ਹੋਵੇ। ਨਾ ਸਿਰਫ਼ ਨਿਹਾਲ, ਸਗੋਂ ਉਸਦੇ ਦਿਲ ਉੱਤੇ ਪਿਆ ਤਲਾਕ ਦੇ ਸਦਮੇ ਤੇ ਸੰਤਾਪ ਦਾ ਪੱਥਰ ਵੀ ਪੂਰੀ ਤਰ੍ਹਾਂ ਪਿਘਲ ਗਿਆ ਅਤੇ ਸ਼ੈਰੀ ਲਈ ਖੁਸ਼ੀਆਂ ਦਾ ਨਵਾਂ ਖਜ਼ਾਨਾ ਖੁੱਲ੍ਹ ਗਿਆ, *ਉਹ ਕੰਪਨੀ ਦੇ ਇਕ ਪ੍ਰਤੀਸ਼ਤ ਸ਼ੇਅਰਜ਼ ਦੀ ਮਾਲਕ ਬਣ ਗਈ ਅਤੇ ਰਿਸਰਚ-ਵਿੰਗ ਦੀ ਇਨਚਾਰਜ਼।*

ਬੱਸ, ਉਸੇ ਰਾਤ ਸ਼ੈਰੀ ਦੇ ਸੋਨੇ ਦੇ ਖੰਭ ਉੱਗ ਆਏ...

ਉਹ ਖੰਭ ਜਿੰਨ੍ਹਾਂ ਦੀ ਛਤਰ-ਛਾਇਆ ਹੇਠ ਅੱਜ ਫਰੈਂਕੀ ਸੁੱਤਾ ਪਿਆ ਪਿਆ ਹੈ ਅਤੇ ਉਹ ਉਹਨੂੰ ਇਨ੍ਹਾਂ

ਥੱਲੇ ਘੁੱਟੀ ਜਾ ਰਹੀ ਹੈ। ਇਸ ਘੁਟਣ ਦੀ ਤਪਸ਼ ਨਾਲ ਉਸਨੇ ਇਕ ਪਾਸਾ ਪਲਟਿਆ ਹੈ, ਪਰ ਬਿਨਾਂ ਅੱਖ ਖੋਲ੍ਹੇ ਫਿਰ ਘਰਾੜੇ ਮਾਰਨ ਲੱਗ ਪਿਆ ਹੈ ਅਤੇ ਸ਼ੈਰੀ 'ਉਫ਼ ਉਫ਼, ਸ਼ਿਟ, ਸ਼ਿਟ' ਕਰਦੀ ਉੱਠ ਕੇ ਬਹਿ ਗਈ ਹੈ ਅਤੇ ਬੈਠੀ-ਬੈਠੀ ਮਨੋ-ਬਚਨੀ ਦੇ ਕੌੜੇ ਘੁੱਟ ਨਿਗਲ ਰਹੀ ਹੈ,

''ਅੱਜ ਏਨੀ ਖੁਸ਼ੀ ਦੇ ਮੌਕੇ ਇਹ ਕੈਰੀਅਰ ਦੇ ਪੁਰਾਣੇ ਕਰਿਸ਼ਮੇ ਕਿਉਂ? '

'ਕਿਤੇ ਮੇਰਾ ਕੈਰੀਅਰ, ਮੇਰੀ ਮੁਹੱਬਤ ਦੇ ਰਾਹ ਵਿਚ ਰੋੜਾ ਤਾਂ ਨਹੀਂ ਬਣ ਰਿਹਾ? '

ਉਹਨੂੰ ਆਪਣੀ ਇਸ ਮਨੋ-ਸਥਿਤੀ ਦੀ ਸਮਝ ਨਹੀਂ ਆ ਰਹੀ। ਉਹਦਾ ਦਿਲ ਕਰ ਰਿਹਾ ਹੈ ਕਿ ਫਰੈਂਕੀ ਨੂੰ ਜਗਾ ਲਏ ਅਤੇ ਗੱਲਾਂ ਕਰੇ। ਪਰ ਉਹਦੀ ਹਿੰਮਤ ਨਹੀਂ ਪੈ ਰਹੀ, 'ਕਿਤੇ ਐਵੇਂ ਭੜਕ ਹੀ ਨਾ ਜਾਏ... ਮਾਨਸਿਕ ਤੌਰ 'ਤੇ ਬੀਮਾਰ ਸਮਝ ਕੇ ਕਿਤੇ ਭੱਜ ਹੀ ਨਾ ਜਾਏ !'

'ਜੇ 'ਪਤੀ' ਹੁੰਦਾ ਤਾਂ ਸ਼ਾਇਦ ਜ਼ਰੂਰ ਜਗਾ ਲੈਂਦੀ !'

'ਫਰੈਂਕੀ, ਮੇਰਾ ਪਤੀ !' ਉਹਦੇ ਜ਼ਿਹਨ ਵਿਚ ਉਭਰੇ ਇਸ 'ਪਤੀ' ਸ਼ਬਦ ਨਾਲ ਉਹਦੀ ਰੂਹ ਧੁਰ ਅੰਦਰ ਤੱਕ ਖਿਲ਼ ਉੱਠੀ ਹੈ ਅਤੇ ਸਮੁੱਚੇ ਵਜੂਦ ਅੰਦਰ ਇਕ ਅਜੇਹੀ ਗੁਦਗੁਦੀ ਤੇ ਝੁਣਝੁਣੀ ਪੈਦਾ ਹੋ ਗਈ ਹੈ ਕਿ ਉਹ ਬੈੱਡ ਉੱਤੋਂ ਉੱਠ ਕੇ, ਵਾਈਨ ਦਾ ਗਲਾਸ ਭਰ ਕੇ, ਸੁਵੀਟ ਦੀ ਗੈਲਰੀ ਵਿਚ ਜਾ ਕੇ ਖਲੋ ਗਈ ਹੈ ਅਤੇ ਰੁਮਾਂਟਿਕ ਨਜ਼ਰਾਂ ਨਾਲ ਆਸਮਾਨ ਨੂੰ ਨਿਹਾਰ ਰਹੀ ਹੈ। ਸਿਤਾਰਿਆਂ-ਭਰੀ ਰਾਤ ਅਤੇ ਜਗਮਗਾਉਂਦਾ ਆਕਾਸ਼ ਉਹਨੂੰ ਆਪਣੇ ਵਰਤਮਾਨ ਵਾਂਗ ਲੱਗ ਰਿਹਾ ਹੈ ਅਤੇ ਦੂਧੀਆ ਰਾਹ ਵਿਚ ਖੜ੍ਹਾ ਫਰੈਂਕੀ, ਸੈਣਤਾਂ ਨਾਲ ਆਪਣੇ ਵੱਲ ਬੁਲਾਉਂਦਾ ਨਜ਼ਰ ਆ ਰਿਹਾ ਹੈ।

'ਵਾਹ, ਕਿਆ ਰਹੱਸਮਈ ਸੀਨ ਹੈ ! ਕਿਤੇ ਫਰੈਂਕੀ ਸੱਚੀ-ਮੁੱਚੀਂ ਹੀ ਆਕਾਸ਼ ਵਿਚ ਤਾਂ ਨਹੀਂ ਜਾ ਚੜ੍ਹਿਆ? '

ਉਹ ਉੱਡਦੀ ਹੋਈ ਅੰਦਰ ਆਈ ਹੈ ਪਰ ਫਰੈਂਕੀ ਤਾਂ ਉਸੇ ਤਰ੍ਹਾਂ ਘੂਕ ਸੁੱਤਾ ਪਿਆ ਹੈ ਅਤੇ ਸ਼ੈਰੀ ਨੂੰ ਵੀ ਆਪਣੀਆਂ ਅੱਖਾਂ ਵਿਚ ਨੀਂਦ ਦੀ ਖੁਮਾਰੀ ਉੱਤਰ ਆਈ ਮਹਿਸੂਸ ਹੋ ਰਹੀ ਹੈ ਅਤੇ ਉਹ ਬੈੱਡ ਉੱਤੇ ਪੈਂਦੇ ਸਾਰ, ਨੀਂਦ ਨੂੰ ਗਲਵਕੜੀ ਪਾਉਣ ਲਈ ਮਨ-ਮਸਤਕ ਉਤੇ ਜ਼ੋਰ ਪਾ ਰਹੀ ਹੈ। 'ਪਤੀ' ਸ਼ਬਦ ਹਾਲੇ ਤੱਕ ਉਹਦੇ ਬੁੱਲ੍ਹਾਂ ਉੱਤੇ ਤੈਰ ਰਿਹਾ ਹੈ ਅਤੇ ਉਹ ਫਰੈਂਕੀ ਨੂੰ ਪਲੋਸਦੀ, ਆਪਣੇ ਨਾਲ ਘੁੱਟੀ ਜਾ ਰਹੀ ਹੈ... ਤੇ ਆਖਿਰ, ਉੱਠ ਕੇ ਬੈਠ ਹੀ ਗਿਆ ਹੈ ਅਤੇ ਅੱਖਾਂ ਮਲਦਾ ਪੁੱਛ ਰਿਹਾ ਹੈ, ''ਡਾਰਲਿੰਗ ਤੁਸੀਂ ਸੁੱਤੇ ਨਹੀਂ ਹਾਲੇ ਤੱਕ? ''

''ਏਨੀ ਖੁਸ਼ੀ ਨਾਲ ਤਾਂ ਬੰਦਾ ਮਰ ਵੀ ਸਕਦਾ ਤੇ ਤੂੰ ਸੌਣ ਦੀ ਗੱਲ ਕਰ ਰਿਹੈਂ? ''

''ਕੀ ਵਕਤ ਹੋ ਗਿਆ ? ''

''ਵਕਤ ਤੋਂ ਨਾ ਡਰ, ਚੱਲ ਉੱਠ, ਸੈਰ ਕਰਨ ਚੱਲੀਏ !''

''ਓਹ ਰੀਅਲੀ? ''

''ਹਾਂ ਕੱਲ ਵਾਂਗ ਅੱਜ ਵੀ ਦੌੜਾਂਗੇ ਤੇ ਮੈਂ ਵੀ ਤੇਰੇ ਨਾਲ ਨਾਲ ਦੌੜਾਂਗੀ। ਤੂੰ ਹੱਥ ਧੋਅ ਕੇ ਆ, ਮੈਂ ਤੇਰੇ ਲਈ ਚਾਹ ਬਣਾਉਨੀ ਆਂ।''

''ਹਨੀ, ਤੁਸੀਂ ਕੁਝ ਸੋਚ ਰਹੇ ਲੱਗਦੇ ਓ, ਕੋਈ ਗੰਭੀਰ ਮਸਲਾ ਹੈ? '' ਫਰੈਂਕੀ ਉਹਦੇ ਚਿਹਰੇ ਨੂੰ ਨੀਝ ਲਾ ਕੇ ਨਿਹਾਰਦਾ, ਉਹਦੀਆਂ ਉਨੀਂਦਰੇ ਕਾਰਨ ਲਾਲ-ਸੁਰਖ ਹੋਈਆਂ ਪਈਆਂ ਅੱਖਾਂ ਵਿਚੋਂ ਇਸ ਸਵਾਲ ਦਾ ਜਵਾਬ ਭਾਲ ਰਿਹਾ ਲੱਗਦਾ ਹੈ।

''ਚੱਲ, ਬੀਚ 'ਤੇ ਚੱਲ ਕੇ ਹੀ ਗੱਲ ਕਰਦੇ ਆਂ।''

''ਮਾੜਾ ਜਿਹਾ ਦੱਸੋ ਤਾਂ ਸਹੀ... ਸਿਰਫ਼ ਇਕ ਇਸ਼ਾਰਾ ਮਾਤਰ? ''

''ਬੱਸ, ਸਿਰਫ਼ ਇਕੋ ਗੱਲ ਰਾਤ ਭਰ ਸੋਚਦੀ ਰਹੀ ਹਾਂ...।'' ਉਹਦਾ ਮੂੰਹ ਖੁੱਲ੍ਹੇ ਦਾ ਖੁੱਲ੍ਹਾ ਹੀ ਰਹਿ ਗਿਆ ਏ ਤਾਂ ਫਰੈਂਕੀ ਹੱਲਾਸ਼ੇਰੀ ਦੇ ਰਿਹਾ ਹੈ, ''ਦੱਸੋ ਦੱਸੋ ਪਲੀਜ਼, ਮੇਰੇ ਤੇ ਪੂਰਾ ਵਿਸ਼ਵਾਸ ਰੱਖੋ, ਸਵੀਟਹਾਰਟ !''

''ਤੇਰੇ ਲਈ ਇਕ ਸ਼ਾਨਦਾਰ ਖੁਸ਼ਖ਼ਬਰੀ ਹੈ... ਮੈਂ ਤੇਰੇ ਨਾਲ 'ਵਿਆਹ' ਕਰਾਉਣਾ ਚਾਹੁੰਨੀ ਹਾਂ, ਮੇਰੇ



ਪਿਆਰੇ !''

''ਵਿਆਹ? ਏ ਗਰੇਟ 'ਫੰਨੀ' ਆਈਡੀਆ !''

ਉਹ ਠਹਾਕਾ ਮਾਰ ਕੇ ਇੰਝ ਹੱਸਿਆ ਹੈ ਕਿ ਸ਼ੈਰੀ ਦਾ ਇਕ ਵਾਰ ਤਾਂ ਤਰਾਹ ਹੀ ਨਿਕਲ ਗਿਆ ਹੈ। ਤੇ ਉਹ ਉਸੇ ਤਰ੍ਹਾਂ ਹੱਸਦਾ-ਹੱਸਦਾ ਬਾਥਰੂਮ ਵਿਚ ਜਾ ਵੜਿਆ ਹੈ ਪਰ ਉਸਦੇ ਇਸ ਪ੍ਰਤੀਕਰਮ ਦੇ ਬਾਵਜੂਦ ਸ਼ੈਰੀ ਉਹਦੇ ਲਈ ਚਾਹ ਬਣਾਉਂਦੀ ਆਪਣੇ ਆਪ ਨੂੰ 'ਪਤਨੀ' ਚਿੱਤਵ ਰਹੀ ਹੈ ਅਤੇ ਉਹਦੇ ਬਾਹਰ ਨਿਕਲਦੇ ਹੀ , ਚਾਹ ਦਾ ਕੱਪ ਉਹਦੇ ਹੱਥ ਫੜਾ ਕੇ ਪਹਿਲਾ ਘੁੱਟ ਭਰਦੇ ਹੀ ਪੂਰੀ ਗੰਭੀਰਤਾ ਨਾਲ ਪੁੱਛ ਰਹੀ ਹੈ,

''ਫਿਰ ਕਿਵੇਂ ਲੱਗਾ ਮੇਰਾ ਪ੍ਰਸਤਾਵ? ''

''ਗੁੱਡ, ਵੈਰੀ ਵੈਰੀ ਗੁੱਡ ! ਪਰ ਪਹਿਲਾਂ ਮੈਂ ਸੈੱਟ ਤਾਂ ਹੋ ਲਵਾਂ... ਹਾਲੇ ਤਾਂ ਨਾ ਮੇਰੇ ਕੋਲ ਮੇਰੇ ਕੈਲੀਬਰ ਦੀ ਜੌਬ ਹੈ ਤੇ ਨਾ ਆਪਣਾ ਘਰ... ਮੈਂ ਤਾਂ ਹਾਲੇ ਤੱਕ ਆਪਣੀ 'ਇਕੱਲੀ' ਮਾਂ ਦੇ ਨਾਲ ਰਹਿੰਦਾ ਆਂ...।''

''ਤੈਨੂੰ ਸੈੱਟ ਮੈਂ ਕਰਾਂਗੀ ਫਰੈਂਕੀ ਡਾਰਲਿੰਗ ! ਤੈਨੂੰ ਪਤਾ, ਹਰ ਵਿਅਕਤੀ ਨੂੰ ਉੱਪਰ ਚੜ੍ਹਣ ਲਈ ਇਕ ਪੌੜੀ ਦੀ ਲੋੜ ਹੁੰਦੀ ਏ ! ਤੇਰੀ ਉਹ ਪੌੜੀ ਮੈਂ ਬਣਾਂਗੀ... ਉਸ ਪੌੜੀ ਦਾ ਹਰ ਡੰਡਾ ਤੈਨੂੰ ਮੈਂ ਪ੍ਰਦਾਨ ਕਰਾਂਗੀ... ਅਸਲ ਵਿਚ ਮੈਂ ਤੈਨੂੰ ਆਪਣਾ ਸਹਾਇਕ 'ਹਾਇਰ' ਕਰਨਾ ਚਾਹੁੰਨੀ ਆਂ। ਮੈਂ ਤੇਰੇ ਲਈ ਇਕ ਬਹੁਤ ਵਧੀਆ ਜੌਬ ਕਰੀਏਟ ਕਰ ਲਈ ਏ ਤੇ ਉਸ ਦੀ ਮਨਜ਼ੂਰੀ ਵੀ ਮੈਂ ਕੰਪਨੀ ਕੋਲੋਂ ਲੈ ਹੀ ਲਵਾਂਗੀ...।''

''ਪਰ ਮੈਂ ਤਾਂ ਲੇਜ਼ਰ ਤਕਨੀਕ ਬਾਰੇ ਬਹੁਤਾ ਪੜ੍ਹਿਆ ਨਹੀਂ... ਤੈਨੂੰ ਪਤਾ, ਮੈਂ ਤਾਂ ਵਾਇਰਲੈੱਸ ਪਰੋਗਰਾਮਿੰਗ ਵਿਚ ਮੇਜ਼ਰ ਕੀਤੀ ਏ ਤੇ ਕੰਮ ਵੀ ਉਸੇ ਫੀਲਡ ਵਿਚ ਕਰ ਰਿਹਾਂ।''

''ਇਹੀ ਤਾਂ ਸਾਨੂੰ ਚਾਹੀਦਾ ! ਦਰਅਸਲ, ਸਾਡੀ ਕੰਪਨੀ ਲੇਜ਼ਰ-ਡਿਜ਼ਿਟਲ ਤਕਨੀਕ ਨੂੰ ਵਾਇਰਲੈੱਸ-ਸੈਟੇਲਾਈਟ ਕੰਪਿਊਟਰ ਪਰੋਗਰਾਮਿੰਗ ਨਾਲ ਜੋੜ ਕੇ ਇਕ ਨਵਾਂ 'ਰਿਸਰਚ ਟੂਲ' ਖੋਜਣਾ ਚਾਹੁੰਦੀ ਹੈ, ਜੋ ਕਈ ਤਰ੍ਹਾਂ ਦੇ ਖੋਜ-ਕਾਰਜਾਂ ਵਿਚ ਕੰਮ ਆ ਸਕੇ... ਖਾਸ ਕਰਕੇ, ਧਰਤੀ ਥੱਲੇ ਛੁਪੇ ਪਏ ਕੀਮਤੀ ਖਨਿਜ਼ ਪਦਾਰਥਾਂ ਨੂੰ ਲੱਭਣ ਲਈ... ਜਾਸੂਸੀ ਉਪਕਰਨਾਂ ਵਿਚ ਵੀ ਇਸ ਦੀ ਵਰਤੋਂ ਹੋ ਸਕਦੀ ਏ ਅਤੇ ਸਪੇਸ ਕੁਮਨੀਕੁਸ਼ਨ ਲਈ ਵੀ ਇਹ ਤਕਨੀਕ ਵਰਤੀ ਜਾ ਸਕਦੀ ਹੈ... 'ਨਾਸਾ' ਵੀ ਇਸੇ ਪ੍ਰੋਜੈਕਟ 'ਤੇ ਕੰਮ ਕਰ ਰਹੀ ਐ ਤੇ ਅਸੀਂ ਵੀ ਇਸ 'ਤੇ ਕੰਮ ਸ਼ੁਰੂ ਕਰਨ ਜਾ ਰਹੇ ਹਾਂ... ਹੁਣ ਇਹ ਖੋਜ ਹੋ ਚੁੱਕੀ ਹੈ ਕਿ ਲੇਜ਼ਰ ਬੀਮ ਬਿਨਾਂ ਓਪਟੀਕਲ ਫਾਈਬਰ ਦੇ ਸਪੇਸ ਵਿਚ ਦੀ ਵੀ ਲੰਘ ਸਕਦੀ ਹੈ...।''

ਫਰੈਂਕੀ ਦੇ ਦੜ ਵੱਟ ਕੇ ਚੁੱਪ ਕਰ ਜਾਣ ਦੇ ਬਾਵਜੂਦ ਉਹ ਬੋਲੀ ਜਾ ਰਹੀ ਹੈ, ''ਇਹ ਇਕ ਬਹੁਤ ਵੱਡਾ 'ਰਿਸਰਚ ਪ੍ਰੋਜੈਕਟ' ਹੈ, ਹਨੀ ! ਤੇ ਮੈਨੂੰ ਇਸ ਦਾ ਡਾਇਰੈਕਟਰ ਇਨਚਾਰਜ ਬਣਾਇਆ ਗਿਆ ਹੈ ਪਰ ਇਹ ਕੰਮ ਆਪਾਂ ਦੋਨੋਂ ਮਿਲ ਕੇ ਕਰਾਂਗੇ, 'ਮੈਰੀ ਕੁਰੀ' ਤੇ 'ਪਾਇਰੀ ਕੁਰੀ' ਵਾਂਗ ... ਕੀ ਪਤਾ, ਇਹ ਰਿਸਰਚ ਟੂਲ ਆਪਾਂ ਪੈਦਾ ਕਰ ਹੀ ਦੇਈਏ ਤੇ ਨੋਬਲ ਇਨਾਮ ਵੀ ਜਿੱਤ ਜਾਈਏ...

''ਪਰ ਤੂੰ ਕੁਝ ਬੋਲਦਾ ਕਿਉਂ ਨਹੀਂ? '' ਉਹ ਉਹਨੂੰ ਹਲੂਣ ਰਹੀ ਹੈ।

'ਡਰਦਾਂ, ਕਿਤੇ ਮੈਂ ਆਪ ਹੀ 'ਰਿਸਰਚ ਟੂਲ' ਬਣ ਕੇ ਨਾ ਰਹਿ ਜਾਵਾਂ !''

''ਡਰਪੋਕ ! ਤੂੰ ਡਰਦਾ ਵੀ ਏਂ? ਮੈਂ ਇਹ ਵਿਸ਼ਵਾਸ ਨਹੀਂ ਕਰ ਸਕਦੀ, ਮੇਰਾ 'ਗਰੇਟ ਹੀ-ਮੈਨ' ਡਰਪੋਕ ਕਿਵੇਂ ਹੋ ਸਕਦਾ ? '' ਉਹ ਖਿੜਖਿੜਾ ਕੇ ਹੱਸ ਰਹੀ ਹੈ ਤੇ ਉਹ ਜ਼ਮੀਨ ਵਿਚ ਧੱਸਦਾ ਜਾ ਰਿਹਾ ਹੈ, ''ਮੇਰਾ ਮਤਲਬ, ਮੈਂ ਇਹਦੇ ਵਿਚ ਕਰੂੰਗਾ ਕੀ? ''

''ਫ਼ਿਲਹਾਲ ਤਾਂ ਤੂੰ ਸਿਰਫ਼ ਇਕ ਐਪਲੀਕੇਸ਼ਨ ਭਰਨੀ ਏ, ਤੇ ਫਿਰ ਇੰਟਰਵਿਊ ਲਈ ਆਉਣਾਂ ਐ। ਬਾਕੀ ਸਾਰਾ ਕੰਮ ਮੈਂ ਆਪ ਕਰਾਂਗੀ। ਇਸ ਬਾਰੇ ਤੂੰ ਕੋਈ ਫ਼ਿਕਰ ਨਾ ਕਰ, ਇਹ ਮੇਰਾ ਕੰਮ ਹੈ। ਪਰ ਮੇਰਾ ਫ਼ਿਕਰ ਤਾਂ ਇਹ ਹੈ ਕਿ ਤੂੰ ਕਿਤੇ ਨਾਂਹ ਨਾ ਕਰ ਦੇਈਂ !'' ਉਹ ਉਹਦੇ ਸਿਰ ਦੇ ਨਿੱਕੇ-ਨਿੱਕੇ ਵਾਲਾਂ ਵਿਚ ਹੱਥ ਫੇਰਦੀ ਭਾਵੁਕ ਹੋ ਕੇ ਪਿਘਲਦੀ ਜਾ ਰਹਾ ਹੈ, ''ਇਹ ਆਪਣੇ ਦੋਨਾਂ ਲਈ ਇਕ ਮਹਾਨ ਮੌਕਾ ਹੈ, ਮੇਰੇ ਪਿਆਰੇ !''

''ਚੱਲ ਵਾਪਸ ਚੱਲ ਕੇ ਪਲੈਨ ਕਰਦੇ ਆਂ, ਸਾਰਾ ਕੁਝ !''

''ਪਲੈਨ ਤਾਂ ਮੈਂ ਕਰ ਲਿਆ, ਬੱਸ ਤੇਰੀ 'ਹਾਂ' ਦੀ ਲੋੜ ਹੈ !''

''ਮੇਰਾ ਵਿਚਾਰ ਹੈ, ਆਪਾਂ ਨੂੰ ਇਸ ਬਾਰੇ ਸੋਚਣ ਲਈ ਹੋਰ ਸਮਾਂ ਚਾਹੀਦਾ... ਮੇਰਾ ਮਤਲਬ, ਪਹਿਲਾਂ ਆਪਾਂ ਕੁਝ ਦੇਰ ਇਕੱਠੇ ਰਹਿ ਕੇ ਤਾਂ ਦੇਖ ਲਈਏ।''

''ਇਕੱਠੇ ਰਹਿਣ ਲਈ ਹੀ ਤਾਂ ਕਹਿ ਰਹੀ ਹਾਂ।''

''ਪਰ ਵਿਆਹ ਤੋਂ ਬਿਨਾਂ ਵੀ ਤਾਂ ਇਕੱਠੇ ਰਹਿ ਸਕਦੇ ਹਾਂ। ਇਕੱਠੇ ਰਹਿਣ ਲਈ ਮੁਹੱਬਤ ਤੋਂ ਵੱਡੀ ਹੋਰ ਕੀ ਸਾਂਝ ਹੋ ਸਕਦੀ ਹੈ? ਪਰ ਵਿਆਹ ਲਈ ਤਾਂ ਆਪਣੇ ਵਿਚਾਰ ਵੀ ਮਿਲਣੇ ਚਾਹੀਦੇ ਆ...।''

''ਵਿਚਾਰ, ਵਿਚਾਰ, ਵਿਚਾਰ ! ਕੀ ਤੂੰ ਮੇਰੇ ਨਾਲ ਇਹ ਬਹਿਸ ਕਰਨ ਲਈ, ਹੋਰ ਸਮਾਂ ਚਾਹੁੰਨਾਂ ਕਿ ਆਪਣੇ ਇਹ ਹਕਮਰਾਨ 'ਮਿਡਲ ਈਸਟ' ਵਿਚੋਂ ਸਿਰਫ਼ ਖੂਨ-ਖਰਾਬਾ ਕਰ-ਕਰਾ ਕੇ ਹੀ ਵਾਪਸ ਮੁੜ ਆਉਣਗੇ ਜਾਂ ਤੇਲ ਵੀ ਲੈ ਆਉਣਗੇ? ''

''ਨਹੀਂ, ਨਹੀਂ, ਮੈਂ ਰਾਜਨੀਤਕ ਵਿਚਾਰਾਂ ਦੀ ਗੱਲ ਨਹੀਂ ਕਰ ਰਿਹਾ (ਚਾਹੇ ਇਨ੍ਹਾਂ ਦੀ ਵੀ ਆਪਣੀ ਮਹੱਤਤਾ ਹੁੰਦੀ ਹੈ)... ਮੈਂ ਤਾਂ ਇਹ ਕਹਿਨਾਂ, ਬਈ, ਹੁਣ ਇੱਕੀਵੀਂ ਸਦੀ ਵਿਚ ਵਿਆਹ ਦੀ ਕਿੰਨੀ ਕੁ ਮਹੱਤਤਾ ਰਹਿ ਗਈ ਹੈ? ਤੇ ਇਕ ਸਿਖਰ ਔਰਤ ਨੂੰ ਅਚਾਨਕ ਵਿਆਹ ਦੀ ਐਨੀ ਲੋੜ ਕਿਉਂ ਮਹਿਸੂਸ ਹੋ ਰਹੀ ਹੈ? ਤੇ ਇਹ ਅਜੰਡਾ ਰਾਤੋ-ਰਾਤ ਕਿੰਝ ਪੈਦਾ ਹੋ ਗਿਆ? ''

''ਤੂੰ ਜਾਣਦਾਂ, ਇਹ ਤੂੰ ਕੀ ਕਹਿ ਰਿਹਾਂ ਫਰੈਂਕੀ ? ਤੈਨੂੰ ਚੰਗੀ ਤਰ੍ਹਾਂ ਪਤਾ ਏ ਕਿ ਮੈਂ ਇਕ ਪਲ ਵੀ ਤੇਰੇ ਬਿਨਾਂ ਨਹੀਂ ਰਹਿ ਸਕਦੀ, ਤੇ ਤੂੰ ਹਾਲੇ ਹੋਰ ਸਮਾਂ ਚਾਹੁੰਨਾਂ !... ਦੇਖੀਂ ਕਿਤੇ 'ਨਾਂਹ' ਕਰਕੇ ਮੇਰਾ ਦਿਲ ਨਾ ਤੋੜ ਸੁੱਟੀਂ... ਟੁੱਟਿਆ ਦਿਲ ਫਿਰ ਤੇਰੇ ਵੀ ਕਿਸੇ ਕੰਮ ਨਹੀਂ ਆਉਣਾਂ !''

''ਪਰ ਇਹਦੇ ਵਿਚ ਐਨੀ ਕਾਹਲੀ ਦੀ ਕੀ ਲੋੜ ਹੈ? ਹਾਲੇ ਕੱਲ੍ਹ ਸ਼ਾਮ ਹੀ ਤਾਂ ਆਪਾਂ ਉਮਰ ਭਰ ਮੁਹੱਬਤ ਕਰਨ ਤੇ ਨਿਭਾਉਣ ਦੀ ਸਹੁੰ ਖਾਧੀ ਹੈ... ਫਿਰ ਇਹ ਸਾਰਾ ਕੁਝ, ਮੇਰਾ ਮਤਲਬ, 'ਵਿਆਹ', 'ਰਿਸਰਚ ਪ੍ਰੋਜੈਕਟ' ਤੇ 'ਜੌਬ' ਇਕਦਮ ਤੇਰੇ ਮਨ ਵਿਚ ਕਿਵੇਂ ਪੈਦਾ ਹੋ ਗਿਆ? ਕੀ ਤੈਨੂੰ ਮੇਰੀ ਮੁਹੱਬਤ 'ਤੇ ਪੂਰਾ ਵਿਸ਼ਵਾਸ ਨਹੀਂ? ਤੈਨੂੰ ਲੱਗਦਾ ਕਿ ਮੈਂ ਕਿਤੇ ਭੱਜ ਜਾਵਾਂਗਾ...? ''

ਓਹ ਨਹੀਂ ਭੋਂਦੂਆਂ, ਇਹ ਗੱਲ ਨਹੀਂ ! ... ਹੁਣ ਤੈਨੂੰ ਕੀ-ਕੀ ਦੱਸਾਂ? ਦਰਅਸਲ, ਮੈਂ ਬਹੁਤ ਸਖਤ ਮਿਹਨਤ ਕੀਤੀ ਏ ਆਪਣਾ ਕੈਰੀਅਰ ਬਣਾਉਣ ਲਈ... ਸੋਲਾਂ-ਸੋਲਾਂ ਘੰਟੇ 'ਰਿਸਰਚ ਲੈਬ' ਵਿਚ ਬੈਠ-ਬੈਠ ਕੰਮ ਕੀਤਾ ਹੈ... ਤੇ ਕੈਰੀਅਰ ਦੀਆਂ ਪੌੜੀਆਂ ਚੜ੍ਹਦੀ-ਚੜ੍ਹਦੀ, ਟਪੂਸੀਆਂ ਮਾਰਦੀ-ਮਾਰਦੀ ਮੈਂ ਬੁਰੀ ਤਰ੍ਹਾਂ ਥੱਕ ਗਈ ਹਾਂ... ਤੇ ਹੁਣ ਤੇਰੀ ਗੋਦੀ ਵਿਚ ਬੈਠ ਕੇ ਆਰਾਮ ਕਰਨਾ ਚਾਹੁੰਨੀਂ ਆਂ... ਬੱਸ, ਤੂੰ 'ਹਾਂ' ਕਰ ਦੇ ਪਲੀਜ਼ !''

''ਓ ਰੀਅਲੀ, ਯੂ ਹੈਵ ਸਮ ਇੰਨਰ ਪਰੌਬਲਿੰਮਜ਼ ? ''

ਫਰੈਂਕੀ ਦੇ ਮੂੰਹੋਂ ਇਹ ਨਿਕਲਦੇ ਹੀ ਉਹ ਇਕਦਮ ਭੜਕ ਉੱਠੀ ਹੈ,

''ਯੈਸ ਆਈ ਹੈਵ ਏ 'ਇਨਰ ਪਰੌਬਲਿਮ' , ਤੇ ਇਹ ਪਰੌਬਲਿਮ ਸਿਰਫ਼ ਤੂੰ ਏਂ... ਕਿਉਂਕਿ ਮੈਂ ਤੈਨੂੰ ਪਿਆਰ ਕਰਦੀ ਹਾਂ... ਕਿਉਂਕਿ ਮੈਂ ਤੇਰੇ ਬਿਨਾਂ ਰਹਿ ਨਹੀਂ ਸਕਦੀ... ਤੂੰ ਇਹ ਗੱਲ ਸਮਝਦਾ ਕਿਉਂ ਨਹੀਂ ਕਿ ਮੈਂ ਤੇਰੇ ਪਿਆਰ ਵਿਚ ਪਾਗ਼ਲ ਹੋ ਗਈ ਆਂ ਫਰੈਂਕੀ ! ਤੇ ਮੈਂ ਆਪਣੇ ਦੋਨਾਂ ਦੇ ਵਿਚਕਾਰ ਹਵਾ ਲੰਘਣ ਜਿੰਨੀ ਸਪੇਸ ਵੀ ਨਹੀਂ ਚਾਹੁੰਦੀ... ਪਰ ਤੂੰ ਇਹਨੂੰ ਕਿਤੇ ਮੇਰੀ ਕਮਜ਼ੋਰੀ ਤਾਂ ਨਹੀਂ ਸਮਝ ਰਿਹਾ? ''

''ਨਹੀਂ, ਨਹੀਂ, ਇਹ ਗੱਲ ਨਹੀਂ ਸਵੀਟਹਾਰਟ ! ਮੁਹੱਬਤ ਤਾਂ ਮੈਂ ਤੈਨੂੰ ਏਨੀ ਕਰਦਾ ਆਂ ਕਿ ਦੱਸ ਨਹੀਂ ਸਕਦਾ... ਪਰ...।''

''ਇਹ 'ਪਰ... ਪਰ' ਕੀ ਲਾਈ ਏ... ਤੂੰ ਕਹਿਣਾ ਕੀ ਚਾਹੁੰਨਾ ਏਂ? ਸਾਫ਼ ਸਾਫ਼ ਕਿਉਂ ਨਹੀਂ ਕਹਿੰਦਾ?''

'ਸਾਫ਼ ਸਾਫ਼ ਹੀ ਤਾਂ ਕਹਿ ਰਿਹਾਂ, ਮੈਨੂੰ ਇਹ ਸਮਝ ਨਹੀਂ ਆ ਰਹੀ ਕਿ ਇਸ 'ਰਿਸਰਚ ਪ੍ਰੋਜੈਕਟ', ਮੁਹੱਬਤ ਅਤੇ ਵਿਆਹ ਦਾ ਆਪਸ ਵਿਚ ਕੀ ਰਿਸ਼ਤਾਂ ਹੈ? ਤੇ ਮੈਂ ਇਹ ਸਮਝਦਾਂ ਕਿ ਇਕ ਸਭ ਸੋਚਣ ਲਈ



ਹਾਲੇ ਆਪਾਂ ਨੂੰ ਹੋਰ ਸਮਾਂ ਚਾਹੀਦਾ।''

''ਸਮਾਂ ਕਾਹਦੇ ਲਈ? ਜਦ ਆਪਾਂ ਮੁਹੱਬਤ ਕਰਦੇ ਆਂ ਤਾਂ ਵਿਆਹ ਕਿਉਂ ਨਹੀਂ ਕਰ ਸਕਦੇ? ਜੇ ਮੁਹੱਬਤ ਕਰਦੇ ਆਂ ਤਾਂ ਇਕੱਠੇ ਕੰਮ ਕਰਨ ਵਿਚ ਕੀ ਹਰਜ਼ ਹੋ ਸਕਦਾ ਹੈ? '' ਉਹ ਏਨੀ ਉਤੇਜਿਤ ਹੋ ਗਈ ਹੈ ਕਿ ਭਾਵੁਕਤਾ ਦੇ ਤੇਜ਼ ਪ੍ਰਵਾਹ ਵਿਚ ਵਹਿੰਦੀ ਜਾ ਰਹੀ ਹੈ, ''ਮੈਂ ਆਪਣੀ ਮੁਹੱਬਤ ਦੀ ਸਿਖਰ ਨੂੰ ਆਪਣੇ ਰਿਸ਼ਤੇ ਦੀ ਸਿਖਰ ਵਿਚ ਬਦਲਣਾ ਚਾਹੁੰਨੀ ਹਾਂ, ਫਰੈਂਕੀ ! ਤੈਨੂੰ ਪਤਾ, ਜੇ ਆਪਾਂ ਇਸ ਸਿਖਰ ਤੋਂ ਥੋੜ੍ਹਾ ਜਿੰਨਾ ਵੀ ਥੱਲੇ ਸਰਕ ਗਏ ਤਾਂ ਇਸ ਬੰਧਨ ਦਾ ਨਾ ਉਹ ਮਜ਼ਾ ਰਹਿਣਾ ਤੇ ਨਾ ਮਹੱਤਵ ... ਇਸ ਲਈ ਅੱਜ ਤੂੰ 'ਹਾਂ' ਕਰ ਦੇ ਜਾਂ ਫਿਰ ਮੁੜ ਕਦੇ ਵੀ ਮੇਰਾ ਮੂੰਹ ਨਾ ਵੇਖੀਂ।''

''ਮੈਂ ਨਾਂਹ ਨਹੀਂ ਕਰ ਰਿਹਾ, ਸਵੀਟਹਾਰਟ ! ਨਾ ਹੀ ਮੈਂ ਤੈਨੂੰ ਕਿਸੇ ਪੱਖੋਂ ਊਣਾ ਹੀ ਸਮਝ ਰਿਹਾਂ। ਇਕ ਸਿਖਰ ਔਰਤ ਕਮਜ਼ੋਰ ਕਿਵੇਂ ਹੋ ਸਕਦੀ ਹੈ? ਏਨੀ ਦੂਰ ਤੱਕ ਸੋਚਣ ਵਾਲੀ, ਏਨੀ ਸੁੰਦਰ, ਜਵਾਨ, ਵਿਦਵਾਨ, ਪਿਆਰੀ ਤੇ ਦਿਆਲੂ ਔਰਤ ਸਿਰਫ਼ ਇਕ ਹੀ ਹੋ ਸਕਦੀ ਹੈ ਤੇ ਉਹ ਸਿਰਫ਼ ਮੇਰੀ ਹੋ ਸਕਦੀ ਹੈ... ਆਈ ਲਵ ਯੂ ਸੋ ਮੱਚ।'' ਉਹ ਉਹਨੂੰ ਸਹਿਜ ਕਰਨ ਲਈ ਤਾਰੀਫ਼ ਤੇ ਤਰੀਫ਼ ਕਰੀ ਜਾ ਰਿਹਾ ਹੈ।

''ਫਿਰ ਹਾਂ ਜਾਂ ਨਾਂਹ? ਮੈਨੂੰ ਇਕ ਟੁੱਕ ਫੈਸਲਾ ਚਾਹੀਦਾ !''

ਉਹ ਭਵਾਂ ਕੱਸ ਕੇ ਤੇ ਆਕੜ ਕੇ ਇੰਝ ਉਹਦੇ ਸਾਹਮਣੇ ਖਲੋ ਗਈ ਹੈ ਅਤੇ ਉਹਦੇ ਚਿਹਰੇ ਦਾ ਗੋਰਾ-ਨਿਛੋਹ ਰੰਗ ਇਸ ਕਦਰ ਲਾਲ ਸੂਹਾ ਹੋ ਗਿਆ ਹੈ ਕਿ ਫਰੈਂਕੀ ਵੀ ਚਿੱਟੇ ਤੋਂ ਪੀਲੇ ਪੈਂਦਾ ਜਾ ਰਿਹਾ ਹੈ। ਤੇ ਅਚਾਨਕ, ਸਥਿਤੀ ਏਨੀ ਨਾਖੁਸ਼ਗਵਾਰ ਹੁੰਦੀ ਜਾ ਰਹੀ ਹੈ ਕਿ ਉਹਦੇ ਕੋਲ 'ਹਾਂ' ਕਹਿਣ ਤੋਂ ਸਿਵਾਇ ਹੋਰ ਕੋਈ ਚਾਰਾ ਹੀ ਨਹੀਂ ਬਚਿਆ ਅਤੇ ਉਹ ਬੁੱਲ੍ਹਾਂ ਉੱਤੇ ਜੀਭ ਫੇਰਦਾ ਮਸੀਂ ਇੰਨਾ ਹੀ ਕਹਿ ਪਾਇਆ ਹੈ,

''ਹਾਂ ਡਾਰਲਿੰਗ ਹਾਂ ! ਪਰ ਇੰਟਰਵਿਊ ਤੋਂ ਬਾਅਦ।''

''ਤੈਨੂੰ ਇਹ ਸ਼ਰਤ ਲਾਉਣ ਦੀ ਲੋੜ ਨਹੀਂ। ਇਹ ਸੰਭਵ ਹੀ ਬਾਅਦ ਵਿਚ ਹੋ ਸਕਣਾ ਹੈ ਕਿਉਂਕਿ ਇਹ ਜੌਬ ਮੈਂ ਆਪਣੇ 'ਪਤੀ' ਜਾਂ ਬੁਆਏ-ਫਰੈਂਡ' ਨੂੰ ਨਹੀਂ ਦੇ ਸਕਦੀ, ਪਰ ਜੌਬ ਤੋਂ ਬਾਅਦ ਤੈਨੂੰ 'ਪਤੀ' ਬਣਾਉਣ 'ਤੇ ਮੇਰੀ ਕੰਪਨੀ ਮੇਰੇ 'ਤੇ ਕੋਈ ਪਾਬੰਦੀ ਨਹੀਂ ਲਾ ਸਕਦੀ।''

''ਠੀਕ ਹੈ ਫਿਰ, ਚੱਲ ਸੈਲੀਬਰੇਟ ਕਰੀਏ !'' ਉਹ ਝੂਠਾ ਜਿਹਾ ਮੁਸਕਾਇਆ ਅਤੇ ਉਹਨੇ ਉਹਨੂੰ ਜੱਫੀ ਵਿਚ ਲੈ ਕੇ ਘੁੱਟਿਆ, ਚੁੰਮਿਆ ਅਤੇ ਚੁੱਕ ਕੇ ਹਵਾ ਵਿਚ ਲਹਿਰਾ ਦਿੱਤਾ ਹੈ... ਅਤੇ ਅੰਤ, ਸ਼ੈਰੀ ਨੇ ਵੀ 'ਨਾਂਹ, ਨਾਂਹ' ਕਰਦੀ ਨੇ ਆਪਣੇ ਖੰਭ ਫਿਰ ਪੂਰੇ ਫੈਲਾ ਦਿੱਤੇ ਹਨ ਅਤੇ ਇਸ ਮਿਲਣੀ ਵਿਚੋਂ ਨਿਕਲ ਰਹੀਆਂ ਧੁਨਾਂ ਨਾਲ ਸਾਰੀ ਫ਼ਿਜ਼ਾ ਗੁਣਗੁਣਾ ਉੱਠੀ ਹੈ, ''ਓ ਮਾਈ ਡਾਰਲਿੰਗ ! ਓ ਮਾਈ ਸਵੀਟਹਰਟ ! ਆਈ ਲਵ ਯੂ ਹਨੀ... !''

ਉਹ 'ਹਾਂ' ਤੋਂ 'ਪਰਲੇ ਪਾਰ' ਦੀ ਸੈਰ ਕਰ ਕੇ ਹੀ ਪਰਤੇ ਹਨ।

ਤੇ ਵਾਪਸ ਪਰਤ ਕੇ ਸ਼ੈਰੀ ਦੇ ਪੈਰ ਭੁੰਜੇ ਨਹੀਂ ਲੱਗ ਰਹੇ।

ਉਹ ਆਪਣੀ ਨਵੀਂ 'ਰਿਸਰਚ ਲੈਬ' ਸੈੱਟ ਕਰ ਰਹੀ ਹੈ ਅਤੇ ਇਸ ਪ੍ਰੋਜੈਕਟ ਨਾਲ ਸੰਬੰਧਿਤ ਹਰ ਵਿਅਕਤੀ ਇਸ ਕੰਮ ਵਿਚ ਜੁੱਟਿਆ ਹੋਇਆ ਹੈ। ਕੰਪਨੀ ਦਾ ਸੀ. ਈ. ਓ. (ਮਾਲਕ) ਖ਼ੁਦ ਵੀ ਇਸ ਵਿਚ ਪੂਰੀ ਦਿਲਚਸਪੀ ਲੈ ਰਿਹਾ ਹੈ ਪਰ ਸ਼ੈਰੀ ਦੀ ਜ਼ੁਬਾਨ ਉਤੇ ਹੁਣ ਸਿਰਫ਼ ਇਕ ਹੀ ਨਾਂ ਰਹਿ ਗਿਆ ਹੈ, ''ਮੈਂ ਫਰੈਂਕੀ ਨੂੰ ਪਿਆਰ ਕਰਦੀ ਹਾਂ', ਉਹਦੀ ਰੂਹ ਦੀ ਖੁਰਾਕ ਬਣ ਗਿਆ ਹੈ ਅਤੇ ਉਹ ਉਸਨੂੰ ਆਪਣਾ ਸਹਾਇਕ 'ਹਾਇਰ' ਕਰਨ ਲਈ ਪੂਰੀ ਤਿਆਰੀ ਕਰ ਰਹੀ ਹੈ।

ਅਤੇ ਅੱਜ ਫਰੈਂਕੀ ਦੀ ਇੰਟਰਵਿਊ ਹੈ।

ਇੰਟਰਵਿਊ ਦਾ ਸਮਾਂ ਹੋਣ ਹੀ ਵਾਲਾ ਹੈ।

ਸ਼ੈਰੀ ਆਪਣੇ ਦਫ਼ਤਰ ਵਿਚ ਬੈਠੀ ਉਹਦਾ ਇੰਤਜ਼ਾਰ ਕਰ ਰਹੀ ਹੈ। ਫਰੈਂਕੀ ਉਹਦੇ ਦਿਲੋ-ਦਿਮਾਗ਼ ਉੱਤੇ ਛਾਇਆ ਪਿਆ ਹੈ,

‘‘ਫਰੈਂਕੀ ਦੀਆਂ ਨਜ਼ਰਾਂ ਵਿਚ ਮੈਂ ਕਿੰਨਾ ਉੱਚਾ ਰੁਤਬਾ ਹਾਸਲ ਕਰ ਲਿਆ ਹੈ ਤੇ ਮੇਰੀਆਂ ਨਜ਼ਰਾਂ ਫਰੈਂਕੀ ਨੇ... ਉਹ ਜ਼ਿੰਦਗੀ ਕਿੰਨੀ ਮਹਾਨ ਹੁੰਦੀ ਹੈ ਜੋ ਮੁਹੱਬਤ ਦੀ ਬੁਨਿਆਦ ਉੱਤੇ ਖੜ੍ਹੀ ਹੋਵੇ। ਫਿਰ ਫਰੈਂਕੀ ਤਾਂ ਮੇਰੀ ਮੁਹੱਬਤ ਵੀ ਹੈ, ਮੇਰਾ ਹੋਣ ਵਾਲਾ ਪਤੀ ਵੀ ਤੇ ਅੱਜ ਤੋਂ ਬਾਅਦ ਉਹ ਮੇਰਾ ਸਹਾਇਕ ਵੀ ਹੋਵੇਗਾ... ਉਹ ਹੁਣ ਮੇਰਾ ਸਭ ਕੁਝ ਹੋਵੇਗਾ।’

‘‘ਇਸ ਲਈ ਮੈਂ ਉਹਨੂੰ ਕੈਰੀਅਰ ਦੀ ਪੌੜੀ ਦੇ ਉਹ ਡੰਡੇ ਨਹੀਂ ਚੜ੍ਹਨ ਦਿਆਂਗੀ, ਜੋ ਖੁਦ ਚੜ੍ਹੇ ਹਨ... ਉਹਦੀ ਟਰੇਨਿੰਗ ਵੀ ਮੈਂ ਖੁਦ ਹੀ ਕਰਾਂਗੀ, ਤੇ ਉਹਨੂੰ ਹਮੇਸ਼ਾ ਆਪਣੇ ਨਾਲੋਂ ਇਕ ਡੰਡਾ ਥੱਲੇ ਹੀ ਰੱਖਾਂਗੀ। ਉਹਨੇ ਮੈਨੂੰ ‘ਸਿਖਰ ਔਰਤ’ ਦਾ ਜੋ ਰੁਤਬਾ ਬਖਸ਼ਿਆ ਹੈ, ਮੈਂ ਪੂਰਾ ਨਿਭਾਵਾਂਗੀ ... ਤੇ ਅਸੀਂ ਉਹ ‘ਰਿਸਰਚ ਟੂਲ’ ਪੈਦਾ ਕਰ ਕੇ ਹੀ ਰਹਾਂਗੇ, ਜੋ ਅੱਜ ਤੱਕ ਕੋਈ ਨਹੀਂ ਕਰ ਸਕਿਆ...।’

ਉਹਦਾ ਸਿਰ ਫ਼ਖ਼ਰ ਨਾਲ ਉੱਚਾ ਹੋ ਕੇ ਆਸਮਾਨ ਨਾਲ ਜਾ ਲੱਗਾ ਹੈ ਅਤੇ ਉਹਨੇ ‘ਹਿਊਮਨ ਰਿਸੋਰਸਜ਼’ ਵਿਭਾਗ ਦੀ ਮੈਨੇਜਰ, ਐਮਪਾਰੋ ਨੂੰ ਫ਼ੋਨ ਕਰ ਕੇ ਇਹ ਆਦੇਸ਼ ਫਿਰ ਦੁਹਰਾਅ ਦਿੱਤਾ ਹੈ, ‘‘ਐਮਪਾਰੋ ਸਭ ਤੋਂ ਪਹਿਲਾਂ ਮਿਸਟਰ ਫਰੈਂਕਲਿਨ ਕੇ ਐਂਡਰਸਨ ਨੂੰ ਹੀ ਭੇਜਣਾਂ।’’

ਹੁਣ ਇੰਟਰਵਿਊ ਦਾ ਸਮਾਂ ਹੋ ਚੁੱਕਾ ਹੈ ਪਰ ਫਰੈਂਕੀ ਦੀ ਆਮਦ ਦੀ ਖ਼ੁਸ਼ਬੋ ਹਾਲੇ ਤੱਕ ਨਹੀਂ ਪਹੁੰਚੀ।

ਇਸ ਲਈ ਸ਼ੈਰੀ ਦੇ ਦਿਲ ਦੀ ਧੜਕਣ ਤੇਜ਼ ਹੁੰਦੀ ਜਾ ਰਹੀ ਹੈ, ਉਹਨੂੰ ਲੇਟ ਲਤੀਫ਼ ਨੂੰ ਕਿਹਾ ਸੀ ਵਕਤ ਸਿਰ ਪਹੁੰਚ ਜਾਈਂ, ਸਗੋਂ ਅੱਧਾ ਘੰਟਾ ਪਹਿਲਾਂ ਪਹੁੰਚਣਾ ਚਾਹੀਦਾ ਸੀ ਪਰ ਆਊਂਗਾ ਅੱਧਾ ਘੰਟਾ ਬਾਅਦ ਤੇ ਸੌ ਬਹਾਨੇ ਬਣਾਊਗਾ, ‘ਟਰੈਫਿਕ ਜਾਮ ਵਿਚ ਫਸ ਗਿਆ ਸੀ’... ‘ਰਸਤੇ ਵਿਚ ਕੋਈ ਵੱਡਾ ਐਕਸੀਡੈਂਟ ਹੋ ਗਿਆ ਸੀ’...।’

ਹੁਣ ਤਾਂ ਅੱਧਾ ਘੰਟਾ ਵੀ ਉਪਰ ਹੋ ਚੁੱਕਾ ਹੈ ਪਰ ਉਹ ਹਾਲੇ ਤੱਕ ਵੀ ਆਇਆ ਨਹੀਂ। ਇਸ ਲਈ ਸ਼ੈਰੀ ਦੀ ਬੇਚੈਨੀ... ਛਟਪਟਾਹਟ ਵਿਚ ਬਦਲਦੀ ਜਾ ਰਹੀ ਹੈ, ‘ਹੁਣ ਮੈਂ ਕੀ ਕਰਾਂ? ਇਹ ਇੰਟਰਵਿਊ ਤਾਂ ਮੈਂ ਕੈਂਸਲ ਨਹੀਂ ਕਰ ਸਕਦੀ, ਨਾ ਹੋਰ ਲੇਟ ਹੀ ਕਰ ਸਕਦੀ ਹਾਂ... ਹੋਰ ਵੀ ਤਾਂ ਉਮੀਦਵਾਰ ਹੈਗੇ ਆ...।’ ਇਸ ਘੁੰਮਣਘੇਰੀ ਵਿਚ ਫਸੀ ਬੈਠੀ ਉਹ ਸੋਚੀ ਜਾ ਰਹੀ ਹੈ ਤੇ ਆਖਿਰ ਉਹਨੇ ਫ਼ੋਨ ਕਰ ਕੇ ਪੁੱਛ ਹੀ ਲਿਆ ਹੈ, ‘ਐਮਪਾਰੋ, ਕੌਣ ਕੌਣ ਆ ਚੁੱਕਾ ਹੈ, ਅੱਜ ਦੀ ਇੰਟਰਵਿਊ ਲਈ? ’’

‘‘ਮਿਸਟਰ ਐਂਡਰਸਨ ਤਾਂ ਹਾਲੇ ਤੱਕ ਨਹੀਂ ਪਹੁੰਚੇ। ਉਨ੍ਹਾਂ ਦਾ ਕੋਈ ਫ਼ੋਨ ਵੀ ਨਹੀਂ ਆਇਆ, ਨਾ ਕੋਈ ਈਮੇਲ ਹੀ ਆਈ ਹੈ। ਦੂਜੇ ਦੋਨੋਂ ਕੈਂਡੀਡੇਟ, ਮਿਸ ‘ਸ਼ਿਨ ਜਿਨ ਸ਼ਾਓ’ ਅਤੇ ‘ਮਿਸਟਰ ‘ਸ਼੍ਰੀ ਸ਼੍ਰੀ ਗਣੇਸ਼ਮ’ ਲਾਬੀ ਵਿਚ ਬੈਠੇ ਤੁਹਾਡੀ ਫ਼ੋਨ ਕਾਲ ਦਾ ਇੰਤਜ਼ਾਰ ਕਰ ਰਹੇ ਆ... ਮੈਂ ਇਨ੍ਹਾਂ ਦੋਨਾਂ ਦੇ ਕਾਗਜ਼-ਪੱਤਰ ਅਤੇ ਰਿਜ਼ਮੇਂ ਚੈੱਕ ਕਰ ਲਏ ਆ... ਕਿਸ ਨੂੰ ਭੇਜਾਂ ਪਹਿਲਾਂ? ’’

‘‘ਐਮਪਾਰੋ, ਪਲੀਜ਼ ਪੰਦਰਾਂ ਮਿੰਟ ਹੋਰ ਇੰਤਜ਼ਾਰ ਕਰ ਲਓ !’’ ਕਹਿ ਕੇ ਉਹਨੇ ਫ਼ੋਨ ਕੱਟ ਦਿੱਤਾ ਹੈ।

ਪਰ ‘ਉਹ ਆਇਆ ਕਿਉਂ ਨਹੀਂ? ’ ਸਵਾਲ, ਉਹਦੇ ਜ਼ਿਹਨ ਵਿਚ ਇਕ ਗੋਲ-ਚੱਕਰ ਵਾਂਗ ਘੁੰਮ ਰਿਹਾ ਹੈ ਅਤੇ ਇਸ ਦਾ ਕੋਈ ਵੀ ਜਵਾਬ ਉਹਦੇ ਮਨ ਦਾ ਠੁੰਮਣਾ ਨਹੀਂ ਬਣ ਪਾ ਰਿਹਾ, ‘ਕੋਈ ਹਾਦਸਾ ਵੀ ਤਾਂ ਹੋ ਸਕਦਾ... ਦੂਜੇ ਸ਼ਹਿਰ ਤੋਂ ਆਉਣ ਵਿਚ ਦੇਰ ਤਾਂ ਹੋ ਹੀ ਸਕਦੀ ਹੈ... ਕਿਤੇ ਅਚਾਨਕ ਬੀਮਾਰ ਹੀ ਨਾ ਹੋ ਗਿਆ ਹੋਵੇ... ’ ਕਈ ਦਿਸ਼ਾਵਾਂ ਵਿਚ ਸੋਚਦੀ ਉਹ ਆਪਣੇ-ਆਪ ਨੂੰ ਤਸੱਲੀਆਂ ਦੇ ਰਹੀ ਹੈ, ‘ਉਹ ਆਏਗਾ ਜ਼ਰੂਰ, ਏਨੀ ਖਰੀ ਮੁਹੱਬਤ ਕਰਨ ਵਾਲਾ ਬੰਦਾ ਧੋਖੇਬਾਜ਼ ਨਹੀਂ ਹੋ ਸਕਦਾ ! ਫਿਰ ਉਹਨੇ ਜ਼ੁਬਾਨ ਵੀ ਤਾਂ ਦਿੱਤੀ ਹੈ... ਉਹਨੂੰ ਜੌਬ ਵੀ ਤਾਂ ਚਾਹੀਦੀ ਹੈ !’ ਤੇ ਉਹਦੀ ਇਹ ਮਨੋ-ਸਥਿਤੀ ਏਨੀ ਤਰਲ ਹੋ ਗਈ ਹੈ ਕਿ ਉਹਨੂੰ ਕੁਝ ਵੀ ਸੁੱਝ ਨਹੀਂ ਰਿਹਾ ਅਤੇ ਆਖਿਰ, ਸਾਰੇ ਕਾਇਦੇ-ਕਾਨੂੰਨ ਛਿੱਕੇ ਉਤੇ ਟੰਗ ਕੇ ਉਹ ਫਰੈਂਕੀ ਦੇ ਸੈੱਲ ਫ਼ੋਨ ਦਾ ਨੰਬਰ ਮਿਲਾ ਰਹੀ ਹੈ। ਪਰ ਉਧਰੋਂ ਸਿਰਫ਼ ‘ਟੂੰ... ਟੂੰ’ ਹੀ ਸੁਣਾਈ ਦੇ ਰਹੀ ਹੈ। ਦੁਬਾਰਾ, ਤਿਵਾਰਾ ਵੀ ਉਹੀ ‘ਟੂੰ... ਟੂੰ’ ਹੀ ਸੁਣਾਈ ਦਿੱਤੀ ਹੈ ਤਾਂ ਉਹ ਇਕ ਚੁੱਟਕੀ ਵਜਾ ਕੇ ਆਪਣੀ ‘ਮਾਈ ਸਪੇਸ’ ਖੋਲ੍ਹ ਰਹੀ ਹੈ ਅਤੇ ਉਹਦਾ ਸਾਰਾ ਵਜੂਦ ਖਿਲ਼ ਉੱਠਿਆ ਹੈ, ਪੂਰੀ ਸਕਰੀਨ ਨੀਲੇ ਆਸਮਾਨ ਵਿਚ ਬਦਲ ਗਈ ਹੈ ਅਤੇ ਆਸਮਾਨ ਖੰਭਾਂ ਨਾਲ ਭਰਿਆ ਪਿਆ ਹੈ। ਸੋਨ ਰੰਗੇ ਖੰਭਾਂ ਨਾਲ। ਫਰੈਂਕੀ ਵੀ ਦੌੜਦਾ ਹੋਇਆ




ਉਹਦੇ ਵੱਲ ਆਉਂਦਾ ਨਜ਼ਰ ਆ ਰਿਹਾ ਹੈ ਅਤੇ ਉਹਦੇ ਕਦਮਾਂ ਦੀ ਆਹਟ ਵੀ ਉਹਨੂੰ ਸੁਣਾਈ ਦੇ ਰਹੀ ਹੈ। ‘ਉਹ ਆ ਰਿਹਾ ਹੈ !’ ਉਹਦੀ ਰੂਹ ਵਿਚੋਂ ਵੀ ਇਹੀ ਆਵਾਜ਼ ਆਈ ਹੈ ਅਤੇ ਉਹ ਉੱਡਦੀ ਹੋਈ ਇੰਝ ਆਪਣੇ ਦਫ਼ਤਰ ਵਿਚੋਂ ਨਿਕਲ ਕੇ ਫਰੰਟ ਲਾਬੀ ਵੱਲੋਂ ਆਉਂਦੇ ਹਾਲ-ਵੇਅ ਵਿਚ ਆ ਖੜ੍ਹੀ ਹੋਈ ਹੈ ਜਿਵੇਂ ਉਹਦੀ ‘ਮਾਈ ਸਪੇਸ’ ਵਿਚੋਂ ਨਿਕਲ ਕੇ ਸਾਰੇ ਦੇ ਸਾਰੇ ਖੰਭ ਉਹਦੇ ਪਿੰਡੇ ਨਾਲ ਆ ਲੱਗੇ ਹੋਣ।

ਪਰ ਫਰੈਂਕੀ ਦਾ ਤਾਂ ਉਥੇ ਨਾਂ-ਨਿਸ਼ਾਨ ਵੀ ਨਹੀਂ।

ਉਧਰੋਂ ਤਾਂ ਐਮਪਾਰੋ ਇਕ ਖੂਬਸੂਰਤ ਚੀਨੀ ਕੁੜੀ ਨੂੰ ਆਪਣੇ ਨਾਲ ਲਈ ਆ ਰਹੀ ਹੈ ਅਤੇ ਉਹ ਦੋਵੇਂ ਉਸਨੂੰ ‘ਗੁੱਡ ਮਾਰਨਿੰਗ !’ ਕਹਿ ਕੇ ਮੁਸਕਰਾ ਰਹੀਆਂ ਹਨ। ਪਰ ਉਹ ਉਨ੍ਹਾਂ ਵੱਲ ਦੇਖ ਕੇ ਇਕਮਦ ਮੁਰਝਾ ਕੇ ਬੁਝ ਜਿਹੀ ਗਈ ਹੈ ਅਤੇ ਮਰੇ ਜਿਹੇ ਕਦਮ ਪੁੱਟਦੀ ਆਪਣੇ ਦਫ਼ਤਰ ਵਿਚ ਵੜੀ ਹੈ, ਜਿਵੇਂ ਉਹਦੇ ਸੋਨੇ ਦੇ ਖੰਭ ਪੱਥਰ ਦੇ ਬਣ ਗਏ ਹੋਣ ਅਤੇ ਉਹਦਾ ਸਾਰਾ ਵਜੂਦ ਮਿੱਟੀ ਦਾ ਹੋ ਗਿਆ ਹੋਵੇ।

ਉਹ ਕੁੜੀ ਨੂੰ ਉਹਦੇ ਹਵਾਲੇ ਕਰਕੇ ਐਮਪਾਰੋ ਜਾ ਚੁੱਕੀ ਹੈ ਅਤੇ ਉਹ ਉਹਦੇ ਸਾਹਮਣੇ ਖੜ੍ਹੀ ਮੁਸਕਰਾ ਰਹੀ ਹੈ। ਪਰ ਉਹ ਆਪਣੀ ਕੁਰਸੀ ਵਿਚ ਬੁੱਤ ਬਣੀ ਬੈਠੀ ਉਹਨੂੰ ‘ਬੈਠ ਜਾ ਮਿਸ ਸ਼ਿਨ’ ਜਾਂ ‘ਤੇਰਾ ਕੀ ਹਾਲ ਹੈ ਮਿਸ ਸ਼ਾਓ?’ ਕਹਿਣਾ ਭੁੱਲ ਗਈ ਹੈ। ਉਹਦੇ ਕੰਨਾਂ ਵਿਚ ਤਾਂ ਇਸ ਸਮੇਂ ਉਹਦੇ ਆਪਣੇ ‘ਹਾਇਰਿੰਗ ਬੌਸ’ ਦੇ ਹਾਸੇ ਦੀ ਛਣਕਾਰ ਗੂੰਜਦੀ-ਗੂੰਜਦੀ ਰੜਕਣ ਲੱਗ ਪਈ ਹੈ ਅਤੇ ਉਹ ਖੂਬਸੂਰਤ ਕੁੜੀ ਉਹਨੂੰ ਆਪਣਾ ਹੀ ਦੂਜਾ ਰੂਪ ਨਜ਼ਰ ਆ ਰਹੀ ਹੈ। ਉਨ੍ਹਾਂ ਸਮਿਆਂ ਦਾ ਰੂਪ ਜਦੋਂ ਉਹਦੇ ਤੋਤਲੇ ਖੰਭਾਂ ਨੇ ਹਾਲੇ ਫੜਫੜਾਉਣਾ ਵੀ ਨਹੀਂ ਸੀ ਸਿੱਖਿਆ। ੦




ਚੇਤਨਾ ਪ੍ਰਕਾਸ਼ਨ
ਪੰਜਾਬੀ ਭਵਨ, ਲੁਧਿਆਣਾ -141001
ਫੋਨ : 0161-2413613, 2404928
ਮੋਬਾਇਲ : 98152-98459
E-mail chetnaparkashan@sify.com

ਮੁੱਲ 75 ਰੁਪਏ

ਭਗਵੰਤ ਰਸੂਲਪੁਰੀ
ਦਾ ਪੜ੍ਹਨਯੋਗ ਕਹਾਣੀ ਸੰਗ੍ਰਹਿ

ਭਗਵੰਤ ਕਹਾਣੀ-ਕਲਾ ਵਿੱਚ ਪੁਰਾਤਨ ਮਿੱਥਾਂ, ਇਤਿਹਾਸਕ/ ਮਿਥਿਹਾਸਕ ਪਾਤਰਾਂ ਨੂੰ ਅੱਜ ਦੇ ਕੰਪਿਊਟਰ ਦੇ ਸਕੈਚਾਂ, ਡਿਜ਼ਾਇਨਾ ਤੇ ਰੀਮੋਟ ਦੱਬਦੇ ਹੱਥਾਂ ਦੀ ਛੂੰਹਣ, ਮੋਬਾਇਲ ਦੇ ਚਿਹਨ, ਆਦਿ ਭਾਵਾਂ ਦੀ ਤਰਜ਼ਮਾਨੀ ਕਰਦੇ ਪ੍ਰਤੀਕਾਂ ਨੂੰ ਨਵੀਨ ਅਰਥ ਦੇ ਕੇ ਅਜਿਹੀਆਂ ਕਹਾਣੀਆਂ ਦੀ ਰਚਨਾ ਕਰਦਾ ਹੈ, ਜਿਨ੍ਹਾਂ ਵਿੱਚ ਮਰਦ ਤੇ ਔਰਤ ਦੇ ਅੰਤਰਮਨ ਦੀ ਪੀੜਾ ਤੇ ਉਸ ਦੇ ਪ੍ਰਗਟਾਵੇ ਵਿੱਚ ਕੋਈ ਅੰਤਰ ਨਹੀਂ। ਦੋਵੇਂ ਹੀ ਹੱਡ-ਮਾਸ ਦੇ ਪੁਤਲੇ, ਬੇਬਸ, ਦੱਬੇ-ਘੁੱਟੇ , ਆਪਣੀ ਮਾੜੀ ਹਾਲਤ ਲਈ ਜ਼ਿੰਮੇਵਾਰ ਨੂੰ ਕ੍ਰੋਧ ਦੀ ਅਗਨੀ ਵਿੱਚ ਭਸਮ ਕਰਨ ਲਈ ਤਤਪਰ ਕਿਤੇ ਖੂੰਖਾਰ, ਕਿਤੇ ਵਿਚਾਰੇ ਤੇ ਕਦੇ ਤਰਸਯੋਗ ਨਜ਼ਰ ਆਉਂਦੇ ਪਾਤਰ, ਬਿਨਾਂ ਕਿਸੇ ਦਾ ਪੱਖ ਪੂਰੇ ਸਿਰਫ ਹਾਲਾਤਾਂ ਤੇ ਦੁੱਖਾਂ-ਪੀੜਾਂ ਦਾ ਬਿਆਨ ਕਰ ਕਦੇ ਪਾਠਕ ਨੂੰ ਝੰਜੋੜ ਜਾਂਦੇ ਹਨ ਤੇ ਕਦੇ ਉਦਾਸ ਕਰ ਜਾਂਦੇ ਹਨ।

- ਡਾ. ਜਸਵਿੰਦਰ ਕੌਰ ਬਿੰਦਰਾ

## ਧੁੰਦ ਦੀਆਂ ਕੰਧਾਂ / ਦਰਸ਼ਨ ਮਿਤਵਾ

ਜ਼ਿੰਦਗੀ ਵਿਚ ਬਲਵੰਤ ਦੋ ਵਾਰੀ ਬਹੁਤ ਉਦਾਸ ਹੋਇਆ ਹੈ । ਇਕ ਵਾਰੀ ਉਦੋਂ, ਜਦੋਂ ਸੁਰਿੰਦਰ ਕੌਰ ਦਾ ਵਿਆਹ ਹੋਇਆ ਸੀ ਅਤੇ ਦੂਸਰੀ ਵਾਰ ਹੁਣ !

ਪਹਿਲੀ ਵਾਰੀ ਉਸ ਦੇ ਉਦਾਸ ਹੋਣ ਦੇ ਕਈ ਕਾਰਣ ਹੋ ਸਕਦੇ ਹਨ, ਜਿਨ੍ਹਾਂ ਨੂੰ ਉਦੋਂ ਸ਼ਾਇਦ ਉਹ ਚੰਗੀ ਤਰ੍ਹਾਂ ਜਾਣ ਨਹੀਂ ਸਕਿਆ, ਪਰ ਹੁਣ ਦੂਸਰੀ ਵਾਰੀ ਉਦਾਸ ਹੋਣ ਦਾ ਕਾਰਨ ਉਸ ਦੇ ਸਾਹਮਣੇ ਬਿਲਕੁਲ ਸਾਫ਼ ਹੈ ਕਿ ਉਸ ਨੇ ਵਕਤ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਅਤੇ ਕਈ ਸਾਲ ਉਸ ਨੂੰ ਇੰਜ ਹੀ ਲੱਗਦਾ ਰਿਹਾ, ਵਕਤ ਤਾਂ ਉਸ ਨੇ ਮੁੱਠੀਆਂ ਵਿਚ ਕੈਦ ਕਰ ਲਿਆ ਹੈ। ਜਿਵੇਂ ਸਾਰੇ ਮੌਸਮ ਠਹਿਰ ਗਏ ਹੋਣ ਅਤੇ ਇਕੱਲਾ ਉਹ, ਉਸਦੀ ਜ਼ਿੰਦਗੀ ਠਾਠਾਂ ਮਾਰਦੇ ਸਮੁੰਦਰ ਦੇ ਪਾਣੀ ਵਾਂਗ ਮੌਜ ਵਿਚ ਹੈ।

ਉਨ੍ਹਾਂ ਦੋਵਾਂ ਭੈਣਾਂ ਵਿਚੋਂ ਵੱਡੀ ਦਾ ਨਾਂ ਮਹਿੰਦਰ ਕੌਰ ਸੀ ਅਤੇ ਛੋਟੀ ਦਾ ਨਾਂ ਸੁਰਿੰਦਰ ਕੌਰ। ਉਸ ਸਮੇਂ ਬਲਵੰਤ ਦੀ ਉਮਰ ਸੁਰਿੰਦਰ ਕੌਰ ਤੋਂ ਛੋਟੀ ਸੀ। ਦੋ ਕੁ ਸਾਲਾਂ ਦਾ ਫ਼ਰਕ। ਬਲਵੰਤ ਦੇ ਘਰ ਦੀ ਕੰਧ ਸਰਦਾਰਾਂ ਨਾਲ ਸਾਂਝੀ ਸੀ, ਜਿਨ੍ਹਾਂ ਦੀਆਂ ਇਹ ਦੋਵੇਂ ਕੁੜੀਆਂ ਸਨ। ਸਰਦਾਰਾਂ ਦੇ ਘਰ ਲੜਕਾ ਕੋਈ ਨਹੀਂ ਸੀ। ਉਹ ਚੰਗਾ ਰੱਜਦਾ-ਪੁੱਜਦਾ ਘਰ ਸੀ ਅਤੇ ਬਲਵੰਤ ਕਿਆਂ ਨਾਲ ਉਨ੍ਹਾਂ ਦੀ ਚੰਗੀ ਸਾਂਝ ਬਣੀ ਹੋਈ ਸੀ। ਦੋਵਾਂ ਘਰਾਂ ਵਿਚ ਚੰਗਾ ਵਰਤ-ਵਰਤਾਰਾ, ਲੇਣ-ਦੇਣ ਅਤੇ ਖੁਸ਼ੀ -ਗ਼ਮੀ ਦਾ ਸੰਬੰਧ ਸੀ। ਵੱਡੀ ਕੁੜੀ ਮਹਿੰਦਰ ਕੌਰ ਵਿਆਹੀ ਹੋਈ ਸੀ। ਉਹ ਕਦੇ ਵਰ੍ਹੇ-ਛਮਾਹੀ ਆਪਣੇ ਘਰੇ ਮਿਲਣ ਆਈ ਹੀ ਬਲਵੰਤ ਕੇ ਘਰ ਆਉਂਦੀ।

ਫੇਰ ਸੁਰਿੰਦਰ ਕੌਰ ਦਾ ਵਿਆਹ ਹੋਇਆ। ਆਪਣੇ ਵਿਆਹ ਵਾਲੇ ਦਿਨ ਤੱਕ ਉਹ ਅਕਸਰ ਬਲਵੰਤ ਕੇ ਘਰੇ ਆਉਂਦੀ ਰਹੀ। ਜਦੋਂ ਵਿਆਹ ਵਿਚ ਕੁਝ ਹੀ ਦਿਨ ਬਾਕੀ ਰਹਿ ਗਏ ਤਾਂ ਵਿਆਹ ਦੀਆਂ ਤਿਆਰੀਆਂ ਜ਼ੋਰਾਂ-ਸ਼ੋਰਾਂ ਨਾਲ ਕੀਤੀਆਂ ਜਾਣ ਲੱਗੀਆਂ। ਬਲਵੰਤ ਦੀ ਮਾਂ ਦਿਨ ਵਿਚ ਕਈ-ਕਈ ਵਾਰੀ ਉਨ੍ਹਾਂ ਦੇ ਜਾਂਦੀ। ਕਈ ਵਾਰੀ ਉਹ ਆਪ ਵੀ ਉਸ ਨੂੰ ਬੁਲਾ ਕੇ ਲੈ ਜਾਂਦੇ। ਉਸ ਨੂੰ ਜਿਵੇਂ ਸੁਰਿੰਦਰ ਕੌਰ ਦੇ ਵਿਆਹ ਦਾ ਆਪਣੀਆਂ ਧੀਆਂ ਦੇ ਵਿਆਹ ਜਿੰਨਾ ਹੀ ਚਾਅ ਹੋਵੇ। ਰਾਤ ਨੂੰ ਆਂਢ-ਗੁਆਂਢ ਦੀਆਂ ਕੁੜੀਆਂ ਤੀਵੀਂਆਂ ਵਿਆਹ ਦੇ ਗੀਤ ਗਾਉਂਦੀਆਂ। ਬਲਵੰਤ ਦੀ ਮਾਂ ਡਾਲੀ ਬੰਨ੍ਹਵਾਂ ਉਨ੍ਹਾਂ ਦੇ ਘਰ ਗੀਤ ਗਾਉਣ ਜਾਂਦੀ। ਘੜੇ ਅਤੇ ਢੋਲਕ ਦੀ ਤਾਲ, ਔਰਤਾਂ ਦਾ ਮਿਲਵਾਂ ਸੁਰ, ਚੁੱਪ ਅਤੇ ਠਹਿਰੀ-ਠਹਿਰੀ ਰਾਤ ਵਿਚ ਜਿਵੇਂ ਕੋਈ ਨਸ਼ਾ ਜਿਹਾ ਘੁਲ ਜਾਂਦਾ। ਘੁੰਗਰੂਆਂ ਦੀ ਹਲਕੀ-ਹਲਕੀ, ਮਿੱਠੀ-ਮਿੱਠੀ ਛਣਕਾਹਟ ਸੁਣਦੀ। ਵਿਚ ਵਿਚ, ਕਿਤੇ ਕਿਤੇ ਕੁੜੀਆਂ ਦਾ ਹਾਸਾ ਵੀ ਘੁੰਗਰੂਆਂ ਵਾਂਗ ਛਣਕਦਾ। ਉਸ ਸਮੇਂ ਚੌਗਿਰਦੇ ਉੱਤੇ ਜਾਦੂ ਜਿਹਾ ਹੋ ਜਾਂਦਾ। ਸਵੇਰੇ, ਦੁਪਿਹਰੇ, ਸ਼ਾਮੀਂ ਅਤੇ ਰਾਤ ਨੂੰ ਵਿਆਹ ਦੀ ਕੋਈ ਨਾ ਕੋਈ ਰਸਮ ਹੁੰਦੀ।

ਬਰਾਤ ਆਉਣ ਵਾਲੇ ਦਿਨ ਬਲਵੰਤ ਵੀ ਸੰਗਦਾ ਜਿਹਾ ਵਿਆਹ ਵਾਲੇ ਘਰ ਗਿਆ । ਗੁਆਂਢ ਦੇ ਹੋਰ ਮੁੰਡੇ ਵੀ ਸਨ। ਉਹ ਸਾਰੇ ਏਧਰ-ਓਧਰ ਦੇ ਕੰਮ ਕਰਦੇ ਭੱਜੇ ਫਿਰ ਰਹੇ ਸਨ ਪਰ ਬਲਵੰਤ ਦੀ ਬਹੁਤੀ ਨਜ਼ਰ ਸੁਰਿੰਦਰ ਕੌਰ ਵੱਲ ਹੀ ਸੀ। ਉਹ ਸਜੀ-ਸੰਵਰੀ ਹੋਈ ਸੀ। ਹੱਥ ਮਹਿੰਦੀ ਰੱਤੇ ਸਨ। ਮੱਥੇ ਉੱਤੇ ਬਿੰਦੀ। ਗਲ ਵਿਚ ਸੋਨੇ ਦਾ ਹਾਰ। ਬਾਹਾਂ ਵਿਚ ਲਾਲ ਸੁਰਖ਼ ਚੂੜੀਆਂ ਅਤੇ ਸੋਨੇ ਦੇ ਕੰਗਣ ! ਪਤਲੀਆਂ-ਗੋਰੀਆਂ ਉਂਗਲਾਂ ਵਿਚ ਛਾਪਾਂ ਅਤੇ ਛੱਲੇ। ਉਸ ਦਾ ਚਿਹਰਾ ਨਿਖਰਿਆ-ਨਿਖਰਿਆ ਅਤੇ ਗੁਲਾਬ ਦੇ ਫੁੱਲ ਵਾਂਗ ਟਹਿਕ ਰਿਹਾ ਹੋਣ ਦੀ ਬਜਾਏ, ਉਤਰਿਆ ਜਿਹਾ ਲਗਦਾ ਸੀ। ਬਲਵੰਤ ਨੂੰ ਉਸ ਦੀਆਂ ਅੱਖਾਂ ਵਿਚ ਗਹਿਰੀ ਉਦਾਸੀ ਲੱਗੀ। ਉਸ ਨੂੰ ਲੱਗਾ ਜਿਵੇਂ ਉਹ ਉਸ ਵੱਲ ਟਿਕਟਿਕੀ ਬੰਨ੍ਹੀ ਉਦਾਸ- ਉਦਾਸ ਦੇਖ ਰਹੀ ਹੋਵੇ। ਉਹ ਅਜਿਹੇ ਮੌਕੇ ਵੀ ਉਦਾਸ ਸੀ। ਬਲਵੰਤ ਨੇ ਉਸਦੀਆਂ ਅੱਖਾਂ ਵਿਚੋਂ ਹੰਝੂ ਕਿਰਦੇ ਦੇਖੇ। ਉਸ ਦਾ ਆਪਣਾ ਮਨ ਵੀ ਉਦਾਸ ਹੋ ਗਿਆ। ਉਹ ਆਪਣੇ ਘਰ ਆਇਆ। ਸੁਰਿੰਦਰ



ਕੌਰ ਦਾ ਉਦਾਸ, ਰੋਂਦਾ ਚਿਹਰਾ ਉਸਦੀਆਂ ਅੱਖਾਂ ਵਿਚ ਤੈਰਦਾ ਰਿਹਾ।

ਉਸ ਉਦਾਸੀ ਦਾ ਇਕ-ਅੱਧਾ ਹਿੱਸਾ ਜਿਵੇਂ ਉਹ ਹੁਣ ਤੱਕ ਭੋਗਦਾ ਆ ਰਿਹਾ ਹੈ। ਇਹ ਉਦਾਸੀ ਹੁਣ ਤੱਕ ਉਸ ਦੇ ਨਾਲ ਬਰਾਬਰ ਤੁਰਦੀ ਆ ਰਹੀ ਹੈ। ਸੁਰਿੰਦਰ ਕੌਰ ਦੀ ਉਦਾਸੀ ਉਸ ਦੇ ਮਨ ਵਿਚ ਇਸ ਤਰ੍ਹਾਂ ਸਮਾ ਗਈ ਸੀ ਕਿ ਉਸ ਉਦਾਸੀ ਨੂੰ ਉਹ ਹੁਣ ਤੱਕ ਲਗਾਤਾਰ ਪੀਂਦਾ ਆ ਰਿਹਾ ਹੈ । ਉਸ ਦੀਆਂ ਅੱਖਾਂ ਵਿਚੋਂ ਕਿਰਦੇ ਹੰਝੂ ਹੁਣ ਤੱਕ ਉਸ ਦੀਆਂ ਯਾਦਾਂ ਵਿਚ ਅਟਕੇ ਪਏ ਹਨ ਜੋ ਨਾ ਅੱਖਾਂ ਵਿਚ ਹੀ ਸੁੱਕ ਸਕੇ ਅਤ ਨਾ ਹੀ ਅੱਖਾਂ ਵਿਚੋਂ ਬਾਹਰ ਹੀ ਤਿਲਕੇ।

ਵਿਆਹ ਤੋਂ ਅਗਲੇ ਦਿਨ ਸੁਰਿੰਦਰ ਕੌਰ ਦੀ ਮਾਂ ਬਲਵੰਤ ਕੇ ਘਰੇ ਆ ਬੈਠੀ। ਵੱਡਾ ਸਾਰਾ ਹਉਕਾ ਭਰ ਕੇ ਉਸ ਦੀ ਮਾਂ ਨੂੰ ਕਹਿਣ ਲੱਗੀ, "ਸੁਰਿੰਦਰ ਤੋਂ ਬਿਨਾਂ ਤਾਂ ਘਰ ਜਮਾਂ ਈ ਸੁੰਨਾ-ਸੁੰਨਾ ਲਗਦੈ, ਜਿਵੇਂ ਖਾਣ ਨੂੰ ਆਉਂਦਾ ਹੋਵੇ। ਜੀਅ ਨ੍ਹੀਂ ਲਗਦਾ ਕਿਤੇ.....। ਉਹ ਤਾਂ ਰੌਣਕ ਸੀ ਘਰ ਦੀ.......।" ਉਸ ਦੀ ਗੱਲ ਸੁਣ ਕੇ ਬਲਵੰਤ ਨੂੰ ਲੱਗਿਆ ਜਿਵੇਂ ਉਨ੍ਹਾਂ ਦਾ ਆਪਣਾ ਘਰ ਵੀ ਭਾਂਅ-ਭਾਂਅ ਕਰਨ ਲੱਗ ਪਿਆ ਹੋਵੇ, ਉਸ ਦਾ ਆਪਣਾ ਅੰਦਰ ਵੀ ਸੁੰਨਾ ਹੋ ਗਿਆ ਹੋਵੇ, ਚੁਪਾਸੀਂ ਇਕ ਖ਼ਲਾਅ ਜਿਹਾ ਪਸਰ ਗਿਆ ਹੋਵੇ !

ਪਰ ਕੁਝ ਦਿਨਾਂ ਬਾਅਦ ਸਭ ਕੁਝ ਹੀ ਆਮ ਜਿਹਾ ਹੋ ਗਿਆ ਸੀ, ਜਿਵੇਂ ਕੁਝ ਵਾਪਰਿਆ ਹੀ ਨਾ ਹੋਵੇ। ਬਲਵੰਤ ਆਪਣੀ ਪੜ੍ਹਾਈ ਅਤੇ ਦੋਸਤਾਂ-ਮਿੱਤਰਾਂ ਵਿਚ ਪਰਚ ਗਿਆ ਸੀ। ਕਈ ਸਾਲ ਬੀਤ ਗਏ। ਸਭ ਕੁਝ ਜਿਵੇਂ ਭੁੱਲ-ਭੁਲਾ ਗਿਆ ਹੋਵੇ। ਪੜ੍ਹਾਈ ਪੂਰੀ ਕਰਨ ਤੋਂ ਬਾਅਦ ਨੌਕਰੀ ਦੀ ਭਾਲ ਵਿਚ ਬਲਵੰਤ ਲਈ ਬਚਪਨ ਦੀਆਂ ਸਾਰੀਆਂ ਗੱਲਾਂ ਦੇ ਅਰਥ ਦਬ ਕੇ ਰਹਿ ਗਏ।

ਨੌਕਰੀ ਤਾਂ ਨਹੀਂ ਮਿਲੀ ਪਰ ਬਲਵੰਤ ਦੀ ਵਧਦੀ ਉਮਰ ਦੇਖ ਕੇ ਉਸ ਦੇ ਘਰ ਵਾਲਿਆਂ ਨੇ ਉਸ ਦਾ ਵਿਆਹ ਜ਼ਰੂਰ ਕਰ ਦਿੱਤਾ। ਉਹ ਸਮਝਦੇ ਸਨ ਕਿ ਜੇ ਮੁੰਡੇ ਦੀ ਉਮਰ ਥੋੜ੍ਹੀ ਜਿਹੀ ਹੋਰ ਵੱਡੀ ਹੋ ਗਈ ਤਾਂ ਛੇਤੀ ਕੀਤਿਆਂ ਰਿਸ਼ਤਾ ਹੀ ਨਹੀਂ ਆਉਣਾ। ਵਿਆਹ ਦਾ ਬਲਵੰਤ ਨੂੰ ਵੀ ਚਾਅ ਸੀ। ਸੁਨੀਤਾ, ਉਸ ਦੀ ਪਤਨੀ ਸੁਹਣੀ-ਸੁਣੱਖੀ ਅਤੇ ਪੜ੍ਹੀ-ਲਿਖੀ ਸੀ। ਚੰਗੇ ਘਰ ਦੀ ਧੀ ਸੀ। ਲੈਣ-ਦੇਣ ਵੀ ਉਨ੍ਹਾਂ ਚੰਗਾ ਕੀਤਾ ਸੀ। ਆਪਣੀ ਨੂੰਹ ਰਾਣੀ ਨੂੰ ਦੇਖ ਕੇ ਮਾਂ ਬਲਿਹਾਰੇ ਜਾਂਦੀ। ਉਸ ਦੀ ਖੁਸ਼ੀ ਸੰਭਾਲੀ ਨਹੀਂ ਸੰਭਲਦੀ ਸੀ। ਮਾਵਾਂ ਨੂੰ ਪੁੱਤਾਂ ਦੇ ਵਿਆਹ ਦਾ ਚਾਅ ਹੁੰਦਾ ਹੀ ਹੈ। ਉਨ੍ਹਾਂ ਨੂੰ ਸੁੱਖਾਂ ਸੁੱਖਦੀਆਂ ਨੂੰ ਇਹ ਦਿਨ ਮਸਾਂ ਹੀ ਆਉਂਦਾ ਹੈ।

ਪਹਿਲੀ ਰਾਤ ਲਈ ਬਲਵੰਤ ਦੇ ਮਨ ਵਿਚ ਵੱਖਰਾ ਹੀ ਚਾਅ ਸੀ। ਸੁਨੀਤਾ ਤੋਂ ਬਿਨਾ ਉਸ ਨੂੰ ਰੱਬ ਵੀ ਚੇਤੇ ਨਹੀਂ ਸੀ। ਹੋਰ ਕੁਝ ਜਿਵੇਂ ਨਜ਼ਰ ਹੀ ਨਹੀਂ ਆਉਂਦਾ ਸੀ। ਪਹਿਲੀ ਰਾਤ ਬਾਰੇ ਸੋਚ ਕੇ ਸੁਨੀਤਾ ਦੇ ਸਾਰੇ ਸਰੀਰ ਵਿਚ ਝਰਨਾਹਟ ਛਿੜ-ਛਿੜ ਜਾਂਦੀ। ਇਸ ਰਾਤ ਬਾਰੇ ਉਸ ਨੇ ਆਪਣੀਆਂ ਸਹੇਲੀਆਂ ਤੋਂ ਬੜਾ ਕੁਝ ਸੁਣਿਆ ਹੋਇਆ ਸੀ। ਸਜੀ-ਸੰਵਰੀ ਆਪਣੇ ਪਤੀ ਦਾ ਇੰਤਜ਼ਾਰ ਕਰ ਰਹੀ ਸੇਜ ਉੱਤੇ

ਬੈਠੀ ਸੁਨੀਤਾ ਕੋਲ ਜਦੋਂ ਬਲਵੰਤ ਗਿਆ ਤਾਂ ਪਾਣੀ ਜਿਵੇਂ ਕਿਨਾਰਿਆਂ ਤੋਂ ਬਾਹਰ ਛਲਕਣ ਲੱਗ ਪਿਆ । ਸ਼ਰਮ ਨਾਲ ਸੁਨੀਤਾ ਵੀ ਇਕ ਵਾਰੀ ਤਾਂ ਸੁੰਗੜ ਕੇ ਪਰੋਲਾ ਜਿਹਾ ਬਣ ਗਈ। ਪਰ ਮਨ ਹੀ ਮਨ ਉਹ ਗਦਗਦ ਵੀ ਹੋ ਰਹੀ ਸੀ। ਬਲਵੰਤ ਨੂੰ ਵੀ ਸਭ ਕੁਝ ਸੁਪਨਮਈ ਜਿਹਾ ਲੱਗਿਆ। ਪਰ ਸੁਨੀਤਾ ਨੂੰ ਛੂਹਣ ਤੋਂ ਪਹਿਲਾਂ ਹੀ ਉਨ੍ਹਾਂ ਦੋਵਾਂ ਵਿਚਕਾਰ ਕਿਧਰੋਂ ਇਕ ਕੰਧ ਜਿਹੀ ਉਸਰਨੀ ਸ਼ੁਰੂ ਹੋ ਗਈ। ਧੁੰਦ ਅਤੇ ਧੂੰਏਂ ਦੀ ਕੰਧ। ਉਹ ਉਸ ਕੰਧ ਦੇ ਪਾਰ ਸੁਨੀਤਾ ਵੱਲ ਤੱਕਣ ਦੀ ਕੋਸ਼ਿਸ਼ ਕਰਦਾ ਰਿਹਾ ਪਰ ਧੁੰਦ ਅਤੇ ਧੂੰਆਂ ਇੰਨਾ ਸੰਘਣਾ ਸੀ ਕਿ ਉਸ ਦੇ ਪਾਰ ਉਸ ਨੂੰ ਕੁਝ ਵੀ ਨਜ਼ਰ ਨਹੀਂ ਆਇਆ। ਉਹ ਹੈਰਾਨ-ਪਰੇਸ਼ਾਨ ਜਿਹਾ ਹੋ ਗਿਆ। ਫੇਰ ਉਹ ਧੁੰਦ ਹੌਲੀ-ਹੌਲੀ ਇਕ ਆਕਾਰ ਵਿਚ ਬਦਲਣੀ ਸ਼ੁਰੂ ਹੋ ਗਈ। ਉਹ ਤਾਂ ਇਕ ਪ੍ਰਛਾਵਾਂ ਸੀ। ਇਕ ਲੜਕੀ ਉਸ ਦੇ ਸਾਹਮਣੇ ਖੜ੍ਹੀ ਸੀ। ਸੁਰਿੰਦਰ ਕੌਰ ਨੂੰ ਆਪਣੇ ਸਾਹਮਣੇ ਖੜ੍ਹੀ ਦੇਖ ਕੇ ਉਹ ਹੱਕਾ-ਬੱਕਾ ਹੀ ਰਹਿ ਗਿਆ। ਉਸ ਨੂੰ ਤਾਂ ਦੇਖਿਆਂ ਵੀ ਮੁੱਦਤ ਹੋ ਗਈ ਸੀ। ਹੁਣ ਉਹ ਇਕਦਮ ਕਿਧਰੋਂ ਆ ਗਈ ਸੀ। ਉਸ ਦੇ ਹੱਥ ਮਹਿੰਦੀ ਰੱਤੇ ਸਨ। ਮੱਥੇ ਉੱਤੇ ਬਿੰਦੀ। ਗਲ ਵਿਚ ਸੋਨੇ ਦਾ ਹਾਰ। ਬਾਹਾਂ ਵਿਚ ਲਾਲ ਸੁਰਖ਼ ਚੂੜੀਆਂ ਅਤੇ ਸੋਨੇ ਦੇ ਕੰਗਣ ! ਪਤਲੀਆਂ-ਗੋਰੀਆਂ ਉਂਗਲਾਂ ਵਿਚ ਛਾਪਾਂ ਅਤੇ ਛੱਲੇ। ਉਹ

ਟਿਕਟਿਕੀ ਬੰਨ੍ਹੀ ਉਸ ਵੱਲ ਦੇਖ ਰਹੀ ਸੀ। ਉਸ ਦੀਆਂ ਅੱਖਾਂ ਵਿਚ ਹੰਝੂ ਸਨ। ਉਹ ਉਸ ਦੇ ਸਾਹਮਣੇ ਬੈਠੀ ਸੀ, ਬਿਲਕੁਲ ਉਵੇਂ ਜਿਵੇਂ, ਜਿਵੇਂ ਕਿ ਉਸ ਨੇ ਉਸ ਨੂੰ ਵਿਆਹ ਵਾਲੇ ਦਿਨ ਦੇਖਿਆ ਸੀ। ਉਹ ਉਸ ਵੱਲ ਤੱਕਣ ਲੱਗਾ। ਮਨ ਵਿਚ ਬਹੁਤ ਕੁਝ ਉਧੜਦਾ ਰਿਹਾ। ਉਹ ਉਸ ਦੀ ਡਰਾਇੰਗ ਕਾਪੀ ਉੱਤੇ ਫੁੱਲ ਬਣਾ ਰਿਹਾ ਸੀ। ਉਹ ਖਿੜਖਿੜਾ ਕੇ ਹੱਸ ਰਹੀ ਸੀ। ਉਹ ਜਿਵੇਂ ਜਿਵੇਂ ਹੱਸਦੀ ਰਹੀ, ਹਾਸੀ ਉਸ ਦੇ ਕੰਨ ਵਿਚ ਮਿਸਰੀ ਵਾਂਗ ਘੁਲਦੀ ਰਹੀ। ਸੁਰਿੰਦਰ ਕੌਰ ਨੇ ਹੱਸਣਾ ਬੰਦ ਕੀਤਾ ਤਾਂ ਉਸ ਨੂੰ ਲੱਗਾ ਜਿਵੇਂ ਉਸ ਦੇ ਹਾਸੇ ਤੋਂ ਬਿਨਾ ਉਹ ਅਧੂਰਾ ਹੋਵੇ।

ਬਚਪਨ ਦੀਆਂ ਗੱਲਾਂ ਬਲਵੰਤ ਦੇ ਇਰਦ-ਗਿਰਦ ਮੰਡਰਾਉਣ ਲੱਗੀਆਂ –''ਸੁਰਿੰਦਰ, ਆਪਾਂ ਦੋਵੇਂ ਵਿਆਹ ਕਰਵਾਈਏ.......।'' ਸੁਰਿੰਦਰ ਕੌਰ ਦੀ ਹਾਸੀ ਨੇ ਉਸ ਦੇ ਬਾਲ ਮਨ ਵਿਚ ਧੂਹ ਪਾਈ ਤਾਂ ਉਸ ਨੇ ਅਭੋਲ ਮਨ ਕਹਿ ਦਿੱਤਾ। ਅਗਲੇ ਹੀ ਦਿਨ ਇਸ ਗੱਲ ਨੂੰ ਲੈ ਕੇ ਉਨ੍ਹਾਂ ਦੇ ਘਰ ਕਾਫ਼ੀ ਰੌਲਾ ਪਿਆ। ਮਾਂ ਨੇ ਬਲਵੰਤ ਦੀ ਵੀ ਰੱਜ ਕੇ ਝਾੜ-ਝੰਭ ਕੀਤੀ, ''ਤੂੰ ਮਰਵਾਏਂਗਾ ਸਾਰੇ ਟੱਬਰ ਨੂੰ........ਅਗਲੇ ਵੱਢ ਨ੍ਹੀਂ ਦੇਣਗੇ ਤੈਨੂੰ। ਜੰਮ ਮੁੱਕਿਆ ਨ੍ਹੀਂ, ਬਣਿਐ ਵਿਆਹ ਕਰਵਾਉਣ ਦਾ.......।'' ਪਤਾ ਨਹੀਂ ਉਸ ਨੇ ਇਹੋ ਜਿਹੀ ਕੀ ਗੱਲ ਕਹਿ ਦਿੱਤੀ ਸੀ ਕਿ ਉਸ ਨੂੰ ਥੱਪੜ ਖਾਣੇ ਪਏ। ਉਦੋਂ ਉਸ ਨੂੰ ਤਾਂ ਕੁਝ ਵੀ ਗਲਤ ਨਹੀਂ ਲੱਗਿਆ ਸੀ। ਬਾਅਦ ਵਿਚ ਇਸੇ ਗੱਲ ਨੂੰ ਲੈ ਕੇ ਉਸ ਦੀ ਮਾਂ ਕਈ ਦਿਨਾਂ ਤੱਕ ਹੋਰਨਾਂ ਔਰਤਾਂ ਕੋਲ ਕਹਿੰਦੀ ਰਹੀ, ''ਲੈ ਦੱਸ ਭੈਣੈ, ਜੁਆਕ ਤਾਂ ਇਹੋਜੇ ਹੁੰਦੇ ਐ....।'' ਅਤੇ ਹਰ ਵਾਰੀ ਖਿੜ ਖਿੜ ਕਰ ਕੇ ਹੱਸ ਪੈਂਦੀ।

ਬੱਸ, ਸੁਨੀਤਾ ਬਲਵੰਤ ਦੇ ਮਨ ਵਿਚੋਂ ਮਨਫ਼ੀ ਹੋ ਗਈ ਸੀ। ਉਹ ਅਤੇ ਸੁਰਿੰਦਰ ਕੌਰ ਪੂਰੀ ਰਾਤ ਇਕ-ਦੂਸਰੇ ਵੱਲ ਤੱਕਦੇ ਰਹੇ। ਸੁਰਿੰਦਰ ਕੌਰ ਫਿਰ ਖਿੜਖਿੜਾ ਕੇ ਹੱਸੀ ਤਾਂ ਬਲਵੰਤ ਨੂੰ ਲੱਗਿਆ ਜਿਵੇਂ ਉਸ ਦਾ ਖਾਲੀਪਨ ਭਰਿਆ ਗਿਆ ਹੋਵੇ, ਉਸ ਦਾ ਅਧੂਰਾਪਨ ਪੂਰਿਆ ਗਿਆ ਹੋਵੇ। ਕਮਰੇ ਵਿਚ ਖੁਸ਼ਬੂ ਖਿੱਲਰ ਗਈ ਹੋਵੇ। ਜਦੋਂ ਸੁਨੀਤਾ ਨੇ ਬਲਵੰਤ ਨੂੰ ਝੰਜੋੜਿਆ ਤਾਂ ਉਸ ਦਾ ਸੁਪਨਾ ਟੁੱਟ ਗਿਆ, ਪਰ ਉਹ ਬਦਹਵਾਸ ਜਿਹਾ ਸੀ।

''ਕੀ ਗੱਲ?'' ਸੁਨੀਤਾ ਨੇ ਉਸ ਦੇ ਵਾਲ ਸਹਿਲਾਉਂਦੇ ਹੋਏ ਪੁੱਛਿਆ।

ਗੁੰਮ-ਸੁੰਮ ਜਿਹਾ ਬਲਵੰਤ ਕੁਝ ਨਹੀਂ ਬੋਲਿਆ। ਉਹ ਸੁਰਿੰਦਰ ਕੌਰ ਦੀ ਹਾਸੀ ਤੋਂ ਤਾਂ ਬਾਹਰ ਨਿਕਲ ਆਇਆ, ਪਰ ਉਹ ਆਪਣੇ ਆਪ ਵਿਚ ਨਹੀਂ ਸੀ। ਉਸ ਨੇ ਅਣਮੰਨੇ ਜਿਹੇ ਮਨ ਨਾਲ ਸੁਨੀਤਾ ਨੂੰ ਆਪਣੀਆਂ ਬਾਹਾਂ ਵਿਚ ਲੈ ਲਿਆ, ਪਰ ਮੂੰਹੋਂ ਇਕ ਸ਼ਬਦ ਵੀ ਨਹੀਂ ਬੋਲਿਆ। ਉਸ ਦੇ ਕਲਾਵੇ ਵਿਚ ਨਾ ਮੋਹ ਦੀ ਖੁਸ਼ਬੂ ਸੀ ਅਤੇ ਨਾ ਹੀ ਪਿਆਰ ਦੀ ਤਰੰਗ। ਉਹ ਉਸ ਨਾਲ ਜੀਅ ਭਰ ਕੇ ਗੱਲਾਂ ਕਰਨਾ ਚਾਹੁੰਦੀ ਸੀ, ਪਹਿਲੀ ਰਾਤ ਦੀ ਤਰ੍ਹਾਂ ਸ਼ਰਾਰਤਾਂ ਅਤੇ ਅਠਖੇਲੀਆਂ ਕਰਨਾ ਚਾਹੁੰਦੀ ਸੀ। ਪਰ ਬਲਵੰਤ ਚੁੱਪ ਸੀ। ਉਸ ਦੇ ਸਰੀਰ ਵਿਚ ਝਰਨਾਹਟ ਨਹੀਂ ਸੀ। ਪਹਿਲੀ ਰਾਤ ਜਿਹਾ ਕੁਝ ਵੀ ਨਹੀਂ ਸੀ। ਸੁਨੀਤਾ ਨੂੰ ਲੱਗਿਆ ਜਿਵੇਂ ਉਹ ਕਿਸੇ ਪਰਾਏ ਮਰਦ ਦੀਆਂ ਬਾਹਾਂ ਵਿਚ ਪਈ ਹੈ, ਜਿਸ ਵਿਚ ਕੁਝ ਕੁਝ ਪਸ਼ੂਪਣ ਜਿਹਾ ਸੀ।

ਬੱਸ, ਇੰਜ ਹੀ ਸਾਰੀ ਰਾਤ ਗੁਜ਼ਰ ਗਈ। ਸਵੇਰੇ ਜਾਗੇ ਤਾਂ ਦੋਵੇਂ ਜਣੇ ਆਪੋ- ਆਪਣੀ ਤਰ੍ਹਾਂ ਦੇ ਮਾਨਸਿਕ ਤਨਾਓ ਦਾ ਸ਼ਿਕਾਰ ਸਨ। ਸੁਰਿੰਦਰ ਕੌਰ ਬਲਵੰਤ ਦੇ ਦਿਲ ਦਿਮਾਗ ਉੱਤੇ ਪਸਰੀ ਹੋਈ ਸੀ। ਸੁਨੀਤਾ ਨਾਲ ਅੱਖ ਮਿਲਾ ਸਕਣ ਦੀ ਉਸ ਵਿਚ ਹਿੰਮਤ ਨਹੀਂ ਸੀ। ਉਸ ਨੇ ਤਾਂ ਸੁਰਿੰਤਰ ਕੌਰ ਨਾਲ ਹੱਸਦਿਆਂ-ਹੱਸਦਿਆਂ ਰਾਤ ਗੁਜ਼ਾਰ ਲਈ ਸੀ ਪਰ ਸੁਨੀਤਾ ਪੂਰੀ ਰਾਤ ਪਾਸੇ ਪਰਤਦੀ ਰਹੀ। ਇਕ ਪਲ ਵੀ ਸੌਂ ਨਹੀਂ ਸਕੀ। ਸਵੇਰ ਤੱਕ ਅੱਖਾਂ ਜਿਵੇਂ ਸੁੱਜ ਗਈਆਂ। ਉਸ ਦਾ ਮਨ ਉਦਾਸ ਅਤੇ ਬੋਝਲ ਹੋ ਗਿਆ। ਬਲਵੰਤ ਦਾ ਦਿਨੇ ਵੀ ਮਨ ਨਹੀਂ ਲੱਗ ਰਿਹਾ ਸੀ। ਉਹ ਯਾਰਾਂ-ਦੋਸਤਾਂ ਨੂੰ ਮਿਲਣ ਚਲਿਆ ਗਿਆ, ਪਰ ਉੱਥੋਂ ਵੀ ਕੁਝ ਹਾਸਲ ਨਹੀਂ ਹੋਇਆ। ਉਹ ਗੁੰਮ ਸੁੰਮ ਜਿਹਾ ਰਿਹਾ। ਉਸ ਦਾ ਮਨ ਸੁਰਿੰਦਰ ਕੌਰ ਕੋਲ ਭੱਜ ਜਾਣ ਨੂੰ ਹੋ ਰਿਹਾ ਸੀ। ਸੁਨੀਤਾ ਨਾਲ ਜਿਵੇਂ ਉਸ ਦਾ ਕੋਈ ਵਾਸਤਾ ਹੀ ਨਾ ਹੋਵੇ। ਸੁਨੀਤਾ ਨੇ ਘਰ ਦੀ ਚਾਰਦੀਵਾਰੀ ਵਿਚ ਤੜਫਦਿਆਂ-ਸਹਿਕਦਿਆਂ ਹੀ ਦਿਨ ਲੰਘਾਇਆ। ਪਹਿਲੀ ਰਾਤ ਨੂੰ ਕੁਝ ਵੀ ਨਹੀਂ



ਵਾਪਰਿਆ ਸੀ। ਸਗੋਂ ਰਾਤ ਉਸ ਨੂੰ ਜ਼ਹਿਰੀ ਸੱਪ ਵਾਗ ਡੰਗਦੀ ਰਹੀ। ਜੇ ਪਹਿਲੀ ਰਾਤ ਇਹੋ ਜਿਹੀ ਹੁੰਦੀ ਹੈ ਤਾਂ ਉਸ ਦੀ ਜ਼ਿੰਦਗੀ ਵਿਚ ਇਸ ਤੋਂ ਦੁਖਦਾਈ ਘਟਨਾ ਕੁਝ ਵੀ ਨਹੀਂ ਹੋਵੇਗੀ। ਦਿਨੇ ਵੀ ਬਲਵੰਤ ਉਸ ਨਾਲ ਗੱਲ ਨਾ ਕਰਦਾ। ਉਸ ਤੋਂ ਅੱਖ ਚੁਰਾਉਣ ਦੀ ਕੋਸ਼ਿਸ਼ ਕਰਦਾ। ਕੁਝ ਹੀ ਦਿਨਾਂ ਵਿਚ ਸੁਨੀਤਾ ਨੂੰ ਮਹਿਸੂਸ ਹੋਣ ਲੱਗਾ ਜਿਵੇਂ ਉਹ ਬਿਲਕੁਲ ਇਕੱਲੀ ਹੋਵੇ। ਇਕੱਲਤਾ ਉਸ ਨੂੰ ਖਾਣ ਲਗਦੀ। ਉਹ ਪਤੀ ਦੇ ਨੇੜੇ ਹੋਣਾ ਚਾਹੁੰਦੀ ਪਰ ਬਲਵੰਤ ਵਿਚ ਪਤੀ ਜਿਹਾ ਉਸ ਲਈ ਜਿਵੇਂ ਕੁਝ ਵੀ ਨਾ ਹੋਵੇ। ਉਹ ਉਸ ਨਾਲ ਗੱਲਾਂ ਕਰਨੀਆਂ ਚਾਹੁੰਦੀ, ਪਰ ਉਹ ਵਧੇਰੇ ਕਰ ਕੇ ਘਰੋਂ ਬਾਹਰ ਹੀ ਰਹਿੰਦਾ, ਜਿਵੇਂ ਸਰੀਰਕ ਸੰਬੰਧ ਤੋਂ ਬਿਨਾ ਉਸ ਦਾ ਉਸ ਨਾਲ ਕੁਛ ਲੈਣਾ-ਦੇਣਾ ਹੀ ਨਾ ਹੋਵੇ। ਪਤੀ- ਪਤਨੀ, ਜਿਵੇਂ ਕੋਈ ਰਿਸ਼ਤਾ ਨਹੀਂ ਸਗੋਂ ਇਕ ਮਜ਼ਬੂਰੀ ਨਿਭਾਉਣੀ ਪੈ ਰਹੀ ਹੋਵੇ। ਸੁਨੀਤਾ ਨੂੰ ਲੱਗਣ ਲੱਗਾ ਕਿ ਉਸ ਦੇ ਪਤੀ ਨੂੰ ਉਸ ਨਾਲ ਕੋਈ ਮੋਹ ਨਹੀਂ, ਬਲਕਿ ਇਕ ਲੋਕਾਚਾਰੀ ਹੋਵੇ, ਪਰ ਉਹ ਉਸ ਤੋਂ ਪਿਆਰ ਚਾਹੁੰਦੀ ਸੀ, ਪਤੀ ਦਾ ਪਿਆਰ, ਪਰਾਏ ਮਰਦਾਂ ਦੀਆਂ ਬਾਹਾਂ ਦਾ ਪਸ਼ੂਪਨ ਨਹੀਂ।

ਫੇਰ ਤਾਂ ਜਿਵੇਂ ਸਾਰੀਆਂ ਰਾਤਾਂ ਸੁਨੀਤਾ ਨੇ ਸਿਰਹਾਣੇ ਵਿਚ ਮੂੰਹ ਛੁਪਾ ਕੇ ਰੋਂਦਿਆਂ ਹੀ ਗੁਜ਼ਾਰੀਆਂ ਹੋਣ। ਰਾਤਾਂ ਤੋਂ ਉਸ ਨੂੰ ਭੈਅ ਆਉਣ ਲੱਗਾ। ਹਰ ਰਾਤ ਉਸ ਲਈ ਜਿਵੇਂ ਕੋਈ ਅਜਗਰ ਬਣ ਜਾਂਦੀ ਜੋ ਉਸ ਨੂੰ ਪੂਰੀ ਦੀ ਪੂਰੀ ਨਿਗਲ ਜਾਣਾ ਚਾਹੁੰਦੀ। ਬਲਵੰਤ ਕੋਹੀ ਪਰਵਾਹ ਨਹੀਂ ਕਰਦਾ ਸੀ। ਉਹ ਉਸ ਵੱਲ ਪਿੱਠ ਕਰੀ ਸੁਰਿੰਦਰ ਕੌਰ ਦਾ ਹਾਸਾ ਸੁਣਦਾ ਰਹਿੰਦਾ। ਸੁਨੀਤਾ ਨੇ ਇਕ ਵਾਰੀ ਹੌਂਸਲਾ ਕਰ ਕੇ ਆਪਣਾ ਹੱਥ ਉਸ ਦੇ ਮੋਢੇ ਉੱਤੇ ਰੱਖ ਕੇ ਪੁੱਛਿਆ, ''ਮੇਰਾ ਕਸੂਰ ਤਾਂ ਦੱਸ ਦਿਓ........?'' ਅਤੇ ਉਹ ਫੁੱਟ-ਫੁੱਟ ਕੇ ਰੋ ਪਈ। ਬਲਵੰਤ ਕੋਲ ਉਸ ਦੀ ਗੱਲ ਦਾ ਕੋਈ ਜਵਾਬ ਨਹੀਂ ਸੀ। ਬਲਕਿ ਉਸ ਨੂੰ ਉਸ ਉੱਤੇ ਗੁੱਸਾ ਆਇਆ ਕਿ ਉਸ ਨੇ ਉਸ ਦੀ ਬਿਰਤੀ ਤੋੜ ਦਿੱਤੀ ਸੀ। ਇਸ

ਨਾਲ ਸੁਰਿੰਦਰ ਕੌਰ ਦਾ ਹਾਸਾ ਗੁੰਮ ਹੋ ਗਿਆ ਸੀ। ਫੇਰ ਸੁਨੀਤਾ ਵੀ ਮਨ ਹੀ ਮਨ ਰੋਂਦੀ ਮੂੰਹ ਦੂਜੇ ਪਾਸੇ ਕਰ ਕੇ ਚੁੱਪਚਾਪ ਲਿਟ ਜਾਂਦੀ।

ਕਈ ਦਿਨ ਲੰਘ ਗਏ। ਮਾਂ ਨੇ ਜਿਵੇਂ ਸਭ ਕੁਝ ਭਾਂਪ ਲਿਆ ਹੋਵੇ। ਉਨ੍ਹਾਂ ਦੋਵਾਂ ਵਿਚ ਇਕ ਦੂਰੀ ਜਿਹੀ ਬਣ ਗਈ ਜੋ ਪਲ-ਪਲ ਵਧਦੀ ਜਾਦੀ ਸੀ। ਮਾਂ ਨੂੰ ਇਹ ਦੂਰੀ ਅੱਖਰਦੀ। ਪਹਿਲਾਂ ਤਾਂ ਮਾਂ ਨੇ ਸੋਚਿਆ ਕਿ ਸ਼ੁਰੂ-ਸ਼ੁਰੂ ਵਿਚ ਅਜਿਹਾ ਕੁਝ ਹੁੰਦਾ ਹੀ ਰਹਿੰਦਾ ਹੈ। ਆਪਸੀ ਮਨ-ਮੁਟਾਵ ਹੁੰਦਾ ਰਹਿੰਦਾ ਹੈ, ਪਰ ਸੁਨੀਤਾ ਦਾ ਉਤਰਿਆ ਹੋਇਆ ਚਿਹਰਾ ਅਤੇ ਉੱਡਿਆ ਹੋਇਆ ਰੰਗ ਦੇਖ ਕੇ ਉਹ ਚਿੰਤਾ ਵਿਚ ਪੈ ਗਈ, ''ਕੀ ਗੱਲ, ਤੂੰ ਐਂ ਚੁੱਪ ਚੁਪੀਤੀ ਜ੍ਹੀ ਰਹਿੰਨੀ ਐਂ ਬਹੂ........ਨਾ ਤੈਨੂੰ ਹੱਸਦੀ ਦੇਖਦੀ ਆਂ, ਨਾ ਤੂੰ ਕਿਸੇ ਨਾਲ ਚੰਗ੍ਹੂ ਬੋਲਦੀ ਐਂ, ਕਿ ਕੁਛ ਦੁਖਦੈ.....?'' ਮਾਂ ਨੇ ਪੁੱਛ ਹੀ ਲਿਆ, ਪਰ ਸੁਨੀਤਾ ਕੁਝ ਨਹੀਂ ਬੋਲੀ। ਉਸ ਦਾ ਗੱਚ ਭਰ ਆਇਆ।

''ਬਹੂ ਨੂੰ ਤੂੰ ਤਾਂ ਨ੍ਹੀਂ ਕੁਛ ਕਿਹਾ, ਘੂਰ-ਘੱਪ ਕੀਤੀ ਹੋਵੇ?'' ਮਾਂ ਨੇ ਬਲਵੰਤ ਨੂੰ ਪੁੱਛਿਆ ਤਾਂ ਉਹ ਘਰੋਂ ਬਾਹਰ ਚਲਿਆ ਗਿਆ। ਫੇਰ ਰਾਤੀਂ ਹੀ ਘਰ ਵਾਪਸ ਆਇਆ। ਮਾਂ ਸਭ ਸਮਝਦੀ ਸੀ, ''ਇਹੋ ਤਾਂ ਥੋਡੀ ਹੱਸਣ-ਖੇਡਣ ਦੀ ਉਮਰ ਐ.... !'' ਮਾਂ ਦੇ ਇੰਨਾ ਕਹਿਣ ਉੱਤੇ ਸੁਨੀਤਾ ਦਾ ਰੋਣਾ ਫੁੱਟ ਪਿਆ। ਉਹ ਆਪਣੇ ਕਮਰੇ ਵਿਚ ਜਾ ਕੇ ਫੁੱਟ-ਫੁੱਟ ਕੇ ਰੋ ਪਈ।

ਮਾਂ ਨੇ ਉਸ ਕੋਲ ਜਾ ਕੇ ਉਸ ਨੂੰ ਚੁੱਪ ਕਰਵਾਇਆ, ਉਸ ਦਾ ਸਿਰ ਪਲੂਸਿਆ, ਆਪਣੀ ਛਾਤੀ ਨਾਲ ਲਾਇਆ। ਸੁਨੀਤਾ ਚੁੱਪ ਤਾਂ ਹੋ ਗਈ ਪਰ ਉਸ ਦਾ ਮਨ ਭਰਿਆ ਹੋਇਆ ਸੀ। ਘਰ ਉਸ ਨੂੰ ਵੱਢ-ਵੱਢ ਖਾਣ ਨੂੰ ਆਉਂਦਾ। ਘਰ ਦੀਆਂ ਕੰਧਾਂ ਉਸ ਨੂੰ ਡਰਾਉਣੀਆਂ ਜਿਹੀਆਂ ਲਗਦੀਆਂ। ਉਸ ਦਾ ਕਿਧਰੇ ਭੱਜ ਜਾਣ ਨੂੰ ਮਨ ਕਰਦਾ। ਕਿਤੇ ਚੈਨ ਨਹੀਂ। ਇਕ- ਇਕ ਪਲ ਮੌਤ ਜਿਹਾ ਲਗਦਾ।

ਥੋੜ੍ਹੇ ਦਿਨਾਂ ਬਾਅਦ ਅਚਾਨਕ ਹੀ ਸੁਨੀਤਾ ਦੇ ਪੇਕਿਆਂ ਤੋਂ ਕਈ ਬੰਦੇ ਆ ਧਮਕੇ। ਉਹਨਾਂ ਵਿਚ ਉਸ ਦਾ ਬਾਪੂ ਅਤੇ ਦੋਵੇਂ ਭਾਈ ਵੀ ਸਨ। ਉਨ੍ਹਾਂ ਦੇ ਇਸ ਤਰ੍ਹਾਂ ਪੰਚਾਇਤ ਬੰਨ੍ਹ ਕੇ ਅਣਪਟੱਕੇ ਹੀ ਆ ਜਾਣਾ ਇਕੱਲੀ ਸੁਨੀਤਾ ਤੋਂ ਬਿਨਾ ਸਭ ਨੂੰ ਹੈਰਾਨ ਕਰ ਗਿਆ। ਬਲਵੰਤ ਦੀ ਮਾਂ ਦਾ ਮੱਥਾ ਠਣਕਿਆ। ਉਸ ਦੇ

ਭਾਅ ਦੀ ਬਣ ਗਈ। ਉਹਨਾਂ ਦਾ ਆਉਣਾ ਅਣਹੋਣੀ ਜਿਹੀ ਗੱਲ ਲੱਗੀ।

''ਚੱਲ ਸੁਨੀਤਾ, ਤਿਆਰ ਹੋ ਜਾ, ਪੁੱਤ।'' ਸੁਨੀਤਾ ਦੇ ਬਾਪੂ ਨੇ ਆਉਂਦਿਆਂ ਹੀ ਖੜ੍ਹੇ-ਖੜ੍ਹੋਤੇ ਕਿਹਾ। ਉਨ੍ਹਾਂ ਚਾਹ-ਪਾਣੀ ਨਾ ਪੀਤਾ। ਬੈਠੇ ਵੀ ਨਹੀਂ। ਉਹ ਨਾ ਲੜੇ ਨਾ ਉੱਚਾ ਬੋਲੇ। ਨਾ ਕੋਈ ਉਲਾਂਭਾ ਦਿੱਤਾ। ਉਂਜ ਸੁਨੀਤਾ ਦੇ ਭਾਈ ਬਲਵੰਤ ਵੱਲ ਕੌੜਾ-ਕੌੜਾ ਜ਼ਰੂਰ ਝਾਕੇ। ਬਲਵੰਤ ਬੇਪਰਵਾਹ ਜਿਹਾ ਹੋ ਕੇ ਘਰੋਂ ਨਿਕਲ ਗਿਆ।

''ਤੁਸੀਂ ਬੈਠ ਤਾਂ ਜਾਓ ਸਾਊ,......ਪਾਣੀ-ਧਾਣੀ ਤਾਂ ਪੀ ਲੋ.....।'' ਮਾਂ ਨੇ ਸੁਨੀਤਾ ਦੇ ਭਾਈਆਂ ਨੂੰ ਕਿਹਾ।

''ਬੱਸ ਬੈਠੇ ਈ ਆਂ.....ਛੇਤੀ ਕਰ, ਭੈਣੇ.....।'' ਸੁਨੀਤਾ ਦਾ ਵੱਡਾ ਭਾਈ ਬੋਲਿਆ।

''ਪਰ ਤੁਸੀਂ ਗੱਲ ਤਾਂ ਦੱਸੋ......ਸੁਨੀਤਾ ਨੂੰ ਤਾਂ ਜੀਅ ਸਦਕੇ ਲੈਜੀਓ....।''

''ਦੱਸੀਆਂ ਈ ਨੇ ਗੱਲਾਂ.....।'' ਸੁਨੀਤਾ ਦਾ ਬਾਪੂ ਬੋਲਿਆ। ਉਹਨਾਂ ਦਾ ਰਵੱਈਆ ਦੇਖ ਕੇ ਬਲਵੰਤ ਦੀ ਮਾਂ ਹੱਥ ਮਲਦੀ ਰਹਿ ਗਈ।

''ਕਿਉਂ ਕੁੜੇ ਬਹੂ, ਤੂੰ ਹੀ ਦੱਸ ਦੇ ਪੁੱਤ, ਕੀ ਗੱਲ ਹੋਗੀ.....ਬਲਵੰਤ ਨੇ ਕੁਸ ਕਹਿਤਾ ਕਿ....? ਮੈਂ ਤੈਨੂੰ ਕੈਅ ਦਿਨਾਂ ਦੀ ਪੁੱਛੀ ਜਾਨੀ ਆਂ।'' ਬਲਵੰਤ ਦੀ ਮਾਂ ਅੰਦਰ ਜਾਣ ਲਈ ਤਿਆਰੀ ਕਰਦੀ ਸੁਨੀਤਾ ਕੋਲ ਜਾ ਖੜ੍ਹੀ ਹੋਈ, ''ਨਾ ਪੁੱਤ,.....ਐਂ ਨ੍ਹੀਂ ਕਰੀਂਦਾ....ਜੇ ਕੋਈ ਗੱਲ ਹੋਗੀ, ਆਪੇ ਠੀਕ ਹੋਜੂ.......ਐਮੀਂ ਨ੍ਹੀਂ ਮਨ ਮੋਟਾ ਕਰੀਦਾ......।'' ਮਾਂ ਨੇ ਉਸ ਦੀ ਮਿੰਨਤ ਕੀਤੀ, ਪਰ ਸੁਨੀਤਾ ਕੁਝ ਨਹੀਂ ਬੋਲੀ। ਸਗੋਂ ਸੰਦੂਕ ਵਿਚ ਕੱਪੜੇ-ਲੱਤੇ ਪਾਉਂਦੀ ਰਹੀ।

ਜਾਣ ਲੱਗੇ ਸੁਨੀਤਾ ਦੇ ਬਾਪੂ ਨੇ ਕਿਹਾ, ''ਉਹਨੂੰ ਕਹਿ ਦਿਓ, ਜਦੋਂ ਉਹਦਾ ਦਮਾਗ ਠੀਕ ਹੋ ਜੇ, ਜਾ ਕੇ ਲੈ ਆਊ।''

ਸ਼ਾਮੀਂ ਬਲਵੰਤ ਘਰੇ ਆਇਆ ਤਾਂ ਮਾਂ ਦਾ ਮੂੰਹ ਸੁਤਿਆ ਪਿਆ ਸੀ। ਉਸ ਨੂੰ ਘਰ ਖਾਲੀ-ਖਾਲੀ ਲੱਗ ਰਿਹਾ ਸੀ। ਉਹ ਵਿਹੜੇ ਵਿਚ ਇਕੱਲੀ ਜਣੀ ਡੌਰ-ਭੌਰ ਹੋਈ ਬੈਠੀ ਸੀ।

''ਉਹ ਤਾਂ ਪੇਕੇ ਵਗਗੀ ਭਾਈ।'' ਮਾਂ ਨੇ ਉਦਾਸ ਲਹਿਜ਼ੇ ਵਿਚ ਕਿਹਾ।

''ਗਈ ਤਾਂ ਗਈ ਸਹੀ।'' ਬਲਵੰਤ ਨੂੰ ਜਿਵੇਂ ਕੋਈ ਚਿੰਤਾ ਨਹੀਂ ਸੀ। ਉਹ ਤਾਂ ਜਿਵੇਂ ਉਸ ਤੋਂ ਖਹਿੜਾ ਹੀ ਛੁਡਾਉਣਾ ਚਾਹੁੰਦਾ ਸੀ।

ਬੱਸ ਗੱਲ ਆਈ-ਗਈ ਹੋ ਗਈ ਹੋਵੇ ਜਿਵੇਂ। ਬਲਵੰਤ ਦੇ ਗਲ ਵਿਚ ਪਿਆ ਸੱਪ ਜਿਵੇਂ ਲਹਿ ਗਿਆ ਹੋਵੇ। ਉਸ ਨੂੰ ਆਪਣਾ ਆਪ ਸੌਖਾ-ਸੌਖਾ ਲੱਗਿਆ। ਮਨ ਹਲਕਾ ਹੋ ਗਿਆ, ਉਸ ਨੂੰ ਸਭ ਕੁਝ ਚੰਗਾ-ਚੰਗਾ ਲੱਗਣ ਲੱਗਿਆ। ਉਹ ਆਪਣੇ ਕੰਮ-ਧੰਦੇ ਵਿਚ ਪਰਚ ਗਿਆ। ਪਰ ਮਾਂ ਦੁਖੀ ਸੀ। ਉਹ ਹਾਰ ਜਿਹੀ ਗਈ।

ਦਿਨ-ਰਾਤ, ਦਿਨ-ਰਾਤ ਲੰਘਦੇ ਗਏ । ਸੁਨੀਤਾ ਦੇ ਪੇਕਿਆਂ ਤੋਂ ਨਾ ਚਿੱਠੀ ਨਾ ਪੱਤਰ, ਸੁੱਖ ਨਾ ਸੁਨੇਹਾ ! ਮਾਂ ਨੂੰ ਦਿਨ ਰਾਤ ਪੁੱਤ ਦਾ ਝੋਰਾ ਵੱਢ-ਵੱਢ ਖਾਂਦਾ।

ਰਾਤੀਂ ਸੁਰਿੰਦਰ ਕੌਰ ਦਾ ਹਾਸਾ ਸੁਣਦਿਆਂ ਜਿਵੇਂ ਸੁਨੀਤਾ ਦਿਨਾਂ ਵਿਚ ਹੀ ਬਲਵੰਤ ਦੇ ਮਨ ਵਿਚੋਂ ਮਨਫ਼ੀ ਹੋ ਗਈ ਹੋਵੇ। ਉਸ ਦਾ ਹਾਸਾ ਸਾਰੇ ਕਮਰੇ ਵਿਚ ਫੈਲ ਜਾਂਦਾ। ਕਮਰਾ ਵੀ ਅਤੇ ਕੰਧਾਂ ਵੀ ਉਹੀ ਹਾਸਾ ਹੱਸਦੀਆਂ।

ਫਿਰ ਮਾਂ ਦੇ ਕੰਨੀਂ ਕਨਸੋਅ ਪਈ ਕਿ ਸੁਨੀਤਾ ਦੇ ਮਾਪੇ ਉਸ ਨੂੰ ਕਿਤੇ ਹੋਰ ਬਿਠਾਉਣ ਦੀ ਤਿਆਰੀ ਕਰ ਰਹੇ ਹਨ। ਉਸ ਨੂੰ ਹੱਥਾਂ ਪੈਰਾਂ ਦੀ ਪੈ ਗਈ। ਮਾਂ ਬਹੁਤ ਕਲਪੀ, ਬਲਵੰਤ ਨੂੰ ਅੰਤਾਂ ਦਾ ਸਮਝਾਇਆ, ''ਤੂੰ ਜਾ ਕੇ ਬਹੂ ਨੂੰ ਲੈ ਆ। ਅਜੇ ਕੁਸ ਨ੍ਹੀਂ ਹੋਇਆ.....ਜੇ ਅਗਲੇ ਨੇ ਕਿਤੇ ਹੋਰ ਬਹਾਤੀ......ਸਾਰੀ ਉਮਰ ਧੱਕੇ ਖਾਂਦਾ ਰਹਿ ਜੇਂਗਾ.......।''

''ਬਹਾ ਦੇਣ ਦੇ......।'' ਬਲਵੰਤ ਜਾਣਦਾ ਸੀ ਕਿ ਸੁਰਿੰਦਰ ਕੌਰ ਵਿਆਹੀ ਹੋਈ ਹੈ। ਕਿੰਨਾ



ਸਮਾਂ ਹੋ ਗਿਆ ਸੀ ਉਸ ਦਾ ਵਿਆਹ ਹੋਇਆਂ। ਉਸ ਦੇ ਬੱਚੇ ਵੀ ਉਡਾਰ ਹੋ ਗਏ ਹੋਣਗੇ। ਪਰ ਉਸ ਨੂੰ ਜਿਵੇਂ ਅਜੇ ਵੀ ਕੋਈ ਆਸ ਸੀ ਕਿ ਸੁਰਿੰਦਰ ਕੌਰ ਉਸ ਦੇ ਕੋਲ ਆ ਬੈਠੇਗੀ, ਖਿੜ ਖਿੜਾ ਕੇ ਹੱਸੇਗੀ – ਸਜੀ-ਸੰਵਰੀ ਸੁਰਿੰਦਰ ਕੌਰ ! ਹੱਥ ਮਹਿੰਦੀ ਰੱਤੇ ਸਨ। ਮੱਥੇ ਉੱਤੇ ਬਿੰਦੀ। ਗਲ ਵਿਚ ਸੋਨੇ ਦਾ ਹਾਰ। ਬਾਹਾਂ ਵਿਚ ਲਾਲ ਸੁਰਖ਼ ਚੂੜੀਆਂ ਅਤੇ ਸੋਨੇ ਦੇ ਕੰਗਣ ! ਪਤਲੀਆਂ-ਗੋਰੀਆਂ ਉਂਗਲਾਂ ਵਿਚ ਛਾਪਾਂ ਅਤੇ ਛੱਲੇ.......।

ਉਹ ਆਨੀਂ-ਬਹਾਨੀਂ ਸੁਰਿੰਦਰ ਦੇ ਘਰ ਦੇ ਮੂਹਰ ਦੀ ਚੱਕਰ ਕੱਢਦਾ। ਸਵੇਰੇ ਵੀ ਅਤੇ ਸ਼ਾਮ ਨੂੰ ਵੀ। ਸ਼ਾਇਦ ਉਹ ਆਪਣੇ ਪੇਕੇ ਹੀ ਮਿਲਣ ਆਈ ਹੋਵੇ। ਉਸਨੂੰ ਉਸਦੀ ਇਕ ਝਲਕ ਹੀ ਦੇਖਣ ਲਈ ਮਿਲ ਜਾਵੇ।

ਕਈ ਸਾਲ ਇੰਜ ਹੀ ਲੰਘ ਗਏ। ਮਾਂ ਦਿਨ-ਰਾਤ ਚਿੰਤਾ ਕਰਦੀ। ਪਰ ਬਲਵੰਤ ਉੱਤੇ ਕੋਈ ਅਸਰ ਨਹੀਂ ਸੀ। ਵਿਆਹ ਵਾਲੀ ਘਟਨਾ ਜਿਵੇਂ ਉਸ ਦੀ ਜ਼ਿੰਦਗੀ ਵਿਚ ਘਟੀ ਹੀ ਨਾ ਹੋਵੇ। ਸੁਨੀਤਾ ਦਾ ਉਸ ਦੀ ਜ਼ਿੰਦਗੀ ਵਿਚ ਕੋਈ ਅਰਥ ਹੀ ਨਾ ਹੋਵੇ।

ਸੁਨੀਤਾ ਦੇ ਸਹੁਰਿਆਂ ਨੇ ਵੀ ਮੁੜ ਕੋਈ ਉੱਘ-ਸੁੱਘ ਨਹੀਂ ਲਈ ਸੀ ਅਤੇ ਨਾ ਹੀ ਕੋਈ ਆਇਆ ਸੀ। ਸੁੱਖ-ਸਾਂਦ ਦੀ ਚਿੱਠੀ ਵੀ ਨਹੀਂ ਆਈ। ਉਨ੍ਹਾਂ ਨੇ ਬਿਲਕੁਲ ਹੀ ਚੁੱਪ ਧਾਰ ਲਈ ਸੀ। ਉਨ੍ਹਾਂ ਦੀ ਇਹ ਚੁੱਪ ਬਲਵੰਤ ਦੀ ਮਾਂ ਲਈ ਅਸਹਿ ਸੀ। ਉਹ ਵਿਚੇ ਵਿਚ ਝੂਰਦੀ ਰਹਿੰਦੀ। ਉਹ ਸੋਚਦੀ ਸੀ ਕਿ ਹੁਣ ਤੱਕ ਤਾਂ ਉਸਦੇ ਵਿਹੜੇ ਵਿਚ ਨਿੱਕੇ-ਨਿੱਕੇ ਜਿਹੇ ਬਾਲ ਖੇਡਦੇ ਹੁੰਦੇ।

ਸ਼ੁਰੂ-ਸ਼ੁਰੂ ਵਿਚ ਸੁਨੀਤਾ ਦੀ ਹੀ ਇਕ ਚਿੱਠੀ ਆਈ ਸੀ। ਬੱਸ, ਆਪਣਾ ਕਸੂਰ ਪੁੱਛਿਆ ਸੀ। ਖ਼ਤ ਬਲਵੰਤ ਦੇ ਨਾਂ ਸੀ। ਉਸ ਨੂੰ ਹੀ ਡਾਕੀਆ ਦੇ ਗਿਆ ਸੀ। ਬਲਵੰਤ ਨੇ ਖ਼ਤ ਪੜ੍ਹ ਕੇ ਪਾੜ ਦਿੱਤਾ ਸੀ। ਮਾਂ ਨੂੰ ਵੀ ਨਹੀਂ ਦੱਸਿਆ। ਫਿਰ ਸੁਨੀਤਾ ਨੇ ਵੀ ਖ਼ਤ ਨਹੀਂ ਲਿਖਿਆ। ਜਿਵੇਂ ਸਭ ਕਾਸੇ ਦਾ ਸਿਲਸਿਲਾ ਹੀ ਖਤਮ ਹੋ ਗਿਆ ਹੋਵੇ।

ਬੀਤਦੇ ਦਿਨਾਂ ਨਾਲ ਫਿਰ ਹੌਲੀ-ਹੌਲੀ ਸੁਰਿੰਦਰ ਕੌਰ ਦਾ ਹਾਸਾ ਵੀ ਗੁੰਮ ਹੋਣ ਲੱਗ ਪਿਆ। ਹੁਣ ਉਹ ਰਾਤਾਂ ਨੂੰ ਉਸ ਕੋਲ ਨਹੀਂ ਆਉਂਦੀ ਸੀ। ਉਸ ਕੋਲ ਨਹੀਂ ਬੈਠਦੀ ਸੀ। ਖਿੜ ਖਿੜਾ ਕੇ ਹੱਸਦੀ ਨਹੀਂ ਸੀ।

ਸੁਰਿੰਦਰ ਦਾ ਹਾਸਾ ਸੁਣਿਆਂ ਵੀ ਬਲਵੰਤ ਨੂੰ ਹੁਣ ਕਿੰਨਾ ਸਮਾਂ ਹੋ ਗਿਆ ਸੀ। ਹੌਲੀ-ਹੌਲੀ ਉਹ ਹਾਸਾ ਵੀ ਉਹ ਭੁੱਲ ਗਿਆ।

ਫਿਰ ਇਕ ਦਿਨ ਉਹ ਸ਼ਾਮੀਂ ਘਰੇ ਪਰਤਿਆ ਤਾਂ ਆਪਣੀ ਮਾਂ ਕੋਲ ਬੈਠੀ ਇਕ ਅਧਖੜ ਜਿਹੀ ਔਰਤ ਨੂੰ ਦੇਖ ਕੇ ਉਹ ਠਠੰਬਰ ਗਿਆ। ਸੂਰਤ ਜਾਣੀਂ-ਪਹਿਚਾਣੀਂ ਲੱਗੀ। ਉਸ ਔਰਤ ਨੇ ਵੀ ਬਲਵੰਤ ਵੱਲ ਗਹੁ ਨਾਲ ਤੱਕਦਿਆਂ ਪੁੱਛਿਆ, ''ਕੌਣ, ਬਲਵੰਤ ਐ......?''

ਉਹ ਸੁਰਿੰਦਰ ਕੌਰ ਸੀ। ਕਈ ਸਾਲਾਂ ਬਾਅਦ ਪੇਕੇ ਮਿਲਣ ਆਈ ਉਹ ਉਹਨਾਂ ਦੇ ਘਰ ਆ ਗਈ। ਬਲਵੰਤ ਉਸ ਵੱਲ ਤੱਕਦਾ ਰਿਹਾ। ਉਹ ਤਾਂ ਸੁਰਿੰਦਰ ਕੌਰ ਲੱਗਦੀ ਹੀ ਨਹੀਂ ਸੀ। ਵਾਲਾਂ ਵਿਚ ਸਫੈਦੀ ਸੀ। ਚਿਹਰੇ ਦਾ ਲਾਲ-ਝਰੰਗ ਰੰਗ ਪੀਲੀ ਭਾਹ ਮਾਰਨ ਲੱਗ ਪਿਆ ਸੀ। ਝੁਰੜੀਆਂ ਵੀ ਚਿਹਰੇ ਉੱਤੇ ਆਪਣੇ ਨਿਸ਼ਾਨ ਛੱਡਣ ਲੱਗ ਪਈਆਂ ਸਨ। ਸਭ ਕੁਝ ਹੀ ਜਿਵੇਂ ਬਦਲ ਗਿਆ ਸੀ। ਉਸ ਦੇ ਨਾਲ ਦੋ ਬੱਚੇ ਵੀ ਸਨ। ਇਕ ਛੇਆਂ ਕੁ ਵਰ੍ਹਿਆਂ ਦਾ ਮੁੰਡਾ ਅਤੇ ਇਕ ਤਿੰਨਾਂ ਕੁ ਸਾਲਾਂ ਦੀ ਕੁੜੀ !

''ਪਛਾਣ ਲਿਆ ਮੈਨੂੰ.......?'' ਸੁਰਿੰਦਰ ਕੌਰ ਬਲਵੰਤ ਵੱਲ ਦੇਖ ਕੇ ਖਿੜਾ ਖਿੜਾ ਕੇ ਹੱਸ ਪਈ। ਇਹ ਉਹ ਹਾਸਾ ਤਾਂ ਨਹੀਂ ਸੀ ਜੋ ਉਹ ਉਸ ਕੋਲ ਸੁਪਨੇ ਵਿਚ ਹੱਸਦੀ ਸੀ ! ਪਰ ਉਸ ਦਾ ਪਹਿਲਾਂ ਵਾਲਾ ਹਾਸਾ ਕਿੱਥੇ ਸੀ? ਸ਼ਾਇਦ ਸਮੇਂ ਨੇ ਖੋਹ ਲਿਆ ਸੀ। ਬਲਵੰਤ ਨੇ ਉਸ ਦਾ ਕੋਈ ਜਵਾਬ ਨਹੀਂ ਦਿੱਤਾ।

''ਤੂੰ ਤਾਂ ਆਪ ਭਾਈ ਬਲਵੰਤ, ਬੁੜ੍ਹਾ ਜ੍ਹਾ ਹੁੰਦਾ ਜਾਨੈਂ......। ਤੇਰਾ ਤਾਂ ਅੱਧਾ ਸਿਰ ਚਿੱਟਾ ਹੋ ਗਿਆ।'' ਸੁਰਿੰਦਰ ਕੌਰ ਨੇ ਸੁਭੈਕੀ ਕਿਹਾ ਤਾਂ ਉਹ ਸਿਰ ਤੋਂ ਪੈਰਾਂ ਤੱਕ ਕੰਬ ਗਿਆ। 'ਬੁੜ੍ਹਾ ਹੋਣਾ' ਉਸ ਨੂੰ ਝਰੀਟ ਗਿਆ। ਸਫੈਦ ਵਾਲਾਂ ਨੇ ਉਸ ਦੇ ਪੈਰਾਂ ਹੇਠੋਂ ਜ਼ਮੀਨ ਹਿਲਾ ਦਿੱਤੀ। ਵਾਲਾਂ ਦੇ ਚਿੱਟੇ ਹੋਣ ਬਾਰੇ ਤਾਂ

ਉਸ ਨੂੰ ਕਦੇ ਖਿਆਲ ਹੀ ਨਹੀਂ ਆਇਆ ਸੀ।

"ਕੀ ਬਾਲ ਬੱਚੇ......?" ਸੁਰਿੰਦਰ ਕੌਰ ਦੀ ਇਸ ਗੱਲ ਦਾ ਨਾ ਮਾਂ ਅਤੇ ਨਾ ਬਲਵੰਤ ਨੇ ਹੀ ਕੋਈ ਜਵਾਬ ਦਿੱਤਾ।

"ਕੀ ਗੱਲ.....?"

"ਕੀ ਦੱਸਾਂ ਭਾਈ, ਛੱਡੀ ਬੈਠੈ। ਪਤਾ ਨ੍ਹੀਂ ਮਨਾਂ 'ਚ ਇਹੋਜੀ ਕੀ ਘੁੰਢੀ ਪਈ ਐ, ਇਹ ਏਥੇ ਧੱਕੇ ਖਾਂਦਾ ਫਿਰਦੈ, ਉਹ ਪੇਕੇ ਬੈਠੀ ਐ। ਪੂਰੇ ਪੰਜ ਸਾਲ ਹੋਗੇ। ਇਹੀ ਉਮਰ ਸੀ......ਮੈਂ ਤਾਂ ਬਥੇਰਾ ਕਿਹੈ......।"

"ਇਹੋਜੀ ਕੀ ਗੱਲ ਹੋਗੀ ਭਾਈ?" ਸੁਰਿੰਦਰ ਕੌਰ ਨੇ ਕਿਹਾ ਤਾਂ ਬਲਵੰਤ ਨੇ ਨੀਵੀਂ ਪਾ ਲਈ।

"ਲਿਆ ਭਾਈ, ਜਾ ਕੇ......ਇਕ ਦਿਨ ਤਾਂ ਲਿਆਏ ਈ ਸਰੂ, ਐਂ ਤਾਂ ਜ਼ਿੰਦਗੀ ਵੀ ਨ੍ਹੀਂ ਨਿਕਲਣੀ.....।" ਸੁਰਿੰਦਰ ਕੌਰ ਬੋਲੀ।

ਬਲਵੰਤ ਉੱਥੋਂ ਹਿੱਲ ਕੇ ਕਮਰੇ ਵਿਚ ਚਲਿਆ ਗਿਆ। ਸੁਰਿੰਦਰ ਦੀ ਬੁੱਢੇ ਹੁੰਦੇ ਜਾਣ ਵਾਲੀ ਗੱਲ ਉਸ ਨੂੰ ਵਲੂੰਧਰ ਰਹੀ ਸੀ। ਉਹ ਸ਼ੀਸ਼ੇ ਅੱਗੇ ਜਾ ਖੜ੍ਹਾ ਹੋਇਆ। ਸਿਰ ਤਾਂ ਸੱਚਮੁਚ ਹੀ ਅੱਧਾ ਚਿੱਟਾ ਹੋਇਆ ਪਿਆ ਸੀ। ਪਹਿਲਾਂ ਤਾਂ ਉਹ ਹਰ ਰੋਜ਼ ਹੀ ਸ਼ੀਸ਼ਾ ਦੇਖਦਾ ਸੀ, ਪਰ ਚਿੱਟੇ ਵਾਲਾਂ ਦਾ ਕਦੇ ਪਤਾ ਹੀ ਨਹੀਂ ਲੱਗਿਆ। ਸ਼ੀਸ਼ੇ ਵਿਚ ਉਸ ਨੂੰ ਆਪਣਾ ਚਿਹਰਾ ਬੁੱਢਾ-ਬੁੱਢਾ ਲੱਗਾ। ਦੇਖਦੇ ਹੀ ਦੇਖਦੇ ਜਿਵੇਂ ਉਸ ਦਾ ਸਾਰਾ ਸਿਰ ਚਿੱਟਾ ਹੋ ਗਿਆ ਹੋਵੇ। ਮੂੰਹ ਝੁਰੜਾ ਗਿਆ ਹੋਵੇ.....ਹੱਥ ਵਿਚ ਡੰਗੋਰੀ ! ਉਹ ਅੰਤਾਂ ਦਾ ਉਦਾਸ ਹੋ ਗਿਆ । ਉਮਰ ਦੇ ਕਿੰਨੇ ਹੀ ਵਰ੍ਹੇ ਅੱਖ ਝਪਕਦੇ ਹੀ ਕਿਰ ਗਏ ਸਨ। ਉਸ ਨੇ ਆਪਣੇ ਹੱਥਾਂ ਵੱਲ ਤੱਕਿਆ। ਵਕਤ ਮੁੱਠੀਆਂ ਵਿਚ ਕਿੱਥੇ ਕੈਦ ਸੀ ! ਵਕਤ ਤਾਂ ਚਲ-ਚਲ ਵਹਿੰਦਾ ਰਿਹਾ ਹੈ। ਮੁੱਠੀਆਂ ਤਾਂ ਖਾਲੀ ਸਨ। ਵਕਤ ਤਾਂ ਕਦੇ ਵੀ ਖੜੋਤਾ ਨਹੀਂ। ਕੁਝ ਵੀ ਕਦੇ ਖੜੋਤਾ ਨਹੀਂ। ਸਭ ਕੁਝ ਚਲਾਏਮਾਨ ਹੈ। ਸਮਾਂ, ਸੂਰਜ, ਚੰਦ ਧਰਤੀ, ਮੌਸਮ......ਜ਼ਿੰਦਗੀ ! ਉਸ ਨੂੰ ਲੱਗਾ, ਜਿਵੇਂ ਖੜੋਤੀ ਤਾਂ ਉਸ ਦੀ ਆਪਣੀ ਸੋਚ ਹੈ। ਸਮਾਂ ਤਾਂ ਲਗਾਤਾਰ ਚੱਲ ਰਿਹਾ ਹੈ। ਜੋ ਉਸ ਦੀ ਖੜੋਤੀ ਸੋਚ ਨੂੰ ਲਗਾਤਾਰ ਨਿਗਲ ਰਿਹਾ ਹੈ। ਪਿਛਲੇ ਕਿੰਨੇ ਸਾਲਾਂ ਤੋਂ ਖੜੋਤੀ ਸੋਚ ਵਿੱਚੋਂ ਜਿਵੇਂ ਖੜ੍ਹੋਤੇ ਪਾਣੀਆਂ ਵਾਂਗ ਸੜਹਾਂਦ ਮਾਰਨ ਲੱਗ ਪਈ ਹੋਵੇ ਅਤੇ ਉਸ ਉੱਤੇ ਕਾਈ ਜੰਮ ਗਈ ਹੋਵੇ। ਉਸ ਨੂੰ ਆਪਣੇ ਆਪ ਵਿਚੋਂ ਵੀ ਸੜਹਾਂਦ ਜਿਹੀ ਆਈ।

ਉਸ ਦੀਆਂ ਅੱਖਾਂ ਵਿਚ ਵਿਹੜੇ ਵਿਚ ਮਾਂ ਕੋਲ ਬੈਠੀ ਸੁਰਿੰਦਰ ਕੌਰ ਤੈਰ ਗਈ। ਵਕਤ ਨੇ ਤਾਂ ਉਸ ਦੇ ਹਾਸੇ ਨੂੰ ਵੀ ਨਹੀਂ ਛੱਡਿਆ।

"ਲਿਆ ਭਾਈ, ਜਾ ਕੇ......ਇਕ ਦਿਨ ਤਾਂ ਲਿਆਏ ਈ ਸਰੂ।" ਸੁਰਿੰਦਰ ਕੌਰ ਦੀ ਇਹ ਗੱਲ ਕੰਨਾਂ ਵਿਚ ਗੂੰਜ ਗਈ। ਅਚਾਨਕ ਹੀ ਜਿਵੇਂ ਸਭ ਕੁਝ ਬਦਲ ਗਿਆ ਹੋਵੇ। ਮਨ ਵਿਚ ਝੁਲਦਾ ਤੂਫ਼ਾਨ ਸ਼ਾਂਤ ਹੋ ਗਿਆ ਹੋਵੇ।

ਉਹ ਕਾਹਲੀ ਨਾਲ ਵਿਹੜੇ ਵਿਚ ਆ ਗਿਆ। ਸੁਰਿੰਦਰ ਕੌਰ ਆਪਣੇ ਬੱਚਿਆਂ ਨੂੰ ਲੈ ਕੇ ਚਲੀ ਗਈ ਸੀ। ਵਿਹੜੇ ਵਿਚ ਮਾਂ ਇਕੱਲੀ ਹੀ ਬੈਠੀ ਸੀ। ਉਸਨੇ ਪਲ ਕੁ ਲਈ ਮਾਂ ਕੋਲ ਪੈਰ ਮਲਿਆ, "ਸ਼ੈਦ ਰਾਤ ਨੂੰ ਮੈਂ ਘਰੇ ਨਾ ਆਵਾਂ।"

"ਕਿਉਂ, ਕਿਤੇ ਬਾਹਰ ਚੱਲਿਐਂ?" ਮਾਂ ਨੇ ਪੁੱਛਿਆ।

ਬਲਵੰਤ ਨੇ ਕੇਵਲ 'ਹਾਂ' ਵਿਚ ਸਿਰ ਹਿਲਾਇਆ ਅਤੇ ਕਾਹਲੀ ਨਾਲ ਘਰੋਂ ਬਾਹਰ ਨਿਕਲ ਗਿਆ - ਸਹੁਰਿਆਂ ਨੂੰ ਜਾਣ ਵਾਲੀ ਗੱਡੀ ਚੜ੍ਹ ਕੇ ਸੁਨੀਤਾ ਨੂੰ ਲਿਆਉਣ ਲਈ ! ੦

ਪਤਾ-ਮਾਨਸਾ-151505



## ਕਲਰਕ ਰਾਧੇਸ਼ਾਮ ਦੀ ਜ਼ਿੰਦਗੀ ਦਾ ਇਕ ਦਿਨ / ਬਲਬੀਰ ਪਰਵਾਨਾ

ਅਸਮਾਨ 'ਤੇ ਕਿਤੇ ਕਿਤੇ ਤਿੱਤਰ-ਖੰਭੀਆਂ ਬੱਦਲੀਆਂ ਦੀਹਦੀਆਂ ਹਨ। ਧੁੱਪ ਖਿੜੀ ਹੋਈ ਹੈ ਜਿਵੇਂ ਕਿ ਜੁਲਾਈ ਦੇ ਅੱਧ ਦੇ ਆਸਪਾਸ ਕਿਸੇ ਮੀਂਹ ਵਾਲੀ ਸਵੇਰ ਤੋਂ ਬਾਅਦ ਸ਼ਾਮ ਨੂੰ ਹੁੰਦੀ ਹੈ। ਰੁੱਖਾਂ ਪੌਦਿਆਂ ਦੇ ਲਿਸ਼ਕਦੇ ਪੱਤੇ, ਹਰ ਚੀਜ਼ ਨਿਖਰੀ ਨਿਖਰੀ ਹੋਈ। ਬੀਤੇ ਦੋ-ਤਿੰਨ ਦਿਨ ਵਾਹਵਾ ਗਰਮੀ ਰਹੀ ਸੀ, ਹੁੰਮਸ। ਰਾਤੀਂ ਤੇਜ਼ ਵਾਛੜ ਨਾਲ ਸ਼ੁਰੂ ਹੋਇਆ ਮੀਂਹ ਸਵੇਰੇ ਅੱਠ ਨੌਂ ਵਜੇ ਤੱਕ ਲੱਗਾ ਰਿਹਾ। ਹਰ ਚੀਜ਼ ਹੀ ਉਸ ਵਿੱਚ ਧੋਤੀ ਗਈ। ਮੌਸਮ 'ਚ ਵੀ ਸੁਹਾਵਣੀ ਠੰਢਕ ਘੁੱਲ ਗਈ ਹੈ। ਮੈਂ ਕੁਰਸੀ 'ਤੇ ਬੈਠਾ ਗਮਲੇ 'ਚ ਲੱਗੀ ਬੋਗਨਵਿਲੀਆ ਦੀ ਵੇਲ ਨੂੰ ਦੇਖ ਰਿਹਾ ਹਾਂ। ਕਿੰਨੇ ਉੱਜਲੇ ਉੱਜਲੇ ਹਨ ਇਸਦੇ ਫੁੱਲ ਪੱਤੇ। ਉਂਜ ਤਾਂ ਦਸ ਬਾਰਾਂ ਗਮਲੇ ਹੋਰ ਵੀ ਹਨ ਤੇ ਹਰ ਇਕ 'ਚ ਵੱਖਰੀ-ਵੱਖਰੀ ਤਰ੍ਹਾਂ ਦਾ ਪੌਦਾ ਹੈ। ਪਰ ਇਕ ਪਾਮ ਤੇ ਇਕ ਇਹ ਬੋਗਨਵਿਲੀਆ ਨਾਂ ਮੈਨੂੰ ਇਹਨਾਂ ਦੋਹਾਂ ਦੇ ਹੀ ਪਤਾ ਹਨ। ਬਾਕੀਆਂ ਦੇ ਨਾਵਾਂ ਦਾ ਚੇਤਾ ਨਹੀਂ ਰਹਿੰਦਾ। ਅਵੀ ਨੇ ਦੱਸਿਆ ਤਾਂ ਕਈ ਵਾਰ ਹੈ ਪਰ ਇਹ ਫਿਰ ਜ਼ਿਹਨ 'ਚੋਂ ਨਿਕਲ ਜਾਂਦੇ ਹਨ। ਸ਼ੁਰੂ ਸ਼ੁਰੂ 'ਚ ਜਦੋਂ ਉਸਨੇ ਗਮਲੇ ਲਿਆਂਦੇ ਤਾਂ ਮੈਂ ਚਿੜਿਆ ਸਾਂ। ਕਿਰਾਏ ਦੇ ਘਰਾਂ 'ਚ ਇਹ ਸ਼ੌਕ ਪਾਲਣਾ ਕਾਫ਼ੀ ਔਖਾ ਹੁੰਦਾ ! ਇਕ ਤਾਂ ਥਾਂ ਉਨੀ ਕੁ ਤੇ ਫਿਰ ਜਦੋਂ ਘਰ ਬਦਲਣਾ ਪਵੇ ਤਾਂ ਕਿਥੇ ਇਹਨਾਂ ਨੂੰ ਢੋਂਦੇ ਫਿਰੋ ! ਸਾਮਾਨ ਲਿਜਾਣਾ ਹੀ ਔਖਾ ਹੁੰਦਾ। ਪਰ ਉਸਨੇ ਲੈ ਹੀ ਆਂਦੇ। ਹੁਣ ਜਦੋਂ ਪੌਦੇ ਫੈਲਰਕੇ ਫੁੱਲ ਪੈਣ ਲੱਗੇ ਤਾਂ ਸੁਹਣੇ ਲੱਗਦੇ ਹਨ। ਮੈਂ ਕਈ ਵਾਰ ਜਦੋਂ ਵਿਹਲਾ ਹੋਵਾਂ ਤਾਂ ਕਿੰਨੀ ਕਿੰਨੀ ਦੇਰ ਇਹਨਾਂ ਨੂੰ ਵੇਹੰਦਾ ਰਹਿੰਦਾ ਹਾਂ।

ਉਂਜ ਵੀ ਇਸ ਕਲੋਨੀ 'ਚ ਫੁੱਲ ਬੂਟੇ ਰੁੱਖ ਆਮ ਹੀ ਹਨ। ਖੁੱਲੀਆਂ ਖੁੱਲੀਆਂ ਕੋਠੀਆਂ ਹਨ ਦੋ ਦੋ ਢਾਈ ਢਾਈ ਕਨਾਲ ਦੀਆਂ। ਫੌਜੀ ਅਫ਼ਸਰਾਂ ਦੀ ਇਸ ਕਲੋਨੀ 'ਚ ਆ ਕੇ ਤਾਂ ਇੰਜ ਲਗਦਾ ਨਹੀਂ ਕਿ ਇਹ ਵੀ ਸ਼ਹਿਰ ਦਾ ਹੀ ਹਿੱਸਾ ਹੈ। ਕੋਈ ਭੀੜ ਨਹੀਂ। ਸਗੋਂ ਕਈ ਵਾਰ ਤਾਂ ਰੁੱਖਾਂ ਬੂਟਿਆਂ ਦੀ ਬਹੁਤਾਤ ਤੇ ਸ਼ਾਂਤੀ ਕਰਕੇ, ਇੰਜ ਲਗਦਾ ਹੈ ਜਿਵੇਂ ਕਿਸੇ ਪਿੰਡ 'ਚ ਆ ਗਏ ਹੋਈਏ ! ਸਾਰੀਆਂ ਕੋਠੀਆਂ ਅਤਿ-ਆਧੁਨਿਕ ਕਿਸਮ ਦੀਆਂ ਹਨ ਪਰ ਪਿੰਡ ਜਿਹੀ ਸਾਂਤੀ ਵੀ। ਅੱਜ ਤੋਂ ਪੈਂਤੀ ਚਾਲੀ ਵਰ੍ਹੇ ਪਹਿਲਾਂ ਇਹ ਕਲੋਨੀ, ਫੌਜੀ ਅਫ਼ਸਰਾਂ ਦੀ ਇਕ ਕੋਆਪਰੇਟਿਵ ਨੇ ਸਾਂਝੀ ਜ਼ਮੀਨ ਖਰੀਦ ਕੇ ਕੱਟੀ ਸੀ। ਰੈਂਕ ਦੇ ਹਿਸਾਬ ਨਾਲ ਜੁੜੀਆਂ ਕੋਠੀਆਂ। ਚੌੜੀਆਂ ਸੜਕਾਂ, ਸੜਕਾਂ ਕਿਨਾਰੇ ਰੁੱਖ। ਅਨੇਕਾਂ ਕਿਸਮ ਦੇ ਰੁੱਖ, ਛਾਂਦਾਰ ਵੀ ਤੇ ਫੁੱਲਦਾਰ ਵੀ। ਉਦੋਂ ਤਾਂ ਸ਼ਾਇਦ ਇਸ ਵਿੱਚ ਬਹੁਤ ਚਹਿਲ-ਪਹਿਲ ਹੁੰਦੀ ਹੋਵੇਗੀ ! ਉਹਨਾਂ ਦੇ ਜਵਾਨ ਬੱਚਿਆਂ ਦੇ ਕਹਿਕੇ, ਮੁਸਕਰਾਟਾਂ, ਸੁਪਨੇ, ਉਮੰਗਾਂ... ਪਰ ਹੁਣ ਬਹੁਤੀਆਂ ਕੋਠੀਆਂ 'ਚ ਰਿਟਾਇਰਡ ਅਫ਼ਸਰ ਤੇ ਉਹਨਾਂ ਦੀਆਂ ਬੀਵੀਆਂ ਹੀ ਰਹਿ ਗਈਆਂ ਹਨ। ਸੱਤਰਾਂ ਤੋਂ ਟੱਪੇ ਹੋਏ ਜੋੜੇ। ਬੱਚੇ ਬਹੁਤਿਆਂ ਦੇ ਦੇਸੋਂ ਬਾਹਰ ਸੈਟਲ ਹਨ ਜਾਂ ਫਿਰ ਆਪਣੀ ਨੌਕਰੀ ਦੀਆਂ ਥਾਵਾਂ 'ਤੇ। ਕੋਠੀਆਂ 'ਚ ਬਸ ਦੋ ਦੋ ਜੀਅ ਜਾਂ ਭਈਏ ਨੌਕਰ। ਕਿਸੇ ਕਿਸੇ ਨੇ ਇਕ ਅੱਧਾ ਕਿਰਾਏਦਾਰ ਵੀ ਰੱਖਿਆ ਹੋਇਆ ਹੈ ਜਿਵੇਂ ਕਿ ਅਸੀਂ ਹਾਂ। ਏਨੀ ਖੁੱਲ-ਡੁੱਲ 'ਚ ਰਹਿਣ ਦਾ ਮਜ਼ਾ ਤਾਂ ਹੈ ਪਰ ਤੁਹਾਡੀ ਕੋਈ ਪਹਿਚਾਣ ਨਹੀਂ ਬਣਦੀ। ਕੋਠੀਆਂ ਦੇ ਮਾਲਕਾਂ ਲਈ ਤੁਹਾਡੀ ਹਸਤੀ ਕੁਝ ਵੀ ਨਹੀਂ। ਉਹਨਾਂ ਨਾਲ ਤੁਹਾਡੀ ਕੋਈ ਸਾਂਝ ਉਸਰ ਨਹੀਂ ਸਕਦੀ। ਭਈਏ ਨੌਕਰਾਂ ਨਾਲ ਤੁਸੀਂ ਖੁਦ ਕੋਈ ਸਾਂਝ ਉਸਾਰਨੀ ਨਹੀਂ ਚਾਹੁੰਦੇ। ਹੋਰ ਕੋਈ ਹੈ ਨਹੀਂ। ਮੈਂ ਕਈ ਵਾਰ ਇਥੋਂ ਘਰ ਕਿਤੇ ਹੋਰ ਬਦਲਣ ਬਾਰੇ ਸੋਚਿਆ ਹੈ , "ਕਿਹੀ ਉਜਾੜ ਥਾਂ ਹੈ। ਸਾਡਾ ਤਾਂ ਚਲੋ ਠੀਕ ਹੈ, ਸਵੇਰੇ ਨੌਕਰੀ 'ਤੇ ਗਏ ਸ਼ਾਮੀ ਮੁੜੇ। ਪਰ ਅਵੀ... ਉਸਦੇ ਮਿਲਣ ਗਿਲਣ ਲਈ ਆਸੇ ਪਾਸੇ ਕਿਸ ਘਰ 'ਚ ਹੈ ਉਸਦੀ ਹਮਉਮਰ ਕੋਈ ਕੁੜੀ...? "

"ਉਸ ਕੋਲ ਕਿਸੇ ਨੂੰ ਮਿਲਣ ਜੋਗਾ ਟਾਈਮ ਹੀ ਕਿਥੇ ਹੈ? ਕਾਲਜ, ਟਿਊਸ਼ਨ, ਕੰਪਿਊਟਰ, ਟੀ. ਵੀ. ...।" ਰਣਜੀਤ ਨੂੰ ਇਸ ਥਾਂ ਰਹਿਣ ਦਾ ਕਰੇਜ਼ ਹੈ। ਉਂਜ ਮੈਂ ਵੀ ਇੱਥੋਂ ਜਾਣ ਬਾਰੇ ਦ੍ਰਿੜਤਾ ਨਾਲ ਕਦੀ ਨਹੀਂ ਸੋਚਿਆ। ਬਸ ਉਬਾਲ ਹੀ ਹੁੰਦਾ ਹੈ ਘੰਟਾ ਅੱਧਾ ਘੰਟਾ। ਫਿਰ ਉਹੀ ਰੁਟੀਨ ਨਾਲ ਆਤਮ ਸਾਤ। ਮੇਰਾ ਇਕ ਦੋਸਤ ਜਸਪਾਲ ਆਂਹਦਾ ਹੁੰਦਾ, "ਜਿਸਨੇ ਇਸ ਕਲੋਨੀ 'ਚ ਇਕ ਵਾਰ ਰਹਿ ਲਿਆ, ਉਸਨੂੰ ਹੋਰ

ਕਿਤੇ ਜਾ ਕੇ ਰਹਿਣ ਦੀ ਫਿਰ ਆਦਤ ਨਹੀਂ ਬਣਦੀ।''

ਬਾਹਰੋਂ ਭਾਵੇਂ ਸਭ ਕੁਝ ਸਹਿਜ ਦਿਸਦਾ ਹੈ ਪਰ ਅੰਦਰ ਹਰ ਥਾਂ ਫੌਜੀ ਅਨੁਸ਼ਾਸ਼ਨ ਰਮਿਆ ਹੋਇਆ ਹੈ। ਕਿਸੇ ਵੀ ਗਲੀ-ਮੋੜ 'ਤੇ ਤੁਹਾਨੂੰ ਵਿਹਲੇ ਗੱਪੀਆਂ ਦੀ ਢਾਣੀ ਨਹੀਂ ਦੀਹਦੀ। ਕਿਸੇ ਦੀ ਜ਼ਿੰਦਗੀ 'ਚ ਕੋਈ ਵਾਧੂ ਦਖਲ ਨਹੀਂ। ਮੁਹੱਲਿਆਂ 'ਚ ਤੁਹਾਡੀ ਜ਼ਿੰਦਗੀ ਤੁਹਾਡੀ ਨਹੀਂ ਹੁੰਦੀ ! ਤੁਸੀਂ ਇਕੋ ਵੇਲੇ ਸਮੂਹ ਦਾ ਹਿੱਸਾ ਵੀ ਹੁੰਦੇ ਹੋ ! ਚਾਹੇ-ਅਣਚਾਹੇ ਤੁਹਾਨੂੰ ਉਸ ਸਮੂਹ ਨਾਲ ਤੁਰਨਾ ਹੀ ਪੈਂਦਾ ! ! ਪਰ ਇਥੇ ਜ਼ਿੰਦਗੀ ਤੁਹਾਡੇ ਤੋਂ ਸ਼ੁਰੂ ਹੁੰਦੀ ਹੈ, ਸਮੂਹ ਤੋਂ ਲਗਪਗ ਗੈਰ ਹਾਜ਼ਰ, ਆਪਣੇ ਆਪ 'ਚ ਸਿਮਟੀ ਹੋਈ।

''ਤੁਸੀਂ ਚਾਹ ਪੀਓਗੇ? '' ਰਣਜੀਤ ਅੰਦਰੋਂ ਪੁੱਛਦੀ ਹੈ।

''ਜੇ ਬਣਾਉਣ ਲੱਗੀ ਹੈਂ ਤਾਂ ਅੱਧਾ ਕੁ ਕੱਪ ਮੇਰੇ ਲਈ ਵੀ ਬਣਾ ਲਈਂ।'' ਕਹਿੰਦਿਆਂ ਨਾਲ ਹੀ ਮੈਂ ਪੁੱਛਦਾ ਹਾਂ, ''ਅਵੀ ਅਜੇ ਟਿਊਸ਼ਨ ਤੋਂ ਨਹੀਂ ਮੁੜੀ? ਪੰਜ ਵੱਜ ਰਹੇ ਐ।''

''ਉਹ ਦੇਰ ਨਾਲ ਆਵੇਗੀ। ਕਹਿੰਦੀ ਸੀ ਉਥੋਂ ਆਪਣੀ ਸਹੇਲੀ ਨਾਲ ਆਪਣੇ ਕਿਸੇ ਜਮਾਤੀ ਦੇ ਘਰ ਜਾਣਾ ਹੈ। ... ਕੋਈ ਨੋਟਸ ਲੈਣੇ ਹਨ ਉਸਤੋਂ।''

''ਉਸਦਾ ਥੋੜਾ ਖਿਆਲ ਰੱਖਿਆ ਕਰ। ਇਸ ਉਮਰ 'ਚ ਬੱਚਿਆਂ ਨੂੰ ਆਪਣੇ ਭਲੇ-ਬੁਰੇ ਦੀ ਬਹੁਤੀ ਪਛਾਣ ਨਹੀਂ ਹੁੰਦੀ।''

''ਇਹ ਕਿਸ ਯੁੱਗ ਦੀਆਂ ਗੱਲਾਂ ਕਰਦੇ ਹੋ ਤੁਸੀਂ?'' ਕਹਿਕੇ ਉਹ ਦਰਵਾਜ਼ੇ 'ਚੋਂ ਕਿਚਨ ਵਲ ਲੰਘ ਜਾਂਦੀ ਹੈ। ਮੈਂ ਕੁਝ ਦੇਰ ਤਾਂ ਉਧਰ ਵੇਖਦਾ ਰਹਿੰਦਾ ਹਾਂ। ਜਦੋਂ ਅੰਦਰੋਂ ਭਾਂਡੇ ਖੜਕਣ ਦੀ ਛੇੜ ਸੁਣਦੀ ਹੈ ਤਾਂ ਉਧਰੋਂ ਧਿਆਨ ਹਟਾ ਸਾਹਮਣੇ ਦੇਖਣ ਲਗ ਪੈਂਦਾ ਹਾਂ। ਸੜਕ ਤੋਂ ਪਾਰ ਸਾਹਮਣਲੀ ਕੋਠੀ 'ਚ ਲੱਗੀ ਅਸ਼ੋਕਾ ਦੀ ਪਾਲ, ਉਪਰੋਂ ਫੈਲਰਕੇ ਏਨੀ ਸੰਘਣੀ ਹੋ ਗਈ ਹੈ ਕਿ ਉਸਤੋਂ ਪਾਰ ਕੁਝ ਨਹੀਂ ਦੀਹਦਾ। ਨਾ ਕੰਧਾਂ ਨਾ ਘਰ। ਉਪਰ ਨੀਲਾ ਅਸਮਾਨ ਦਿਸਹੱਦਿਆਂ ਤੋਂ ਪਾਰ ਤੱਕ ਫੈਲਿਆ ਲਗਦਾ ਹੈ। ਸੜਕ ਤੋਂ ਪਾਰ ਅਸ਼ੋਕਾ ਅਤੇ ਸੜਕ ਦੇ ਇਸ ਪਾਸੇ, ਸਾਡੇ ਵਾਲੀ ਕੋਠੀ 'ਚ ਸੜਕ ਦੇ ਨਾਲ ਨਾਲ ਅਮਲਤਾਸ, ਕਚਨਾਰ, ਨਿੰਮ ਤੇ ਕੁਝ ਹੋਰ ਇਹੋ ਜਿਹੇ ਰੁੱਖ। ਸਾਡੇ ਘਰ ਚੋਂ ਸੜਕ ਵਾਲੇ ਪਾਸੇ ਦੇਖੀਏ ਤਾਂ ਇੰਝ ਲਗਦਾ ਹੈ ਜਿਵੇਂ ਜੰਗਲ 'ਚ ਇਹ ਕੁਝ ਹੀ ਘਰ ਹੋਣ। ਸਾਡੇ ਵਾਲਾ ਪੋਰਸ਼ਨ ਪਿਛੇ ਜਾ ਕੇ ਹੈ। ਸੜਕ ਦੇ ਨਾਲ ਛੋਟਾ ਜਿਹਾ ਲਾਅਨ ਹੈ, ਫਿਰ ਵੱਡੀ ਕੋਠੀ ਜਿਸ 'ਚ ਕਰਨਲ ਸਾਹਿਬ ਦੀ ਰਿਹਾਇਸ਼ ਹੈ। ਕੋਠੀ ਨਾਲ ਪੱਛਮੀ ਪਾਸੇ ਵਲ ਕਿਚਨ-ਗਾਰਡਨ ਹੈ ਜਿਸ 'ਚ ਅਜਕਲ ਰਾਮਤੋਰੀਆਂ ਦੀਆਂ ਵੇਲਾਂ ਹਰ ਪਾਸੇ ਫੈਲੀਆਂ ਹੋਈਆਂ ਹਨ। ਕਿਚਨ-ਗਾਰਡਨ ਦੇ ਨਾਲ ਪਿਛਲੇ ਪਾਸੇ ਇਹ ਸਾਡੇ ਵਾਲਾ ਪੋਰਸ਼ਨ ਹੈ। ਥੱਲੇ ਇਕ ਤਾਂ ਗੈਰਜ ਹੈ, ਇਕ ਸਟੋਰ ਤੇ ਦੋ ਸਰਵੈਂਟਸ ਰੂਮ। ਉਪਰ ਇਹ ਦੋ ਕਮਰਿਆਂ ਦਾ ਸੈੱਟ ਹੈ ਸਾਡੇ ਕੋਲ ਤਿੰਨ ਹਜ਼ਾਰ ਰੁਪਏ 'ਚ। ਦੋਹਾਂ ਕਮਰਿਆਂ ਦੇ ਪੂਰਬ ਵਲ ਗੈਰਜ ਉਪਰਲੀ ਥਾਂ ਖੁੱਲੀ ਪਈ ਹੈ। ਗਰਮੀਆਂ 'ਚ ਸ਼ਾਮ ਨੂੰ ਇਸ ਉਪਰ ਜਦੋਂ ਕੰਧਾਂ ਦੀ ਛਾਂ ਆ ਜਾਂਦੀ ਹੈ, ਮੈਨੂੰ ਇਸ ਥਾਂ ਬੈਠਣਾ ਚੰਗਾ ਲਗਦਾ ਸਾਹਮਣੇ ਦੇਖਦਿਆਂ ਹੋਇਆ।

ਕਿਚਨ-ਗਾਰਡਨ 'ਚ ਭੂਸਲੀਆਂ ਚਿੜੀਆਂ ਚੁੱਗ ਰਹੀਆਂ ਹਨ। ਅਸ਼ੋਕਾ ਦੀ ਝਿੜੀ 'ਚ ਕਿਤੇ ਤੋਤੇ ਬੋਲ ਰਹੇ ਹਨ ਤੇ ਸ਼ਾਇਦ ਕੋਈ ਤਿਲੀਅਰ ਵੀ। ਖੂਬਸੂਰਤ ਲਗ ਰਿਹਾ ਹੈ ਸਭ ਕੁਝ। ਰਣਜੀਤ ਚਾਹ ਲੈ ਆਉਂਦੀ ਹੈ। ਇਕ ਹੱਥ 'ਚ ਉਸਨੇ ਟਰੇਅ ਚੁੱਕੀ ਹੋਈ ਹੈ ਤੇ ਦੂਸਰੇ ਹੱਥ ਨਾਲ ਆਪਣੇ ਲਈ ਫੋਲਡਿੰਗ ਕੁਰਸੀ। ਮੈਂ ਉੱਠ ਕੇ ਦਰਵਾਜ਼ਾ ਖੋਹਲਦਾ ਹਾਂ ਤੇ ਉਸ ਹੱਥੋਂ ਕੁਰਸੀ ਫੜ ਕੇ ਡਾਹੁੰਦਾ ਹਾਂ।

''ਕੀ ਸੋਚ ਰਹੇ ਹੋ?'' ਮੈਨੂੰ ਚੁੱਪ ਦੇਖਕੇ ਕੁਝ ਦੇਰ ਬਾਅਦ ਉਹ ਪੁੱਛਦੀ ਹੈ।

''ਕੁਝ ਖਾਸ ਨਹੀਂ। '' ਮੈਂ ਟਾਲ ਜਾਂਦਾ ਹਾਂ।

''ਆਮ ਕੀ ਹੈ ਫਿਰ ? ''

''ਇਹੀ ਸੋਚ ਰਿਹਾ ਹਾਂ ਕਿ ਕਦੀ ਸਾਡਾ ਵੀ ਇਸ ਕਲੋਨੀ 'ਚ ਘਰ ਹੋਵੇਗਾ? '' ਮੈਂ ਝੂਠ ਬੋਲਦਾ ਹਾਂ।

''ਮੂੰਹ ਧੋ ਛੱਡੋ... ਇਥੇ ਤਾਂ ਕਿਰਾਇਆ ਦੇਣ ਜੋਗੇ ਬਣੇ ਰਹੀਏ, ਬਹੁਤ ਐ। ਇਹ ਕੋਠੀ ਵਾਲੀ ਥਾਂ ਹੀ ਦੋ ਕਰੋੜ ਦੀ ਹੋਣੀ ਐ। ਬਾਕੀ ਚੀਜਾਂ ਪਾਸੇ... !'' ਉਹ ਇੰਜ ਕਹਿੰਦੀ ਹੈ ਜਿਵੇਂ ਮੈਨੂੰ ਸਮਝਾ ਰਹੀ ਹੋਵੇ। ਮੈਨੂੰ



ਕਿਹੜਾ ਪਤਾ ਨਹੀਂ ! ਮੈਂ ਤਾਂ ਬਸ ਐਵੇਂ ਕਹਿਣ ਲਈ ਹੀ ਕਹਿ ਦਿੱਤਾ ਸੀ। ਉਂਜ ਹੋਰ ਕੀ ਉਸਨੂੰ ਦਸਦਾ ਕਿ ਮੈਂ ਸ਼ਾਮ ਨੂੰ ਸੈਰ ਕਰਨ ਵਾਲੀ ਉਸ ਨਵ-ਵਿਆਹੀ ਕੁੜੀ ਬਾਰੇ ਸੋਚ ਰਿਹਾ ਹਾਂ ਜਿਹੜੀ ਸੱਤ ਕੁ ਵਜੇ ਤੋਂ ਬਾਅਦ ਸਾਹਮਣਲੀ ਸੜਕ 'ਤੇ ਸੈਰ ਕਰਨ ਨਿਕਲਦੀ ਹੈ ਪੂਰੀ ਤਰ੍ਹਾਂ ਸੱਜ-ਫੱਬ ਕੇ। ਬੰਦਾ ਦੇਖ ਕੇ ਸੋਚਦਾ ਹੀ ਰਹਿ ਜਾਂਦਾ, ਇਹ ਸੈਰ ਕਰਨ ਆਈ ਹੈ ਕਿਸੇ ਸੁੰਦਰਤਾ ਮੁਕਾਬਲੇ 'ਚ ਭਾਗ ਲੈਣ।

ਸੈਰ ਕਰਨ ਵਾਲੀ ਨਵ-ਵਿਆਹੀ ਕੁੜੀ ਬਾਰੇ ਸੋਚਦਿਆਂ ਸਾਹਮਣੇ ਬੈਠੀ ਰਣਜੀਤ ਵਲ ਦੇਖ ਖਿਆਲ ਆਉਂਦਾ ਹੈ ਪੰਜਤਾਲੀਆਂ ਤੋਂ ਬਾਅਦ ਬਹੁਤੀਆਂ ਔਰਤਾਂ ਦਾ ਕੀ ਬਣ ਜਾਂਦਾ ! ਕਿੰਝ ਥੁੱਲ ਥੁੱਲ ਹੋ ਜਾਂਦੀਆਂ ਹਨ ਜਿਵੇਂ ਖਮੀਰਿਆ ਆਟਾ ਹੋਵੇ ! ! ਇਹ ਗਲ ਮੈਨੂੰ ਤੀਕਸ਼ਣ ਦੀ ਮਾਂ ਦੀ ਕਿਰਿਆ 'ਚ ਬੈਠਿਆ ਸ਼ਿੱਦਤ ਨਾਲ ਅਹਿਸਾਸ ਹੋਈ ਸੀ। ਤੀਕਸ਼ਣ ਮੇਰਾ ਕੁਲੀਗ ਰਿਹਾ ਹੈ, ਜਦੋਂ ਮੈਂ ਮਾਡਲ ਟਾਊਨ ਵਾਲੀ ਬਰਾਂਚ 'ਚ ਹੁੰਦਾ ਸਾਂ। ਕਿਰਿਆ ਦੋ ਤੋਂ ਤਿੰਨ ਵਜੇ ਤੱਕ ਆਰੀਆ ਸਮਾਜ ਮੰਦਰ 'ਚ ਸੀ। ਮੈਂ ਰਣਜੀਤ ਸਮੇਤ ਸਵਾ ਦੋ ਪੁਜ ਗਿਆ ਸਾਂ। ਜਦੋਂ ਅਸੀਂ ਗਏ ਤਾਂ ਪੰਡਿਤ ਨੇ ਕਥਾ ਸ਼ੁਰੂ ਕਰ ਦਿੱਤੀ ਹੋਈ ਸੀ ਪਰ ਅਜੇ ਕੁਝ ਗਿਣਤੀ ਦੇ ਲੋਕ ਹੀ ਆਏ ਸਨ, ਪੰਦਰਾਂ ਵੀਹ ਜਣੇ... ਤੇ ਬਹੁਤੇ ਘਰਵਾਲੇ ਹੀ। ਢਾਈ ਕੁ ਵਜੇ ਤੋਂ ਬਾਅਦ ਹੀ ਬਹੁਤੇ ਲੋਕ ਆਉਣੇ ਸ਼ੁਰੂ ਹੋਏ। ਪੰਜਤਾਲੀਆਂ ਪੰਜਾਹਾਂ ਨੂੰ ਟੱਪੇ ਹੋਏ ਆਦਮੀ ਤੇ ਔਰਤਾਂ। ਬੈਠਿਆਂ ਮੈਂ ਦੇਖਦਾ ਰਿਹਾ ਬਹੁਤਿਆਂ ਦੇ ਵਧੇ ਹੋਏ ਢਿੱਡ, ਸਿਰਾਂ ਤੋਂ ਉਡੇ ਹੋਏ ਵਾਲ਼। ਔਰਤਾਂ ਦੇ ਥੁੱਲ-ਥੁੱਲ ਕਰਦੇ ਜਿਸਮ, ਢਿਲਕਿਆ ਬਾਹਾਂ ਦਾ ਮਾਸ, ਚੜ੍ਹੀ ਹੋਈ ਚਰਬੀ ਤੇ ਸਿਰ ਤੇ ਵਾਲਾਂ ਨੂੰ ਉਮਰ ਦੇ ਹਿਸਾਬ ਕੀਤੀਆਂ ਹੋਈਆਂ ਬੇਢੱਬੀਆਂ ਡਾਈਆਂ। ਮੈਨੂੰ ਉਹਨਾਂ ਦੀਆਂ ਅੱਖਾਂ 'ਚ ਜ਼ਿੰਦਗੀ ਕਿਤੇ ਨਾ ਦਿਸੀ, ਜ਼ਿੰਦਗੀ ਦੇ ਸੁਪਨੇ ! ਪਰ ਗਰੂਰ ਜ਼ਰੂਰ ਦਿਸਿਆ। 'ਇਹ ਕਾਹਦਾ ਗਰੂਰ ਹੈ? ' ਮੈਂ ਸੋਚਦਾ ਰਿਹਾ। ਸ਼ਾਇਦ ਕਿਸੇ ਨੂੰ ਕਿਸੇ ਠੀਕ ਠਾਕ ਲੋਕੈਲਟੀ 'ਚ ਬਣਾਏ ਘਰਦਾ ਭਾਵੇਂ ਉਸਦੀਆਂ ਕਿਸ਼ਤਾਂ ਅਜੇ ਰਹਿੰਦੀਆਂ ਹੀ ਹੋਣ। ਸੈਟਲ ਹੋ ਗਏ ਜਾਂ ਹੋਣ ਨੇੜੇ ਪਹੁੰਚੇ ਬੱਚਿਆਂ ਦੇ ਉੱਜਲ ਕੈਰੀਅਰ ਦਾ, ਘਰ 'ਚ ਹੋਰ ਸੁਖ-ਸਹੂਲਤਾਂ ਦਾ ਵੀ। ਪਰ ਨਿਸ਼ਚੇ ਹੀ ਉਹ ਜ਼ਿੰਦਗੀ ਦਾ ਗਰੂਰ ਨਹੀਂ ਸੀ। ਤੇ ਇਹ ਗਰੂਰ ਉਦੋਂ ਆਪਣੀ ਸਿਖਰ 'ਤੇ ਪਹੁੰਚੇਗਾ ਜਦੋਂ ਇਹ ਆਪਣੇ ਬੱਚਿਆਂ ਦੇ ਵਿਆਹ ਕਰਨਗੇ। ਕੁੜੀ ਵਾਲੇ ਇਸ ਗਰੂਰ ਨਾਲ ਭਰਨਗੇ ਕਿ ਉਹਨਾਂ ਏਨੀ ਬਾਰਾਤ ਦੀ ਸ਼ਾਨਦਾਰ ਸੇਵਾ ਕੀਤੀ। ਕਾਰ ਸਮੇਤ ਏਨਾ ਦਾਜ ਦਿੱਤਾ ! ਤੇ ਮੁੰਡੇ ਵਾਲੇ ਇਸਦਾ ਕਿ ਕਿੰਨਾ ਰੱਜਿਆ ਪੁੱਜਿਆ ਘਰ ਟਕਰਿਆ ਹੈ। ਘਰਾਂ 'ਚ ਜ਼ਿੰਦਗੀ ਦੀ ਹੋਂਦ ਦੀ, ਪਰ ਕੋਈ ਗਲ ਨਹੀਂ ਕਰੇਗਾ। ਸੁਪਨਿਆਂ ਦੀ ਗੱਲ... ਸੁਪਨੇ ਸ਼ਾਇਦ ਪਹਿਲ-ਕਦਮੀ ਨਾਲ ਜੁੜੇ ਹੁੰਦੇ ਹਨ। ਦਿਲ 'ਚ ਨਚਦੀ ਉਸ ਉਮੰਗ ਦਾ ਸੇਕ ਜਿਹੜੀ ਹਰ ਪਲ ਕੁਝ ਨਵਾਂ, ਕੁਝ ਸੁਹਣਾ ਕਰਨਾ ਚਾਹੁੰਦੀ ਹੈ ! ! ਨਿੱਜ ਤੋਂ ਲੈ ਕੇ ਸਮੂਹ ਤੱਕ ਸਭ ਕੁਝ ਸੁਹਣਾ ਵੇਖਣ ਦੀ ਚਾਹਤ। ਪਰ ਇਹ ਸਰਕਾਰੀ ਤੇ ਪਬਲਿਕ ਸੈਕਟਰ ਦੇ ਮੁਲਾਜ਼ਮ ਆਪਣੀ ਨੌਕਰੀ ਦੇ ਪੰਦਰਾਂ ਵੀਹ ਸਾਲਾਂ ਬਾਅਦ, ਆਪਣੇ ਆਪ ਨੂੰ ਤਾਨਾਸ਼ਾਹ ਸਮਝਣ ਲਗ ਪੈਂਦੇ ਹਨ। ਭੁਲ ਜਾਂਦੇ ਹਨ ਕਿ ਉਹ ਲੋਕਾਂ ਦੀ ਸੇਵਾ ਲਈ ਹਨ। ਨਹੀਂ ਉਹ ਤਾਂ ਹਰ ਚੀਜ਼ ਤੋਂ ਆਪਣੇ ਆਪ ਨੂੰ ਉਪਰ ਸਮਝਦੇ ਹਨ। ਸਰਕਾਰ ਦੀ ਬੱਝੀ-ਬਝਾਈ ਤਨਖਾਹ ਹਰ ਮਹੀਨੇ ਦੀ ਪਹਿਲੀ ਤਾਰੀਖ ਨੂੰ ਜੇਬ 'ਚ ਤੇ ਮਨ 'ਚ ਦਫ਼ਤਰ ਬੈਠਿਆ ਘੁੰਮਦੇ ਰਹਿੰਦੇ ਹਨ ਆਪਣੇ ਨਿਜੀ ਕੰਮ। ਸਰਕਾਰੀ ਨੌਕਰੀ ਵਾਲਾ ਕੰਮ, ਉਸ ਕੰਮ ਦੀ ਜੁੰਮੇਵਾਰੀ ਜਾਂ ਜਵਾਬਦੇਹੀ ਮਨ ਦੀ ਕਿਸੇ ਨੁਕਰੇ ਵੀ ਨਹੀਂ ਹੁੰਦੀ ਜਿਸ ਲਈ ਤਨਖਾਹ ਮਿਲਦੀ ਹੈ। ਤਾਂ ਹੀ ਸ਼ਾਇਦ ਇਹਨਾਂ ਦੇ ਚਿਹਰੇ ਏਨੇ ਭਾਵਹੀਨ, ਸੁੰਨੇ ਤੇ ਗਰੂਰੇ ਜਾਂਦੇ ਹਨ। ਨਿਕੇ ਨਿਕੇ ਹਿਟਲਰ। ਮੈਂ ਇਹੋ ਜਿਹਾ ਕੁਝ ਹੀ ਸੋਚਦਾ ਰਿਹਾ ਸਾਂ ਕਿਰਿਆ 'ਚ ਬੈਠਾ, ਆਉਣ ਵਾਲਿਆਂ ਦੇ ਚਿਹਰਿਆਂ ਨੂੰ, ਉਹਨਾਂ ਦੇ ਕੱਪੜਿਆਂ ਨੂੰ ਗਹੁ ਨਾਲ ਵੇਖਦਾ। ਆਖਰੀ ਮੰਤਰ ਦੇ ਜਾਪ ਤੱਕ ਲੋਕ ਆਉਂਦੇ ਰਹੇ, ਸਗੋਂ ਅਖੀਰਲੇ ਕੁਝ ਮਿੰਟਾਂ 'ਚ ਤਾਂ ਬਹੁਤੇ ਆਏ। ਸਭ ਚਿਹਰਾ ਦਿਖਾਉਣ ਹੀ ਆਏ ਸਨ, ਹਾਜ਼ਰੀ ਲਵਾਉਣ। ਅਸੀਂ ਖੁਦ ਵੀ... ਅਸੀਂ ਭਾਵੇਂ ਪਹਿਲਾਂ ਪਹੁੰਚ ਗਏ ਸਾਂ, ਪਰ ਮੈਂ ਹਾਜ਼ਰ ਹੋ ਕੇ ਵੀ ਹਾਜ਼ਰ ਕਿਥੇ ਸੀ? ਕਿਥੇ ਸੀ ਮੇਰੇ ਮਨ 'ਚ ਦੁੱਖ ਜਾਂ ਅਫ਼ਸੋਸ ਦਾ ਕੋਈ ਪਰਛਾਵਾਂ? ਮੈਂ ਤਾਂ ਬਸ ਆਉਣ ਵਾਲਿਆਂ ਦੇ ਚਿਹਰੇ, ਕਪੜੇ, ਉਹਨਾਂ ਦਾ ਸਲੀਕਾ ਹੀ ਪਰਖਦਾ ਰਿਹਾ ਸਾਂ।

ਕਿਰਿਆ ਤੋਂ ਵਿਹਲੇ ਹੋ ਕੇ ਇਕ ਹੋਰ ਜਾਣੂ ਦੇ ਘਰ ਗਏ। ਉਸ ਨਾਲ ਝੂਠ ਬੋਲਿਆ ਕਿ, ''ਸੋਚਿਆ

ਅੱਜ ਤੁਹਾਡਾ ਪਤਾ ਹੀ ਲੈ ਆਈਏ। ਬੜਾ ਚਿਰ ਹੋ ਗਿਆ ਸੀ ਮਿਲਿਆ।'' ਇਹ ਗਲ ਲੁਕਾ ਲਈ ਕਿ ਏਧਰ ਤੁਹਾਡੇ ਨੇੜੇ ਕਿਰਿਆ 'ਤੇ ਆਏ ਸਾਂ, ਜਾਂਦੇ ਜਾਂਦੇ ਤੁਹਾਡੇ ਵੀ ਆ ਗਏ। ਉਥੋਂ ਚਾਹ ਪੀ ਕੇ ਆਉਂਦਿਆਂ ਸ਼ਬਜੀ ਮੰਡੀ 'ਚੋਂ ਸਬਜ਼ੀ ਖਰੀਦੀ। ਡੇਢ ਵਜੇ ਦੇ ਨਿਕਲੇ ਹੋਏ ਸਾਢੇ ਚਾਰ ਘਰ ਪਹੁੰਚੇ। ਐਤਵਾਰ ਹੋਣ ਕਰਕੇ ਰਾਹ 'ਚ ਬਾਜ਼ਾਰ ਸੁੰਨੇ ਸੁੰਨੇ ਜਿਹੇ ਲੱਗੇ। ਭੀੜ ਤੇ ਰੌਲੇ ਰੱਪੇ ਤੋਂ ਖਾਲੀ। ਉਂਜ ਆਵਾਜਾਈ ਦੀ ਉੱਕਾ ਹੀ ਅਣਹੋਂਦ ਵੀ ਨਹੀਂ ਸੀ।

''ਤੁਸੀਂ ਹੁਣ ਘੜੀ ਭਰ ਆਰਾਮ ਕਰ ਲੈਣਾ ਸੀ।'' ਖਾਲੀ ਕੱਪ ਟਰੇਅ 'ਚ ਸਾਂਭਦੀ ਰਣਜੀਤ ਉਠਦੀ ਕਹਿੰਦੀ ਹੈ। ਉਸਨੇ ਜਿਸ ਅੰਦਾਜ 'ਚ ਕਿਹਾ, ਉਸਤੋਂ ਮੈਨੂੰ ਆਰਾਮ ਦਾ ਅਰਥ 'ਕੁਝ ਹੋਰ' ਹੀ ਲੱਗਿਆ। ਪਰ ਮੈਂ ਉੱਠ ਕੇ ਅੰਦਰ ਨਾ ਗਿਆ। ਉਸਨੇ ਬੈੱਡ-ਰੂਮ 'ਚ ਜਾ ਕੇ ਟੀ. ਵੀ. ਲਾ ਲਿਆ।

ਸੜਕ ਤੋਂ ਕਦੀ ਕਦੀ ਕੋਈ ਲੰਘਦਾ ਹੈ। ਅਸਮਾਨ 'ਤੇ ਇੱਲਾਂ ਚੱਕਰ ਕੱਢ ਰਹੀਆਂ ਹਨ, ਗੋਲ ਦਾਇਰਿਆਂ 'ਚ ਘੁੰਮਦੀਆਂ ਹੋਈਆਂ ਅਹਿਲ ਖੰਭਾਂ ਨਾਲ। ਕਦੀ ਕਦੀ ਹੀ ਖੰਭ ਮਾਰਦੀਆਂ ਹਨ। ਬਚਪਨ ਤੋਂ ਹੀ ਮੈਨੂੰ ਇਨ੍ਹਾਂ ਨੂੰ, ਫੈਲਾਏ ਹੋਏ ਅਹਿਲ ਖੰਭਾਂ ਨਾਲ ਇੰਜ ਹਵਾ 'ਚ ਤਾਰੀਆਂ ਲਾਉਂਦੀਆਂ ਨੂੰ ਦੇਖਣਾ ਚੰਗਾ ਲਗਦਾ ਰਿਹਾ ਹੈ। ਆਕਾਸ਼ 'ਤੇ ਹੁਣ ਸਿਰਫ਼ ਦੋ ਤਿੰਨ ਬੱਦਲੀਆਂ ਹੀ ਰਹਿ ਗਈਆਂ ਹਨ। ਘੰਟਾ ਕੁ ਪਹਿਲਾਂ ਤਾਂ ਕਿੰਨੀਆਂ ਸਨ, ਚਿੱਟੀਆਂ ਰੂੰ ਦੇ ਗੋਹੜਿਆਂ ਵਰਗੀਆਂ।

ਕਰਨਲ ਸਾਹਿਬ ਲਾਅਨ 'ਚ ਨਿਕਲ ਆਏ ਹਨ। ਮੈਂ ਘੜੀ ਦੇਖਦਾ ਹਾਂ, ਪੌਣੇ ਛੇ ਹੋਏ ਹਨ। ਇਹ ਇਹਨਾਂ ਦਾ ਬੱਝਿਆ ਟਾਇਮ ਹੈ। ਕਦੀ ਇਕ ਅੱਧ ਮਿੰਟ ਵੀ ਲੇਟ ਨਹੀਂ ਹੁੰਦੇ। ਹੁਣ ਪੰਦਰਾਂ ਮਿੰਟ ਲਾਅਨ 'ਚ, ਕਿਚਨ-ਗਾਰਡਨ 'ਚ, 'ਕੱਲੇ 'ਕੱਲੇ ਬੂਟੇ, ਫੁੱਲ, ਵੇਲ ਨੂੰ ਗਹੁ ਨਾਲ ਦੇਖਣਗੇ ਸੋਟੀ ਨਾਲ ਏਧਰੋਂ ਉਧਰੋਂ ਹਿਲਾਉਂਦਿਆਂ। ਫਿਰ ਛੇ ਵਜੇ ਸੈਰ ਨੂੰ ਨਿਕਲ ਜਾਂਦੇ ਹਨ। ਬੜੀ ਹੀ ਅਨੁਸ਼ਾਸ਼ਿਤ ਜ਼ਿੰਦਗੀ ਹੈ ਇਸ ਜੋੜੇ ਦੀ। ਦੋਵੇਂ ਮੀਆਂ-ਬੀਵੀ ਪਝੱਤਰਾਂ ਦੇ ਆਸਪਾਸ ਹੋਣਗੇ। ਬੱਚੇ ਬਾਹਰ ਸੈਟਲ ਹਨ। ਇਕੱਲੇ ਹੀ ਹਨ ਇਥੇ। ਸਵੇਰੇ ਸਾਢੇ ਪੰਜ ਵਜੇ ਸੈਰ ਨੂੰ ਨਿਕਲਦੇ ਹਨ। ਸਾਢੇ ਕੁ ਛੇ ਮੁੜਦੇ ਹਨ। ਫਿਰ ਬਾਹਰ ਲਾਅਨ 'ਚ ਬਹਿ ਚਾਹ ਪੀਂਦੇ ਹਨ। ਤਦ ਤੱਕ ਕੰਮ ਵਾਲੀ ਆ ਜਾਂਦੀ ਹੈ। ਕਰਨਲ ਸਾਹਿਬ ਜੇ ਮੌਸਮ ਠੀਕ ਹੋਵੇ ਤਾਂ ਬਾਹਰ ਬੈਠ ਕੇ, ਨਹੀਂ ਤਾਂ ਅੰਦਰ ਅਖਬਾਰ ਪੜ੍ਹਨ ਲਗ ਪੈਂਦੇ ਹਨ। ਉਹਨਾਂ ਦੀ ਬੀਵੀ ਕੰਮ ਵਾਲੀ ਤੋਂ ਆਪਣੀ ਨਿਗਰਾਨੀ 'ਚ ਸਫ਼ਾਈ ਵਗੈਰਾ ਕਰੌਂਦੀ ਹੈ। ਬਰਤਨ ਸਾਫ਼ ਕਰਨ, ਕਿਚਨ ਦੇ ਹੋਰ ਨਿੱਕੇ ਮੋਟੇ ਕੰਮਾਂ ਲਈ ਇਕ ਹੋਰ ਮਾਈ ਆਉਂਦੀ ਹੈ। ਨੌਂ ਵਜੇ ਤੱਕ ਬਰੇਕਫਾਸਟ ਕਰਕੇ ਦੋਵੇਂ ਤਿਆਰ ਹੁੰਦੇ ਹਨ। ਫਿਰ ਕਦੀ ਕਾਰ ਲੈ ਕੇ ਕਲੱਬ ਚਲੇ ਜਾਂਦੇ ਹਨ, ਕਦੀ ਕਿਸੇ ਦੇ ਘਰ ਤੇ ਕਦੀ ਇਹਨਾਂ ਦੇ ਇਥੇ ਵੀ ਮਹਿਫ਼ਲ ਜੁੜਦੀ ਹੈ। ਤਾਸ਼, ਵਿਚਾਰ-ਚਰਚਾ, ਖਾਣ-ਪੀਣ, ਇਕ ਵਜੇ ਤੱਕ ਇਹ ਚਲਦਾ ਹੈ। ਫਿਰ ਲੰਚ ਕਰਕੇ ਆਰਾਮ ਕਰਦੇ ਹਨ ਜਿਥੋਂ ਪੌਣੇ ਛੇ ਗਰਮੀਆਂ 'ਚ ਅਤੇ ਸਰਦੀਆਂ 'ਚ ਪੌਣੇ ਪੰਜ ਦੇ ਆਸਪਾਸ ਬਾਹਰ ਨਿਕਲਦੇ ਹਨ। ਕਰਨਲ ਸਾਹਿਬ ਮੁੜ ਸੈਰ ਨੂੰ ਤੁਰ ਪੈਂਦੇ ਹਨ ਜਿਥੋਂ ਉਹ ਹੁਣ ਸਤ ਵਜੇ ਮੁੜਨਗੇ । ਮੈਡਮ ਗੁਰਦੁਆਰੇ ਜਾਂਦੇ ਹਨ। ਉਥੇ ਛੇ ਤੋਂ ਸੱਤ ਰੋਜ਼ਾਨਾ ਕੀਰਤਨ ਹੁੰਦਾ ਹੈ। ਘੜੀ ਦੀਆਂ ਸੂਈਆਂ ਨਾਲ ਬੱਝੀ ਹੋਈ ਜ਼ਿੰਦਗੀ । ਕਦੀ ਕਦੀ ਤਾਂ ਮੈਨੂੰ ਇਹਨਾਂ ਦੀ ਜ਼ਿੰਦਗੀ 'ਤੇ ਰਸ਼ਕ ਆਉਂਦਾ ਹੈ। ਪਰ ਕਦੀ ਕਦੀ ਮਸ਼ੀਨੀ ਜਿਹੀ ਵੀ ਲਗਣ ਲਗ ਪੈਂਦੀ ਹੈ। ਏਨਾ ਅਨੁਸ਼ਾਸ਼ਨ ਵੀ ਕੀ ਆਖ ! ਪਰ ਸਰੀਰਕ ਪੱਖੋਂ ਦੋਵੇਂ ਮੀਆਂ ਬੀਵੀ ਜਿਵੇਂ ਫਿੱਟ ਹਨ, ਉਹ ਸ਼ਾਇਦ ਇਸੇ ਅਨੁਸ਼ਾਸ਼ਨ ਕਰਕੇ ਹੀ ਹੈ। ਸਾਡੇ ਵਾਂਗ ਨਹੀਂ, ਛੁੱਟੀ ਵਾਲੇ ਦਿਨ ਜੇ ਕਿਤੇ ਜਾਣਾ ਨਾ ਹੋਵੇ ਤਾਂ ਸਾਰਾ ਦਿਨ ਬੈੱਡ ਤੋਂ ਹੀ ਨਹੀਂ ਉਠ ਹੁੰਦਾ। ਸੁਸਤੀ ਪਈ ਰਹਿੰਦੀ ਹੈ। ਸ਼ਾਇਦ ਤਾਂ ਹੀ ਸਰਕਾਰੀ ਮੁਲਾਜ਼ਮ ਜਦੋਂ ਰਿਟਾਇਰ ਹੁੰਦੇ ਹਨ ਤਾਂ ਪੰਜ ਚਾਰ ਸਾਲ ਦੇ ਵਿੱਚ-ਵਿੱਚ ਹੀ ਬਹੁਤਿਆਂ ਦਾ ਕੰਮ ਤਮਾਮ ਹੋ ਜਾਂਦਾ ਹੈ। ਜੇ ਮੌਤ ਦਾ ਸੱਦਾ ਨਾ ਵੀ ਆਵੇ, ਬਿਮਾਰੀਆਂ ਤੇ ਵਿਹਲ ਤੋਂ ਏਨੇ ਉਕਤਾ ਜਾਂਦੇ ਹਨ ਕਿ ਜ਼ਿੰਦਗੀ ਘਰਦਿਆਂ ਲਈ ਤਾਂ ਕੀ, ਖੁਦ ਉਹਨਾਂ ਲਈ ਵੀ ਬੋਝ ਬਣ ਜਾਂਦੀ ਹੈ। ਜਦੋਂ ਸਾਹਮਣੇ ਹੋਵੇ ਹੀ ਨਾ ਕਿ ਕੀ ਕਰਨਾ ਹੈ, ਜੀਊਣ ਦੀ ਤਾਂਘ ਵੀ ਕਿਵੇਂ ਕਾਇਮ ਰਹਿ ਸਕਦੀ ਹੈ ! ਤੇ ਜੇ ਜੀਊਣ ਦੀ ਤਾਂਘ ਨਹੀਂ ਤਾਂ ਖੁਦ ਜ਼ਿੰਦਗੀ ਫਿਰ ਕਿਵੇਂ ਬਚੂ ? ਇਸਦੀ ਕਲਾਸਿਕ ਉਦਾਹਰਣ ਰੇਡੀਓ ਵਾਲਾ ਰੁਪਾਣਾ ਹੈ। ਜਿੰਨਾ ਚਿਰ ਨੌਕਰੀ 'ਚ ਰਿਹਾ,



ਨਵੇਂ ਨਵੇਂ ਉਭਰਦੇ ਲੇਖਕਾਂ ਗੀਤਕਾਰਾਂ ਨੂੰ ਆਪਣੇ ਦਲਾਲਾਂ ਰਾਹੀਂ ਪ੍ਰੋਗਰਾਮ ਦੇਂਦਾ ਰਿਹਾ। ਜਿੰਨੇ ਪੈਸੇ ਉਹਨਾਂ ਨੂੰ ਚੈੱਕ ਦੇ ਮਿਲਦੇ,ਉਹ ਨਕਦ ਪਹਿਲਾਂ ਹੀ ਲੈ ਲੈਂਦਾ। ਅਗਲੇ ਖੁਸ਼ ਕਿ ਰੇਡੀਓ 'ਤੇ ਬੋਲ ਆਏ, ਤੇ ਇਧਰ ਇਹ ਵੀ ਖੁਸ਼। ਖੂਬ ਪੈਸੇ ਕਮਾਏ। ਸ਼ਹਿਰ ਦੇ ਪੌਸ਼ ਇਲਾਕੇ 'ਚ ਵਧੀਆ ਘਰ ਬਣਾ ਲਿਆ, ਦੋ ਤਿੰਨ ਪਲਾਟ ਵੀ ਖਰੀਦ ਲਏ। ਪਰ ਜਦੋਂ ਰਿਟਾਇਰ ਹੋਇਆ ਤਾਂ ਸਮਾਂ ਗੁਜਾਰਨਾ ਔਖਾ ਹੋ ਗਿਆ। ਉਹ ਚਮਚੇ-ਨੁਮਾ ਦਲਾਲ ਜਿਹੜੇ ਪਹਿਲਾਂ ਘੇਰਾ ਪਾਈ ਰੱਖਦੇ ਸਨ, ਉਹ ਉਸ ਨਵੇਂ ਇੰਚਾਰਜ ਦੇ ਦੁਆਲੇ 'ਕੱਠੇ ਹੋ ਗਏ, ਜਿਸਨੇ ਉਸਦੀ ਥਾਂ ਸੰਭਾਲੀ ਸੀ।

ਤੇ ਉਹ ਸ਼ਹਿਰ ਦੀਆਂ ਸੜਕਾਂ 'ਤੇ ਐਵੇਂ ਹੀ ਭਾਉਂਦਾ ਰਿਹਾ ਕਰੇ ਨੀਮ-ਪਾਗਲਾਂ ਵਾਂਗ। ਰੇਡੀਓ ਸਟੇਸ਼ਨ ਚਲਾ ਜਾਂਦਾ। ਪਹਿਲਾਂ ਪਹਿਲਾਂ ਤਾਂ ਸਤਿਕਾਰ ਵਜੋਂ ਕੁਲੀਗ ਚਾਹ ਪਾਣੀ ਪੁੱਛਦੇ ਰਹੇ ਪਰ ਫਿਰ ਉਹਨਾਂ ਗੇਟ 'ਤੇ ਸਕਿਉਰਿਟੀ ਵਾਲਿਆਂ ਨੂੰ ਕਹਿ ਕੇ ਅੰਦਰ ਆਉਣੋਂ ਮਨਾ ਕਰਵਾ ਦਿੱਤਾ। ਸਾਲ ਵਿੱਚ ਵਿੱਚ ਹੀ ਡਿਪਰੈਸ਼ਨ 'ਚ ਆ ਕੇ ਆਤਮ-ਹੱਤਿਆ ਕਰ ਲਈ ਸੀ...''

ਕਰਨਲ ਸਾਹਿਬ ਗੇਟ ਖੋਹਲ ਕੇ ਬਾਹਰ ਨਿਕਲ ਗਏ ਤਾਂ ਮੈਂ ਵੀ ਉੱਠ ਪਿਆ। ਅੰਦਰ ਆ ਕਮੀਜ਼ ਪਾਈ। ਰਣਜੀਤ ਟੀ. ਵੀ. ਦੇਖਦੀ ਦੇਖਦੀ ਸੌਂ ਗਈ ਹੋਈ ਸੀ। ਅਵੀ ਅਜੇ ਵੀ ਨਹੀਂ ਆਈ। 'ਮੈਂ ਰਤਾ ਸੈਰ ਕਰ ਆਵਾਂ।' ਆਵਾਜ਼ ਦੇ ਕੇ ਮੈਂ ਉਸ ਨੂੰ ਕਹਿੰਦਾ ਹਾਂ ਤੇ ਉਸਦਾ ਹੁੰਗਾਰਾ ਉਡੀਕੇ ਬਿਨਾਂ ਬਾਹਰ ਨੂੰ ਨਿਕਲ ਤੁਰਦਾਂ। ਪੌੜੀਆਂ ਉਤਰ ਕੇ ਕਿਚਨ-ਗਾਰਡਨ ਦੇ ਨਾਲ ਨਾਲ ਸੀਮੈਂਟਿਡ ਪੈਸਿਜ਼ ਤੋਂ ਲੰਘਦਾ ਗੇਟ ਖੋਹਲ, ਸੜਕ 'ਤੇ ਆ ਜਾਂਦਾ ਹਾਂ। ਸੜਕ ਸ਼ਾਂਤ ਹੈ, ਚੁਪ ਨਾਲ ਭਰੀ ਹੋਈ, ਜਿਸਨੂੰ ਰੁਖਾਂ 'ਤੇ ਬੈਠੇ ਪੰਛੀਆਂ ਦੀਆਂ ਆਵਾਜ਼ਾਂ ਤੋੜ ਰਹੀਆਂ ਹਨ। ਜੀਅ ਕਰਦਾ ਹੈ ਇਥੇ ਹੀ ਘੁੰਮ ਲਵਾਂ। ਪਰ ਇਸ ਕੁ ਵੇਲੇ ਇਥੇ ਤਿੰਨ ਚਾਰ ਔਰਤਾਂ ਵੀ ਸੈਰ ਲਈ ਨਿਕਲ ਆਉਂਦੀਆਂ ਹਨ, ਝਾਕਾ ਜਿਹਾ ਲਗਦਾ ਹੈ ਉਹਨਾਂ 'ਚ ਘੁੰਮਦਿਆਂ। ਮੈਂ ਮੇਨ ਸੜਕ 'ਤੇ ਆ ਉਥੋਂ ਕੈਂਟ ਰੋਡ ਨੂੰ ਮੁੜ ਜਾਂਦਾ ਹਾਂ। ਡੇਢ ਦੋ ਕਿਲੋਮੀਟਰ ਅੱਗੇ ਜਾ ਕੇ, ਇਸਦੇ ਦੋਹੀਂ ਪਾਸੀਂ ਛਾਉਣੀ ਦਾ ਇਲਾਕਾ ਸ਼ੁਰੂ ਹੋ ਜਾਂਦਾ ਹੈ। ਇਸ ਰੋਡ 'ਤੇ ਇਕ ਤਾਂ ਮਿਲਟਰੀ ਦਾ ਫਾਰਮ ਹੈ, ਡਰਾਈਵਿੰਗ ਸਿਖਲਾਈ ਏਰੀਆ ਤੇ ਕੁਝ ਇਹੋ ਜਿਹੇ ਹੋਰ ਖੁਲੇ ਗਰਾਊਂਡ। ਦੋ ਤਿੰਨ ਬਾਗ ਵੀ ਹਨ। ਇਸ ਵਾਰ ਮੀਂਹ ਚੰਗਾ ਪੈਣ ਕਰਕੇ ਸੜਕ ਦੇ ਕਿਨਾਰਿਆਂ 'ਤੇ ਲਸ਼ਲਸ਼ ਕਰਦਾ ਹਰਾ ਘਾਹ ਹੈ ਤੇ ਰੁੱਖਾਂ ਬੂਟਿਆਂ ਨੂੰ ਤਾਜ਼ੀਆਂ ਫੁੱਟਦੀਆਂ ਲਗਰਾਂ।

ਇਸ ਸੜਕ 'ਤੇ ਸਿਵਲ ਦੇ ਭਾਰੀ ਵਾਹਨਾਂ ਦਾ ਦਾਖਲਾ ਵਰਜਿਤ ਹੈ, ਇਸ ਕਰਕੇ ਇਸ ਉਪਰ ਆਵਾਜਾਈ ਆਮ ਕਰਕੇ ਘੱਟ ਹੀ ਹੁੰਦੀ ਹੈ। ਉਹ ਵੀ ਕਾਰਾਂ, ਸਕੂਟਰ, ਮੋਟਰ ਸਾਈਕਲ ਤੇ ਜਾਂ ਮਿਲਟਰੀ ਦੀਆਂ ਗੱਡੀਆਂ। ਸ਼ਾਮ ਨੂੰ ਸੈਰ ਕਰਦੀਆਂ ਫੌਜੀ ਅਫ਼ਸਰਾਂ ਦੀਆਂ ਬੀਵੀਆਂ ਵੀ ਅਕਸਰ ਦਿਸ ਜਾਂਦੀਆਂ ਹਨ। ਸੜਕ ਫੌਜੀ ਏਰੀਏ 'ਚ ਹੀ ਘੁੰਮਦੀ ਹੈ ਤੇ ਅੱਗੇ ਜਾ ਕੇ ਕੈਂਟ ਦਾ ਬਾਜ਼ਾਰ ਆਉਂਦਾ। ਆਰਮੀ ਸਕੂਲ ਵਾਲੇ ਮੋੜ ਤੱਕ ਜਾ ਕੇ ਮੈਂ ਮੁੜ ਪੈਂਦਾ ਹਾਂ। ਸੂਰਜ ਦਿਸਣਾ ਬੰਦ ਹੋ ਗਿਆ ਹੈ, ਪਰ ਅਜੇ ਹਨੇਰਾ ਨਹੀਂ ਹੋਇਆ। ਫਾਰਮ-ਹਾਊਸ ਵਾਲੀ ਝਿੜੀ ਤੇ ਨਾਲ ਲਗਵੇਂ ਅੰਬਾਂ ਦੇ ਬਾਗ 'ਚੋਂ ਕਾਵਾਂ ਦੀ ਕਾਂ ਕਾਂ ਉੱਚੀ ਹੋਈ ਜਾਂਦੀ ਹੈ। ਆ ਆ ਕੇ ਰੁੱਖਾਂ 'ਤੇ ਬਹਿੰਦੀਆਂ ਹੋਰ ਪੰਛੀਆਂ ਦੀਆਂ ਡਾਰਾਂ ਵੀ।

ਮੇਰਾ ਅਕਸਰ ਜੀਅ ਕਰਦਾ ਹੈ ਕਿ ਇਸ ਸੜਕ 'ਤੇ ਰੋਜ਼ਾਨਾ ਹੀ ਸ਼ਾਮ ਨੂੰ ਸੈਰ ਕਰਾਂ, ਪਰ ਆ ਨਹੀਂ ਹੁੰਦਾ। ਛੇ, ਸਾਢੇ ਛੇ ਤੱਕ ਦਫ਼ਤਰੋਂ ਹੀ ਮੁੜ ਹੁੰਦਾ। ਫਿਰ ਘਰਦਾ ਵੀ ਕੋਈ ਮਾੜਾ ਮੋਟਾ ਕੰਮ ਕਰਨਾ ਪੈਂਦਾ। ਕੋਈ ਨਾ ਕੋਈ ਚੀਜ਼ ਮੁੱਕੀ ਹੁੰਦੀ ਹੈ, ਕੋਈ ਖਰਾਬ ਹੋਈ। ਸ਼ਬਜੀ-ਭਾਜੀ ਲਿਆਉਣੀ, ਅਵੀ ਦੀ ਪੜ੍ਹਾਈ ਬਾਰੇ ਗੱਲ ਕਰਨੀ। ਇਸ ਵਾਰ ਬੀ. ਸੀ. ਏ. ਦੇ ਆਖਰੀ ਸਾਲ 'ਚ ਹੈ। ਜੇ ਚੰਗੇ ਨੰਬਰ ਆ ਜਾਣ ਤਾਂ ਸ਼ਾਇਦ ਕਿਸੇ ਚੰਗੀ ਫਰਮ 'ਚ ਨੌਕਰੀ ਮਿਲ ਜਾਵੇ। ਪੜ੍ਹਨ ਨੂੰ ਤਾਂ ਚੰਗੀ ਹੈ, ਅੱਗੇ ਦੇਖੋ। ਲਿਆਕਤ ਪਛਾਣੀ ਵੀ ਜਾਂਦੀ ਹੈ ਜਾਂ ਨਹੀਂ। ਕੀ ਪਤਾ ਕਿਸੇ ਉਹੋ ਜਿਹੇ ਅਗਜ਼ਾਮੀਨਰ ਦੇ ਹੱਥੇ ਚੜ੍ਹ ਜਾਣ ਪੇਪਰ ! ਇਕ ਦਿਨ ਮੇਰਾ ਇਕ ਜਾਣੂ ਲੈਕਚਰਾਰ ਦੱਸ ਰਿਹਾ ਸੀ, ਉਹ ਐਮ. ਏ. ਪੰਜਾਬੀ ਦੇ ਪੇਪਰਾਂ ਦੀ ਟੇਬਲ-ਮਾਰਕਿੰਗ ਲਈ ਜਾਂਦਾ ਹੈ, ਉਸਦਾ ਇਕ ਕੁਲੀਗ ਵੀਹ ਮਿੰਟ 'ਚ ਤੀਹ ਪਰਚਿਆਂ ਦਾ ਬੰਡਲ ਦੇਖ ਕੇ ਅਹੁ ਮਾਰਦਾ। ਔਸਤਨ ਇਕ

ਮਿੰਟ 'ਚ ਡੇਢ ਪੇਪਰ। ਤੇ ਫਿਰ ਬੜੇ ਮਾਣ ਨਾਲ ਕਹਿੰਦਾ, ''ਜਿਸਨੇ ਵੀ ਦਸ ਬਾਰਾਂ ਸਫ਼ੇ ਲਿਖੇ ਹੋਣ, ਚਾਹੇ ਖੇਹ-ਸੁਆਹ ਕੁਝ ਵੀ ਲਿਖਿਆ ਹੋਵੇ, ਮੈਂ ਫੇਲ ਨਹੀਂ ਕਰਦਾ। ਪਰ ਪੰਜਤਾਲੀਆਂ ਤੋਂ ਵੱਧ ਨੰਬਰ ਵੀ ਨਹੀਂ ਲਾਉਂਦਾ।'' ਇਸ ਨਾਲ ਹੁਸ਼ਿਆਰ ਵਿਦਿਆਰਥੀਆਂ ਦਾ ਕੀ ਬਣਦਾ ਹੋਊ ? ਬਸ ਰੱਬ ਹੀ ਰਾਖਾ ਹੈ !

ਘਰ ਮੁੜਦਿਆਂ ਤੱਕ ਹਨੇਰਾ ਹੋ ਚੁੱਕਾ ਹੈ। ਸਟਰੀਟ ਲਾਇਟਾਂ ਦੀਆਂ ਰੋਸ਼ਨੀਆਂ 'ਚ ਦਰਖੱਤ, ਘਾਹ, ਸੜਕ ਸਭ ਸੁਪਨਈ ਹੋਏ ਪਏ ਹਨ। ਪਰਲੇ ਕੋਨੇ 'ਚ ਇਕ ਮੁੰਡਾ ਕੁੜੀ ਖੜੇ ਹਨ। ਦੋਹਾਂ ਦੇ ਵਿਚਾਲੇ ਮੋਟਰ ਸਾਈਕਲ ਹੈ, ਜਾਂ ਮੋਟਰ ਸਾਈਕਲ ਬਹਾਨਾ ਹੈ ਇਕ ਦੂਸਰੇ ਦੇ ਹੱਥ, ਬਾਹਾਂ ਨੂੰ ਛੂਹਣ ਦਾ। ਇਸ ਸੜਕ ਦੀ ਸੁੰਨ ਅਕਸਰ ਹੀ ਸ਼ਾਮ ਨੂੰ ਮੁੰਡੇ ਕੁੜੀਆਂ ਨੂੰ ਖਿੱਚਦੀ ਹੈ। ਕੋਈ ਨਾ ਕੋਈ ਪ੍ਰੇਮੀ ਜੋੜਾ ਅਕਸਰ ਹੀ ਦਿੱਸ ਜਾਂਦਾ। ਕਿਸੇ ਦੂਸਰੇ ਮਹੱਲੇ 'ਚੋਂ ਆ ਕੇ, ਜਾਣੂਆਂ ਦੀ ਨਜ਼ਰ ਤੋਂ ਦੂਰ ਇਹ ਵਧੀਆ ਸੁਰੱਖਿਆਗਾਹ ਹੈ। ਰਣਜੀਤ ਤਾਂ ਕਈ ਵਾਰ ਖਿਝ ਜਾਂਦੀ ਹੈ, ''ਕਲੋਨੀ ਵਾਲਿਆਂ ਨੂੰ ਜ਼ਰੂਰ ਹੀ ਇਸ ਬਾਰੇ ਕੁਝ ਕਰਨਾ ਚਾਹੀਦਾ ਹੈ... ਹੋਰ ਨਹੀਂ ਤਾਂ ਪੈਟਰੋਲਿੰਗ ਪੁਲੀਸ ਵਾਲੇ ਹੀ ਇਕ ਅੱਧ ਗੇੜਾ ਮਾਰ ਜਿਆ ਕਰਨ ਤਾਂ ਇਥੇ ਇਹ ਕੁਝ ਨਾ ਦਿਸੇ... ਬੱਚਿਆਂ 'ਤੇ ਕੀ ਪ੍ਰਭਾਵ ਪਵੇਗਾ ਇਸਦਾ ...।'' ਉਹ ਕੁੜਦੀ ਰਹਿੰਦੀ ਹੈ। ਪਰ ਕੀ ਹੋ ਸਕਦਾ ਹੈ ! ਅਫ਼ਸਰਾਂ ਦੀ ਇਸ ਕਲੋਨੀ 'ਚ ਸਾਡੇ ਵਰਗੇ ਕਿਰਾਏਦਾਰ ਦੀ ਕੀ ਹਸਤੀ ਹੋ ਸਕਦੀ ਹੈ ! ! ਤੇ ਉਹ... ਉਹ ਤਾਂ ਸ਼ਾਇਦ ਇਸਨੂੰ ਚੰਗਾ ਹੀ ਸਮਝਦੇ ਹੋਣ। ਇਸ ਸੁੰਨ 'ਚ ਜ਼ਿੰਦਗੀ ਕਿਤੇ ਤਾਂ ਧੜਕਦੀ ਲਗਦੀ ਹੈ। ਨਹੀਂ ਤਾਂ ਬਸ...ਗੁਲਮੋਹਰ ਦੇ ਪਰਛਾਵੇਂ ਹੇਠ ਸੁਪਨਈ-ਹਨੇਰੇ 'ਚ ਖੜੇ ਉਸ ਜੋੜੇ ਨੂੰ ਤੱਕਣ ਦੀ ਲਾਲਸਾ ਦਿਲ 'ਚ ਜ਼ੋਰ ਮਾਰਦੀ ਹੈ ਤੇ ਆਪਣਾ ਗੇਟ ਖੋਹਲ ਅੰਦਰ ਜਾਣ ਦੀ ਬਜਾਏ, ਮੈਂ ਸੜਕ 'ਤੇ ਅਗਾਂਹ ਨਿਕਲ ਤੁਰਦਾ ਹਾਂ। ਸੌ ਮੀਟਰ ਲੰਬੀ ਇਸ ਸੜਕ 'ਤੇ ਉਂਜ ਤਾਂ ਦੋ ਸਟਰੀਟ ਲਾਈਟਾਂ ਹਨ, ਉਨ੍ਹਾਂ ਦੀ ਰੌਸ਼ਨੀ ਪਰ ਸਾਰੀ ਸੜਕ ਨੂੰ ਰੁਸ਼ਨਾਉਣ ਦੇ ਸਮਰੱਥ ਨਹੀਂ। ਉਸ ਸਿਰੇ ਵਾਲਾ ਕੋਨਾ ਤਾਂ ਉਂਜ ਹੀ ਹਨੇਰਾ ਜਿਹਾ ਰਹਿੰਦਾ। ਕਿਸੇ ਰਿਟਾਇਰਡ ਬਰਗੇਡੀਅਰ ਦੀ ਕੋਠੀ ਹੈ। ਇਕੱਲਾ ਹੀ ਦੇਖੀਦਾ ਹੈ ਉਸਨੂੰ। ਕਦੀ ਕਦੀ ਸੈਰ ਨੂੰ ਨਿਕਲਦਾ ਹੈ। ਝੁੱਕੀ ਹੋਈ ਕਮਰ, ਅੱਸੀਆਂ ਤੋਂ ਉਤੇ ਹੀ ਹੋਵੇਗਾ। ਨਾਲ ਉਸਦਾ ਨੌਕਰ ਹੁੰਦਾ।

ਮੈਂ ਹੌਲੀ ਹੌਲੀ ਤੁਰਦਾ ਜੋੜੇ ਕੋਲ ਜਾ ਪੁੱਜਦਾ ਹਾਂ। ਮੁੰਡਾ ਮੋਟਰਸਾਈਕਲ 'ਤੇ ਥੋੜਾ ਜਿਹਾ ਟੇਢਾ ਹੋ ਕੇ ਬੈਠਾ ਹੈ। ਦੂਸਰੇ ਪਾਸੇ ਉਨੀ ਕੁ ਹੀ ਟੇਢੀ ਹੋ ਕੇ ਕੁੜੀ ਖੜੀ ਹੈ। ਦੋਹਾਂ ਦੇ ਖਹਿੰਦੇ ਜਿਸਮ। ਮੈਨੂੰ ਦੇਖ ਉਹ ਕੁਝ ਵਿੱਥ ਤੇ ਹੋ ਗਏ ਹਨ ਪਰ ਹੱਥ ਉਹਨਾਂ ਨੇ ਉਵੇਂ ਹੀ ਇਕ ਦੂਸਰੇ ਦੇ ਹੱਥਾਂ 'ਚ ਪਾਈ ਰੱਖੇ। ਪਹਿਲਾਂ ਉਹਨਾਂ ਦਾ ਉਤੇਜਿਤ ਹਾਸਾ ਸੁਣਦਾ ਸੀ, ਹੁਣ ਉਹ ਕਿਸੇ ਕੰਪੀਟੀਸ਼ਨ ਬਾਰੇ ਗੱਲ ਕਰਨ ਗਲ ਪਏ ਹਨ। ਨਿਸ਼ਚੇ ਹੀ ਉਹ ਪਹਿਲਾਂ ਇਹ ਗਲ ਨਹੀਂ ਸਨ ਕਰ ਰਹੇ ! ਦੋਵੇਂ ਮੇਰੀ ਵੱਲ ਹੋਰ ਹੋਰ ਹੀ ਤਰ੍ਹਾਂ ਝਾਕਦੇ ਹਨ, 'ਕਿਥੋਂ ਆ ਮਰਿਆ ਤੂੰ ਇਸ ਵੇਲੇ !' ਕੁੜੀ ਟੀਨਏਜ ਟੱਪੀ ਨਹੀਂ ਲਗਦੀ, ਮੁੰਡਾ ਵੀ ਉਨੀ ਕੁ ਉਮਰ ਦਾ ਹੀ ਲਗਦਾ। ਮੇਰਾ ਸਾਰਾ ਦਾ ਸਾਰਾ ਸਰੀਰ ਸਿਮਟ ਕੇ ਜਿਵੇਂ ਅੱਖਾਂ ਤੇ ਕੰਨਾਂ ਤੱਕ ਸੀਮਤ ਹੋ ਕੇ ਰਹਿ ਗਿਆ ਹੋਵੇ। ਉਨ੍ਹਾਂ ਕੋਲੋਂ ਅਗਾਂਹ ਲੰਘਦਿਆਂ ਵੀ ਮੇਰੀ ਸੁਰਤਾ ਪਿਛੇ ਉਨ੍ਹਾਂ 'ਚ ਰਹਿੰਦੀ ਹੈ, ਹਰ ਨਿਕੀ ਤੋਂ ਨਿੱਕੀ ਆਹਟ ਫੜਨ ਦੀ ਕੋਸ਼ਿਸ਼।

ਸਕੂਲ ਨਾਲ ਨਾਲ ਘੁੰਮਕੇ ਫਿਰ ਮੰਦਰ ਸਾਹਮਣੇ ਮਾਰਕੀਟ 'ਚ ਜਾ ਨਿਕਲਦਾ ਹਾਂ। ਰੇਨਬੋ ਮੈਡੀਕਲ ਸਟੋਰ ਵਾਲਾ ਮਾੜਾ ਜਿਹਾ ਸਿਰ ਹਿਲਾ ਕੇ 'ਵਿਸ਼' ਕਰਦਿਆਂ ਆਵਾਜ਼ ਮਾਰਦਾ ਹੈ, ''ਆਓ ਬੈਠੋਂ।'' ਪਰ ਮੈਂ ਸਿਰ ਹਿਲਾ ਕੇ ਜਵਾਬ ਦਿੰਦਾ ਅਗਾਂਹ ਲੰਘ ਜਾਂਦਾ ਹਾਂ। ਇਸਨੂੰ ਇਸ ਦੁਕਾਨ ਲਈ ਬੈਂਕ ਤੋਂ ਕਰਜ਼ਾ ਦਿਵਾਉਣ 'ਚ ਕੁਝ ਮਦਦ ਕੀਤੀ ਸੀ। ਉਦੋਂ ਦਾ ਅਹਿਸਾਨ ਮੰਨਦਾ। ਲੰਘਦੇ ਨੂੰ ਦੇਖ ਜ਼ਰੂਰ ਹੀ ਬੁਲਾਏਗਾ। ਜੇ ਵਿਹਲਾ ਹੋਵੇ ਤਾਂ ਚਾਹ ਵੀ ਮੰਗਾ ਲੈਂਦਾ। ਇਕ ਦਿਨ ਗੱਲਾਂ ਹੀ ਗੱਲਾਂ 'ਚ ਮੈਂ ਕਿਹਾ, ''ਅਹੂਜਾ ਸਾਹਿਬ, ਮੈਨੂੰ ਲਗਦਾ ਤੁਸੀਂ ਦੁਕਾਨ ਲਈ ਸਾਈਟ ਨਹੀਂ ਸਹੀ ਚੁਣੀ। ਨਾ ਏਥੇ ਨੇੜੇ ਕੋਈ ਹਸਪਤਾਲ ਐ ਤੇ ਨਾ ਹੀ ਇਹ ਮੇਨ ਰੋਡ ਐ ਕਿ ਕੋਈ ਲੰਘਦਾ-ਵੜਦਾ ਰੁੱਕ ਕੇ ਦੁਆਈਆਂ ਖਰੀਦ ਲਵੇ... ਇਸ ਕਾਲੋਨੀ ਦੀ ਆਬਾਦੀ ਕਿੰਨੀ ਕੁ ਹੈ? ਤੁਸੀਂ ਕਿਸੇ ਮੇਨ ਮਾਰਕੀਟ 'ਚ ਦੁਕਾਨ ਦੀ ਕੋਸ਼ਿਸ਼ ਕਿਉਂ ਨਹੀਂ ਕਰਦੇ? ''

''ਛੱਡੋ ਜੀ, ਦੁਆਈਆਂ 'ਚ ਅਜਕਲ ਬਚਦਾ ਹੀ ਕੀ ਐ... ਇਥੋਂ ਨੇੜੇ ਨੇੜੇ ਤਿੰਨ ਕਾਲਜ ਪੈਂਦੇ



ਐ... ਸਾਰੇ ਨਸ਼ੇੜੀ ਗੋਲੀਆਂ ਇਥੋਂ ਖੜਦੇ ਐ। ਫਿਰ ਕੁੜੀਆਂ ਵਲੋਂ ਅਰਲੀ ਪਰੈਗਨੈਂਸੀ ਟਰਮੀਨੇਸ਼ਨ ਦੀਆਂ ਗੋਲੀਆਂ ਦੀ ਖਰੀਦ... ਦਸ ਰੁਪਏ ਦੀ ਗੋਲੀ ਦੇ ਭਾਵੇਂ ਦੋ ਸੌ ਮੰਗ ਲਓ... ਬਸ ਉਨ੍ਹਾਂ ਦੀ ਪ੍ਰਾਈਵੇਸੀ ਬਣਾਈ ਰੱਖੋ। ਇਥੇ ਜਿੰਨਾ ਕੰਮ ਰਾਸ ਆਇਆ, ਮਾਰਕੀਟ 'ਚ ਸ਼ਾਇਦ ਨਾ ਹੀ ਆਉਂਦਾ...'' ਉਹ ਖਰਚਾ ਜਿਹਾ ਹੱਸਿਆ।

''ਕੁੜੀਆਂ ਖੁਦ ਹੀ ਗੋਲੀਆਂ ਖਰੀਦਦੀਆਂ? ''

''ਹਾਂ... ਪਿਛਲੇ ਅੱਠ ਦਸ ਸਾਲਾਂ ਤੋਂ ਇਹ ਰੁਝਾਨ ਵਧਿਆ। ਪਹਿਲਾ ਕੋਈ ਵਿਆਹੀ ਔਰਤ ਵੀ ਅਜਿਹੀ ਗੋਲੀ ਦਾ ਨਾਂ ਲੈਣੋ ਝਿਜਕਦੀ ਸੀ। ਪਰ ਨਵੀਂ ਜਨਰੇਸ਼ਨ... ਉਨਾਂ ਲਈ ਇੰਜ ਹੀ ਸਹਿਜ ਹੈ ਜਿਵੇਂ ਚੀਊਇੰਗਮ ਲੈ ਰਹੀਆਂ ਹੋਣ...।'' ਉਸਦੀ ਗਲ ਸੁਣਕੇ ਮੈਂ ਡਰ ਗਿਆ। ਜਦੋਂ ਦੀ ਅਵੀ ਜਵਾਨ ਹੋਈ ਹੈ, ਅਜਿਹੀਆਂ ਗੱਲਾਂ ਮੈਨੂੰ ਫਿਕਰ 'ਚ ਪਾ ਦਿੰਦੀਆਂ ਹਨ। ਮਾਰਕੀਟ ਦਾ ਚੱਕਰ ਕੱਢ ਕੇ ਮੁੜਦਾ ਹਾਂ ਤਾਂ ਹੁਣ ਗੁਲਮੋਹਰ ਦੀ ਛਾਂ ਹੇਠਾਂ ਖੜਾ ਮੋਟਰਸਾਈਕਲ ਨਹੀਂ ਦੀਹਦਾ। ਉਥੋਂ ਲੰਘਦਿਆਂ, ਉਸ ਥਾਂ ਪੈਰ ਫਿਰ ਵੀ ਠਿਠਕਦੇ ਹਨ।

ਘਰ ਅਵੀ ਆ ਗਈ ਹੋਈ ਹੈ ਤੇ ਆਪਣੇ ਕਮਰੇ 'ਚ ਕੰਪਿਊਟਰ ਸਾਹਮਣੇ ਬੈਠੀ ਹੈ। ''ਕਦੋਂ ਆਈ ਤੂੰ? ''

''ਅੱਧਾ ਕੁ ਘੰਟਾ ਹੋ ਗਿਆ।'' ਉਹ ਸਹਿਜ ਹੈ।

''ਏਨੀ ਦੇਰ ਲਾ ਕੇ ਨਹੀਂ ਆਈਦਾ ਬੇਟੇ...।'' ਮੇਰੇ ਅੰਦਰਲਾ ਬਾਪ ਚਿੰਤਿਤ ਹੁੰਦਾ ਹੈ।

''ਮੈਂ ਮੁਕੇਸ਼ ਤੋਂ ਨੋਟਸ ਲੈਣੇ ਸਨ, ਪਰ ਉਸਦੇ ਘਰਦੀ ਲੋਕੇਸ਼ਨ ਦਾ ਪਤਾ ਨਹੀਂ ਸੀ। ਪਹਿਲਾਂ ਅਵੰਤੀ ਦੇ ਘਰ ਗਈ ਤੇ ਉਸਨੂੰ ਨਾਲ ਲੈ ਮੁਕੇਸ਼ ਦੇ ਘਰ ਗਈਆਂ ਬਾਹਰਵਾਰ ਰਾਮਾ ਮੰਡੀ। ਆਉਂਦਿਆਂ ਐਕਟਿਵਾ ਪੈਂਚਰ ਹੋ ਗਈ। ਵੀਹ ਪੰਝੀ ਮਿੰਟ ਉਥੇ ਖਰਾਬ ਹੋ ਗਏ। ''

ਮੈਂ ਉਸ ਨਾਲ ਦੀ ਕੁਰਸੀ 'ਤੇ ਬਹਿ ਜਾਂਦਾ ਹਾਂ ਤੇ ਕੰਪਿਊਟਰ ਦੀ ਸਕਰੀਨ 'ਤੇ ਦੇਖਦਾ ਹਾਂ। ਉਹ ਮਾਊਸ ਦੀ ਕਲਿਕ ਨਾਲ ਸਫ਼ਿਆਂ ਦੇ ਸਫ਼ੇ ਅਗਾਂਹ ਤੋਰੀ ਜਾ ਰਹੀ ਹੈ। ਮੈਨੂੰ ਕੁਝ ਸਮਝ ਨਹੀਂ ਆਉਂਦਾ, ਉਹ ਕੀ ਦੇਖ ਰਹੀ ਹੈ। ਜਦੋਂ ਦਾ ਇੰਟਰਨੈਟ ਕੁਨੈਕਸ਼ਨ ਲਿਆ ਹੈ, ਉਹ ਬਹੁਤਾ ਹੁਣ ਕੰਪਿਊਟਰ 'ਤੇ ਹੀ ਬੈਠਦੀ ਹੈ। ਦਿਨੇ ਅਸੀਂ ਘਰ ਨਹੀਂ ਹੁੰਦੇ, ਮਗਰੋਂ ਕਿਹੜੀ ਕਿਹੜੀ ਸਾਈਟ ਦੇਖਦੀ ਰਹਿੰਦੀ ਹੋਵੇਗੀ, ਕੀ ਪਤਾ? ਅਖਬਾਰਾਂ 'ਚ ਅਜਿਹਾ ਕੁਝ ਪੜ੍ਹੀਦਾ ਹੈ ਤਾਂ ਦਹਿਲ ਜਾਈਦਾ ਹੈ। ਪਰ ਹੋਰ ਕੋਈ ਬਦਲ ਵੀ ਨਹੀਂ। ਦੋਵਾਂ ਦੀ ਨੌਕਰੀ ਤੋਂ ਬਿਨਾਂ ਗੁਜ਼ਾਰਾ ਨਹੀਂ ਤੁਰਦਾ ! ਸਵੇਰੇ ਨੌਂ ਵਜੇ ਦੇ ਨਿਕਲੇ ਹੋਏ ਸਾਢੇ ਪੰਜ, ਛੇ ਘਰ ਵੜਦੇ ਹਾਂ। ਉਹ ਡੇਢ ਵਜੇ ਕਾਲਜੋਂ ਆ ਜਾਂਦੀ ਹੈ। ਕਈ ਵਾਰ ਉਸਨੂੰ ਕਿਹਾ ਵੀ ਹੈ ''ਕੰਪਿਊਟਰ ਦੁਆਲੇ ਏਨਾ ਨਾ ਰਿਹਾ ਕਰ। ਕੁਝ ਕਿਤਾਬਾਂ ਵੀ ਦੇਖ ਲਿਆ ਕਰ।'' ਪਰ ਉਸਤੇ ਕੋਈ ਬਹੁਤਾ ਅਸਰ ਨਹੀਂ ਹੁੰਦਾ। ਸਖਤ ਹੋ ਕੇ ਕਹੀਦਾ ਨਹੀਂ। ਸੋਚੀਦਾ, ''ਅਸੀਂ ਕਿਹੜਾ ਘਰ ਹੁੰਦੇ ਹਾਂ ਮਗਰੋਂ ਦੇਖਣ ਲਈ?''

ਮੈਂ ਫਿਰ ਅਵੀ ਕੋਲੋਂ ਉੱਠ ਕੇ ਬੈੱਡ ਰੂਮ 'ਚ ਲੰਘ ਜਾਂਦਾ ਹਾਂ। ਤੁਰਕੇ ਆਉਣ ਕਰਕੇ ਮੁੜਕਾ ਅਜੇ ਵੀ ਆਈ ਜਾ ਰਿਹਾ ਹੈ। ਪੱਖੇ ਨਾਲ ਕੂਲਰ ਦਾ ਸਵਿੱਚ ਵੀ ਆਨ ਕਰ ਦਿੰਦਾ ਹਾਂ। ਆਪਣੀ ਲੂਜ਼ ਟੀ-ਸ਼ਰਟ ਨੂੰ ਪਿੰਡੇ ਨਾਲੋਂ ਖਿੱਚ ਕੇ ਉਪਰ ਚੁੱਕਦਾ ਹਾਂ। ਇਸ ਨਾਲ ਕੁਝ ਰਾਹਤ ਮਹਿਸੂਸ ਹੁੰਦੀ ਹੈ। ਟੀ. ਵੀ. ਪਹਿਲਾਂ ਹੀ ਲੱਗਿਆ ਹੋਇਆ ਸੀ। ਹੁਣ ਰਾਖੀ ਸਾਵੰਤ ਫਿਲਮ ਇੰਡਸਟਰੀ 'ਚ ਹੀਰੋਇਨ ਦੀ ਦੇਹ ਦੇ ਸ਼ੋਸ਼ਣ ਬਾਰੇ ਰਾਇ ਦੇਣ ਲੱਗੀ ਹੋਈ ਹੈ। ਗੂੜੇ ਹਰੇ ਰੰਗ ਦੀ ਬਰਾਅ ਉਸਦੀ ਹਿੱਕ ਦੇ ਉਭਾਰਾਂ ਦੇ ਬਸ ਉਪਰਲੇ ਥੋੜੇ ਜਿਹੇ ਹਿਸੇ ਨੂੰ ਹੀ ਢੱਕ ਰਹੀ ਹੈ। ਹੇਠਾਂ ਉਸੇ ਰੰਗ ਦੀ ਸਕਰਟ। ਹੋਰ ਕੋਈ ਕਪੜਾ ਨਹੀਂ ਸਰੀਰ 'ਤੇ ਨਾਂ ਨੂੰ ਵੀ। ਉਸਦੇ ਸਰੀਰ ਦੀ ਹਰ ਕਰਵ ਸਾਫ਼ ਸਾਫ਼ ਉਭਰ ਰਹੀ ਹੈ, ਸਗੋਂ ਕੁਝ ਕੈਮਰਾਮੈਨ ਵੀ ਆਪਣੇ ਕਮਾਲ ਕਰ ਰਿਹਾ ਹੈ। ਇਸਦੀ ਇਹ ਬੇਬਾਕੀ ਕਈ ਵਾਰ ਡਰਾ ਜਾਂਦੀ ਹੈ। ਤਿੰਨ ਚਾਰ ਮਿੰਟ ਉਹ ਸਕਰੀਨ 'ਤੇ ਰਹੀ। ਹੁਣ ਕੋਈ ਡਾਇਰੈਕਟਰ ਆ ਗਈ ਹੈ। ਉਧਰੋਂ ਮੁੜਦੀਆਂ ਮੇਰੀਆਂ ਨਜ਼ਰਾਂ ਅਚਾਨਕ ਬਿਸਤਰੇ ਦੀ ਚਾਦਰ ਵਲ ਚਲੀਆਂ ਜਾਂਦੀਆਂ ਹਨ। ਖੱਬੇ ਪਾਸਿਓਂ ਉਹ ਵਿਚਾਲਿਓਂ ਜਿਹਿਓਂ ਲਹਿਰਾਂ ਵਾਂਗ ਉਤਾਂਹ ਉਠਦੀ ਤੇ ਸੱਜੇ

ਪਾਸੇ ਦੂਸਰੇ ਸਿਰੇ ਤੱਕ ਚਲੀ ਜਾਂਦੀ ਹੈ। ਪਿਛਲੇ ਸਿਰਿਓਂ ਫਿਰ ਉਹ ਵਿਛਣੀ ਸ਼ੁਰੂ ਹੁੰਦੀ ਹੈ ਤੇ ਜਦੋਂ ਤੱਕ ਦੂਸਰੇ ਸਿਰੇ ਤੱਕ ਪੁੱਜਦੀ ਹੈ, ਹਵਾ ਦਾ ਦਬਾਅ ਮੁੜ ਪਹਿਲੇ ਵਾਲੀ ਥਾਂ ਤੋਂ ਉਡਾਉਣੀ ਸ਼ੁਰੂ ਕਰ ਦੇਂਦਾ ਹੈ। ਮੈਂ ਉਸ ਹੇਠ ਹਵਾ ਭਰਨ ਦੀ ਇਹ ਖੇਡ ਦੇਖਣ 'ਚ ਮਗਨ ਹੋ ਜਾਂਦਾ ਹਾਂ। ਸੂਤੀ ਚਾਦਰ ਹਲਕੀ ਹੋਣ ਕਰਕੇ ਸ਼ਾਇਦ ਇਹ ਹੋ ਰਿਹਾ ਹੈ ! ਉਪਰ ਪੱਖਾ ਚਲ ਰਿਹਾ ਹੈ। ਸਾਹਮਣਲੇ ਪਾਸਿਓਂ ਕੂਲਰ ਦੀ ਹਵਾ ਪੈਣ ਕਰਕੇ ਉੱਤਰ ਵਲ ਦੀ ਕੰਧ ਅਤੇ ਬੈੱਡ ਦੇ ਵਿਚਾਲੇ ਦੀ ਥੋੜੀ ਜਿਹੀ ਖਾਲੀ ਥਾਂ 'ਚ ਕੋਈ ਦਬਾਅ ਜਿਹਾ ਬਣਦਾ ਹੈ, ਜਿਹੜਾ ਉਥੋਂ ਕੁ ਕਿਨਾਰੇ ਤੋਂ ਚਾਦਰ ਹੇਠਾਂ ਲਮਕਦੀ ਹੋਣ ਕਰਕੇ, ਉਸ ਅੰਦਰ ਭਰ ਉਸਨੂੰ ਉਤਾਂਹ ਚੁਕਦਾ। ਮੈਂ ਕਿੰਨਾ ਹੀ ਚਿਰ ਦੇਖਦਾ ਰਹਿੰਦਾ ਹਾਂ, ਇਸਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹਾਂ। ਇਸੇ ਕੋਸ਼ਿਸ਼ 'ਚ ਮੈਂ ਉੱਠ ਕੇ ਪੱਖਾ ਬੰਦ ਕਰ ਦਿੰਦਾ ਹਾਂ, ਕੂਲਰ ਚਲਦਾ ਰਹਿੰਦਾ ਹੈ। ਹੁਣ ਚਾਦਰ ਲਹਿਰਾਂ ਵਾਂਗ ਉਡਣੀ ਬੰਦ ਹੋ ਗਈ ਹੈ। ਫਿਰ ਮੈਂ ਪੱਖਾ ਚਲਾ ਦੇ ਕੂਲਰ ਬੰਦ ਕਰ ਦਿੰਦਾ ਹਾਂ। ਹੁਣ ਵੀ ਚਾਦਰ ਨਹੀਂ ਉਡਦੀ। ਦੋਹਾਂ ਨੂੰ ਮੁੜ ਚਲਾ ਦਿੰਦਾ ਹਾਂ ਤਾਂ ਚਾਦਰ ਹੇਠਾਂ ਮੁੜ ਹਵਾ ਭਰਨ ਕਰਕੇ, ਉਸਦੀਆਂ ਲਹਿਰਾਂ ਬਨਣੀਆਂ ਸ਼ੁਰੂ ਹੋ ਜਾਂਦੀਆਂ ਹਨ।

'ਚਾਦਰ ਦੀਆਂ ਇਹਨਾਂ ਲਹਿਰਾਂ ਨੂੰ ਉਨਾਂ ਦੇ ਅੰਤਮ ਸਿਰੇ ਤੋਂ ਨਹੀਂ ਸਮਝਿਆ ਜਾ ਸਕਦਾ, ' ਮੈਂ ਸੋਚਦਾ ਹਾਂ। ਇਨ੍ਹਾਂ ਨੂੰ ਸਮਝਣ ਲਈ ਹੋਰ ਬਹੁਤ ਕੁਝ ਦੀ ਜ਼ਰੂਰਤ ਹੈ। ਬੀਜ ਕਿਤੇ ਹੋਰ ਪਏ ਹੋਏ ਹਨ। ਅਚਨਚੇਤ ਮੈਨੂੰ ਖਿਆਲ ਆਉਂਦਾ ਹੈ, 'ਸ਼ਾਮ ਦਾ ਹੀ ਮੈਂ ਕਿੰਨਾ ਕੁਝ ਬੇਤਰਤੀਬਾ ਜਿਹਾ ਸੋਚੀ ਜਾ ਰਿਹਾ ਹਾਂ, ਉਸਦੇ ਬੀਜ ਕਿਥੇ ਹਨ? ਹਾਂ, ਕਿਥੇ ਹਨ ਬੀਜ ਮੇਰੀ ਸੋਚ ਦੇ, ਮੇਰੀਆਂ ਕਲਪਨਾਵਾਂ ਦੇ... ਉਲਜਲੂਲ ਕੁਝ ਨਹੀਂ ਹੁੰਦਾ, ਬਸ ਉਹੀ, ਜਿਸਨੂੰ ਅਸੀਂ ਸਮਝ ਨਹੀਂ ਸਕਦੇ ਜਾਂ ਸ਼ਾਇਦ ਸਾਡੀ ਸਮਝਣ ਦੀ ਸਮਰੱਥਾ ਤੋਂ ਕੁਝ ਬਾਹਰ ਹੁੰਦਾ ਹੈ। ਪਰ...

''ਰੋਟੀ ਤਿਆਰ ਹੈ। ਤੁਸੀਂ ਨਹਾ ਲਓ ਹੁਣ ਫਟਾਫਟ...।'' ਕਿਚਨ 'ਚੋਂ ਰਣਜੀਤ ਦੇ ਬੋਲ ਸੁਣਦੇ ਹਨ। ਬਾਥਰੂਮ ਜਾਂਦਿਆਂ ਸਰੀਰ ਥੱਕਿਆ ਥੱਕਿਆ ਲਗਦਾ ਹੈ। ਸ਼ਾਇਦ ਸਾਰੇ ਦਿਨ ਦੇ ਤੋਰੇ-ਫੇਰੇ, ਅਗ ਜ਼ਰਸ਼ਨ ਕਰਕੇ। 'ਅੱਜ ਰਾਤ ਨੀਂਦ ਚੰਗੀ ਆਵੇਗੀ।' ਨਹਾਉਂਦਿਆਂ ਸੋਚਦਾ ਹਾਂ। ਫਿਰ ਖਿਆਲ ਆਉਂਦਾ ਹੈ, ਹੁਣ ਥਕੇਵਾਂ ਕਿੰਨੀ ਛੇਤੀ ਹੋਣ ਲਗ ਪਿਆ ਹੈ। ਥੋੜੀ ਜਿਹੀ ਅਗਜ਼ਰਸ਼ਨ ਵੀ ਥਕਾ ਦਿੰਦੀ ਹੈ। ਪੰਜ ਛੇ ਸਾਲਾ ਪਹਿਲਾਂ ਤੱਕ ਇੰਜ ਨਹੀਂ ਸੀ ਹੁੰਦਾ। ਉਮਰ ਆਪਣੀਆਂ ਪੈੜਾਂ ਛੱਡੀ ਜਾਂਦੀ ਹੈ। ਉਂਜ ਇਨ੍ਹਾਂ ਪੈੜਾਂ ਨੂੰ ਸਹਿਜ ਬਣਾਇਆ ਜਾ ਸਕਦਾ ਹੈ ਸੁਸ਼ਮਾ ਵਾਂਗ, ਪਰ ਮੈਂ ਯਤਨ ਨਹੀਂ ਕਰਦਾ। ਉਸਦੇ ਆਪਣੇ ਦੱਸਣ ਮੁਤਾਬਕ, ''ਸਵੇਰੇ ਪੰਜ ਵਜੇ ਉਠਦੀ ਹਾਂ। ਅੱਧਾ ਘੰਟਾ ਪਹਿਲਾਂ ਸੈਰ ਕਰਦੀ ਹਾਂ ਤੇ ਫਿਰ ਅੱਧਾ ਘੰਟਾ ਯੋਗਾ... ਇਹ ਇਕ ਘੰਟਾ ਹਰ ਰੋਜ਼ ਮੈਂ ਆਪਣੇ ਸਰੀਰ 'ਤੇ ਲਾਉਂਦੀ ਹਾਂ। ਉਸਤੋਂ ਬਾਅਦ ਫਿਰ ਸ਼ੁਰੂ ਹੁੰਦੇ ਹਨ ਘਰਦੇ ਕੰਮ ਤੇ ਨੌਕਰੀ ਦੀ ਤਿਆਰੀ।'' ਪੰਜਤਾਲੀਆਂ ਤੋਂ ਟੱਪੀ ਹੋਣ ਦੇ ਬਾਵਜੂਦ ਉਹ ਤੀਹਾਂ ਪੈਂਤੀਆਂ ਦੀ ਲੱਗਦੀ ਹੈ। ਸਰੀਰ ਦੀ ਲਚਕ ਤਾਂ ਕੰਵਾਰੀਆਂ ਕੁੜੀਆਂ ਵਰਗੀ ਹੈ। ਸਾਰੇ ਦਫ਼ਤਰ ਦੇ ਮਰਦ ਲਾਲਾਂ ਸੁੱਟਦੇ ਹਨ। ਬਾਥਰੂਮ ਦੇ ਸ਼ੀਸ਼ੇ ਸਾਹਵੇਂ ਖੜੋ ਗਿੱਲਾ ਪਿੰਡਾ ਪੂੰਝਦਿਆਂ, ਸੁਸ਼ਮਾ ਬੜੀ ਸ਼ਿੱਦਤ ਨਾਲ ਯਾਦ ਆਉਂਦੀ ਹੈ !

ਲੋਅਰ ਤੇ ਬਨੈਣ ਪਾ ਨਿਕਲਦਾ ਹਾਂ। ਅਵੀ ਟੇਬਲ 'ਤੇ ਖਾਣਾ ਲਾ ਰਹੀ ਹੈ। ਰਣਜੀਤ ਪੱਖੇ ਹੇਠਾਂ ਬੈਠੀ ਪਸੀਨਾਂ ਸੁਕਾ ਰਹੀ ਹੈ। ਮੇਰੇ ਬਾਹਰ ਨਿਕਲਦਿਆਂ ਹੀ ਉਹ ਤੌਲੀਆ ਲੈ ਬਾਥਰੂਮ 'ਚ ਵੜ ਜਾਂਦੀ ਹੈ।

''ਪਾਪਾ, ਤੁਹਾਡਾ ਪੇਟ ਬਹੁਤ ਵਧੀ ਜਾ ਰਿਹਾ ਹੈ, ਤੁਸੀਂ ਸੈਰ ਕਿਉਂ ਨਹੀਂ ਸ਼ੁਰੂ ਕਰਦੇ... ਕੁਝ ਯੋਗਾ ਵੀ ਕਰ ਲਿਆ ਕਰੋ...।'' ਅਵੀ ਖਾਣਾ ਲਾ ਕੇ ਮੇਰੇ ਨਾਲਦੀ ਕੁਰਸੀ 'ਤੇ ਬਹਿੰਦਿਆਂ ਆਖਦੀ ਹੈ।

''ਵਿਹਲ ਹੀ ਕਦੋਂ ਮਿਲਦੀ ਹੈ ਨੌਕਰੀ ਤੇ ਹੋਰ ਕੰਮਾਂ ਤੋਂ।''

''ਮੋਟਾਪਾ ਨੱਬੇ ਪ੍ਰਤੀਸ਼ਨ ਬਿਮਾਰੀਆਂ ਦਾ ਆਧਾਰ ਬਣਦਾ ਹੈ। ਫਿਰ ਵੀ ਤਾਂ ਡਾਕਟਰ ਦੇ ਚੱਕਰ 'ਚ ਤੁਰੇ ਹੀ ਫਿਰੋਗੇ !''

''ਚਲੋ ਦੇਖਦੇ ਹਾਂ... ਕੱਢਦਾ ਹਾਂ ਸਮਾਂ ਕਿਸੇ ਤਰਾਂ... ।'' ਮੈਂ ਉਸਦੇ ਚਿਹਰੇ ਵਲ ਦੇਖਦਾ ਹਾਂ। ਚਿਹਰੇ 'ਤੇ ਚਮਕ ਹੈ ਚੜਦੀ ਜੁਆਨੀ ਦੇ ਹੁਸਨ ਦੀ। ਅਜੇ ਕੁਝ ਦਿਨ ਹੋਏ ਤਾਂ ਕਨੇਡਾ ਤੋਂ ਰਿਸ਼ਤਾ ਆਉਂਦਾ ਸੀ।



ਪੂਰਾ ਮਨ ਤਾਂ ਨਹੀਂ ਸੀ ਪਰ ਸੋਚਿਆ ਫਿਰ ਵੀ ਇਕ ਵਾਰ ਇਸਨੂੰ ਪੁੱਛ ਲਈਏ। ਉਸਨੇ ਬੜੀ ਬੇਬਾਕੀ ਨਾਲ ਕਿਹਾ, ''ਪਾਪਾ, ਤੁਸੀਂ ਕਿਹੜੇ ਦੀਪਿੰਦਰ ਨੂੰ ਜਾਣਦੇ ਨਹੀਂ ! ਇਥੋਂ ਹੀ ਗਿਆ ਤਿੰਨ ਸਾਲ ਪਹਿਲਾਂ। ਪਲੱਸ-ਟੂ ਲੰਘ ਨਾ ਸਕਿਆ... ਕਿਸੇ ਤਰਾਂ ਤਿਕੜਮ ਲੜਾ ਕੇ ਕਨੇਡਾ ਜਾ ਵੜਿਆ ਤਾਂ ਇਸ ਨਾਲ ਤੁਹਾਨੂੰ ਕੀ ਲਗਦਾ, ਉਹ ਸੁਧਰ ਗਿਆ ਹੋਊ? ਮੇਰੇ ਲਈ ਅਜੇ ਕੈਰੀਅਰ ਹੀ ਹੈ ਸਭ ਕੁਝ। ਆਉਂਦੇ ਪੰਜ ਸਾਲ ਤਾਂ ਮੇਰੇ ਨਾਲ ਵਿਆਹ ਬਾਰੇ ਗਲ ਨਾ ਕਰਿਓ...।''

ਦੀਪਿੰਦਰ ਨੂੰ ਅਸੀਂ ਵੀ ਜਾਣਦੇ ਹਾਂ। ਰਣਜੀਤ ਦੀ ਵੱਡੀ ਭੈਣ ਦੀ ਦਰਾਣੀ ਦਾ ਮੁੰਡਾ ਹੈ। ਪਤਾ ਨਹੀਂ ਕਿਉਂ, ਜਦੋਂ ਉਹਨਾਂ ਨੇ ਗਲ ਤੋਰੀ ਤਾਂ ਮਨ 'ਚ ਦੁਬਿੱਧਾ ਸੀ। ਉਹਨਾਂ ਦਾ ਸੌਖਾ ਘਰ ਤੇ ਦੀਪਿੰਦਰ ਦਾ ਕਨੇਡਾ 'ਚ ਹੋਣਾ, ਉਸਦੀਆਂ ਸਭ ਬੁਰਾਈਆਂ ਨੂੰ ਜਿਵੇਂ ਢੱਕ ਲੈਂਦਾ ਸੀ। ਜੇ ਅਵੀ ਦੀ ਏਨੀ ਸਪੱਸ਼ਟ ਨਾਂਹ ਨਾ ਹੁੰਦੀ ਤਾਂ ਫਿਰ...? ਰੋਟੀ ਖਾ ਕੇ ਬਰਤਨ ਸਿੰਕ 'ਚ ਰਖਾ, ਉਹ ਪੜ੍ਹਨ ਲਗ ਪਈ। ਮੈਂ ਉੱਠ ਕੇ ਬੈੱਡ 'ਤੇ ਜਾ ਪਿਆ।

ਟੀ. ਵੀ. ਤੇ ਹੁਣ ਇਕ ਸੀਰੀਅਲ ਆ ਰਿਹਾ ਹੈ। ਇਹ ਸੀਰੀਅਲ ਵੀ ਅਜੀਬ ਹਨ। ਹਰ ਸੀਰੀਅਲ 'ਚ ਹੀ, ਹਰ ਪਾਤਰ ਦੇ ਦੋ ਦੋ ਤਿੰਨ ਤਿੰਨ ਵਿਆਹ ਹੁੰਦੇ ਹਨ ਚਾਹੇ ਉਹ ਮਰਦ ਹੋਵੇ ਤੇ ਚਾਹੇ ਔਰਤ। ਭਲਾ ਇਹ ਕੀ ਪ੍ਰੇਰਨਾ ਦੇ ਸਕਦੇ ਹਨ ! ਚੰਗਾ ਹੀ ਹੈ ਅਵੀ ਇਹਨਾਂ ਨੂੰ ਨਹੀਂ ਦੇਖਦੀ ! !

ਬਰਤਨ ਸਾਫ਼ ਕਰਕੇ ਤੇ ਦੂਸਰੇ ਨਿਕੇ ਮੋਟੇ ਕੰਮ ਸਾਂਭਦਿਆਂ-ਸੰਵਾਰਦਿਆਂ ਰਣਜੀਤ ਨੂੰ ਘੰਟਾ ਲਗ ਗਿਆ। ਤੇ ਜਦੋਂ ਉਹ ਆ ਕੇ ਬੈੱਡ 'ਤੇ ਪਈ, ਮੈਂ ਲਗਪਗ ਸੌਂ ਚੁੱਕਿਆ ਹਾਂ ! ੦

ਪਤਾ. ਸਾਹਿਤ ਸੰਪਾਦਕ, ਨਵਾਂ ਜ਼ਮਾਨਾ, ਨਹਿਰੂ ਗਾਰਡਨ ਰੋਡ, ਜਲੰਧਰ।

ਰੀਵਿਊ ਲਈ ਪਹੁੰਚੀਆਂ ਪੁਸਤਕਾਂ :

1ਸ਼ਹੀਦੇ-ਏ-ਆਜ਼ਾਮ ਭਗਤ ਸਿੰਘ ਕਾਵਿ
(ਪੰਨੇ: 354, ਮੁੱਲ: 115 ਰੁ.)
2.ਚੌਣਵਾਂ ਪੰਜਾਬੀ ਸੂਫ਼ੀ ਕਲਾਮ
ਪੰਨੇ: 480, ਮੁੱਲ: 125 ਰੁ.)
3.ਬੰਦੀ ਬੋਲ
(ਪੰਨੇ: 342, ਮੁੱਲ: 100 ਰੁ.)
4. ਕਾਲਾ ਪਾਣੀ
ਪੰਨੇ: 100, ਮੁੱਲ: 40 ਰੁ.)
5. ਮੈਂ ਨਾਸਤਕ ਕਿਉਂ ਹਾਂ
(ਪੰਨੇ: 26, ਮੁੱਲ: 25 ਰੁ.)
6. 1857 ਦੀ ਬਗ਼ਾਵਤ
(ਪੰਨੇ: 320, ਮੁੱਲ: 85 ਰੁ.)

*ਨੈਸ਼ਨਲ ਬੁਕ ਟਰੱਸਟ, ਇੰਡੀਆ ਵੱਲੋਂ ਪ੍ਰਕਾਸ਼ਤ*



## ਇਕ ਬੇਦਾਵਾ ਹੋਰ / ਸਰੂਪ ਸਿਆਲਵੀ

''ਕੀ ਮੱਲ੍ਹੀ ਸਾਹਿਬ ਵੀ ਕਿਸੇ ਲਾਲਚ ਵਸ ਪਾਰਟੀ ਛੱਡ ਕੇ ਜਾ ਸਕਦੇ ਹਨ? ''

ਗੱਲ ਸੁਣਦਿਆਂ ਮਨ ਨੂੰ ਧੱਕਾ ਜਿਹਾ ਲੱਗਿਆ ਇਸ ਖਬਰ ਨੇ ਮੇਰਾ ਲੱਕ ਤੋੜ ਦਿੱਤਾ ਸੀ। ਜਿਵੇਂ ਕਿਸੇ ਅੱਤ ਨਜ਼ਦੀਕੀ ਦੀ ਮੌਤ ਹੋ ਗਈ ਹੋਵੇ।... ਕੇ. ਆਰ. ਸਾਹਿਬ ਦੀ ਅਗਵਾਈ ਵਿਚ, ਮੱਲ੍ਹੀ ਸਾਹਿਬ ਨੇ ਪੰਜਾਬ ਵਿਚ ਬਾਵਾ ਸਾਹਿਬ ਡਾ. ਅੰਬੇਡਕਰ ਦੇ ਅਧੂਰੇ ਸੁਪਨੇ ਨੂੰ ਪੂਰਾ ਕਰਨ ਦਾ ਬੀੜਾ ਚੁੱਕਿਆ ਸੀ। ਕੇ. ਆਰ. ਸਾਹਿਬ ਨੂੰ ਵੀ, ਮੱਲ੍ਹੀ ਸਾਹਿਬ ਦੇ ਹੁੰਦਿਆ... ਪੰਜਾਬ ਵਿਚ ਆਉਣ ਦੀ ਲੋੜ ਨਹੀਂ ਸੀ ਪੈਂਦੀ। ਸਗੋਂ ਉਹ ਆਪਣੀ ਲਗਨ, ਸਮਰੱਥਾ ਤੇ ਸੂਝ-ਬੂਝ ਨਾਲ, ਪੰਜਾਬ ਤੋਂ ਬਾਹਰ ਹਰਿਆਣਾ ਤੇ ਹਿਮਾਚਲ ਪ੍ਰਦੇਸ ਵਿਚ ਜਾ ਕੇ... ਵਰਕਰਾਂ ਨੂੰ ਤਿਆਰ ਕਰਨ ਵਿਚ ਕੇ. ਆਰ. ਸਾਹਿਬ ਦਾ ਹੱਥ ਵਟਾਉਂਦੇ ਰਹਿੰਦੇ ਸਨ। ... ਪਰ ਉਹਨਾਂ ਦੇ ਪਾਰਟੀ ਛੱਡ ਕੇ ਜਾਣ ਨਾਲ... ਪੰਜਾਬ ਵਿਚ ਨਵੀਂ ਨਵੀਂ ਉਠੀ ਦਲਿਤ ਮੂਵਮੈਂਟ ... ਹਾਲ ਦੀ ਘੜੀ ਤਾਂ ਥੱਲੇ ਲਗਦੀ ਜਾਪ ਰਹੀ ਸੀ। ... ਹੋਰ ਵਰਕਰਾਂ ਦੇ ਨਾਲ, ਮੈਂ ਵੀ ਦੱਬੇ-ਕੁਚਲੇ ਸਮਾਜ ਦੇ ਲੋਕਾਂ ਨੂੰ ਉਹਨਾਂ ਦੀ ਗੁਲਾਮੀ ਦਾ ਅਹਿਸਾਸ ਕਰਵਾਉਣ ਵਿਚ ਜੁਟਿਆ ਹੋਇਆ ਸਾਂ। ਤੇ ਟੁੱਟੇ ਭੱਜੇ ਲੋਕਾਂ ਲਈ ਕੰਮ ਕਰਨਾ ਹੀ... ਆਪਣੇ ਦੁਖ-ਦਰਦ ਭੁਲਾਉ ਦਾ ... ਮੇਰੇ ਕੋਲ ਇਕੋ-ਇਕ ਜ਼ਰੀਆ ਸੀ।... ਪਹਿਲਾਂ ਵੀ, ਕਈ ਵਾਰ, ਮੇਰੇ ਸਿਰ ਵਿਚ ਅਚਾਨਕ ਅੰਤਾਂ ਦਾ ਦਰਦ ਉੱਠ ਪੈਂਦਾ ਸੀ। ... ਕਾਰਨ ਦਾ ਪਤਾ ਨਹੀਂ ਸੀ ਲੱਗ ਰਿਹਾ। ... ਅੱਜ ਫੇਰ ਸਿਰ ਪਾਟਣ ਨੂੰ ਆ ਰਿਆ।... ਪੁੜ-ਪੁੜੀਆਂ ਵਿਚੋਂ ਅੱਗ ਦੇ ਚੰਗਿਆੜੇ ਨਿਕਲ ਰਹੇ ਹਨ। ਪਿੰਡ ਦੇ ਡਾਕਟਰ ਨੂੰ ਬੁਲਾਇਆ। ਉਹਨੇ ਟੀਕਾ ਲਾ ਕੇ, ਦਵਾਈ ਦੇ ਕੇ ਹੌਂਸਲਾ ਦਿੱਤਾ, ''ਘਬਰਾਓ ਨਾ... ਮਾਸਟਰ ਜੀ, ਠੀਕ ਹੋ ਜਾਣੈ। ਆਹ ਨਸ਼ੇ ਜਹੇ ਦੀ ਦਵਾਈ ਹੁੰਦੀ ਐ। ਆਰਾਮ ਕਰੋ... ਦਿਮਾਗ਼ ਦਾ ਭਾਰ ਲਹਿ ਜਾਣੈ। ... ਪਿੰਡ ਵਿਚ, ਹੋਰ ਵੀ ਮੇਰੇ ਅਜਿਹੇ ਮਰੀਜ਼ ਹਨ, ਬਹੁਤੀਆਂ ਤੀਵੀਆਂ ਉਹ ਸਿਰ ਵਿਚ ਅਚਾਨਕ ਉਠੇ ਅਸਾਹਿ-ਦਰਦ ਨੂੰ 'ਹੁੱਲਾਂ ਉੱਠਣੀਆਂ' ਜਾਂ 'ਹੁੱਲਾਂ ਵੱਜਣੀਆਂ' ਆਖਦੀਆਂ ਹਨ।'' ਫੇਰ ਤਾਂ ਡਾਕਟਰ ਸਾਹਿਬ ਮੈਨੂੰ ਵੀ ਆਪਣੇ ਪੱਕੇ ਮਰੀਜ਼ਾਂ ਵਿਚ ਸ਼ਾਮਲ ਕਰ ਲਓ? ''

''ਨਹੀਂ ਮਾਸਟਰ ਜੀ.. ਅਜਿਹੀ ਕੋਈ ਗੱਲ ਨਹੀਂ... ਇਸ ਬੀਮਾਰੀ ਦਾ ਇਲਾਜ ਤੁਸੀਂ ਖੁਦ ਵੀ ਕਰ ਸਕਦੇ ਓ। ਕਿਸੇ ਵੀ ਵਿਚਾਰ ਨੂੰ ਆਪਣੇ ਦਿਮਾਗ਼ ਤੇ ਹਾਵੀ ਨਾ ਹੋਣ ਦਿਓ।... ਕਿਸੇ ਘਟਨਾ ਨੂੰ ਆਪਣੇ ਦਿਮਾਗ਼ 'ਤੇ ਬੋਝ ਨਾ ਬਣਨ ਦਿਓ। ਭਾਵੇਂ ਕਿਸੇ ਸਕੇ-ਸਬੰਧੀ ਦੀ...। ਅੱਗੇ ਤੁਸੀਂ ਆਪ ਪੜ੍ਹੇ-ਲਿਖੇ ਸਮਝਦਾਰ ਓ।''

ਪਰ ਆਪਣੇ ਦਿਮਾਗ 'ਤੇ ਭਾਰ ਪਾਏ ਬਿਨਾ... ਬੰਦਾ ਕੁਝ ਕਰ ਵੀ ਨਹੀਂ ਸਕਦਾ। ... ਪਰ ਹੁਣ ਵੀ ਜਦ ਮੈਂ ਪੁਰਾਣੇ ਵਰਕਰਾਂ ਤੋਂ ਪੁਛਦਾ ਹਾਂ... ਹਾਂ ਉਹ ਮੱਲ੍ਹੀ ਸਾਹਿਬ ਦੇ ਕਿਸੇ ਲਾਲਚ-ਵਸ ਪਾਰਟੀ ਛੱਡ ਕੇ ਜਾਣ ਬਾਰੇ ਸਹਿਮਤ ਨਹੀਂ ਹੁੰਦੇ... 'ਨਾਂਹ' ਵਿਚ ਸਿਰ ਹਿਲਾਉਂਦੇ ਹਨ।

ਕਿਉਂਕਿ ਜੋ ਕੇ. ਆਰ. ਸਾਹਿਬ ਬਾਰੇ ਗੱਲਾਂ ਪ੍ਰਚਲਤ ਸਨ ਕਿ... ਸਾਹਿਬ ਦਾ ਹਫਤੇ ਦਾ ਟੂਰ ਪ੍ਰੋਗਰਾਮ ਦੇਖੋ... ਦਿਨ ਰਾਤ ਮੀਟਿੰਗਾਂ ਦਾ ਪ੍ਰੋਗਰਾਮ। ਜੇ ਦੁਪਹਿਰ ਨੂੰ ਜਲੰਧਰ, ਸ਼ਾਮ ਨੂੰ ਚੰਡੀਗੜ੍ਹ... ਰਾਤ ਨੂੰ ਦਿੱਲੀ... ਅਗਲੀ ਸਵੇਰ ਲਖਨਓ...ਕਾਰ ਵਿਚ ਸਫ਼ਰ ਕਰਦਿਆਂ ਹੀ ਨੀਂਦ ਕੱਢ ਲੈਂਦੇ ਹਨ। ਉਹਨਾਂ ਦੇ ਖਾਣ ਦਾ ਵੀ ਕੋਈ ਸਮਾਂ ਨਿਸਚਿਤ ਨਹੀਂ... ਬਰਫੀ ਦਾ ਡੱਬਾ ਕਾਰ ਵਿਚ ਹੀ ਰੱਖਦੇ ਹਨ। ... ਫੇਰ ਉਹਨਾਂ ਨੂੰ ਸ਼ੂਗਰ ਰਹਿਣ ਲੱਗ ਪਈ। ਛੇਤੀ ਹੀ ਪੰਜਾਬ ਵਿਚ ਆਉਣ 'ਤੇ ਉਹਨਾਂ ਦਾ ਖਾਣਾ ਡਾਕਟਰ ਪਾਲ ਦੀ ਦੇਖ-ਰੇਖ ਵਿਚ ਬਣਨ ਲੱਗ ਪਿਆ। ... ਉਹਨਾਂ ਨੂੰ ਸੱਜੇ ਪਾਸੇ ਅੱਤ ਦਾ ਪਸੀਨਾ ਆਉਂਦਾ। ਸੱਜੇ ਪਾਸੇ ਟੇਬਲ ਫੈਨ ਲਾ ਕੇ ਰੱਖਣ 'ਤੇ ਵੀ ਪਸੀਨਾ ਨਾ ਸੁੱਕਦਾ 'ਮੇਰੇ ਕੋਲ ਬੀਮਾਰ ਹੋਣ ਦਾ ਸਮਾਂ ਨਹੀਂ।' ਆਖਣ ਵਾਲੇ ਕੇ. ਆਰ. ਸਾਹਿਬ ਨੂੰ ਲੰਬਾ ਸਮਾਂ ਬੀਮਾਰੀ ਨਾਲ ਘੋਲ ਕਰਨਾ ਪਿਆ।

ਮੱਲ੍ਹੀ ਸਾਹਿਬ ਨਾਲ ਵੀ ਘੱਟ ਗੱਲਾਂ ਨਹੀਂ ਸਨ ਜੁੜੀਆਂ ਹੋਈਆਂ।... ਉਹ ਐਡੀ ਵੱਡੀ ਕੰਪਨੀ ਦੇ



ਮੈਨੇਜਿੰਗ ਡਾਇਰੈਕਟਰ ਹੁੰਦਿਆਂ ਟੂਰ 'ਤੇ ਗਏ, ਥਰੀ ਸਟਾਰ ਹੋਟਲ ਵਿਚ ਠਹਿਰਨ ਦੀ ਹੈਸੀਅਤ ਰੱਖਦੇ ਹਨ... ਪਰ ਦੱਬੇ-ਕੁਚਲੇ ਲੋਕਾਂ ਦੇ ਆਮ ਘਰਾਂ ਵਿਚ ਅਟਕਦੇ ਹਨ। ਅਟਕਦੇ ਵੀ ਕਿਥੇ ਹਨ? ... ਪੰਜਾਬ ਵਿਚ ਕਿਸੇ ਜ਼ਿਲ੍ਹੇ ਜਾਂ ਬਲਾਕ ਦੇ ਵਰਕਰਾਂ ਦੀ ਮੀਟਿੰਗ ਲੈ ਕੇ ਰਾਤੋਂ ਰਾਤ ਬੱਸ ਬੈਠ ਕੇ, ਦਿਨ ਚੜ੍ਹਦੇ ਨੂੰ ਆਪਣੀ ਡਿਊਟੀ 'ਤੇ ਜਾਂਦੇ ਹਨ। ਜਾਂ ਸਾਢੇ ਪੰਜ ਦਿੱਲੀ ਨੂੰ ਗੱਡੀ ਬਹਿ ਕੇ... ਕੇ. ਆਰ. ਸਾਹਿਬ ਨੂੰ ਦਫ਼ਤਰ ਮਿਲਕੇ ... ਸਾਢੇ ਗਿਆਰਾ ਵਾਲੀ ਚੰਡੀਗੜ੍ਹ ਨੂੰ ਰਾਤ ਦੀ ਗੱਡੀ ਫੜ ਲੈਂਦੇ ਹਨ। ... ਤੇ ਜਦ ਦੂਰ-ਦੁਰਾਡੇ ਇਲਾਕਿਆਂ ਦੇ ਦਲਿਤ ਸਮਾਜ ਨੂੰ ਜਾਗ੍ਰਿਤ ਕਰਨ ਲਈ, ਕੇ. ਆਰ. ਸਾਹਿਬ ਆਪ ਵਰਕਰਾਂ ਦੇ ਸਾਈਕਲ ਮਾਰਚ ਦੀ ਅਗਵਾਈ ਕਰਦੇ... ਤਾਂ ਮੱਲ੍ਹੀ ਸਾਹਿਬ ਦੀਆਂ ਦੋਵੇਂ ਕਾਲਜ ਪੜ੍ਹਦੀਆਂ ਲੜਕੀਆਂ ... ਉਹਨਾਂ ਨਾਲ ਸਾਈਕਲ ਮਾਰਚ ਵਿਚ ਹਿੱਸਾ ਲੈਂਦੀਆਂ ਰਹੀਆਂ। ... ਤੇ ਮੱਲ੍ਹੀ ਸਾਹਿਬ ਦੇ ਨਾਲ ਜੇ. ਆਰ. ਵਿਰਦੀ, ਕੇ. ਆਰ ਸਾਂਪਲੇ, ਜੰਗ ਬਹਾਦਰ ਸਿੰਘ, ਰਾਮ ਰਾਜ ਸਿਆਣ, ਖੁਸ਼ਿਆਲ ਖਿਜ਼ਰਾ ਆਦਿ ਪੰਜ, ਸੱਤ ਸੀਨੀਅਰ ਵਰਕਾਂ ਨੇ, ਪੰਜਾਬ ਦੇ ਜ਼ਿਲ੍ਹਿਆਂ ਤੇ ਬਲਾਕਾਂ ਵਿਚ ਬਾਮਸੇਫ ਦੀਆਂ ਬਾਡੀਆਂ ਬਣਾਉਂਦਿਆਂ ਵਾਰ ਵਾਰ ਮੀਟਿੰਗਾਂ ਕਰਕੇ ਹੋਰ ਵਰਕਰਾਂ ਨੂੰ ਤਿਆਰ ਕਰਦਿਆਂ ਤੇ ਉਹਨਾਂ ਦੀਆਂ ਅੱਗੇ ਆਪਣੇ-ਆਪਣੇ ਇਲਾਕੇ ਵਿਚ ਕੰਮ ਦੀਆਂ ਪ੍ਰੋਗਰੈੱਸ ਰਿਪੋਰਟਾਂ ਲਿਆਉਂਦਿਆਂ ਪੰਜਾਬ ਵਿਚ ਤਰਥੱਲੀ ਮਚਾਈ ਹੋਈ ਸੀ।

ਪਰ ਮੇਰਾ ਵਾਹ ਮੱਲ੍ਹੀ ਸਾਹਿਬ ਨਾਲ ਬਾਦ ਵਿਚ ਪਿਆ ਸੀ। ਮੇਰੇ ਕੋਲ ਪਹਿਲਾਂ ਜ਼ਿਲ੍ਹਾ ਰੋਪੜ ਦੇ ਬਾਮਸੇਫ ਦੇ ਸੀਨੀਅਰ ਵਰਕਰ, ਹਰਜਾਪ ਸਿੰਘ ਆਉਣ ਲੱਗੇ ਸਨ। ਮੇਰੇ ਪਿੰਡ ਦਾ ਬਿਜਲੀ ਬੋਰਡ ਦੇ ਦਫ਼ਤਰ ਵਿਚ ਐਸਿਸਟੈਂਟ ਲੱਗਿਆ ਚਮੇਲ ਸਿੰਘ ਖੇੜਾ, ਉਹਨੂੰ ਮੇਰੇ ਕੋਲ ਲੈ ਕੇ ਆਇਆ ਸੀ। ਮੈਨੂੰ ਕਾਮਰੇਡਾਂ ਨਾਲ ਘੁੰਮਦਿਆਂ ਰਹਿਣ ਕਰਕੇ ਹੀ, ਸ਼ਾਇਦ ਉਸਨੇ ਕਹਿ ਦਿੱਤਾ ਸੀ, ''ਬਈ ਜੇ ਮਾਜਰੀ ਬਲਾਕ ਤਿਆਰ ਕਰਨਾ... ਮਾਸਟਰ ਜਗਰੂਪ ਸਿੰਘ ਨੂੰ ਅੱਗੇ ਲਿਆਓ।''

ਪਹਿਲਾਂ ਪਹਿਲਾਂ ਮੈਂ ਅਣਮੰਨੇ ਜਹੇ ਮਨ ਨਾਲ ਉਹਨਾਂ ਨਾਲ ਤੁਰਦਾ। ਤੇ ਹਰ ਬੰਦਾ ਸਾਨੂੰ, ਉਹਦੇ ਘਰ ਗਿਆਂ ਨੂੰ ਅਣਮੰਨੇ ਜਹੇ ਮਨ ਨਾਲ ਹੀ ਬੈਠਣ ਨੂੰ ਕਹਿੰਦਾ। ਮੈਂ ਉਕਤਾ ਗਿਆ ਸਾਂ। ... ਕਿਉਂ ਨਾ ਉਹਨਾਂ ਤੋਂ ਖਹਿੜਾ ਛੁਡਾ ਲਵਾਂ? ... ਮੈਂ ਕਾਮਰੇਡਾਂ ਵਾਲਾ ਤਕੀਆ ਕਲਾਮ ਵਰਤਿਆ, ''ਅਸੀਂ ਤਾਂ ਜਾਤ-ਪਾਤ ਨੂੰ ਮੰਨਦੇ ਨੀਂ ਹੈਗੇ... ਮੈਨੂੰ ਤਾਂ ਥੁਆਡੀਆਂ ਜਾਤ-ਪਾਤ ਫੈਲਾਉਣ ਵਾਲੀਆਂ ਗੱਲਾਂ ਚੰਗੀਆਂ ਨੀਂ ਲਗਦੀਆ।'' ਮੈਂ ਸੋਚਿਆ ਸੀ ਕਿ ਮੇਰੀ ਗੱਲ ਸੁਣਕੇ, ਮੈਥੋਂ ਨਾਰਾਜ਼ ਹੋ ਕੇ, ਉਹ ਮੇਰੇ ਘਰੋਂ ਉਠਕੇ ਚਲੇ ਜਾਣਗੇ।... ਪਰ ਹਰਜਾਪ ਸਿੰਘ ਤਾਂ ਸ਼ੁਰੂ ਹੋ ਗਿਆ... ਜੋਤੀ ਬਾ ਫੂਲੇ, ਛਤਰਪਤੀ ਸ਼ਾਹੂ ਜੀ ਮਹਾਰਾਜਾ, ਨਰਾਇਣ ਗੁਰੂ, ਡਾ. ਅੰਬੇਡਕਰ ਸਾਹਿਬ, ਨਮੋ ਸ਼ੂਦਰਾ ਮੂਵਮੈਂਟ, ਆਦਿ ਧਰਮੀ ਲਹਿਰ...। ਮੈਂ ਅਚੰਭਿਤ ਹੁੰਦਿਆਂ ਸੁਣੀ ਗਿਆ।... ਹੈਂ ... ਇਹ ਤਾਂ ਵਿਦਵਾਨ ਨੇ... ਮੈਂ ਤਾਂ ਐਵੇਂ ਸਮਝੀ ਗਿਆ।

ਹਰਜਾਪ ਸਿੰਘ ਅਣਥੱਕ ਵਰਕਰ ਸੀ। ਉਹ ਰੋਪੜ ਤੋਂ ਆਪਣੇ ਟੈਲੀਫੋਨ ਐਕਸਚੇਂਜ ਦੇ ਦਫਤਰੋਂ ਛੁੱਟੀ ਕਰੇਕ, ਬੱਸ ਬਹਿਕੇ, ਸਾਡੇ ਪਿੰਡ ਚਮੇਲ ਸਿੰਘ ਦੇ ਘਰ ਆ ਜਾਂਦਾ। ਮੈਂ ਉਹਨਾਂ ਨਾਲ, ਨੇੜੇ-ਤੇੜੇ ਦੇ ਪਿੰਡਾਂ ਵਿਚ ਮੀਟਿੰਗ ਕਰਨ ਲਈ ਜਾਣ ਲੱਗ ਪਿਆ ਸਾਂ। ਉਹਨਾਂ ਦੇ ਬੋਲਣ ਤੋਂ ਬਾਦ, ਮੈਂ ਆਪਣੇ ਸ਼ਬਦਾਂ ਵਿਚ ਦਲਿਤਾਂ ਦੇ ਦੁੱਖਾਂ-ਦਰਦਾਂ ਦੀਆਂ, ਉਹਨਾਂ ਨਾਲ ਹੁੰਦੇ ਵਿਤਕਰੇ, ਆਪਮਾਨ ਦੀਆਂ ਗੱਲਾਂ ਕਰਦਾ ਰਹਿੰਦਾ। ਕੁਝ ਦਿਨਾਂ ਤੋਂ ਬਾਦ ਹਰਜਾਪ ਸਿੰਘ ਨੇ ਕਹਿਣਾ ਸ਼ੁਰੂ ਕਰ ਦਿੱਤਾ, ''ਮੈਂ ਤਾਂ ਅੰਬੇਡਕਰਵਾਦ ਦੇ ਸਿਧਾਂਤ ਦੱਸਕੇ, ਹੱਡੀਆਂ ਦਾ ਢਾਂਚਾ ਖੜ੍ਹਾ ਕੀਤਾ... ਇਸ ਵਿਚ ਜਾਨ ਮਾਸਟਰ ਜਗਰੂਪ ਸਿੰਘ ਹੁਰਾਂ ਪਾਉਣਗੇ।'' ਅਗਲੇ ਸਾਲ, ਮੱਲ੍ਹੀ ਸਾਹਿਬ ਤੋਂ ਕੇਡਰ ਲੈਣ ਤੱਕ, ਮੈਂ ਭੰਬਲ-ਭੂਸੇ ਵਿਚ ਹੀ ਪਿਆ ਰਿਹਾ।

ਤਿੰਨ ਦਿਨਾਂ ਕੇਡਰ ਕੈਂਪ ਵਿਚ ਮੱਲ੍ਹੀ ਸਾਹਿਬ ਨੇ, ਭਾਰਤੀ ਸਮਾਜ ਨੂੰ ਪੌੜੀ ਦੇ ਡੰਡਿਆਂ ਵਾਂਗ, ਉਪਰ ਤੋਂ ਥੱਲੇ ਵੱਲ ਨੂੰ ਡਿਗਦੇ ਕ੍ਰਮ ਅਨੁਸਾਰ ... ਲਗਭਗ ਛੇ ਹਜ਼ਾਰ ਜਾਤਾਂ-ਪਾਤਾਂ ਵਿਚ ਵੰਡੇ ਹੋਣ ਬਾਰੇ ਤੇ ਵੱਖ-ਵੱਖ ਜਾਤੀਆਂ ਨੂੰ ਦਿੱਤੇ ਕੰਮਾਂ ਤੇ ਉਹਨਾਂ 'ਤੇ ਲਾਈਆਂ ਰੋਕਾਂ, ਵਰਜਨਾਵਾਂ ਬਾਰੇ ਵਿਸਥਾਰ ਨਾਲ ਦੱਸਿਆ। ਅਛੂਤਾਂ ਬਾਰੇ ਬੋਲਦਿਆਂ ਉਹਨਾਂ ਨੇ ਦੱਸਿਆ, '' ਜਿਵੇਂ ਹੁਣ ਤੁਸੀਂ ਕੋਟ, ਪੈਂਟ ਪਾ ਕੇ, ਟਾਈ-ਸ਼ਾਈ ਲਾ ਕੇ ਤੇ ਥੁਆਡੀਆਂ ਪਤਨੀਆਂ ਸੋਲਾਂ ਸਿੰਗਾਰ ਕਰਕੇ ਘਰੋਂ ਨਿਕਲਦੀਆਂ ਹਨ...ਇਸੇ ਤਰ੍ਹਾਂ ਸਾਡੇ

ਪੂਰਵਜਾਂ ਨੂੰ ਆਪਣੀ ਤਰ੍ਹਾਂ ਦਾ ਹਾਰ-ਸ਼ਿੰਗਾਰ ਕਰਕੇ ਘਰੋਂ ਨਿਕਲਣਾ ਪੈਂਦਾ ਸੀ। ...ਸਭ ਤੋਂ ਪਹਿਲਾਂ ਉਹ ਲੱਕ ਪਿਛੇ ਝਾੜੂ ਬੰਨ੍ਹਦੇ ਸਨ, ਤਾਂ ਜੋ ਉਹਨਾਂ ਦੀ ਪੈੜ ਨਾਲ ਦੀ ਨਾਲ ਮਿਟਦੀ ਚਲੀ ਜਾਵੇ ਤੇ ਕਿਸੇ ਉੱਚ ਜਾਤੀ ਵਾਲੇ ਵਿਅਕਤੀ ਦਾ ਪੈਰ ਉਹਨਾਂ ਦੀ ਪੈੜ 'ਤੇ ਰੱਖਿਆ ਜਾਣ 'ਤੇ ਉਹ ਭਿੱਟਿਆ ਨਾ ਜਾਵੇ। ਫੇਰ ਉਹ ਆਪਣੇ ਮੂੰਹ 'ਤੇ ਕੁੱਜਾ ਬੰਨ੍ਹਦੇ ਸਨ, ਤਾਂ ਜੋ ਉਹਨਾਂ ਦਾ ਥੁੱਕ ਥੱਲੇ ਧਰਤੀ 'ਤੇ ਡਿੱਗਣ ਨਾਲ... ਧਰਤੀ ਮਾਤਾ ਭ੍ਰਿਸ਼ਟ ਨਾ ਹੋ ਜਾਵੇ। ... ਤੇ ਫੇਰ ਉਹ ਘਰੋਂ ਤੁਰਨ ਲੱਗੇ, ਆਪਣੇ ਗਲ ਵਿਚ ਉੱਚੀ ਆਵਾਜ਼ ਨਾਲ ਖੜਕਣ ਵਾਲਾ ਟੱਲ ਬੰਨ੍ਹਦੇ ਸਨ... ਤਾਂ ਜੋ ਉੱਚ ਜਾਤੀ ਦੇ ਲੋਕਾਂ ਨੂੰ ਉਹਨਾਂ ਦੇ ਆਉਣ ਦਾ ਪਤਾ ਲੱਗ ਜਾਵੇ... ਤੇ ਉਹ ਉਹਨਾਂ ਦਾ ਪਰਛਾਵਾਂ ਪੈ ਕੇ ਭਿੱਟੇ ਜਾਣ ਦੇ ਡਰੋਂ... ਪਹਿਲਾਂ ਹੀ ਪਾਸੇ ਹੋ ਜਾਣ।

ਇਹ ਜਾਣਕੇ ਕਿ 'ਉਹਨਾਂ ਦੇ ਪੂਰਵਜਾਂ' ਨੂੰ ਐਨੀ ਘਿਨਾਉਣੀ ਅਵਸਥਾ ਵਿਚ ਨੂੰ ਲੰਘਣਾ ਪਿਆ। ਕੇਡਰ ਕੈਂਪ ਵਿਚ ਬੈਠੇ ਵਿਅਕਤੀਆਂ ਦੀਆਂ ਅੱਖਾਂ ਸ਼ਰਮ ਨਾਲ ਝੁਕਦੀਆਂ ਜਾ ਰਹੀਆਂ ਸਨ। ... ਮੱਲ੍ਹੀ ਸਾਹਿਬ ਉਸ ਵੇਲੇ ਦੀਆਂ, ਲੋਕਾਂ ਪਿਛੇ ਝਾੜੂ, ਮੂੰਹ 'ਤੇ ਕੁੱਜਾ ਤੇ ਗਲ ਵਿਚ ਟੱਲੀ ਬੰਨ੍ਹੀਂ ਪਾਟੇ-ਪੁਰਾਣੇ ਕੱਪੜੇ ਪਾਈਂ... ਅਛੂਤਾਂ ਦੀਆਂ ਪੇਂਟਿੰਗਾਂ ਦਿਖਾ ਰਹੇ ਸਨ। ... ਪਰ ਕੇਡਰ ਕੈਂਪ ਵਿਚ ਬੈਠੇ, ਹਰੇਕ ਵਿਅਕਤੀ ਦਾ ਮਨ ... ਜਿਸ ਵਿਵਸਥਾ ਨੇ ਉਹਨਾਂ ਦੇ ਪੂਰਵਜਾ ਨੂੰ ਅਜਿਹੀ ਅਵਸਥਾ ਵਿਚ ਨੂੰ ਲੰਘਣ ਲਈ ਮਜਬੂਰ ਕੀਤਾ... ਪ੍ਰਤੀ ਨਫਰਤ ਨਾਲ ਭਰਿਆ ਹੋਇਆ ਸੀ... ਕੋਈ ਵੀ ਵਿਅਕਤੀ ਝਾੜੂ, ਕੁੱਜੇ ਤੇ ਟੱਲੀ ਬੰਨ੍ਹੀ ... ਆਪਣੇ ਪੂਰਵਜ ਦੀ ਪੇਂਟਿੰਗ ਵੱਲ, ਅੱਖ ਚੁੱਕ ਕੇ ਦੇਖਣ ਦਾ ਹੀਂਆ ਨਹੀਂ ਸੀ ਕਰ ਰਿਹਾ।

ਮੱਲ੍ਹੀ ਸਾਹਿਬ ਨੇ ਖੋਹੇ ਇਨਸਾਨੀ ਹੱਕਾਂ ਨੂੰ ਮੁੜ ਪ੍ਰਾਪਤ ਕਰਨ ਲਈ ਲੜੇ ਗਏ ਲੰਬੰ ਸੰਘਰਸ਼ ਦੀ ਕਹਾਣੀ ਸੁਣਾਈ। ਡਾ. ਅੰਬੇਡਕਰ ਸਾਹਿਬ ਨੇ 1919 ਦੇ ਭਾਰਤ ਸਰਕਾਰ ਦੇ ਐਕਟ ਵਿਚ ਅਛੂਤਾਂ ਲਈ 'ਡਿਪਰੈਸਡ ਕਲਾਸਿਜ' (ਦਬੀਆਂ-ਕੁਚਲੀਆਂ ਜਾਤਾਂ) ਤੇ 1935 ਦੇ ਐਕਟ ਵਿਚ 'ਸਡੂਲਡ ਕਾਸਟਸ' ਟਰਮ ਦਰਜ ਕਰਵਾਈ।

ਡਾ. ਅੰਬੇਡਕਰ, ਆਛੂਤਾਂ ਨੂੰ ਅਧਿਕਾਰ ਦਿਵਾਉਣ ਲਈ, ਅੰਗਰੇਜ਼ ਸਰਕਾਰ ਰਾਹੀਂ ਲੰਡਨ ਵਿਚ ਕੀਤੀਆਂ ਗਈਆਂ ਤਿੰਨ ਗੋਲ ਮੇਜ਼ ਕਾਨਫਰੰਸਾਂ ਵਿਚ ਸ਼ਾਮਲ ਹੋਏ। ਉਹਨਾਂ ਨੇ ਅਛੂਤਾਂ ਲਈ ਪੜ੍ਹਨ-ਲਿਖਣ, ਸਿਵਲ ਤੇ ਮਿਲਟਰੀ ਸੇਵਾਵਾਂ ਵਿਚ ਨੌਕਰੀਆਂ ਦੇਣ, ਵਗਾਰ ਦੀ ਥਾਂ ਦਿਹਾੜੀ ਦੇਣ ਤੇ ਵੋਟ ਪਾਉਣ ਦਾ ਅਧਿਕਾਰ ਦੇਣ ਤੇ ਛੂਤ-ਛਾਤ ਵਿਰੋਧੀ ਕਾਨੂੰਨ ਬਣਾਉਣ ਸੰਬੰਧੀ ਮੇਰਾ ਪੱਤਰ ਅੰਗਰੇਜ਼ ਸਰਕਾਰ ਨੂੰ ਪੇਸ਼ ਕੀਤਾ। ... ਜਦ ਯੂਰਪ ਦੇ ਦੇਸ਼ਾਂ ਦੇ ਅਖਬਾਰਾਂ ਵਿਚ ਛਪਿਆ ਕਿ ਭਾਰਤ ਦੇ ਛੇ ਕਰੋੜ ਲੋਕ ਅਨਟਚੇਬਲ (ਅਛੂਤ) ਹਨ। ਜਿਹਨਾਂ ਨੂੰ ਦੂਜੇ ਲੋਕ ਛੂਹਣ ਤੱਕ ਨਹੀਂ ਦਿੰਦੇ। ਤਾਂ ਉਥੋਂ ਦੇ ਲੋਕਾਂ ਨੂੰ ਇਹ ਅਨਟਚੇਬਲ ਵਾਲੀ ਗੱਲ ਸਮਝ ਨਹੀਂ ਸੀ ਆ ਰਹੀ। ਕਿ ਆਖਰ ਇਕ ਆਦਮੀ ਦੂਜੇ ਨੂੰ ਛੂਹਣ ਕਿਉਂ ਨਹੀਂ ਦਿੰਦਾ? ਕਿਉਂਕਿ ਛੂਹਣ ਤੋਂ ਤਾਂ ਕੋਈ ਜਾਨਵਰਾਂ ਨੂੰ ਵੀ ਨਹੀਂ ਰੋਕਦਾ।... ਉਹ ਗੱਲਾਂ ਕਰਦੇ ਕਿ ਜ਼ਰੂਰ ਉਹਨਾਂ ਲੋਕਾਂ ਨੂੰ ਕੋਈ ਛੂਤ ਦੀ ਬੀਮਾਰੀ ਲੱਗੀ ਹੋਵੇਗੀ... ਤਾਂ ਹੀ ਤਾਂ ਛੂਹਣ ਨਹੀਂ ਦਿੰਦੇ ਹੋਣਗੇ।

''ਡਾ. ਅੰਬੇਡਕਰ ਰਾਹੀਂ ਪ੍ਰਾਪਤ ਕੀਤੇ ਅਧਿਕਾਰਾਂ ਸਦਕਾ... ਅੱਜ ਤੁਸੀਂ ਮੁੱਠੀ ਭਰ ਲੋਕ ਨੌਕਰੀਆ ਅਫਸਰੀਆਂ, ਜਾਇਦਾਦਾ, ਕਾਰਾਂ, ਕੋਠੀਆਂ ਦੇ ਮਾਲਕ ਬਣੇ ਬੈਠੇ ਹੋ। ... ਪਰੰਤੂ ਇਹ ਅਧਿਕਾਰ.... ਪਰ ਜਦੋਂ ਕੁਝ ਬੰਦੇ ਮੱਲ੍ਹੀ ਸਾਹਿਬ ਦੀ ਗੱਲ ਨੂੰ ਕੱਟਦਿਆਂ ਹੋਇਆ ... ਪ੍ਰਸ਼ਨ ਪੁੱਛਣ ਲਈ ਖੜ੍ਹੇ ਹੋ ਗਏ। ਜਿਵੇਂ ਮੱਲ੍ਹੀ ਸਾਹਿਬ ਦੀਆਂ ਗੱਲਾਂ ਵਿਚ ਉਹਨਾਂ ਦੀ ਕੋਈ ਬਹੁਤੀ ਦਿਲਚਸਪੀ ਨਾ ਹੋਵੇ ਉਨ੍ਹਾਂ ਨੇ ਪੁੱਛਿਆ, ''ਬਾਮਸੇਫ ਦੇ ਵਰਕਰਾਂ ਨੂੰ ਵਿਧਾਨ ਸਭਾਵਾਂ ਤੇ ਲੋਕ ਸਭਾ ਦੀਆਂ ਚੋਣਾਂ ਵਿਚ... ਲੜਨ ਲਈ ਕਿੰਨੀਆ ਸੀਟਾਂ ਦਿੱਤੀਆਂ ਜਾਣਗੀਆਂ? ਦੱਸਿਆ ਜਾਵੇ।'' ਮੈਂ ਦੇਖਦਾ ਆ ਰਿਹਾ ਸਾਂ ਕਿ ਮੱਲ੍ਹੀ ਸਾਹਿਬ ਅਤਿਅੰਤ ਸਹਿਨਸ਼ੀਲਤਾ, ਆਤਮ ਵਿਸ਼ਵਾਸ ਤੇ ਠਰ੍ਹਮੇ ਨਾਲ ਗੱਲ ਕਰਦੇ ਸਨ। ... ਪਰ ਮੈਂ ਪਹਿਲੀ ਵਾਰ ਉਨ੍ਹਾਂ ਨੂੰ ਗੁੱਸੇ ਤੇ ਤਲਖੀ ਨਾਲ ਬੋਲਦਿਆਂ ਸੁਣਿਆ, ''ਬਾਮਸੇਫ ਦੇ ਜਿਹੜੇ ਵਰਕਰ... ਚੋਣਾਂ ਲੜਨ ਲਈ ਟਿਕਟ ਪ੍ਰਾਪਤ ਕਰਨ... ਜਾਂ ਕੋਈ ਹੋਰ ਕਿਸੇ ਕਿਸਮ ਦਾ ਲਾਭ ਪ੍ਰਾਪਤ ਕਰਨ ਲਈ ਆਏ ਹਨ... ਕਿਰਪਾ ਕਰਕੇ ਹੁਣੇ ਉਠ ਕੇ ਚਲੇ ਜਾਣ।'' ਤੇ ਕੁਝ ਸੂਟਿਡ-ਬੂਟਿਡ ਬੰਦੇ ਉੱਠ ਕੇ ਚਲੇ ਵੀ ਗਏ ਸਨ।



ਮੱਲ੍ਹੀ ਸਾਹਿਬ ਨੇ ਦੱਸਿਆ ਕਿ ਡਾ. ਅੰਬੇਡਕਰ ਜਦੋਂ ਉਹ ਬੀਮਾਰੀ ਕਾਰਨ ਸਾਹ-ਸੱਤ ਹੀਣ ਹੁੰਦੇ ਜਾ ਰਹੇ ਸਨ... ਅਜਿਹੇ ਲਾਲਚੀ ਕਰਮਚਾਰੀਆਂ ਬਾਰੇ... ਆਪਣੇ ਪੀ ਏ ਨਾਨਕ ਚੰਦ ਰੱਤੂ ਨੂੰ ਕਿਹਾ ਸੀ, ''ਜਿਹੜਾ ਕੁਝ ਵੀ ਮੈਂ ਪ੍ਰਾਪਤ ਕਰ ਸਕਿਆ ਹਾਂ... ਉਹਦਾ ਫ਼ਲ ਪੜ੍ਹਿਆ ਲਿਖਿਆ ਰਾਹੀਂ ਮਾਣਿਆਂ ਜਾ ਰਿਹਾ ਹੈ। ਜਿਹੜੇ ਕਿ ਭਾਈਚਾਰੇ ਲਈ ਕੋਈ ਹਮਦਰਦੀ ਨਾ ਹੋਣ ਕਰਕੇ... ਦੱਬੇ ਕੁਚਲੇ ਲੋਕਾਂ ਲਈ ਬੇਕਾਰ ਸਾਬਤ ਹੋ ਰਹੇ ਹਨ। ਉਹ ਕੇਵਲ ਆਪਣੇ ਨਿੱਜੀ ਫਾਇਦੇ ਲਈ ਜੀ ਰਹੇ ਹਨ।''

ਡਾ. ਅੰਬੇਡਕਰ ਨੇ ਅਤਿਅੰਤ ਦੁਖੀ ਹੁੰਦਿਆਂ ਨਾਨਕ ਚੰਦ ਰੱਤੂ ਨੂੰ ਕਿਹਾ, ''ਉਹ ਵਿਚਾਰ ਜਿਹੜਾ ਕਿ ਮੈਨੂੰ ਅਤਿਅੰਤ ਦੁਖੀ ਕਰ ਰਿਹਾ ਹੈ... ਜਿਸਦੇ ਕਾਰਨ ਮੈਂ ਬਹੁਤ ਉਦਾਸ ਹਾਂ... ਉਹਦੇ ਬਾਰੇ ਤੁਸੀਂ ਲੋਕ ਨਹੀਂ ਜਾਣਦੇ... ਹੁਣ ਮੇਰਾ ਧਿਆਨ ਪਿੰਡਾਂ ਵਿਚ ਰਹਿਣ ਵਾਲੇ ਉਹਨਾਂ ਕਰੋੜਾਂ ਲੋਕਾਂ ਵਲ ਵਾਰ -ਵਾਰ ਜਾਂਦਾ ਹੈ... ਜਿਹੜੇ ਕਿ ਲਗਾਤਾਰ ਸਮਾਜਕ, ਆਰਥਿਕ ਤੌਰ ਤੇ ਸ਼ੋਸ਼ਿਤ ਹਨ, ਪੀੜਤ ਹਨ। ਤੇ ਉਹ ਪੀੜ੍ਹੀ ਦਰ ਪੀੜ੍ਹੀ ਨਾ ਬਦਲੀ ਜਾਣ ਵਾਲੀ ਸਥਿਤੀ ਵਿਚ ਰਹਿ ਰਹੇ ਹਨ'' ਫੇਰ ਉਹਨਾਂ ਨੇ ਥੋੜਾ ਰੁਕ ਕੇ ਸਿਸਕਦਿਆਂ ... ਅੱਖਾਂ ਵਿਚ ਹੰਝੂ ਭਰ ਕੇ ... ਤੇ ਬਾਹਾਂ ਉਪਰ ਚੁੱਕਦਿਆਂ ਕਿਹਾ, ''ਪਰ ਮੈਨੂੰ ਆਪਣੀ ਜ਼ਿੰਦਗੀ ਬਹੁਤ ਘੱਟ ਰਹਿ ਗਈ ਜਾਪਦੀ ਹੈ... ਅਰਥਾਤ ਮੈਂ ਉਹਨਾਂ ਲਈ ਕੁਝ ਨਹੀਂ ਕਰ ਸਕਾਂਗਾ। ''

ਡਾ. ਅੰਬੇਡਕਰ ਦੀਆਂ ਅਪੀਲਾਂ ਦਲੀਲਾਂ ਤੇ ਲਿਖਤਾਂ ਨੂੰ ਪੜ੍ਹਕੇ, ਕੇ. ਆਰ. ਸਾਹਿਬ ਨੇ ਆਪਣੀ ਆਰਡੀਨੈਂਸ ਫੈਕਟਰੀ ਦੀ ਇੰਜਨੀਅਰ ਦੀ ਨੌਕਰੀ ਛੱਡ ਦਿੱਤੀ। ਤੇ ਦਲਿਤ-ਸ਼ੋਸ਼ਿਤ ਸਮਾਜ ਦੇ ਪੜ੍ਹੇ-ਲਿਖੇ ਕਰਮਚਾਰੀਆਂ ਨੂੰ, ਜਿਨ੍ਹਾਂ ਕੋਲ ਪੈਸਾ, ਦਿਮਾਗ਼ ਤੇ ਸਮਾਂ ਹੈ... ਸਮਝਾ-ਬੁਝਾ ਕੇ... ਦੱਬੇ ਕੁਚਲੇ ਲੋਕਾਂ ਲਈ ਕੁਝ ਕਰਨ ਦੇ ਆਸ਼ੇ ਤੇ ਉਦੇਸ਼ ਅਧੀਨ... ਉਹਨਾਂ ਨੂੰ ਸਾਰੇ ਦੇਸ਼ ਵਿਚ ਘੁੰਮ ਘੁੰਮ ਕੇ ਲਾਮਬੰਦ ਕਰਨ ਲੱਗੇ।

ਡਾ. ਅੰਬੇਡਕਰ ਦੇ ਕਹੇ ਸ਼ਬਦਾਂ , ''ਮੇਰੇ ਲੈਫਨੀਨੈਟਾਂ, ਸਹਿਯੋਗੀਆਂ, ਜਿਨ੍ਹਾਂ 'ਤੇ ਮੈਨੂੰ ਮਾਣ ਤੇ ਵਿਸ਼ਵਾਸ਼ ਸੀ ਕਿ ਉਹ ਮੂਵਮੈਂਟ ਨੂੰ ਅੱਗੇ ਲੈ ਕੇ ਜਾਣਗੇ... ਪਰ ਉਹ ਆਪਸ ਵਿਚ ਲੀਡਰਸ਼ਿਪ ਤੇ ਤਾਕਤ ਲਈ ਲੜ ਰਹੇ ਹਨ...'' ਵੱਲ ਧਿਆਨ ਦਿੰਦਿਆਂ ਕੇ. ਆਰ. ਸਾਹਿਬ ਨੇ ਕਿਹਾ, ''ਸਾਡੀ ਜਥੇਬੰਦੀ ਵਿਚ ਕੋਈ ਨੇਤਾ ਨਹੀਂ ਹੋਵੇਗਾ... ਮੇਰੇ ਸਮੇਤ... ਸਰਕਸ ਦੇ ਤੰਬੂ ਹੇਠ ਦਿੱਤੀਆਂ ਵੱਡੀਆਂ ਛੋਟੀਆਂ ਧੰਮ੍ਹੀਆਂ ਵਾਂਗ... ਮੇਰੇ ਸਾਰੇ ਵੱਡੇ ਛੋਟੇ ਵਰਕਰ ਹੋਣਗੇ।''

ਕੇਡਰ ਕੈਂਪ ਨੂੰ ਸਮਾਪਤ ਕਰਦਿਆਂ ਮੱਲ੍ਹੀ ਸਾਹਿਬ ਨੇ ਕਿਹਾ ਕਿ ਡਾ. ਅੰਬੇਡਕਰ ਸਾਹਿਬ ਵੇਲੇ ਦੀਆਂ, ਮੂਵਮੈਂਟ ਦੀਆਂ ਸਾਰੀਆਂ ਕਮੀਆਂ ਤੇ ਕਮਜੋਰੀਆਂ ਨੂੰ ਦੂਰ ਕਰਕੇ ਮੌਜੂਦਾ ਮੂਵਮੈਂਟ ਨੂੰ ਅੱਗੇ ਤੋਰਿਆ ਗਿਆ ਹੈ। ਦਲਿਤ, ਸ਼ੋਸ਼ਿਤ ਸਮਾਜ ਦੇ ਖੂਨ-ਪਸੀਨੇ ਦੀ ਕਮਾਈ ਨਾਲ ਚਲਾਈ ਮੂਵਮੈਂਟ ਨੂੰ ਜੇ ਕੋਈ ਵਰਕਰ ਧੋਖਾ ਦੇਵੇਗਾ... ਉਹਨੂੰ ਮੂਵਮੈਂਟ ਨਾਲ ਚੱਲ ਰਿਹਾ ਹੁਜੂਮ ਛੱਡੇਗਾ ਨਹੀਂ।

ਜਦ ਮੈਂ ਪੰਜਾਬ ਬਾਮਸੇਫ ਦੇ ਚੰਡੀਗੜ੍ਹ ਸੈਕਟਰ ਇੱਕੀ ਵਿਚਲੇ ਦਫ਼ਤਰ ਵਿਚ ਜਾਂਦਾ ਤਾਂ ਦਫ਼ਤਰ ਸਕੱਤਰ ਜੇ. ਆਰ. ਵਿਰਦੀ ਮੈਨੂੰ ਕਹਿੰਦਾ, ''ਤੁਸੀਂ ਦਫ਼ਤਰ ਆ ਕੇ ਮੈਨੂੰ ਜਾਂ ਮੱਲ੍ਹੀ ਸਾਹਿਬ ਨੂੰ ਹੀ ਮਿਲਿਆ ਕਰੋ।'' ਸ਼ਾਇਦ ਉਹਨਾਂ ਨੂੰ ਡਰ ਹੋਵੇਗਾ... ਕਿ ਜੇ ਸਟੇਟ ਦੇ ਕਿਸੇ ਹੋਰ ਵਰਕਰ ਤੋਂ ਮੇਰੀਆਂ ਸ਼ੰਕਾਵਾਂ ਦੀ ਨਵਿਰਤੀ ਨਾ ਹੋਈ... ਤਾਂ ਕਿਤੇ ਫੇਰ ਮੈਂ ਕਾਮਰੇਡਾਂ ਵੱਲ ਨਾ ਚਲਿਆ ਜਾਵਾਂ। ਕਿਉਂਕਿ ਸਾਡੇ ਬਹੁਤੇ ਵਰਕਰ ਕਾਮਰੇਡਾਂ ਵਿਚੋਂ ਹੀ ਆਏ ਸਨ। ਉਹ ਸਮਾਜ ਵਿਚ ਆਰਥਕ ਬਰਾਬਰੀ ਲਿਆਉਣ ਦੀ ਗੱਲ ਤਾਂ ਕਰਦੇ ਸਨ ਪਰ ਸਮਾਜ ਵਿਚ ਫੈਲੀ ਜਾਤ-ਪਾਤੀ ਨਫ਼ਰਤ ਦੀ ਗੱਲ ਕਰਨ ਤੋਂ ਟਾਲਾ ਵੱਟ ਜਾਂਦੇ ਸਨ। ... ਕਿ ਆਰਥਕ ਬਰਾਬਰੀ ਆਉਣ ਨਾਲ ਜਾਤ-ਪਾਤ ਦਾ ਪਾੜਾ ਆਪੇ ਖਤਮ ਹੋ ਜਾਵੇਗਾ... ਤੇ ਨੀਵੀਆਂ ਜਾਤੀਆਂ ਦੇ ਵਰਕਰ ਪਾਰਟੀ ਵਿਚ ਕੰਮ ਕਰਦਿਆਂ ਘੁੱਟੇ ਘੁੱਟੇ ਜਿਹੇ ਰਹਿੰਦੇ ਸਨ। ਉੱਚੀ ਜਾਤੀ ਵਾਲੇ ਕਾਮਰੇਡਾਂ ਦੇ ਘਰਾਂ ਵਿਚ ਵੀ ਜਾਤ-ਪਾਤੀ ਵਿਤਕਰੇ ਦਾ ਵਰਤਾਰਾ ਹੋਣ ਕਰਕੇ ਉਹ ਖੁਲ੍ਹਕੇ ਵਿਚਰ ਹੀ ਨਹੀਂ ਸਕਦੇ ਸਨ। ਪਰ ਜਦ ਸਮਾਜਿਕ ਬਣਤਰ ਹੀ ਜਾਤ-ਪਾਤ ਅਧਾਰਿਤ ਹੈ। ... ਇਸ ਲਈ ਦਲਿਤ ਮੂਵਮੈਂਟ ਵਿਚ ਕੰਮ ਕਰਦਿਆਂ... ਵਰਕਰਾਂ ਦੀਆਂ ਜਾਤੀ-ਵਾਦੀ ਹੀਣ ਭਾਵਨਾਵਾਂ ਦੀ ਭੜਾਸ ਨਿਕਲਦੀ ਰਹਿੰਦੀ ਸੀ। ਤੇ ਉਹਨਾਂ ਨੂੰ ਮਾਨਸਿਕ ਸ਼ਕੂਨ ਮਿਲਦਾ ਰਹਿੰਦਾ ਸੀ।

ਮੈਂ ਦੇਖਦਾ ਰਿਹਾ, ਚਮੇਲ ਸਿੰਘ ਨੇ ਕੇਡਰ ਕੈਂਪ ਵਿਚ ਕੁਝ ਵੀ ਨੋਟ ਨਹੀਂ ਕੀਤਾ ਸੀ। ਰਾਤ ਨੂੰ ਮੀਟਿੰਗ ਲੈਣ ਜਾਂਦਿਆਂ ਉਹ ਕਹਿੰਦਾ ਰਹਿੰਦਾ, ‘‘ਮੇਰੇ ਤਾਂ ਸਾਇਕਲ ਪਿਛੇ ਬਹਿ ਕੇ ਪਿੰਡ ਦਾ ਨਾਂ ਦੱਸੋ ਉਸੇ ਪਿੰਡ ਲੈ ਚਲਦਾ ਹਾਂ। ਮੀਟਿੰਗ ਵਿਚ ’ਕੱਠ ਕਰਨ ਲਈ... ਲੋਕਾਂ ਨੂੰ ਘਰ-ਘਰ ਜਾ ਕੇ ਬੁਲਾ ਲਿਆਉਂਦਾ ਹਾਂ। ਪਰ ਥੁਆਡੇ ਵਾਂਗ ਖੜੇ ਹੋ ਕੇ, ਮੈਨੂੰ ਲੈਕਚਰ ਜਿਹਾ ਦੇਣਾ ਨੀਂ ਆਉਂਦਾ ਤੇ ਰਾਤ ਸਾਈਕਲਾਂ ’ਤੇ ਜਾਂਦਿਆਂ ਉਹ ਸਾਨੂੰ ਆਪਣੇ ਦਫ਼ਤਰ ਦੀਆਂ ਗੱਲਾਂ ਸੁਣਾਉਂਦਾ ਰਹਿੰਦਾ।

ਉਹਨੇ ਦਫ਼ਤਰ ਵਿਚ ਆਪਣੇ ਮੇਜ਼ ਤੇ ਰੱਖੀ ਨੇਮ ਪਲੇਟ ਦੀ ਤਖਤੀ ਜਹੀ ’ਤੇ ਚਮੇਲ ਸਿੰਘ ਖੇੜਾ ਦੀ ਦਫ਼ਤਰ ਬੁਲਾ ਕੇ ਤਰਰ-ਫਰਰ ਕਰਨ ਲੱਗੀ, ‘‘ਮੈਂ ਕੁਝ ਸਮੇਂ ਤੋਂ ਦੇਖਦੀ ਆ ਰਹੀ ਆ... ਤੈਨੂੰ ਬਹੁਤੇ ਈ ਫੰਘ ਲੱਗਣ ਲੱਗ ਪਏ ਐ। ਤੂੰ ਦਫ਼ਤਰ ਵਿਚ ਜਾਤ-ਪਾਤ ਫੈਲਾਉਂਦੈ? ਤੈਂ ਹਟਣਾ ਨੀ ਹੈਗਾ? ਜੇ ਤੇਰੀ ਘਰੋਂ ਦੂਰ ਬਦਲੀ ਹੋ ਗਈ... ਪਛਤਾਏਂਗਾ... ਦੇਖ ਲੈ? ’’

ਚਮੇਲ ਸਿੰਘ ਨੇ ਵੀ ਗੁੱਸਾ ਚੜ੍ਹਾਉਂਦਿਆਂ ਕਿਹਾ, ‘‘ਤੁਸੀਂ ਆਪਣੀ ਨੇਮ ਪਲੇਟ ’ਤੇ ਸੁਨੀਤਾ ਸੈਣੀ ਲਿਖਵਾਇਐ ਉਹ ਧੀਰਿੰਦਰ ਧੀਮਾਨ, ਉਹ ਟਹਿਲ ਸਿੰਘ ਟਾਂਕ ਕਸ਼ੱਤਰੀ, ਉਹਨੇ ਵਰਮਾ ਲਿਖਵਾਇਆ... ਉਹਨੇ ਸ਼ਰਮਾ.... ਹਰੇਕ ਨੇ ਆਪਣੇ ਨਾਂ ਨਾਲ ਜਾਤ ਗੋਤ ਲਿਖਵਾਇਆ... ਕੀ ਇਹਦੇ ਨਾਲ ਨੀ ਜਾਤ-ਪਾਤ ਫੈਲਦੀ? ... ਇਥੇ ਬੰਦੇ ਦੀ ਪਛਾਣੇ ਈ ਉਹਦੀ ਜਾਤ ਨਾਲ ਐ...। ਨਾਲੇ ਬਦਲੀ ਦੀ ਧਮਕੀ ਤੋਂ ਮੈਂ ਨੀਂ ਡਰਦਾ। ਮੈਂ ਆਪਣੇ ਪੁਲਸੀਏ ਭਰਾ ਵਾਂਗ ਬਿਸਤਰੇ ਨੂੰ ਰੱਸੀ ਨਾਲ ਬੰਨ੍ਹ ਕੇ ਆਉਂਦਾ... ਬਈ ਸ਼ਾਮ ਨੂੰ ਪਤਾ ਨੀਂ ਕਿਥੇ ਖੋਲ੍ਹਣੈ? ... ਮੈਡਮ, ਬਾਵਾ ਸਾਹਿਬ ਡਾ. ਅੰਬੇਡਕਰ ਦੇ ਮਿਸ਼ਨ ਲਈ ਕੰਮ ਕਰਦਿਆਂ ਅੱਠ ਹਜਾਰ ਰੁਪਏ ਦੀ ਨੌਕਰੀ ਚਲੀ ਜਾਵੇ... ਕੋਈ ਫਿਕਰ ਨੀ ਹੈਗਾ। ... ਬਾਪੂ ਪਿੰਡ ਮਰੇ ਪਸ਼ੂਆਂ ਦੀਆਂ ਖੱਲਾਂ ਲਾਹ ਕੇ ਪਰਵਾਰ ਦਾ ਗੁਜਾਰਾ ਚਲਾਈ ਜਾਂਦਾ। ... ਅੱਜ ਕੱਲ੍ਹ ਬਥੇਰੀਆਂ ਮਹਿੰਗੀਆਂ ਵਿਕਦੀਐ।’’

ਮੈਡਮ ਸੁਣੀ ਗਈ। ਜਦ ਚਮੇਲ ਸਿੰਘ ਬੋਲਣ ਤੋਂ ਨਾ ਹਟਿਆ, ਉਹਨੂੰ ਸਾਹਮਣੇ ਕੁਰਸੀ ’ਤੇ ਬਿਠਾ ਕੇ ਠਰਮੇ ਨਾਲ ਦੱਸਣ ਲੱਗੀ, ‘‘ਓ ਜੇ ਤੈਂ ਲਿਖਣਾ ਈ ਐ... ਤਾਂ ਆਪਣੇ ਨਾ ਨਾਲ ‘ਰਾਮਦਾਸੀਆ’ ਲਿਖ ਲੈ। ਦੇਖ ਲੈ ਤੇਰੇ ਨਾਲ ਦੇ ਨੇ ‘ਰਾਮ ਦਾਸ ਰਾਮਦਾਸੀਆਂ’ ਲਿਖਵਾਇਆ ਲੋਕੀਂ ਉਹਨੂੰ ‘ਰਾਮਦਾਸੀਆ ਸਾਹਿਬ ਤਾਂ ਕਹਿੰਦੇ ਐ। ਤੈਨੂੰ ਕਿਸੇ ਨੇ ‘ਚਮਾਰ’ ਕਹਿ ਤਾ... ਫੇਰ ਤੈਂ ਗੁੱਸਾ ਕਰਨੈ।’’ ਦੇਖੋ ਮੈਡਮ ਅਸੀਂ ਕਹੁ ਰਵਿਦਾਸ ਚਮਾਰਾ’ ਵਾਲੀ ਵਿਚਾਰਧਾਰਾ ’ਤੇ ਚੱਲਦੇ ਆ। ... ‘ਚਮਾਰ’ ਕਹਿਣ ਨਾਲ... ਸਾਡੇ ਮਨਾਂ ਵਿਚ ਪੈਦਾ ਹੁੰਦੇ ਹੀਣ ਭਾਵ... ਹੁਣ ਕਾਫੀ ਘਟ ਗਏ ਐ। ਨਾਲੇ ਦਫ਼ਤਰ ਕੀ ਇਲਾਕੇ ਵਿਚ ਸਭ ਨੂੰ ਪਤਾ... ਬਈ ਮੈਂ ਚਮਾਰ ਆਂ... ਫੇਰ ਲੁਕਾਉਣ-ਛਿਪਾਉਣ ਦਾ ਕੀ ਫਾਇਦਾ? ਹਾਂ... ਲੜਾਈ-ਝਗੜੇ ਵਿਚ... ਨੀਵਾਂ ਦਿਖਾਉਣ ਲਈ... ਤੁਸੀਂ ਕਿਸੇ ਦੀ ਵੀ ਜਾਤ ਦਾ ਵਿਗਾੜ ਕੇ ਨਾਂ ਲਓ... ਉਹਨੂੰ ਗੁੱਸਾ ਆਊਗਾ ਈ ਆਊਗਾ। ... ਮੈਡਮ ਮੇਰੀ ਨੇਮ ਪਲੇਟ ਦੇਖ ਕੇ ਪਿੰਡਾਂ ਦੇ ਗਰੀਬ ਲੋਕ ਨਿੱਕੇ ਮੋਟੇ ਕੰਮ ਕਰਵਾਉਣ ਮੇਰੇ ਕੋਲ ਆ ਜਾਂਦੇ ਐ। ਸਭ ਨੂੰ ਪਤਾ, ਆਪਣੇ ਦਫ਼ਤਰ ਦੇ ਸੇਵਾਦਾਰ ਵੀ ਪੈਸੇ ਲਏ ਬਿਨਾ ਗੱਲ ਨੀ ਕਰਦੇ ਹੈਗੇ। ਮੈਂ ਲੋਕਾਂ ਦੇ, ਦਫ਼ਤਰ ਦੀਆਂ ਵੱਖ-ਵੱਖ ਸੀਟਾਂ ਤੋਂ ਕੰਮ ... ਬੀਰ, ਭਾਈ ਕਹਿ ਕੇ ਕਰਵਾ ਦਿੰਦਾ। ਤੇ ਅਗਲੇ ਨੂੰ ਚਾਹ ਪਿਲਾ ਕੇ ਭੇਜਦਾਂ। ਅੰਦਰੂਨੀ ਤਾਂ ਕਈਆਂ ਨੂੰ ਤਕਲੀਫ ਹੁੰਦੀ ਹੋਵੇਗੀ। ਉਹ ਜ਼ਰੂਰ ਮੇਰੇ ਖਿਲਾਫ਼ ਥੁਆਡੇ ਕੰਨ ਭਰਦੇ ਹੋਣਗੇ।’’ ਚਮੇਲ ਸਿੰਘ ਨੇ ਰਤਾ ਤਲਖ ਹੁੰਦਿਆਂ ਕਿਹਾ, ‘‘ਮੈਡਮ ਸਾਡੀ ਬਾਮਸੇਫ ਜਥੇਬੰਦੀ ਤਾਂ ਕਿਸੇ ਅਫਸਰ ਦੀ, ਸਰਕਾਰ ਦੀ... ਜਿੰਦਾਬਾਦ, ਮੁਰਦਾਬਾਦ ਵੀ ਨੀ ਕਰਦੀ।... ਪਰ ਲੋਕਾਂ ਨੂੰ ਉਹਨਾਂ ਦੀ ਗੁਲਾਮੀ ਬਾਰੇ ਸਮਝਾਉਣ ’ਤੇ... ਤੁਸੀਂ ਸਾਡਾ ਮੂੰਹ ਨੀ ਬੰਦ ਕਰ ਸਕਦੇ। ਸੰਵਿਧਾਨ ਦੇ ਦਾਇਰੇ ਵਿਚ ਰਹਿ ਕੇ ਬੋਲਣ ਦਾ ਸਭ ਨੂੰ ਅਧਿਕਾਰ ਹੈ। ... ਫੇਰ ਵੀ ਬਦਲੀ ਹੁੰਦੀ ਹੋ ਜਾਵੇ... ਮੈਨੂੰ ਕੋਈ ਪਰਵਾਹ ਨੀ।’’ਮੈਡਮ ਉਹਨੂੰ ਹੱਥ ਜੋੜ ਕੇ, ਉਠ ਕੇ ਜਾਣ ਦਾ ਇਸ਼ਾਰਾ ਕਰ ਰਹੀ ਸੀ। ... ਤੇ ਉਹਦਾ ਆਪਣੀ ਸੀਟ ’ਤੇ ਜਾ ਕੇ ਬੈਠੇ ਦਾ ਦਿਲ ਜ਼ੋਰ ਜ਼ੋਰ ਨਾਲ ਧੜਕ ਰਿਹਾ ਸੀ। ਤੇ ਉਹਦੇ ਅੰਗ ਅੰਗ ਵਿਚ ਕਾਂਬਾ ਛਿੜਿਆ ਹੋਇਆ ਸੀ।

ਮੈਂ ਵੀ ਉਹਨਾਂ ਨੂੰ, ਆਪਣੇ ਸਕੂਲ ਦੀ ਇਕ ਘਟਨਾ ਸੁਣਾਈ। ਗਿਆਰਵੀਂ ਜਮਾਤ ਦੀਆਂ ਰੁਆਸੀਆਂ



ਜਿਹੀਆਂ ਕੁੜੀਆਂ, ਮੇਰੇ ਕੋਲ ਆਈਆਂ, ‘‘ਸਰ... ਜਾ ਕੇ ਦੇਖ ਲਓ... ਵਜੀਫ਼ਾ ਲੈਣ ਵਾਲੇ ਐਸ. ਸੀ. , ਬੀ. ਸੀ. ਵਿਦਿਆਰਥੀ ਦੀ ਜਾਤਾਂ ਦੀ ਲਿਸਟ ਕਿਵੇਂ ਬਣਾਈ ਜਾ ਰਹੀ ਐ? ’’ ਕਲਾਸ ਇੰਚਾਰਜ ਵਿਦਿਆਰਥੀ ਦੇ ਨਾਂ ਨਾਲ, ਉਹਦੀ ਜਾਤ ਬੋਲਦਾ, ‘‘ਜੁੱਤੀ ਗਠੰਆ... ਗੰਦ ਚੱਕਾ... ਗੁੱਲੀ ਘਾੜਆ... ਨਾਈ...।’’ ਮੈਂ ਉਹਨੂੰ ਪੁਛਿਆ, ‘‘ਓਏ ਇਹਨਾਂ ਨੂੰ ਤਾਂ ਅੱਗੇ ਈ ਸਰਕਾਰ ਜਾਤ ਦੇ ਨਾਂ ਉੱਤੇ ਦਸ ਦਸ ਵੀਹ-ਵੀਹ ਰੁਪਏ ਦੇ ਕੇ ਜਲੀਲ ਕਰ ਰਹੀ ਐ... ਆਹ ਤੂੰ ਜਾਤਾਂ ਦੇ ਨਾਂ ਲਿਖਦਾ? ਦਿਖਾ ਰਜਿਸਟਰ? ... ਚੱਲ ਪ੍ਰਿੰਸੀਪਲ ਦੇ ਦਫ਼ਤਰ, ਤੇਰੀ ਖਬਰ ਲਵਾਂ? ’’ ਰਜਿਸਟਰ ਖੋਹ ਕੇ, ਮੈਂ ਉਹਨੂੰ ਅੱਗੇ ਅੱਗੇ ਧੱਕਣ ਲੱਗਿਆ।

ਉਹੀ ਕੁੜੀਆਂ ਫੇਰ ਮੇਰੇ ਅੱਗੇ ਆਣ ਖੜ੍ਹੀਆਂ ਹੋਈਆਂ, ‘‘ਸਰ ਬਥੇਰੀ ਹੋ ਲਈ... ਅਗਲੇ ਮਹੀਨੇ ਇਹਨਾਂ ਦੀ ਰੀਟਾਇਰਮੈਂਟ ਐ... ਫੇਰ ਵੀ ਸਾਡੇ ਕਲਾਸ ਟੀਚਰ ਨੇ... ਛੱਡੋ ਪਰ੍ਹਾਂ...।’’ ਮੈਂ ਉਹਨੂੰ ਕਲਾਸ ਦੇ ਸਾਹਮਣੇ ਖੜ੍ਹਾ ਕੇ ਕਿਹਾ, ‘‘ ... ਅਗਲੇ ਮਹੀਨੇ ਇਹਨਾਂ ਦੀ ਰੀਟਾਇਰਮੈਂਟ ’ਤੇ ਇਹੀ ਗੀਤ ਗਾਇਓ...‘ਗੰਦ ਚੱਕਆ... ਜੁੱਤੀ ਗੱਠਆ... ਭਾਂਢੇ ਭੰਨਆ...।’’ ਕਲਾਸ ਟੀਚਰ ਦੇ ਇਹੀ ਸ਼ਬਦ ਬੋਲਣ ਤੇ ਵੀ ਕਲਾਸ ਵਿਚ ਹਾਸਾ ਮਚਿਆ ਹੋਇਆ ਸੀ... ਪਰ ਐਸ. ਸੀ., ਬੀ. ਸੀ., ਵਿਦਿਆਰਥੀ ਮਾਯੂਸ ਹੋਏ ਬੈਠੇ ਸਨ। ... ਪਰ ਮੇਰੇ ਇਹੀ ਸ਼ਬਦ ‘ਕਲਾਸ ਟੀਚਰ ਲਈ ਵਰਤਣ ’ਤੇ ਸਾਰੀ ਕਲਾਸ ਉਚੀ ਉਚੀ ਹਸ ਰਹੀ ਸੀ।... ਹੁਣ ਐਸ. ਸੀ., ਬੀ. ਸੀ. ਵਿਦਿਆਰਥੀ ਵੀ ਇਸ ਹਾਸੇ ਵਿਚ ਬਰਾਬਰ ਦੇ ਭਾਈਵਾਲ ਸਨ।

ਤੇ ਮੈਂ ਉਹਨੂੰ ਕਲਾਸ ਵਿਚੋਂ ਬਾਹਰ ਭੇਜ ਕੇ ਕਿਹਾ, ‘‘ਅਜਿਹੇ ਬੰਦਿਆਂ ਦਾ ਕੀ ਕੀਤਾ ਜਾ ਸਕਦੈ? ... ਅਗਲਾ ਪੀਰੀਅਡ ਮੇਰਾ ‘ਸ਼ੋਸ਼ਾਇਲੋਜੀ’ ਦਾ ਐ। ਮੈਂ ਜਾਤ-ਪਾਤ ਦਾ ਲੈਸਣ ਪੜ੍ਹਾਉਣੈ।... ਪਰ ਜਾਤ-ਪਾਤ ਦੇ ਸਿਸਟਮ ਨੂੰ ਗੁਰੂ ਸਾਹਿਬਾਨ ਤੋਂ ਲੈ ਕੇ ਭੰਡਣ ਦੇ ਬਾਵਜੂਦ ... ਇਸ ਲੈਸਨ ਵਿਚ ਜਾਤ-ਪਾਤ ਦੇ ਸਿਸਟਮ ਦੇ ਹੱਕ ਵਿਚ ਵਧਾ-ਚੜਾ ਕੇ ਲਿਖਦਿਆਂ ਇਹਨੂੰ ਵਡਿਆਇਆ ਗਿਐ... ਇਸ ਨਾਲ ਐਸ. ਸੀ., ਬੀ. ਸੀ. ਵਿਦਿਆਰਥੀਆਂ ਦੇ ਮਨਾਂ ਵਿਚ ਹੋਰ ਹੀਣ-ਭਾਵਨਾਵਾਂ ਪੈਦਾ ਹੁੰਦੀਆਂ।... ਮੈਂ ਤਾਂ ਇਹ ਲੈਸਨ ਪੜ੍ਹਾਉਂਦਿਆਂ ਜਾਤ-ਪਾਤ ਦੀਆਂ ਹੀਣ ਭਾਵਨਾਵਾਂ ਨੂੰ ਦੂਰ ਕਰਨ ਲਈ ਜਾਤ-ਪਾਤੀ ਸਿਸਟਮ ਦੀਆਂ ਧਾਰਨਾਵਾਂ ਨੂੰ ਭੰਡਾਂਗਾ।... ਹੋਰ ਮੈਂ ਕੀ ਕਰ ਸਕਦਾ ਆ।’’

ਪਰੇਸ਼ਾਨ ਹੁੰਦਿਆਂ, ਮੈਂ ਕਲਾਸ ਵਿਚੋਂ ਇਹ ਸੋਚਦਿਆਂ ਬਾਹਰ ਨਿਕਲਿਆ ਕਿ ਜਾਤਾਂ ਦੇ ਨਾਂ ਕੁਨਾ ਰੱਖਕੇ ਕਲਾਸ ਟੀਚਰ ਤੇ ਉੱਚੀਆਂ ਜਾਤੀਆਂ ਦੇ ਵਿਦਿਆਰਥੀ ਕਿਵੇਂ ਠਹਾਕੇ ਮਾਰ-ਮਾਰ ਕੇ ਹਸ ਰਹੇ ਸਨ। ... ਜੋ ਮੈਂ ਸਕੂਲ ਵਿਚ ਨਾ ਹੁੰਦਾ... ਤਾਂ ਕਲਾਸ ਵਿਚ... ‘ਗੰਦ ਚੱਕਆ... ਜੁੱਤੀ ਗੱਠਆ.. ਭਾਂਢੇ ਪੱਥਆ... ਨਾਈ... ਆਦਿ ਮਜ਼ਾਕ ਕਲਾਸ ਵਿਚ ਹਮੇਸ਼ਾ ਲਈ ਚਾਲੂ ਹੋ ਜਾਣੇ ਸਨ। ਤੇ ਇਹਨਾਂ ਘਿਨਾਉਣੇ ਮਜਾਕਾਂ ਦੇ ਚੱਲਦਿਆਂ... ਨੀਵੀਆਂ ਜਾਤੀਆਂ ਦੇ ਵਿਦਿਆਰਥੀਆਂ ਨੂੰ... ਉਨ੍ਹਾਂ ਨੂੰ ਨੀਵਾਂ ਦਿਖਾਉਣ ਵਾਲੀ ਮਨੋਦਸ਼ਾ ਵਿਚ ਨੂੰ ਗੁਜਰਦਿਆਂ ... ਸਕੂਲ ਵਿਚ ਪੜ੍ਹਨਾ... ਕਿੰਨਾ ਮੁਹਾਲ ਹੋ ਜਾਂਦਾ। ... ਪਰ ਸਾਡੇ ਕੋਲ ਇਹਦਾ ਕੋਈ ਹੱਲ ਨਹੀਂ ਸੀ। ... ਮੈਂ ਵੀ ਬੱਸ ਰਾਤਾਂ ਨੂੰ ਚੱਲਦੀਆਂ ਮੀਟਿੰਗਾਂ ਵਿਚ ... ਨਿੱਤ ਵਾਪਰਦੀਆਂ ਅਜਿਹੀਆਂ ਘਟਨਾਵਾਂ ਦੀਆਂ ਗੱਲਾਂ ਕਰਨ ਜੋਗਾ ਈ ਸਾਂ। ਵੱਧ ਤੋਂ ਵੱਧ ਅਜਿਹੀਆਂ ਘਟਨਾਵਾਂ ਦਾ ਵਰਣਨ, ਅਸੀਂ ਚੰਡੀਗੜ੍ਹ ਤੋਂ ਛਪਣ ਵਾਲੇ, ਹਫ਼ਤਾਵਾਰ ਅਖਬਾਰ ‘ਬਹੁਜਨ ਸੰਦੇਸ਼’ ਵਿਚ ਵੀ ਕਰਦੇ ਰਹਿੰਦੇ।

ਮੈਨੂੰ ਹਰ ਹਫਤੇ ਚੰਡੀਗੜ੍ਹ, ਬਾਮਸੇਫ ਦੇ ਦਫ਼ਤਰ ਤੋਂ ‘ਬਹੁਜਨ ਸੰਦੇਸ਼’ ਅਖਬਾਰ ਲਿਆਉਣ ਲਈ ਜਾਣਾ ਪੈਂਦਾ। ਮੈਂ ਦੇਖਦਾ ਕਿ ਸਟੇਟ ਦਫ਼ਤਰ ਦੇ ਵਰਕਰ, ਪੰਜਾਬ ਦੇ ਦੂਰ-ਦੂਰ ਦੁਰਾਡੇ ਦੇ ਇਲਾਕਿਆਂ ਤੋਂ ਆਉਣ ਵਾਲੇ ਵਰਕਰਾਂ ਨਾਲ ਉੱਚਾ ਨੀਵਾਂ ਬੋਲਦੇ ਰਹਿੰਦੇ ਸਨ ਕਿ ਉਹਨਾਂ ਦੇ ‘ਬਹੁਜਨ ਸੰਦੇਸ਼’ ਦੇ ਐਨੇ ਮਹੀਨਿਆਂ ਦੇ ਬਕਾਇਆ ਪੈਸੇ ਨੀ ਆਏ? ਅਗੋਂ ਲਈ ਅਖਬਾਰ ਕਿਵੇਂ ਛਪੇਗਾ? ਜਾਂ ਉਹਨਾਂ ਦੇ ਜ਼ਿਲ੍ਹੇ ਜਾਂ ਬਲਾਕ ਵਿਚ ਕੀਤੇ ਕੰਮਾਂ ਦੀਆਂ ਪ੍ਰੋਗਰੈਸ ਰਿਪੋਰਟਾਂ ਨੀ ਆਈਆਂ? ... ਪਰ ਮੱਲ੍ਹੀ ਸਾਹਿਬ ਹਰੇਕ ਵਰਕਰ ਨਾਲ ਨਰਮੀ ਤੇ ਠਰੰਮੇ ਨਾਲ ਪੇਸ਼ ਆਉਂਦੇ ਸਨ। ਵਰਕਰਾਂ ਦੀਆਂ ਮੀਟਿੰਗਾਂ ਵਿਚ ਵੀ ਉਹ ਆਖਦੇ, ‘‘ਜੇ ਮੈਂ ਥੁਆਡੇ ਨਾਲ ਖਰ੍ਹਵਾਂ ਬੋਲਾਂਗਾ ਤੇ ਸਖਤੀ ਨਾਲ ਪੇਸ਼ ਆਵਾਂਗਾ... ਤਾਂ ਤੁਸੀਂ ਅੱਗੇ ਨੂੰ ... ਮੀਟਿੰਗਾਂ ਵਿਚ

ਆਉਣ ਤੋਂ ਹਟ ਜਾਓਗੇ।... ਕੰਮ ਨਹੀਂ ਕਰੋਗੇ। ਤੁਸੀਂ ਮਿਸ਼ਨਰੀ ਭਾਵਨਾ ਨਾਲ ਕੰਮ ਕਰ ਰਹੇ ਓ... ਕੋਲੋਂ ਕੁਝ ਦਿੰਦੇ ਈ ਓ... ਲੈਂਦੇ ਤਾਂ ਨਹੀਂ।''

ਪਰ ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਪੰਜਾਬ ਵਿਚ ਮੂਵਮੈਂਟ ਨੂੰ ਇੰਚ ਇੰਚ ਭਰ ਅੱਗੇ ਵਧਾਉਣ ਵਾਲੇ ਤੇ ਮਿਸ਼ਨਰੀ ਵਰਕਰਾਂ ਨੂੰ ਅੱਗੇ ਲਿਆਉਣ ਵਾਲੇ ਮੱਲ੍ਹੀ... ਸਾਹਿਬ ਆਪ ਕਿਉਂ ਪਾਰਟੀ ਵਿਚ ਕੰਮ ਕਰਨ ਤੋਂ ਪਿੱਛੇ ਹਟ ਗਏ?

ਮੱਲ੍ਹੀ ਸਾਹਿਬ ਤੋਂ ਕੇਡਰ ਲੈਣ ਤੋਂ ਬਾਦ, ਮੈਂ ਵੀ ਅਧਿਕਾਰਿਤ ਤੌਰ ਤੇ ਗੱਲ ਕਰਨ ਗੱਲ ਪਿਆ ਸਾਂ। ਮੇਰੇ ਮਨ ਵਿਚ ਇਕ ਗੱਲ ਘਰ ਕਰ ਗਈ ਸੀ ਕਿ ਜੇ ਕਾਰਲ ਮਾਰਕਸ ਦੇ ਸਿਧਾਂਤ ਅਨੁਸਾਰ ਵੀ. ਆਈ. ਲੈਨਿਨ ਰੂਸ ਵਿਚ ਖੂਨੀ ਇਨਕਲਾਬ ਲਿਆ ਕੇ, ਕਮਿਊਨਿਸਟ ਪਾਰਟੀ ਦਾ ਆਰਥਕ ਬਰਾਬਰੀ ਵਾਲਾ ਰਾਜ ਕਾਇਮ ਕਰ ਸਕਦਾ ਹੈ। ਤਾਂ ਡਾ. ਅੰਬੇਡਕਰ ਦੇ ਕਹੇ ਅਨੁਸਾਰ ਕਿ ''ਸ਼ੂਦਰੋ ਤੁਸੀਂ ਆਪਣੀਆਂ ਕੰਧਾਂ ਤੇ ਲਿਖ ਲਓ... ਆਉਣ ਵਾਲੇ ਸਮੇਂ ਵਿੱਚ ਤੁਸੀਂ ਇਸ ਦੇਸ਼ ਦੇ ਹੁਕਮਰਾਨ ਬਣੋਗੇ।' ਭਾਰਤ ਦੇਸ਼ ਵਿਚ ਵੀ... ਲੋਕਤੰਤਰੀ ਤਰੀਕੇ ਨਾਲ... ਹਜ਼ਾਰਾਂ ਸਾਲਾਂ ਤੋਂ ਦਬਾਏ ਸ਼ੂਦਰਾਂ ਦਾ ਹੌਲੀ-ਹੌਲੀ ਸਮਾਜਕ ਆਰਥਕ ਵਿਤਕਰੇ ਨੂੰ ਦੂਰ ਕਰਨ ਵਾਲਾ ਰਾਜ ਕਾਇਮ ਕੀਤਾ ਜਾ ਸਕਦਾ ਹੈ।

ਹੁਣ ਮੇਰੇ ਮਨ ਦੀ ਅਵਸਥਾ ਇਹ ਬਣ ਗਈ ਸੀ ਕਿ ਜੇ ਕਿਸੇ ਦਿਨ ਮੀਟਿੰਗ ਨਾ ਲੈ ਹੋਣੀ... ਤਾਂ ਮਨ 'ਤੇ ਮਣਾਂ ਮੂੰਹੀਂ ਭਾਰ ਪਿਆ ਰਹਿਣਾ। ... ਅਗਲੇ ਦਿਨ, ਤੀਜੇ ਪਹਿਰ ਸਾਈਕਲ ਚੁੱਕ ਕੇ ਤੁਰ ਪੈਣਾ। ਸਾਨੂੰ ਹੁਣ ਪਿੰਡ ਦੇ ਵੱਡੇ ਘਰਾਂ ਵਿਚੋਂ ਦਲਿਤਾਂ ਦੇ ਛੋਟੇ ਘਰਾਂ ਦੀ ਪਛਾਣ ਹੋਣ ਲੱਗ ਪਈ ਸੀ। ਇਹ ਆਮ ਤੌਰ 'ਤੇ ਪਿੰਡ ਦੇ ਛਿਪਦੇ ਪਾਸੇ ਹੁੰਦੇ ਹਨ। ਮੈਂ ਛੋਟੇ ਘਰ ਦੇ ਕੱਚੇ ਵਿਹੜੇ ਵਿਚ ਬੈਠੇ ... ਬਜ਼ੁਰਗ ਕੋਲ ਮੰਜੇ 'ਤੇ ਪੈਂਦ ਵੱਲ ਬੈਠ ਜਾਂਦਾ ... ਤੇ ਦੁਖ-ਦਰਦ ਦੀਆਂ ਗੱਲਾਂ ਛੇੜ ਲੈਂਦਾ... ਜਿਹੜੇ ਕਿ ਸਾਡੇ ਸਾਰਿਆਂ ਦੇ ਸਾਂਝੇ ਹੁੰਦੇ ਤੇ ਸੰਝ ਨੂੰ ਉਹਨੂੰ ਕਹਿ ਕੇ, ਦਲਿਤਾਂ ਨੂੰ 'ਕੱਠੇ ਕਰਕੇ ਮੀਟਿੰਗ ਕਰੋ।

ਬਜ਼ੁਰਗਾਂ ਨਾਲ ਤਾਂ ਛੂਤ-ਛਾਤ ਤੇ ਵਗਾਰ ਕਰਵਾਉਣ ਦੀਆਂ ਘਟਨਾਵਾਂ ਵਾਪਰਦੀਆਂ ਰਹੀਆਂ ਸਨ। ਉਹ ਸਾਡੀਆਂ ਗੱਲਾਂ ਤੋਂ ਛੇਤੀ ਪ੍ਰਭਾਵਿਤ ਹੁੰਦੇ। ਪਰ ਹੁਣ ਕਈ ਪਿੰਡਾਂ ਦੇ ਪੜ੍ਹੇ ਲਿਖੇ ਨੌਜਵਾਨ ਵੀ ਸਾਡੇ ਨਾਲ ਖੁਲ੍ਹ ਕੇ ਗੱਲਾਂ ਕਰਨ ਲੱਗ ਪਏ ਸਨ। ਉਹ ਸਾਨੂੰ ਦੱਸਦੇ, ''ਜਦ ਤੁਸੀਂ ਗਰਮੀਆਂ ਦੀਆਂ ਦੁਪਹਿਰਾਂ ਦੇਖਦੇ... ਨਾਂ ਸਰਦੀਆਂ ਦੀਆਂ ਠੰਡੀਆਂ ਸ਼ਾਮਾਂ।... ਤਾਂ ਅਸੀਂ ਅੰਦਰ ਲੁਕ ਕੇ... ਬੇਬੇ ਨੂੰ ਕਹਿ ਦਿੰਦੇ ਤੀ... ਬਾਹਰ ਖੜ੍ਹੇ ਮਾਸਟਰ ਜੀ ਨੂੰ ਕਹਿ ਦੇ, 'ਮੁੰਡਾ ਤਾਂ ਜੀ ਘਰ ਨੀ ਹੈਗਾ।'' ... ਪਰ ਹੁਣ ਉਨ੍ਹਾਂ ਨੂੰ ਅਜਿਹੀ ਚੇਟਕ ਲੱਗੀ ਸੀ ਕਿ ਹੁਣ ਉਨ੍ਹਾਂ ਦੇ ਪਿੰਡ ਮੀਟਿੰਗ ਕਰਕੇ ਆਉਂਦਿਆਂ ... ਉਹ ਸਾਡੇ ਨਾਲ ਗੱਲਾਂ ਕਰਦੇ, ਆਪਣੇ ਪਿੰਡੋਂ ਕਿੰਨੀ ਕਿੰਨੀ ਦੂਰ ਤੁਰ ਆਉਂਦੇ ਸਨ। ਤੇ ਮੁੜਨ ਦਾ ਨਾਂ ਨਹੀਂ ਸੀ ਲੈਂਦੇ। ਤੇ ਅਸੀਂ ਧੱਕੇ ਨਾਲ ਉਨ੍ਹਾਂ ਨੂੰ ਮੋੜ ਕੇ ਸਾਈਕਲਾਂ ਤੇ ਅੱਡੀ ਦਿੰਦੇ, ''ਹੁਣ ਰਾਤ ਬਹੁਤ ਹੋ ਗਈ... ਅਸੀਂ ਆਪਣੇ ਪਿੰਡ ਬੜੀ ਦੂਰ ਜਾਣੈ।'' ਕਈ ਵਾਰੀ ਗਈ ਰਾਤ ਨੂੰ, ਰਾਹ ਵਿਚ ਆਉਂਦਿਆਂ ਕੁੱਤੇ ਸਾਨੂੰ ਘੇਰ ਲੈਂਦੇ। ਰੌਲਾ ਸੁਣਕੇ ਘੂਕ ਸੁੱਤੇ ਲੋਕੀਂ, ਉਭੜਵਾਹੇ ਉਠਕੇ... ਮਸਾਂ ਕੁੱਤਿਆਂ ਤੋਂ ਬਚਾਕੇ ਸਾਨੂੰ ਲੰਘਾਉਂਦੇ।

ਮੈਂ ਨਾਨਕਿਆਂ ਜਾਂ ਭੂਆ ਦੇ ਪਿੰਡ ਮੀਟਿੰਗ ਕਰਕੇ ਰਿਸ਼ਤੇਦਾਰਾਂ ਨੂੰ ਸਵਾਰਕੇ ਮਿਲ ਬਗੈਰ ਵਰਕਰਾਂ ਦੇ ਘਰੀਂ ਰੋਟੀ, ਚਾਹ ਖਾ-ਪੀ ਕੇ ਆ ਜਾਣਾ। ਤਾਂ ਰਿਸ਼ਤੇਦਾਰਾਂ ਨੇ ਉਲ੍ਹਾਮਾ ਦੇਣਾ, ਤੁਸੀਂ ਸਾਨੂੰ ਮਿਲੇ ਬਗੈਰ ਹੀ ਆ ਗਏ? ਪਰ ਮੈਨੂੰ ਰਿਸ਼ਤੇਦਾਰਾਂ ਨਾਲੋਂ ਭੱਜ ਭੱਜ ਕੇ ਪਾਰਟੀ ਦਾ ਕੰਮ ਕਰਨ ਵਾਲੇ ਵਰਕਰਾਂ ਦੀ ਕਿਤੇ ਵੱਧ ਨੇੜਤਾ ਮਹਿਸੂਸ ਹੁੰਦੀ। ਕਈ ਵਾਰ ਰਿਸ਼ਤੇਦਾਰ ਹੋਰ ਪਾਰਟੀ ਨਾਲ ਜੁੜੇ ਹੁੰਦੇ। ਤੇ ਮੈਂ ਵਿਚਾਰਾਂ ਦੀ ਸਾਂਝ ਕਰਕੇ... ਰਿਸਤੇਦਾਰਾਂ ਨਾਲੋਂ ਵਰਕਰਾਂ ਦੀ ਵੱਧ ਕਦਰ ਕਰਦਾ।

ਪਰ ਮੱਲ੍ਹੀ ਸਾਹਿਬ ਰਾਹੀਂ ਤਿਆਰ ਕੀਤੇ ਵਰਕਰ... ਇਕ ਪ੍ਰੋਫੈਸਰ ਅੱਗੇ, ਪਹਿਲੀ ਜਮਾਤ ਜੇ ਵਿਦਿਆਰਥੀਆਂ ਵਾਂਗ ਸਨ। ਲਾਲ ਕਿਲ੍ਹਾ ਗਰਾਊਂਡ ਦਿੱਲੀ ਵਿਖੇ ਪਾਰਟੀ ਦੀ ਪਹਿਲੀ ਕਨਵੈਨਸ਼ਨ ਦੇ ਅੰਤਲੇ ਦਿਨ, ਮੱਲ੍ਹੀ ਸਾਹਿਬ ਨੇ ਸਟੇਜ ਸਕੱਤਰ ਹੁੰਦਿਆਂ ਪੰਜਾਬ ਦੇ ਸਭ ਤੋਂ ਸੀਨੀਅਰ ਵਰਕਰ ਕੁਲਵਿੰਦਰ ਕਾਲਾ ਨੂੰ ਟਾਈਮ ਦਿੱਤਾ। ਉਹ ਘਬਰਾ ਕੇ ਐਨੀ ਤੇਜ਼ੀ ਨਾਲ ਬੋਲ ਗਿਆ... ਕਿਸੇ ਨੂੰ ਕੁਝ ਪਤਾ ਈ ਨੀ



ਲੱਗਿਆ। ਉਹ ਆਖ ਗਿਆ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਰਵਿਦਾਸ ਦੇ ਸ਼ਿਅਰ ਦਰਜ ਹਨ। ਐਨਾ ਸ਼ੁਕਰ ਉਹ ਪੰਜਾਬੀ ਵਿਚ ਬੋਲਿਆ। ਹੋਰ ਪ੍ਰਦੇਸ਼ਾਂ ਦੇ ਵਰਕਰਾਂ ਨੂੰ ਪਤਾ ਨਹੀਂ ਲੱਗਿਆ। ਕਿ ਉਹ ਕੀ ਬੋਲ ਗਿਆ।

ਸਿਰ ਚੜੇ ਕਰਜਿਆਂ ਕਰਕੇ... ਕਿਸਾਨਾਂ ਰਾਹੀਂ ਆਤਮ ਹੱਤਿਆਵਾਂ ਕਰਨ ਦਾ ਰੁਝਾਨ ਵਧਦਾ ਜਾ ਰਿਹਾ ਸੀ। ਕੇ. ਆਰ. ਸਾਹਿਬ ਤਾਂ ਕਹਿੰਦੇ ਸਨ ਕਿ ਗਰਮੀ, ਸਰਦੀ ਤੇ ਭੁੱਖ ਨਾਲ ਮਰਨ ਵਾਲਿਆਂ ਨੂੰ ਜਾਗ੍ਰਿਤ ਕੀਤਾ ਜਾਵੇ... ਤਾਂ ਜੋ ਉਹ ਭੁੱਖ ਨਾਲ ਮਰਨ ਦੀ ਥਾਂ, ਅਣਖੀ ਬਣਦਿਆਂ... ਭੁੱਖ ਹੜਤਾਲਾਂ ਕਰਕੇ ਹੀ ਮਰਨ। ਉਹਨਾਂ ਵੱਲ ਪ੍ਰੈਸ ਦਾ, ਮਾਨਵਵਾਦੀ ਜਥੇਬੰਦੀਆਂ ਦਾ... ਤੇ ਫੇਰ ਸਰਕਾਰ ਦਾ ਧਿਆਨ ਤਾਂ ਹੀ ਜਾਵੇਗਾ। ਕਿ ਜਦ ਇਸ ਦੇਸ਼ ਦੇ ਨਾਗਰਿਕ ਹੁੰਦਿਆਂ ਸਟੇਟ ਉਹਨਾਂ ਦੀ ਗੁੱਲੀ, ਜੁੱਲੀ ਤੇ ਕੁੱਲੀ ਦਾ ਪ੍ਰਬੰਧ ਨਹੀਂ ਕਰਦੀ... ਉਹ ਜੀਣ ਵੀ ਕਿਵੇਂ ?

ਕਈ ਰਾਜਾਂ ਦੀਆਂ ਸਰਕਾਰਾਂ ਨੇ, ਸਿਰ ਚੜੇ ਕਰਜ਼ੇ ਕਰਕੇ, ਆਤਮ ਹੱਤਿਆਵਾਂ ਕਰਨ ਵਾਲੇ ਕਿਸਾਨਾਂ ਦੇ ਪਰਿਵਾਰਾਂ ਨੂੰ, ਸਰਕਾਰੀ ਸਹਾਇਤਾ ਦੇਣ ਲਈ ਸਰਵੇਖਣ ਕਰਨ ਦੇ ਹੁਕਮ ਦੇ ਦਿੱਤੇ ਸਨ। ਤੇ ਕਈ ਤਰ੍ਹਾਂ ਦੀਆਂ ਸਹੂਲਤਾਂ ਦੇਣੀਆਂ ਵੀ ਸ਼ੁਰੂ ਕਰ ਦਿੱਤੀਆਂ ਸਨ। ਦਲਿਤਾਂ ਸ਼ੋਸ਼ਿਤਾਂ ਦੀ ਪਾਰਟੀ ਚਾਹੁੰਦੀ ਸੀ ਕਿ ਕੇਂਦਰ ਅਤੇ ਰਾਜ ਸਰਕਾਰਾਂ, ਕਿਸਾਨਾਂ ਦੇ ਨਾਲ ਨਾਲ ਉਹਨਾਂ ਆਤਮ ਹੱਤਿਆਵਾਂ ਕਰਨ ਵਾਲੇ, ਗਰਮੀ, ਸਰਦੀ ਤੇ ਭੁੱਖ ਨਾਲ ਮਰਨ ਵਾਲੇ ਦਲਿਤ ਕਿਸਾਨਾਂ, ਦਸਤਕਾਰਾਂ, ਫੈਕਟਰੀ ਮਜ਼ਦੂਰਾਂ, ਸੀਰੀਆਂ, ਝੁੱਗੀਆਂ ਤੇ ਫੁੱਟਪਾਥਾਂ ਤੇ ਰਹਿਣ ਵਾਲਿਆਂ ਦੇ ਪਰਵਾਰਾਂ ਨੂੰ ਵੀ ਆਰਥਿਕ ਸਹਾਇਤਾ ਦਿੱਤੀ ਜਾਵੇ। ਉਹ ਵੀ ਤਾਂ ਇਸ ਦੇਸ਼ ਦੇ ਨਾਗਰਿਕ ਹਨ। ਜਿਵੇਂ ਹੋਰ ਨਾਗਰਿਕਾਂ ਨੂੰ ਇਤਰਾਜਯੋਗ ਹਾਲਾਤਾਂ ਵਿਚ ਸਰਕਾਰੀ ਸਹਾਇਤਾ ਦਿੱਤੀ ਜਾਂਦੀ ਹੈ... ਉਹਨਾਂ ਨੂੰ ਵੀ ਦਿੱਤੀ ਜਾਵੇ। ਉਹ ਤਾਂ ਹਮੇਸ਼ਾ ਹੀ ਇਤਰਾਜਯੋਗ ਹਾਲਾਤਾਂ ਵਿਚ ਰਹਿੰਦੇ ਹਨ।

ਨਿਸ਼ਚਿਤ ਕੀਤੇ ਦਿਨ 'ਤੇ ਹੋਰ ਜ਼ਿਲ੍ਹਿਆਂ ਦੇ ਨਾਲ ਨਾਲ ਜਦ ਰੋਪੜ ਜ਼ਿਲ੍ਹੇ ਦੇ ਪਾਰਟੀ ਵਰਕਰਾਂ ਤੇ ਹਮਦਰਦਾਂ ਦਾ ਇਕੱਠ, ਸ਼ਹਿਰ ਦਾ ਚੱਕਰ ਲਾ ਕੇ ਡਿਪਟੀ ਕਮਿਸ਼ਨਰ ਰੋਪੜ ਨੂੰ ਮੰਗ ਪੱਤਰ ਲਈ ਮਿਨੀ ਸਕੱਤਰੇਤ ਵੱਲ ਅੱਗੇ ਵਧਿਆ... ਤਾਂ ਪੁਲਿਸ ਨੇ ਲਾਠੀ ਚਾਰਜ ਕਰ ਦਿੱਤਾ। ਤੇ ਅਗਵਾਈ ਕਰਦੇ ਪੰਜ ਵਰਕਰਾਂ ਨੂੰ ਦਫਾ 144 ਤੋੜਨ ਦੇ ਦੋਸ਼ ਅਧੀਨ ਗ੍ਰਿਫਤਾਰ ਕਰ ਲਿਆ। ... ਪਾਰਟੀ ਤਾਂ ਇਸ ਸੰਬੰਧੀ ਐਜੀਟੇਸ਼ਨ ਕਰਨਾ ਚਾਹੁੰਦੀ ਓ ਸੀ। ਸਟੇਟ ਬਾਡੀ ਦੀ ਸਲਾਹ ਨਾਲ ਪੰਜ ਪੰਜ ਵਰਕਰ, ਹਰ ਰੋਜ਼ ਦਫਾ 144 ਤੋੜਕੇ, ਡੀ. ਸੀ. ਰੋਪੜ ਦੇ ਦਫ਼ਤਰ ਨੇੜੇ ਜਾ ਕੇ ਗ੍ਰਿਫ਼ਤਾਰੀ ਦੇਣ ਲੱਗੇ।

ਅਸੀਂ ਪਿੰਡ ਪਿੰਡ ਜਾ ਕੇ, ਗ੍ਰਿਫ਼ਤਾਰੀਆਂ ਦੇਣ ਲਈ ਵਰਕਰਾਂ ਨੂੰ ਤਿਆਰ ਕਰਨ ਲੱਗੇ। ਸਾਡੀ ਹੈਰਾਨੀ ਭਰੀ ਖੁਸ਼ੀ ਦੀ ਹੱਦ ਨਾ ਰਹੀ... ਸਾਡੇ ਸਮਝਾਉਣ 'ਤੇ ਵਰਕਰ ਤੇ ਹੋਰ ਹਮਦਰਦ ਗ੍ਰਿਫ਼ਤਾਰੀਆਂ ਦੇਣ ਲਈ ਤਿਆਰ ਹੋਣ ਲੱਗ ਪਏ ਸਨ। ... ਜਥੇਦਾਰ ਦਲਜੀਤ ਸਿੰਘ ਮਾਣਕਪੁਰ ਸ਼ਰੀਫ ਦੀ ਖੁਸ਼ੀ ਦਾ ਕੋਈ ਠਿਕਾਣਾ ਨਾ ਰਿਹਾ। ਉਹ ਮਾਵਾ ਛੱਕ ਕੇ ਮਸਤ ਹੁੰਦਿਆਂ ਕਹਿਣ ਲੱਗਿਆ, ''ਹੁਣ ਤੱਕ 'ਕਾਲੀਆਂ ਨਾਲ ਮੋਰਚਿਆਂ ਵਿਚ ਗ੍ਰਿਫ਼ਤਾਰੀਆਂ ਦੇਣ ਜਾਂਦੇ ਰਹੇ ਆ। ... ਮਸਾਂ ਆਪਣੇ ਦਲਿਤ ਸਮਾਜ ਲਈ ਗ੍ਰਿਫ਼ਤਾਰੀ ਦੇਣ ਦਾ ਮੌਕਾ ਹੱਥ ਆਇਆ। ਉਹਨਾਂ ਦਾ ਪੰਜ ਸਿੰਘਾਂ ਦਾ ਜਥਾ, ਰੋਪੜ ਗ੍ਰਿਫ਼ਤਾਰੀਆਂ ਦੇਣ ਲਈ ਲਾਏ ਕੈਂਪ ਵਿਚ ਰਹਿ ਕੇ .... ਆਪਣੀ ਗ੍ਰਿਫ਼ਤਾਰੀ ਦੇਣ ਦੀ ਵਾਰੀ ਆਉਣ ਦੀ ਉਡੀਕ ਕਰਨ ਲੱਗਿਆ।

ਮੈਂ ਚਮੇਲ ਸਿੰਘ ਤੇ ਖੁਸ਼ਿਆਲ ਖਿਜ਼ਰਾ, ਸਾਈਕਲਾਂ 'ਤੇ ਅਧਰੇੜਾ ਪਿੰਡ ਦੇ ਵਰਕਰਾਂ ਨੂੰ ਗ੍ਰਿਫ਼ਤਾਰੀ ਦੇਣ ਲਈ ਤਿਆਰ ਕਰਨ ਲਈ ਜਾਂਦਿਆਂ, ਰਾਤ ਦਾ ਹਨੇਰਾ ਹੋਣ ਕਰਕੇ, ਰੇਲਵੇ ਲਾਇਨ 'ਤੇ ਪੁੱਜਕੇ ਪਿੰਡ ਦਾ ਰਾਹ ਭੁੱਲ ਗਏ। ਤੇ ਰੇਲਵੇ ਲਾਈਨ ਦੇ ਨਾਲ-ਨਾਲ ਚੱਲ ਪਏ। ਅਗੋਂ ਗੈਸ ਲਾਲਟੈਨ ਮੋਢੇ 'ਤੇ ਰੱਖੀਂ ਆਉਂਦਾ ਰੇਲਵੇ ਵਾਚਮੈਨ ਪੁੱਛਣ ਲੱਗਿਆ, ''ਕਿਥੇ ਚੱਲੇ ਓ ? ਮੌਤ ਦੇ ਮੂੰਹ ਵਿਚ ਨੂੰ? '' ਮੈਂ ਕਿਹਾ ''ਅਧਰੇੜੇ'' ਜੇ ਭਲੀ ਚਾਹੁੰਦੇ ਓ... ਸਾਈਕਲ ਭਜਾ ਕੇ ਪਿਛੇ ਨੂੰ ਜਾ ਕੇ ਅਧਰੇੜ ਦੇ ਰਸਤੇ ਨੂੰ ਮੁੜ ਜਾਓ

... ਖਾੜਕੂ ਨਿੱਤ ਰੇਲਵੇ ਲਾਈਨ ਉਖਾੜਕੇ ਗੱਡੀਆਂ ਉਲਟਾਈ ਜਾਂਦੇ ਐ।... ਪਿੱਛੋਂ ਰੇਲਵੇ ਲਾਈਨ ਦੀ ਸੁਰੱਖਿਆ ਲਈ ਗਸ਼ਤ ਕਰਦੀ ਪੁਲਿਸ ਦੀ ਟੁਕੜੀ ਆ ਗਈ... ਥੁਆਨੂੰ ਗੋਲੀਆਂ ਨਾਲ ਭੁੰਨ ਦੇਣੈ।'' ਅਸੀਂ ਪਿਛੇ ਨੂੰ ਸਾਈਕਲ ਦੁੜਾ ਕੇ ਅਧਰੇੜੇ ਜਾ ਕੇ ਸਾਹ ਲਿਆ।

ਅਸੀਂ ਦੇਖਦੇ ਕਿ ਜਿਹੜੇ ਸੀਰੀ ਪਹਿਲਾਂ ਕਹਿੰਦੇ ਸਨ ਕਿ ਵੋਟਾਂ ਦੇ ਡੱਬੇ ਕੋਲ ਜਿਮੀਂਦਾਰ ਦਾ ਭੂਤ ਖੜਾ ਦਿਸਦੈ... ਡਰਾਦਿਆਂ-ਮਾਰਿਆਂ ਧੱਕੇ ਨਾਲ ਮੋਹਰ ਜਿਮੀਂਦਾਰ ਦੇ ਦੱਸੇ ਚੋਣ ਨਿਸ਼ਾਨ 'ਤੇ ਲੱਗ ਜਾਂਦੀ ਐ। ... ਪਰ ਹੁਣ ਉਹ ਗ੍ਰਿਫ਼ਤਾਰੀਆਂ ਦੇਣ ਲਈ ਚਲਾਏ ਲੰਗਰ ਵਾਸਤੇ ਕਣਕ, ਚਾਵਲ, ਦਾਲਾਂ, ਚੀਨੀ ਤੇ ਪੈਸੇ ਆਦਿ ਇਕੱਠੇ ਕਰਕੇ ਰੋਪੜ ਭੇਜ ਰਹੇ ਸਨ। ਤੇ ਬਲਾਕ ਵਿਚੋਂ ਨਿੱਤ ਕਿੰਨੀਆਂ ਈ ਇਸਤਰੀਆਂ... ਗ੍ਰਿਫ਼ਤਾਰੀਆਂ ਦੇਣ ਆਏ ਤੇ ਗ੍ਰਿਫ਼ਤਾਰੀਆਂ ਦੁਆਉਣ ਆਇਆ ਲਈ, ਪਿੰਡ ਹਵੇਲੀ ਵਿਚ ਚਲਾਏ ਲੰਗਰ ਵਿਚ ਸੇਵਾ ਕਰਨ ਲਈ ਜਾਣ ਲੱਗ ਪਈਆਂ ਸਨ।

ਪਰ ਹੁਣ ਜਦ ਸੀਰੀਆਂ ਸਰੀਖਿਆਂ ਦੇ ਸ਼ੰਕੇ ਨਵਿਰਤ ਹੋ ਗਏ ਸਨ। ਤੇ ਉਹ ਖੁਲ੍ਹਕੇ ਅੱਗੇ ਆਉਣ ਲੱਗ ਪਏ ਸਨ। ਮੈਂ ਵੀ ਤਾਂ ਆਪਣਾ ਸ਼ੰਕਾ ਨਵਿਰਤ ਕਰਕੇ ਈ ਅੱਗੇ ਆਇਆ ਸੀ। ਆਪਣੀ ਤਸੱਲੀ ਕਰਨ ਲਈ ਮੈਂ ਮੱਲ੍ਹੀ ਸਾਹਿਬ ਨੂੰ ਪੁੱਛਿਆ ਸੀ, ''ਮੈਂ ਤਾਂ ਕਮਿਊਨਿਜ਼ਮ ਦੇ ਸਿਸਟਮ ਨੂੰ ਵਧੀਆਂ ਮੰਨਦਾ... ਆਪਣਾ...? '' ਉਹਨਾਂ ਨੇ ਮੇਰੇ ਸ਼ਬਦਾਂ ਵਿਚੋਂ ਈ ਸਵਾਲ ਕੀਤਾ ਸੀ? ਕਮਿਊਨਿਜ਼ਮ ਕਿਵੇਂ ਆਊਗਾ? '' ''ਕਲਾਸ ਵਾਰ'' ''ਨਹੀਂ ਕਲਾਸ ਸਟਰਗਲ ਨਾਲ ਸਾਡਾ ਕਾਸਟ-ਕਮ-ਕਲਾਸ ਸਟਰਗਲ ਹੋਊਗਾ... ਸੋਧਿਆ ਹੋਇਆ ਅੰਬੇਡਕਰਵਾਦ ।'' ਪਰ ਮੈਂ ਹੀ ਨਹੀਂ ਵਰਕਰ ਵੀ ਚਾਹੁੰਦੇ ਸਨ ਕਿ ਸਾਡੇ ਸਾਰਿਆ ਦੇ ਸ਼ੰਕੇ ਨਵਿਰਤ ਕਰਨ ਵਾਲੇ ਮੱਲ੍ਹੀ ਸਾਹਿਬ ਰੋਪੜ ਜੇਲ੍ਹ ਭਰੋ ਅੰਦੋਲਨ ਦੇ ਕਾਰਨਾਂ ਬਾਰੇ ਖੁੱਲ ਕੇ ਪ੍ਰਚਾਰ ਕਰਦਿਆਂ ... ਅੰਦੋਲਨ ਨੂੰ ਭਖਾਉਂਦੇ... ਜਿਵੇਂ ਉਹ ਪਹਿਲਾਂ ਹੋਰ ਮੌਕਿਆਂ 'ਤੇ ਅਜਿਹਾ ਕਰਦੇ ਰਹੇ ਸਨ।

ਅਸੀਂ ਆਪਣੇ ਇਲਾਕੇ ਦੇ ਟੱਪਰੀਵਾਸਾਂ ਨੂੰ ਵੀ ਸਮਝਾਉਣ ਲੱਗੇ ਕਿ ਜੇਲ੍ਹ ਭਰੋ ਅੰਦੋਲਨ ਟੱਪਰੀਵਾਸਾਂ ਤੇ ਫੁਟਪਾਥਾਂ ਤੇ ਰੁਲਣ ਵਾਲਿਆ ਨੂੰ ਗੁੱਲੀ, ਜੁੱਲੀ ਤੇ ਕੁੱਲੀ ਭਾਵ ਰੋਟੀ, ਕਪੜਾ ਅਤੇ ਮਕਾਨ ਦਾ ਹੱਕ ਦਿਵਾਉਣ ਲਈ ਕੀਤਾ ਜਾ ਰਿਹਾ ਹੈ। ਉਹਨਾਂ ਨੂੰ ਸੁਖੀ ਜੀਵਨ ਦਾ ਹੱਕ ਤਾਂ ਹੀ ਮਿਲੇਗਾ... ਜੇਕਰ ਉਹ ਸੰਘਰਸ਼ ਕਰਨਗੇ। ਅਸੀਂ ਉਨ੍ਹਾਂ ਨੂੰ ਦੱਸਿਆ ਕਿ ਜਿਹੜੇ ਲੋਕ ਫੁਟਪਾਥਾ 'ਤੇ ਰੁਲ ਦਿਆਂ ਭੁੱਖ ਨਾਲ ਮਰਦੇ ਐ... ਉਨ੍ਹਾਂ ਨੂੰ ਵੀ ਜੇਲ੍ਹ ਵਿਚ... ਮੁਫ਼ਤ ਖਾਣਾ ਮਿਲੇਗਾ... ਤੇ ਅਖ਼ਬਾਰਾਂ ਵਿਚ ਉਨ੍ਹਾਂ ਦਾ ਨਾਂ ਆਵੇਗਾ। ਦੋ ਤਿੰਨ ਜਥਿਆਂ ਨੂੰ ਗ੍ਰਿਫ਼ਤਾਰੀਆਂ ਦਿੰਦਿਆਂ ਦੇਖਕੇ ਉਹ ਤਿਆਰ ਹੋ ਗਏ।

ਬੰਗਾਲਿਆਂ ਦੇ ਆਗੂ ਸੁੰਦਰ ਦਾਸ ਦੇ ਭੇਜੇ ਬੰਦੇ, ਭਗਵੇਂ ਕੱਪੜੇ ਪਾ ਕੇ ਗਲਾਂ ਵਿਚ ਵੱਡੇ ਵੱਡੇ ਫਨੀਅਰ ਨਾਗ ਪਾ ਕੇ, ਬੀਨਾਂ ਵਜਾਉਂਦੇ... ਗ੍ਰਿਫ਼ਤਾਰੀ ਦੇਣ ਲਈ ਅੱਗੇ ਵਧਣ ਲੱਗੇ। ਪੁਲਿਸ ਵਾਲੇ ਡਰਦੇ ਪਿਛੇ ਹਟਦੇ ਚਲੇ ਗਏ ਤੇ ਕਹੀ ਗਏ ਕਿ ਗ੍ਰਿਫ਼ਤਾਰੀ ਦੇਣ ਤੋਂ ਪਹਿਲਾਂ ਨਾਗਾਂ ਨੂੰ ਪਿਟਾਰੀਆਂ ਵਿਚ ਬੰਦ ਕਰਕੇ ਆਓ। ਬੰਗਾਲੇ ਅੜੀ ਗਏ, ''ਅਸੀਂ ਸ਼ਿਵ ਜੀ ਮਹਾਰਾਜ ਦੇ ਚਲਾਏ ਨਾਥ ਜੋਗੀ ਪੰਥ ਵਿਚੋਂ ਆ। ... ਇਹ ਨਾਗ ਤਾਂ ਦਿਨ, ਰਾਤ ਸਾਡੇ ਨਾਲ ਈ ਰਹਿਣਗੇ।'' ਸਿਆਸੀ ਕੈਦੀ ਹੋਣ ਕਰਕੇ ਪੁਲਿਸ ਵਾਲੇ ਉਹਨਾਂ ਨੂੰ ਮਾਰ, ਕੁੱਟ ਵੀ ਨਹੀਂ ਸਕਦੇ ਸਨ। ਪੁਲਿਸ ਗ੍ਰਿਫ਼ਤਾਰ ਕਰਵਾਉਣ ਲਈ ਨਾਲ ਆਉਂਦੇ ਸੀਨੀਅਰ ਵਰਕਰਾਂ ਦੀ ਭਾਲ ਕਰ ਰਹੀ ਸੀ। ਸਿਟੀ ਟੀ ਵੀ ਚੈਨਲ ਵਾਲੇ ਆਪਣੇ ਦਰਸਕਾਂ ਨੂੰ ਲਾਈਵ ਸ਼ੋ ਦਿਖਾ ਰਹੇ ਸਨ। ਪ੍ਰੈਸ ਰਿਪੋਰਟ ਮਜ਼ੇ ਨਾਲ ਫੋਟੋਆਂ ਖਿੱਚ ਰਹੇ ਸਨ। ਮਸਾਂ ਸਮਝਾ-ਬੁਝਾ ਕੇ ਉਹਨਾਂ ਦੇ ਨਾਗ ਪਿਟ ਰਹੀਆਂ ਵਿਚ ਪੁਆਏ ਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਵਾਇਆ।

ਅਗਲੇ ਹਫਤੇ ਸਾਡੇ ਬਲਾਕ ਦੀ ਵਾਰੀ ਆਉਣ 'ਤੇ ਅਸੀਂ ਗੱਡੀਆਂ ਵਾਲਿਆਂ ਦਾ ਜਥਾ ਭੇਜ ਦਿੱਤਾ। ਗੱਡੀਆਂ ਵਾਲੇ, ਆਪਣੀਆਂ ਗੱਡੀਆਂ ਡੀ. ਸੀ. ਦਫ਼ਤਰ ਤੇ ਸਾਹਮਣੇ ਲਿਜਾ ਕੇ, ਪਰਿਵਾਰਾਂ ਸਮੇਤ ਗ੍ਰਿਫ਼ਤਾਰੀ ਦੇਣ ਲਈ ਨਾਅਰੇ ਮਾਰਨ ਲੱਗੇ-

ਅਸੀਂ ਨੀ ਮੰਗਦੇ... ਮਹਿਲ ਮਾੜੀ ਅਤੇ ਦੁਕਾਨ।
ਸਾਡੀ ਮੰਗ ਹੈ... ਰੋਟੀ, ਕੱਪੜਾ ਅਤੇ ਮਕਾਨ।



ਉਹਨਾਂ ਦੀ ਤਰਸਯੋਗ ਹਾਲਤ ਦੇਖ ਕੇ ਡੀ. ਸੀ. ਮੈਡਮ ਆਪ ਉਹਨਾਂ ਦਾ ਮੰਗ-ਪੱਤਰ ਲੈਣ ਲਈ, ਸਕੱਤਰੇਤ ਦੀ ਉੱਚੀ ਇਮਾਰਤ ਤੋਂ ਥੱਲੇ ਉਤਰੀ। ਉਹਨਾਂ ਦੇ ਲੰਬੜਦਾਰ ਨੂੰ ਜਿਵੇਂ ਸਮਝਾਇਆ ਹੋਇਆ ਸੀ, ਦੱਸਣ ਲੱਗਿਆ, ''ਅਸੀਂ ਖਾਨਾਬਦੋਸ਼ ਹਾਂ... ਸਾਡਾ ਜਨਮ ਤੇ ਮੌਤ ਦਾ ਕੋਈ ਰੀਕਾਰਡ ਨਹੀਂ ਰੱਖਿਆ ਜਾਂਦਾ। ਜਦ ਸਾਡੀ ਗਿਣਤੀ... ਦੇਸ਼ ਦੇ ਨਾਗਰਿਕਾਂ ਵਿਚ ਹੀ ਨਹੀਂ ਕੀਤੀ ਜਾਂਦੀ।... ਫੇਰ ਸਾਨੂੰ ਨਾਗਰਿਕਾਂ ਵਾਲੇ ਅਧਿਕਾਰ ਵੀ ਕੀ ਮਿਲਣੇ ਹੋਏ? ... ਸਾਡੇ ਬੱਚੇ ਗੱਡੀਆਂ ਵਿਚ ਹੀ ਜੰਮਦੇ ਨੇ ... ਗੱਡੀਆਂ ਵਿਚ ਹੀ ਮਰ ਜਾਂਦੇ ਐ। ... ਸਾਡੇ ਹਿੱਸੇ ਦਾ ਤਾਂ ਕਿਤੇ ਸ਼ਮਸ਼ਾਮ ਘਾਟ ਵੀ ਨਹੀਂ। ... ਸਾਡਾ ਤੱਕਲੇ, ਖੁਰਚਣੇ ਬਣਾ ਕੇ ਵੇਚਣ ਤੇ ਤਸਲਿਆਂ, ਬਾਲਟੀਆਂ ਨੂੰ ਥੱਲੇ ਲਾਉਣ ਦਾ ਪੇਸ਼ਾ ਵੀ ਮਸ਼ੀਨਾਂ ਨੇ ਖਾ ਲਿਆ। ... ਹੁਣ ਅਸੀਂ ਮੰਗ-ਚੁੰਗ ਕੇ ਗੁਜ਼ਾਰਾ ਕਰਦੇ ਆ। ਸਾਡੀਆਂ ਬਹੂ, ਬੇਟੀਆਂ...। ਸਾਡੀ ਹੱਥ ਜੋੜ ਕੇ ਬੇਨਤੀ ਹੈ ਕਿ ਸਾਡੇ ਲਈ ਰੋਟੀ, ਕੱਪੜਾ ਤੇ ਰਿਹਾਇਸ਼ ਦਾ ਸਰਕਾਰ ਵਲੋਂ ਪ੍ਰਬੰਧ ਕੀਤਾ ਜਾਵੇ। ਅਤੇ ਸਾਡੇ ਬੱਚਿਆਂ ਨੂੰ ਪੜ੍ਹਾਇਆ ਜਾਵੇ... ਤਾਂ ਜੋ ਸਾਡੀ ਪੀੜ੍ਹੀ ਸਾਡੇ ਬੱਚਿਆਂ ਨੂੰ ਦਰ ਪੀੜ੍ਹੀ ਖਾਨਾ-ਬਦੋਸ਼ ਘੁੰਮਦਿਆਂ ਦੀ ਅੱਗੇ ਨੂੰ ਜੂਨੀ ਸੁਧਰੇ।'' ... ਤੇ ਉਹ ਸਾਰੇ ਆਦਮੀ, ਤੀਵੀਆਂ ਅਤੇ ਬੱਚੇ ਡੀ. ਸੀ. ਮੈਡਮ ਦੇ ਪੈਰਣ ਵਿਚ ਡਿੱਗ ਪਏ। ... ਇਕ ਵਾਰੀ ਤਾਂ ਉਹਨਾਂ ਨੂੰ ਦੇਖਣ ਵਾਲਿਆਂ ਦੇ ਸਭ ਦੇ ਮਨ ਪਸੀਜ ਗਏ। ਡੀ. ਸੀ. ਮੈਡਮ ਨੇ ਉਹਨਾਂ ਦੇ ਪੰਜ ਬੰਦਿਆਂ ਨੂੰ ਗ੍ਰਿਫ਼ਤਾਰ ਕਰਵਾ ਕੇ ਬਾਕੀਆਂ ਨੂੰ ਮੋੜ ਦਿੱਤਾ ਸੀ।... ਤੇ ਉਹਨਾਂ ਦਾ ਮੰਗ ਪੱਤਰ ਸਿਫਾਰਿਸ਼ ਕਰਕੇ ਪੰਜਾਬ ਸਰਕਾਰ ਤੇ ਭਾਰਤ ਸਰਕਾਰ ਨੂੰ ਭੇਜਣ ਦਾ ਵਾਅਦਾ ਕੀਤਾ ਸੀ।

ਪਰ ਗੱਡੀਆਂ ਵਾਲੇ ਉਥੋਂ ਗਏ ਨਹੀਂ ਸਨ। ਜਾਂਦੇ ਵੀ ਕਿੱਥੇ? ਉਹਨਾਂ ਦੇ ਰਹਿਣ ਦਾ ਕਿਹੜਾ ਕੋਈ ਪੱਕਾ ਟਿਕਾਣਾ ਸੀ। ਉਹ ਆਪਣੀਆਂ ਗੱਡੀਆਂ ਲੈ ਕੇ... ਉਹਨਾਂ ਦੇ ਬੰਦਿਆਂ ਨੂੰ ਗ੍ਰਿਫ਼ਤਾਰ ਕਰਕੇ ਲਿਜਾਂਦੇ ਪੁਲਿਸ ਜੀਪ ਦੇ ਮਗਰ-ਮਗਰ ਜੇਲ੍ਹ ਵੱਲ ਤੁਰ ਪਏ ਸਨ। ... ਤਾਂ ਜੋ ਜੇਲ੍ਹ ਦੇ ਗੇਟ ਅੱਗੇ ਹੀ ਆਪਣੀਆਂ ਗੱਡੀਆਂ ਖੜੀਆਂ ਕਰਕੇ... ਆਪਣੇ ਬੰਦਿਆਂ ਦਾ ਖਾਣਾ ਬਾਹਰੋਂ ਹੀ ਭੇਜਦੇ ਰਹਿਣ।...ਕਿਉਂਕਿ ਉਹਨਾਂ ਨੂੰ ਦੱਸਿਆ ਗਿਆ ਸੀ ਕਿ ਜੇਲ੍ਹ ਵਿਚ ਰੋਟੀ... ਉਹਨਾਂ ਦੀ ਰੋਟੀ ਤੋਂ ਵੀ ਕਿਤੇ ਗਈ-ਗੁਜ਼ਰੀ ਮਿਲਦੀ ਹੈ।

ਸਾਡੇ ਬਲਾਕ ਦੇ ਸਡੂਲਡ ਟਰਾਈਬਜ਼ ਦੇ ਲੋਕਾਂ ਵਿਚ ਜੇਲ੍ਹ ਜਾਣ ਲਈ ਉਤਸਾਹ ਵਧਦਾ ਜਾ ਰਿਹਾ ਸੀ।... ਅਗਲੇ ਹਫਤੇ ਲਈ ਅਸੀਂ ਰਿੱਛ ਤੇ ਬਾਂਦਰ-ਬਾਂਦਰੀ ਦਾ ਤਮਾਸ਼ਾ ਦਿਖਾਉਣ ਵਾਲੇ ਮਦਾਰੀਆਂ ਦੇ ਪੰਜ ਜਥਿਆਂ ਨੂੰ ਜੇਲ੍ਹ ਭੇਜਣ ਲਈ ਤਿਆਰ ਕੀਤਾ। ਸਾਰੇ ਸ਼ਹਿਰ ਵਿਚ ਰਿਛ ਤੇ ਬਾਂਦਰ-ਬਾਂਦਰੀ ਦਾ ਤਮਾਸ਼ਾ ਦਿਖਾਉਂਦਿਆਂ... ਉਹਨਾਂ ਨੇ ਰੋਪੜ ਮੋਰਚੇ ਲਈ ਆਟਾ, ਦਾਲ, ਚੌਲ, ਗੁੜ, ਚੀਨੀ ਤੇ ਮਾਇਆ ਇਕੱਠੀ ਕਰਨੀ ਸੀ ਤੇ ਸ਼ਾਮ ਨੂੰ ਸਕੱਤਰੇਤ ਅੱਗੇ ਤਮਾਸ਼ਾ ਦਿਖਾਉਂਦਿਆਂ ਹੀ ਰਿਛਾਂ ਤੇ ਬਾਂਦਰ, ਬਾਂਦਰੀਆਂ ਸਮੇਤ ਗ੍ਰਿਫ਼ਤਾਰੀ ਦੇਣੀ ਸੀ। ਕਿਉਂਕਿ ਉਨ੍ਹਾਂ ਦੇ ਜਨਵਰਾਂ ਨੂੰ ਸੰਭਾਲਣ ਦਾ ਜੇਲ੍ਹ ਤੋਂ ਬਾਹਰ ਕਿਸੇ ਕੋਲ ਕੋਈ ਪ੍ਰਬੰਧ ਨਹੀਂ ਸੀ।

ਐਨੇ ਨੂੰ ਸੁੰਦਰ ਸਿੰਘ ਬੰਗਾਲਿਆਂ ਦਾ ਇਕ ਹੋਰ ਜਥਾ ਗ੍ਰਿਫ਼ਤਾਰੀ ਦੇਣ ਲਈ ਤਿਆਰ ਕਰ ਲਿਆਇਆ । ਸੁੰਦਰ ਸਿੰਘ ਮੈਨੂੰ ਬਾਹਰ ਖੜ੍ਹੇ ਨੂੰ ਘਰ ਬੁਲਾ ਕੇ ਲੈ ਗਿਆ। ਉਹਨੇ ਮੈਨੂੰ ਕਿਹਾ ਕਿ ਮੈਂ ਉਹਨੂੰ ਗ੍ਰਿਫ਼ਤਾਰੀਆਂ ਦਾ ਕਾਰਨ ਸਮਝਾਵਾਂ ਤਾਂ ਜੋ ਉਹ ਅੱਗੇ ਬੰਗਾਲਿਆਂ ਨੂੰ ਸਵਾਰ ਕੇ ਸਮਝਾ ਕੇ ਉਹਨਾਂ ਦੀ ਤਸੱਲੀ ਕਰਵਾ ਸਕੇ। ... ਝੁੱਗੀ 'ਚ ਵੜਨ ਲੱਗਿਆ ... ਮੈਂ ਉਹਦੇ ਬੱਚਿਆਂ ਨੂੰ ਸੱਪ ਨਾਲ ਖੇਡਦਿਆਂ ਨੂੰ ਦੇਖਕੇ ਡਰ ਗਿਆ। ਉਹ ਹੱਸਕੇ ਆਖਣ ਲੱਗਿਆ, ''ਮਾਹਟਰਾ ... ਲੰਘ ਆ ... ਡਰ ਨਾ... ਆਹ ਸੱਪ ਬਹੁਤਾ ਜਹਿਰੀ ਨੀ ਹੈਗਾ। ਬਹੁਤੇ ਜਹਿਰੀ ਅੱਗੇ ਪਏ ਐ।'' ਮੈਂ ਸੋਚਿਆ, ਉਹਨੂੰ ਬਰੀਕੀ ਨਾਲ ਕਿਵੇਂ ਸਮਝਾਵਾਂ? ਮੈਂ ਉਹਨੂੰ ਮੋਟੀ ਜਿਹੀ ਗੱਲ ਦੱਸੀ, ''ਸਾਡੇ ਥੁਆਡੇ ਪੂਰਵਜ ਇਥੇ ਅਮਨ-ਅਮਾਨ ਨਾਲ ਰਹਿੰਦੇ ਤੀ। ਇਹਨਾਂ ਉੱਤੇ ਬਾਹਰੋਂ ਆਏ ਆਰੀਆਂ ਧਾੜਵੀਆਂ ਨੇ ਹਮਲਾ ਕਰਕੇ... ਇਹਨਾਂ ਨੂੰ ਆਪਣੇ ਗੁਲਾਮ ਬਣਾ ਲਿਆ।... ਤੇ ਸਾਡੇ ਪੂਰਵਜਾਂ ਦੇ ਘਰ-ਘਾਟ ਖੋਹ ਕੇ ਟੱਪਰੀ-ਵਾਸ ਬਣਾ 'ਤਾ।'' ''ਹਲਾਅ... ਆਹ ਗੱਲ ਐ... ਲੈ ਧਰਮ ਨਾਲ ਸਾਨੂੰ ਤਾਂ ਕਿਸੇ ਨੇ ਦੱਸਿਆ ਈ ਨੀ ਹੈਗਾ। ... ਭਲਾ ਕੀਹਨੇ ਕੀਤਾ ਆਹ ਕੰਮ ਆ... ? '' ਉਹ ਤੈਸ਼ ਵਿਚ ਆ ਕੇ ਧੋਤੀ ਟੁੰਗਦਾ ਖੜਾ ਹੋ ਗਿਆ, ''ਮੁੰਨੀ ਏ ... ਆਹ ਦਈਂ ਵੱਡਾ ਖੜੱਪਾ ਸੱਪ ਆ... ਛੱਡਾ

ਸਾਲਿਆਂ 'ਤੇ... ਤੇਰੇ ਦਾਜ ਵਿਚ ਦੇਣ ਜੋਗਾ ਹੋਰ ਫੜ ਲੂੰਗਾ।" ਮੈਂ ਉਹਨੂੰ ਧੀਰਜ ਰੱਖਣ ਲਈ ਕਿਹਾ ਕਿ ਆਹ ਘਟਨਾ ਹੁਣ ਦੀ ਨੀ ਹੈਗੀ ... ਹਜ਼ਾਰਾਂ ਸਾਲ ਪੁਰਾਣੀ ਐ। ਸਾਰੀਆਂ ਨੇ ਆਪਣੇ ਆਪ ਨੂੰ ਉਪਰਲੇ ਤਿੰਨ ਵਰਨਾਂ ਬ੍ਰਾਹਮਣ, ਕਸ਼ੱਤਰੀ ਤੇ ਵੈਸ਼ ਤੇ ਬਾਕੀ ਆਦਿ ਵਾਸੀਆਂ ਨੂੰ ਸ਼ੂਦਰ ਬਣਾ ਕੇ ਹਜਾਰਾਂ ਜਾਤਾਂ-ਪਾਤਾਂ ਵਿਚ ਵੰਡ ਦਿੱਤਾ। ਕਿ ਇਹ ਸ਼ੂਦਰ ਸਾਡੀ ਛੂਹ ਤੋਂ ਦੂਰ ਰਹਿਣਗੇ। ਹੁਣ ਇਹਨਾਂ ਦੀ ਛੂਹ ਤੋਂ ਘੱਟ ਤੇ ਵੱਧ ਦੂਰੀ ਤੇ ਰੱਖੇ ਗਏ ਸ਼ੂਦਰਾਂ ਤੇ ਅੱਤ ਸ਼ੂਦਰਾਂ ਨੂੰ 'ਕੱਠੇ ਕਰਕੇ 'ਸ਼ੂਦਰ ਸਮਾਜ ਪਾਰਟੀ' ਬਣਾਈ ਗਈ ਐ। ਜਦ ਇਹ ਲਾਮਬੰਦ ਹੋ ਜਾਣਗੇ, ਫੇਰ 'ਸਰਵਜਨ ਸਮਾਜ ਪਾਰਟੀ' ਬਣਾਈ ਜਾਊਗੀ।"

"ਬੱਲੇ ਬੱਲੇ ਮਾਹਟਰਾ... ਤੁਸੀਂ ਵਾਅਵਾ ਕੰਮ ਕੀਤਾ... ਮਾਹਟਰਾ ਪਹਿਲਾਂ ਨੀ ਦੱਸਿਆ ਤੈਂ ਆ...।" ਸੁੰਦਰ ਦਾਸ ਖੁਸ਼ੀ ਵਿਚ ਫੁੱਲਿਆ ਨਹੀਂ ਸੀ ਸਮਾ ਰਿਹਾ। ਸੁੰਦਰ ਦਾਸ ਨੂੰ ਮੇਰੀ ਗੱਲ ਸਮਝ ਤਾਂ ਕੀ ਆਈ ਹੋਵੇਗੀ... ਪਰ ਇਸ ਵਿਚ ਉਹਨੂੰ ਆਪਣਾ ਭਲਾ ਦਿਖਾਈ ਦਿੰਦਾ ਹੋਵੇਗਾ ਸਾਇਦ। ਇਸ ਲਈ ਉਹ ਖੁਸ਼ ਹੋ ਰਿਹਾ ਸੀ।

ਤੇ ਉਹ ਆਪਣੇ ਬੰਦਿਆਂ ਨੂੰ ਲੈ ਕੇ ਮੇਰੇ ਘਰ ਗੇੜੇ ਮਾਰਨ ਲੱਗਿਆ। ਮੈਂ ਉਹਨੂੰ ਡਾ. ਅੰਬੇਡਕਰ ਦੀ ਫੋਟੋ ਦਿਖਾਈ। ਤੇ ਦੱਸਿਆ ਕਿ ਇਹਨੇ ਲੰਬਾ ਸੰਘਰਸ਼ ਕਰਕੇ... ਸਾਨੂੰ ਪਸ਼ੂਆਂ ਤੋਂ ਵੀ ਭੈੜੀ ਜ਼ਿੰਦਗੀ ਜੀਂਦਿਆਂ ਨੂੰ... ਇਨਸਾਨੀ ਹੱਕ ਦਿਵਾਏ... ਤਾਂ ਹੀ ਅਸੀਂ ਪੜ੍ਹ ਲਿਖ ਕੇ ਸਰਕਾਰੀ ਨੌਕਰੀ ਕਰਦਿਆਂ... ਮਕਾਨਾਂ ਵਿਚ ਰਹਿਣ ਦੇ ਯੋਗ ਹੋ ਸਕੇ। ਉਹ ਖੁਸ਼ੀ ਵਿਚ ਗਦ-ਗਦ ਹੁੰਦਿਆਂ ਬੋਲਿਆ, "ਵਾਹ ਬਈ ਵਾਹ... ਮਾਹਟਰਾ... ਆਹ ਫੋਟੂ ਮੈਨੂੰ ਦੇ ਦੇ। ਮੈਂ ਆਪਣੀ ਝੁੱਗੀ ਵਿਚ ਲਾ ਲਊਂਗਾ।" ਤੇ ਦੂਜੇ ਦਿਨ, ਸੁੰਦਰ ਦਾਸ ਦੇ ਘਰ ਡਾ. ਅੰਬੇਡਕਰ ਦੀ ਫੋਟੋ ਲੱਗੀ ਦੇਖਕੇ, ਮੇਰੀਆਂ ਅੱਖਾਂ ਭਰ ਆਈਆਂ। "ਪਹੁੰਚ ਗਿਆ ਬਈ ਆਪਣੇ ਅਸਲੀ ਘਰ ਵਿਚ।" ਅਸਲ ਵਿਚ ਮੈਂ ਇਹ ਦੇਖਕੇ ਦੁਖੀ ਹੋ ਰਿਹਾ ਸਾਂ... ਕਿ ਡਾ. ਅੰਬੇਡਕਰ ਦੇ ਚਾਲੀ ਸਾਲ ਲੰਬਾ ਸੰਘਰਸ਼ ਕਰਨ... ਤੇ ਦੇਸ਼ ਨੂੰ ਆਜ਼ਾਦ ਹੋਣ ਤੋਂ ਸੱਠ ਸਾਲ ਬਾਅਦ ਵੀ ਕਰੋੜਾਂ ਲੋਕ ਝੁੱਗੀਆਂ-ਝੋਪੜੀਆਂ ਵਿਚ ਤੇ ਫੁੱਟਪਾਥਾਂ 'ਤੇ ਰਹਿਣ ਲਈ ਮਜ਼ਬੂਰ ਹਨ। ... ਸਗੋਂ ਉਹਨਾਂ ਦੀ ਗਿਣਤੀ ਘਟਦੀ ਨਹੀਂ। ਵਧਦੀ ਜਾ ਰਹੀ ਹੈ। ਮੈਂ ਉਹਨੂੰ ਦੱਸਿਆ ਕਿ ਲਗਭਗ ਇਕ ਸੋ ਪੰਦਰਾਂ ਸਾਲ ਪਹਿਲਾਂ... ਇਕ ਅਜਿਹੀ ਝੁੱਗੀ ਵਿਚ ਹੀ ਡਾ. ਅੰਬੇਡਕਰ ਸਾਹਿਬ ਦਾ ਜਨਮ ਹੋਇਆ। ਤੇ ਉਹ ਆਪਣੇ ਪਿਓ ਦੀ ਚੋਦਵੀ ਸੰਤਾਨ ਸਨ।... ਤੇ ਉਹ ਆਪਣੇ ਭੈਣ ਭਰਾਵਾਂ ਦੇ ਸੌਂ ਜਾਣ ਤੋਂ ਬਾਦ, ਮਿੱਟੀ ਦਾ ਦੀਵਾ ਬਾਲ ਕੇ ਪੜ੍ਹਦੇ ਹੁੰਦੇ ਸੀ। " ਸੁੰਦਰ ਝੱਟ ਆਪਣੇ ਮੁੰਡੇ ਨੂੰ ਡਾਂਟਣ ਲੱਗਿਆ, "ਓ ਆਹ ਦੇਖ... ਮਾਹਟਰ ਕਿਆ ਕਹਿੰਦਾ ਆ... ਆਹ ਆਪਣਾ ਗੁਰੂ, ਦੀਵੇ ਦੇ ਚਾਨਣ ਵਿਚ ਪੜ੍ਹਕੇ... ਐਡਾ ਵੱਡਾ ਆਦਮੀ ਬਣ ਗਿਆ।... ਤੂੰ ਕਹਿੰਦੈ... ਦੀਵੇ ਦੇ ਚਾਨਣ ਵਿਚ ਪੜ੍ਹਿਆ ਨੀ ਜਾਂਦਾ? " ਮੈਂ ਉਹਦੇ ਮੁੰਡੇ ਨੂੰ ਕਿਹਾ, "ਉਹ ਸਾਹਮਣੇ ਸੜਕ 'ਤੇ ਮੇਰੇ ਭਰਾ ਦੀ ਬੂਟ ਸ਼ਾਪ ਐ... ਤੂੰ ਸ਼ਾਮ ਨੂੰ ਦੁਕਾਨ ਦੇ ਵਰਾਂਡੇ ਵਿਚ ਲੱਗੇ ਬਲਬ ਦੇ ਚਾਨਣ ਵਿਚ ਬਹਿ ਕੇ ਪੜ੍ਹ ਲਿਆ ਕਰ। ... ਇਬਰਾਹੀਮ ਲਿੰਕਨ ਵੀ ਨਿੱਕੇ ਹੁੰਦਿਆਂ ਸੜਕ ਕਿਨਾਰੇ ਲੱਗੇ ਬਲਬ ਦੀ ਰੌਸ਼ਨੀ ਵਿਚ ਬਹਿ ਕੇ ਪੜ੍ਹਦਾ ਹੁੰਦਾ ਸੀ। ... ਵੱਡਾ ਹੋ ਕੇ ਅਮਰੀਕਾ ਦਾ ਪ੍ਰੈਜੀਡੈਂਟ ਬਣਿਆ।" "ਵਾਹ ਬਈ ਵਾਹ... ਕਿਆ ਬਾਤ ਕਹੀ ਮਾਹਟਰਾ... ਦੇਖ ਲਈ ਮੇਰਾ ਮੁੰਨਾ ਵੀ ਵੱਡਾ ਹੋ ਕੇ... ਫਰੋਜੀਡੋਂਕ ਬਣੂਗਾ... ਓ ਜੇ ਫਰੋਜੀ ਨਹੀਂ... ਲਾਲ, ਪੀਲਾ, ਕਾਲਾ, ਨੀਲਾ ਡੋਕ... ਕੁਛ ਨਾ ਕੁਛ ਤਾਂ ਬਣੂਗਾ ਈ ਬਣੂਗਾ...।"

ਸੁੰਦਰ ਦਾਸ ਤੇ ਉਹਦੇ ਨਾਲ ਦੇ ਬੰਗਾਲੇ 'ਸ਼ੂਦਰ ਸਮਾਜ ਪਾਰਟੀ' ਨੂੰ ਪਤਾ ਨਹੀਂ ਕੀ ਸਮਝਦੇ ਸਨ? ਇਕ ਵਾਰੀ ਉਹ ਜਲੰਧਰ ਕਾਨਫਰੰਸ ਤੋਂ ਆਉਂਦੇ ਹੋਏ, ਬਲਾਚੌਰ ਟਰੱਕ ਰੋਕਣ 'ਤੇ ਅੜ ਗਏ। ... ਅਸੀਂ ਵਰਕਰਾਂ ਨੂੰ ਕਿਹਾ ਹੋਇਆ ਸੀ ਕਿ ਇਥੇ ਨਵੇਕਲੇ ਥਾਂ 'ਤੇ ਨਾਲ ਗਏ ਲੋਕਾਂ ਨੂੰ ਉਤਾਰਕੇ, ਢਾਬਿਆਂ ਤੇ ਕੁਝ ਨਾ ਕੁਝ ਖੁਆ ਪਿਆ ਦਿਆ ਕਰੋ।... ਪਰ ਬੰਗਾਲੇ ਕਹਿਣ ... ਕਿ ਐਥੇ ਤਾਂ ਥੁਆਡੀ ਪਾਰਟੀ ਦਾ ਕੋਈ ਢਾਬਾ ਹੀ ਨਹੀਂ ...ਐਡੀ ਵੱਡੀ ਥੁਆਡੀ ਪਾਰਟੀ ਐ।" ਮੈਂ ਇਕ ਸ਼ਿਆਮ ਰੰਗ ਦੇ ਢਾਬੇ ਵਾਲੇ ਨੂੰ ਪੁਛਿਆ, "ਆਹ ਵੈਸਨੂੰ ਢਾਬਾ ਐ?" ਨਹੀਂ ਜੀ ਪਿਛਲੇ ਪਾਸੇ ਸਭ ਕੁਝ ...।"



ਬੱਸ ਬੱਸ ਮੈਂ ਸਮਝ ਗਿਆ।" ਮੈਂ ਉਹਨੂੰ ਗੱਲ ਸਮਝਾਈ। ਉਹਨੇ ਝੱਟ, ਵੈਸਨੂੰ ਢਾਬੇ ਵਾਲਾ ਬੋਰਡ ਪੁੱਠਾ ਕਰਕੇ... ਮੁੰਡੂੰ ਕੋਲੋਂ ਰੰਗ ਨਾਲ 'ਸ਼ੂਦਰਾਂ ਦਾ ਢਾਬਾ' ਲਿਖਵਾ ਦਿੱਤਾ। ਬੰਗਾਲੇ ਤੇ ਹੋਰ ਬੰਦੇ ਝੱਟ ਸ਼ੂਦਰਾਂ ਦੇ ਢਾਬੇ 'ਤੇ ਪਿਆ ਨਿੱਕ-ਸੁੱਕ ਦਾਲ। ਸਬਜੀ, ਰੋਟੀਆਂ, ਚਾਵਲ, ਨਮਕੀਨ ਚੱਟ ਗਏ। ... ਤੇ ਖੁਸ਼ੀ ਵਿਚ ਉਥੇ ਈ ਨੱਚਣ ਲੱਗ ਪਏ। ਢਾਬੇ ਦੇ ਮਾਲਕ ਤੇ ਨੌਕਰ ਵੀ ਉਹਨਾਂ ਨਾਲ ਈ ਨੱਚ ਰਹੇ ਸਨ। ... ਮੈਂ ਹਾਸੇ ਵਿਚ ਉਹਨਾਂ ਨੂੰ ਕਿਹਾ ਕਿ ਜਿਸ ਦਿਨ ਸਾਡੀ ਪਾਰਟੀ ਦੀ ਕਾਨਫਰੰਸ ਹੁੰਦੀ ਐ ... ਵੈਸ਼ਨੂੰ ਢਾਬੇ ਵਾਲਾ ਪੁੱਠਾ ਕਰਕੇ 'ਸ਼ੂਦਰਾਂ ਦਾ ਢਾਬਾ' ਵਾਲਾ ਬੋਰਡ ਲਟਕਾ ਦਿਆ ਕਰੋ। ... ਫੇਰ ਭਾਵੇਂ ਖਾਣ-ਪੀਣ ਦਾ ਇਸ ਤੋਂ ਵੀ ਚੌਗੁਣਾ ਸਮਾਨ ਬਣਾ ਲਿਆ ਕਰੋ।... ਅਗਲੀ ਵਾਰ ਕਮਾਲ ਹੋ ਗਈ। ... ਕਾਨਫਰੰਸ ਤੋਂ ਆਉਂਦੇ ਟਰੱਕਾਂ ਵਿਚੋਂ ਉਤਰ ਰਹੇ ਵਰਕਰਾਂ ਨੂੰ ਸਾਰੇ ਢਾਬਿਆਂ ਵਾਲੇ, ਆਪਣੇ ਆਪਣੇ ਢਾਬੇ ਵੱਲ ਨੂੰ ਖਿੱਚਣ, "ਆਓ ਜੀ... ਆਓ... ਆਹ ਢਾਬਾ ਵੀ ਸ਼ੂਦਰਾਂ ਦਾ ਈ ਐ...।" ਦੇਖਦਿਆਂ ਦੇਖਦਿਆਂ... ਮਤਲਬ ਨੂੰ ਸਾਰੇ ਢਾਬੇ ਸ਼ੂਦਰਾਂ ਦੇ ਬਣ ਗਏ ਸਨ।

ਇੱਕ ਦਿਨ ਮੈਂ ਦੂਰੋਂ ਦੇਖਿਆ, ਸੁੰਦਰ ਦਾਸ ਆਪਣੇ ਮੀਟ ਦੇ ਖੋਖੇ ਅੱਗੇ ਪੇਟਿੰਗ ਵਾਲੇ ਬੁਰਸ਼ ਨਾਲ ਮੁੰਡੇ ਤੋਂ ਕੁਝ ਲਿਖਵਾ ਰਿਹਾ ਸੀ। ਸੁੰਦਰ ਦਾਸ, ਜੇਬ ਵਿਚੋਂ ਪਾਰਟੀ ਦਾ ਇਸ਼ਤਿਹਾਰ ਕੱਢਦੇ ਅੱਖਰ ਮਿਲਾਉਣ ਲੱਗਿਆ। ਉਹਨੇ ਮੁੰਡੇ ਦੇ ਮੂੰਹ 'ਤੇ ਚਪੇੜ ਮਾਰ ਕੇ ਦੱਸਿਆ ਕਿ ਪਹਿਲੀ ਦੀ ਕਿਤਾਬ ਵਾਲੇ 'ਸੱਪ' ਵਾਲੇ ਅੱਖਰ ਦੀਆਂ ਟੰਗਾਂ ਵਿਚ ਬਿੰਦੀ ਜਹੀ ਲਾ ਦੇ। ਤੇ ਇਸੇ ਅੱਖਰ ਥੱਲੇ ਲਾਈ ਇਕ ਲਾਈਨ ਦੇ ਥੱਲੇ ਇਕ ਲਾਈਨ ਹੋਰ ਲਾ ਕੇ। ਤੇ ਇਸੇ 'ਸੱਪ' ਵਾਲੇ ਅੱਖਰ ਉਪਰ ਲਾਇਆ ਪੁੱਠਾ ਚੰਦ ਜਿਹਾ ਵੀ ਮਿਟਾ ਦੇ। ਤੇ ਫੇਰ ਸਾਰੇ ਅੱਖਰਾਂ ਨੂੰ ਇਸ਼ਤਿਹਾਰ ਨਾਲ ਮਿਲਾ ਕੇ, ਖੁਸ਼ ਹੁੰਦਿਆਂ ਕਹਿਣ ਲੱਗਿਆ, "ਹੁਣ ਬਣਿਆ ਨਾ ਪਾਰਟੀ ਦਾ ਨਾਂ।" ਮੈਂ ਨੇੜੇ ਜਾ ਕੇ 'ਸ਼ੂਦਰ ਮੀਟ ਸ਼ਾਪ' ਲਿਖਿਆ ਦੇਖ ਕੇ ਉਹਦੀ ਤਾਰੀਫ਼ ਕੀਤੀ, "ਸੁੰਦਰ ਦਾਸ... ਤੈਂ ਇਸ਼ਤਿਹਾਰ ਦੇਖ ਕੇ ਹੀ ਮੁੰਡੇ ਦੇ ਕੰਨ ਪੁੱਟ ਕੇ, 'ਸੁੰਦਰ ਮੀਟ ਸ਼ਾਪ' ਦੀ ਥਾਂ ਸ਼ੂਦਰ ਮੀਟ ਸ਼ਾਪ' ਲਿਖਵਾ ਦਿੱਤਾ। ਜੇ ਤੂੰ ਪੜ੍ਹਿਆ ਲਿਖਿਆ ਹੁੰਦਾ... ਵੱਡੇ-ਵੱਡਿਆਂ ਦੇ ਕੰਨ ਕੁਤਰ ਦਿਆ ਕਰਦਾ।"

ਪਰ ਸੁੰਦਰ ਦਾਸ ਮੇਰੀ ਗੱਲ ਨੂੰ ਅਣਗੋਲਿਆ ਕਰਦਿਆਂ ਹਸਦਾ ਹਸਦਾ 'ਸੱਪ' ਵਾਲੇ ਅੱਖਰ ਦੀ ਥਾਂ ਸੱਚ-ਮੁੱਚ ਦੇ ਸੱਪਾਂ ਦੀਆਂ ਗੱਲਾਂ ਕਰਨ ਲੱਗ ਪਿਆ ਸੀ। "ਮਾਹਟਰਾ... ਸੱਪ ਤਾਂ ਹਜ਼ਾਰਾਂ ਵਿਚੋਂ ਇੱਕ ਹੁੰਦਾ... ਜਿਹੜਾ ਹੰਕਾਰ ਵਸ ਫਨ ਫੈਲਾ ਕੇ ... ਰਾਹ ਵਿਚ ਖੜ੍ਹ ਜਾਂਦਾ... ਤੇ ਜਾਂਦੇ ਰਾਹੀਆਂ ਦਾ ਰਾਹ ਘੇਰਨ ਲੱਗ ਪੈਂਦਾ... ਪਰ ਮੈਂ ਕਿੰਨੇ ਈ ਪਿੰਡਾਂ ਵਿਚ ਉਚੀ ਜਾਤੀ ਦੇ ਬੰਦਿਆਂ ਨੂੰ ਦੇਖਦਾਂ... ਜਿਹੜੇ ਹੰਕਾਰ ਵਸ, ਸੱਪ ਵਾਂਗ ਫਨ ਫੈਲਾ ਕੇ... ਦਲਿਤਾਂ ਦੀਆਂ ਬਸਤੀਆਂ ਦਾ ਰਾਹ ਰੋਕਦਿਆਂ... ਉਹਨਾਂ ਦੀਆਂ ਗਲੀਆਂ-ਨਾਲੀਆਂ ਦਾ ਗੰਦਾ ਪਾਣੀ ਰੋਕ ਕੇ... ਉਹਨਾਂ ਦੀਆਂ ਬਸਤੀਆਂ ਨੂੰ ਛੱਪੜ. ਨਰਕ ਕੁੰਡ ਬਣਾ ਦਿੰਦੇ ਐ। ... ਮਾਹਟਰਾ ... ਸੱਪ ਦੇ ਤਾਲੂਏ ਦੇ ਛਾਲੇ ਵਿਚ ਜਹਿਰ ਹੁੰਦੀ ਐ... ਤੇ ਸੱਪ ਜਦ ਖਤਰੇ ਵਿਚ ਹੋਵੇ... ਆਪਣੀ ਹਿਫ਼ਾਜਿਤ ਲਈ ਡੰਗ ਮਾਰਦੈ। ... ਪਰ ਬੰਦਾ ਜਿੰਨਾ ਹਿਫ਼ਾਜਿਤ ਵਿਚ ਹੋਵੇ... ਸੌਖਾ ਹੋਵੇ... ਤਾਕਤ ਵਿਚ ਹੋਵੇ... ਸਗੋਂ ਉਨ੍ਹਾਂ ਲਾਲਚ ਵਸ, ਈਰਖਾ ਵਸ, ਹੰਕਾਰ ਨਾਲ ਦਲਿਤਾਂ ਤੇ ਧੌਂਸ ਜਮਾਉਣ ਲਈ ਵੱਧ ਡੂੰਘਾ ਡੰਗ ਮਾਰਦਾ... ਖਤਰੇ ਪੈਦਾ ਕਰਦੈ। ... ਮਾਹਟਰਾ ... ਅਸੀਂ ਤਾਂ ਸੱਪ ਫੜਣ ਲੱਗੇ ... ਉਹਦੇ ਜ਼ਹਿਰੀ ਦੰਦ ਕੱਢ ਦਿੰਦੇ ਆ। ਜਿੰਨਾਂ ਚਿਰ ਉਹਦੇ ਦੁਬਾਰਾ ਦੰਦ ਨ੍ਹੀਂ ਜੰਮਦੇ... ਉਹ ਡੰਗ ਨੀ ਮਾਰ ਸਕਦਾ। ... ਮਾਹਟਰਾ... ਮੈਂ ਮੰਨਦਾ, ਤੁਸੀਂ ਆਪਣੇ ਲੋਕਾਂ ਨੂੰ ਸਮਝਾ-ਬੁਝਾ ਕੇ ਉਹਨਾਂ ਦੇ ਜ਼ਹਿਰੀ ਦੰਦ ਕੱਢਕੇ, ਉਹਨਾਂ ਨੂੰ ਦਲਿਤ ਸ਼ੋਸ਼ਿਤ ਸਮਾਜ ਦੀ ਭਲਾਈ ਲਈ ਤੋਰਿਆ... ਪਰ ਦੇਖੀ ਜਾਇਓ... ਜਦ ਕਿਸੇ ਉਚੇ ਮੁਕਾਮ 'ਤੇ ਪੁੱਜੇ ਦਲਿਤ ਬੰਦੇ ਦੇ... ਲਾਲਚ ਵਸ ਜ਼ਹਿਰੀ ਦੰਦ ਦੁਬਾਰਾ ਜੰਮ ਗਏ... ਉਹ ਮੁੜਕੇ ਆਪਣੇ ਲੋਕਾਂ ਨੂੰ ਈ ਕੱਟੇਗਾ... ਭੜਕਾਏਗਾ... ਦਲਿਤ-ਸ਼ੋਸ਼ਿਤ ਸਮਾਜ ਦੀ ਉਠ ਰਹੀ ਲਹਿਰ ਨੂੰ ਈ ਨੁਕਸਾਨ ਪਹੁੰਚਾਏਗਾ... ਘਾਤਕ ਬਣੇਗਾ।"

ਮੈਂ ਡਰ ਗਿਆ। ਸੁੰਦਰ ਦਾਸ ਨੂੰ ਸਾਡੀ ਪਾਰਟੀ ਦੀਆਂ ਅੰਦਰੂਨੀ ਗੱਲਾਂ ਦਾ ਕਿਵੇਂ ਪਤਾ ਲੱਗ ਗਿਆ... ਮੱਲ੍ਹੀ ਸਾਹਿਬ ਨੂੰ ਰੀਟਾਇਰ ਹੋਇਆ ਨੂੰ ਕਿੰਨੇ ਸਾਲ ਹੋ ਗਏ। ... ਉਹਨਾਂ ਨੇ ਆਪਣੇ ਕੀਤੇ

ਵਾਅਦੇ ਅਨੁਸਾਰ ...ਨਾ ਹੀ ਕੋਈ ਨਵੀਂ ਪਾਰਟੀ ਬਣਾਈ ਸੀ... ਤੇ ਨਾ ਹੀ ਕਿਸੇ ਹੋਰ ਰਾਜਨੀਤਿਕ ਪਾਰਟੀ ਵਿਚ ਗਏ ਸਨ।

ਪਰ ਸੁੰਦਰ ਦਾਸ ਤਾਂ ਬੋਲੀ ਜਾ ਰਿਹਾ ਸੀ। ''ਮਾਹਟਰਾ ... ਮੈਂ ਥੁਆਡੀਆਂ ਗੱਲਾਂ ਮੰਨ ਕੇ ਬਈ 'ਜਿਹੜੀਆਂ ਪਾਰਟੀਆਂ ਸਾਨੂੰ ਕੰਬਲ, ਕਣਕ, ਦਾਰੂ ਜਾਂ ਪੈਸੇ ਦਿੰਦੀਆਂ... ਤੇ ਸਾਡੀਆਂ ਵੋਟਾਂ ਲੈਂਦੀਆਂ... ਉਹ ਸਾਡਾ ਕੀ ਸੁਆਰਨਗੀਆਂ।'' ਮੈਂ ਮੰਗ ਖਾਣੇ ਲੋਕਾਂ ਤੋਂ ਪੈਸੇ ਕਣਕ ਚੀਨੀ, ਚੌਲ 'ਕੱਠੇ ਕਰਕੇ ਆਪਣੀ ਪਾਰਟੀ ਦੇ... ਰੋਪੜ ਚੱਲਦੇ, ਜੇਲ੍ਹ ਭਰੋ ਮੋਰਚੇ ਵਿਚ ... ਚੂਨ-ਭੂਨ ਭੇਜਕੇ ਹਿੱਸਾ ਪਾਉਂਦਾ ਰਿਹਾ। ਬਈ ਜਿਹੜੀ ਪਾਰਟੀ ਨੂੰ ਅਸੀਂ ਕੁਝ ਦਿਆਂਗੇ ਉਹ ਪਾਰਟੀ ਸਾਡਾ ਕੁਝ ਸੁਆਰੇਗੀ। ਮਾਹਟਰਾ... ਮੈਨੂੰ ਪਤਾ ਲੱਗਿਆ ਬਈ ਮੰਗਤਿਆਂ ਤੋਂ ਪੈਸਾ 'ਕੱਠਾ ਕਰਕੇ... ਅੱਗੇ ਵਧਦੀ ਪਾਰਟੀ ਨੂੰ ... ਕੁਝ ਆਪੂੰ ਬਣੇ ਨੇਤਾ ... ਧੋਖਾ ਦੇ ਕੇ... ਵਕਾਊ ਮਾਲ ਬਣ ਕੇ... ਛੱਡ ਕੇ ਜਾ ਰਹੇ ਐ।... ਮਾਹਟਰਾ ... ਤੂੰ ਮੈਨੂੰ ਦੱਸਦਾ ਨੀ ਹੈਗਾ... ਮੈਨੂੰ ਦੱਸ? ਉਹ ਕਿਹੜੇ ਬੰਦੇ ਐ।''

'' ... ਮੈਂ ਆਪਣੀ ਸੁੰਦਰ ਮੁਟਿਆਰ ਮੁੰਨੀ ਨੂੰ ਭੇਜ ਦਊਂ। ... ਜਿਵੇਂ ਰਾਜੇ ਥੋੜ੍ਹੀ-ਥੋੜ੍ਹੀ ਜਹਿਰ ਕੇ ਕੇ ਬਣਾਈਆਂ ਵਿਸ਼ ਕੰਨਿਆ ਸੁੰਦਰ ਲੜਕੀਆਂ ਨੂੰ ਦੁਸ਼ਮਣ ਰਾਜੇ ਤੇ ਸੈਨਾਪਤੀਆਂ ਕੋਲ ਭੇਜ ਦਿੰਦੇ ਸੀ... ਉਹ ਜੀਹਦੇ ਨਾਲ ਵੀ ਸਹਿਵਾਸ ਕਰਦੀਆਂ... ਨਹੁੰ ਜਾਂ ਚੱਕ ਮਾਰਦੀਆਂ ... ਉਹੀ ਜ਼ਹਿਰ ਚੜ੍ਹ ਕੇ ਮਰ ਜਾਂਦਾ। ...ਮਾਹਟਰਾ... ਥੁਆਨੂੰ ਪਤਾ ਨੀਂ... ਇਸੇ ਤਰ੍ਹਾਂ ਮੇਰੀ ਮੁੰਨੀ ਵੀ, ਥੋੜੇ ਥੋੜੇ ਜ਼ਹਿਰੀ ਸੱਪ ਲੜਾ ਕੇ ਪਾਲੀ ਹੋਈ ਐ।... ਅਸੀਂ ਕੁੜੀ ਵੀ ਉਹਨੂੰ ਵਿਆਹੁੰਦੇ ਆ... ਜਿਹੜਾ ਮੁੰਡਾ ਸੱਪਾਂ ਨਾਲ ਖੇਡਕੇ ਪਾਲਿਆ ਹੋਵੇ। ...ਮੈਨੂੰ ਛੇਤੀ ਦੱਸ... ਮੈਂ ਆਪਣੀ ਸੁੰਦਰ ਮੁਟਿਆਰ ਕੁੜੀ, ਵਿਸ਼ ਕੰਨਿਆ... ਮੁੰਨੀ ਨੂੰ 'ਸ਼ੁਦਰ ਸਮਾਜ ਪਾਰਟੀ' ਦੇ ਉਸ ਗ਼ੱਦਾਰ ਕੋਲ ਭੇਜ ਦਵਾਂ...।'' ਸੁੰਦਰ ਸਿੰਘ ਪਾਗਲ ਹੁੰਦਾ ਜਾ ਰਿਹਾ ਸੀ।

''ਮਾਹਟਰਾ... ਬੰਦਾ ਦੂਜਿਆਂ ਦੇ ਮਾਰੇ ਤੋਂ ਨੀ ਮਰਦਾ... ਆਪਣਿਆਂ ਦੇ ਮਾਰੇ ਤੋਂ ਮਰਦਾ।' ਤੇ ਉਹ ਖ਼ੀਸ਼ੇ ਵਿਚ ਹੱਥ ਪਾ ਕੇ... ਇਸ਼ਤਿਹਾਰ ਕੱਢ ਕੱਢ ਕੇ ਦਿਖਾਉਣ ਲੱਗਾ ਪਿਆ ...'ਸ਼ੂਦਰ ਸਮਾਜ ਪਾਰਟੀ' ਦੇ ਨਾਲ ਨਾਲ 'ਸ਼ੂਦਰ ਨਿਘਾਰ ਪਾਰਟੀ'... 'ਸ਼ੂਦਰ ਬਚਾਓ ਪਾਰਟੀ'... ਸ਼ੂਦਰ ਵਿਕਾਊ ਪਾਰਟੀ' ... 'ਸ਼ੂਦਰ.....' ...'ਸ਼ੂਦਰ....।'

ਮੈਥੋਂ ਸੁੰਦਰ ਦਾਸ ਨਾਲ ਅੱਖ ਨਹੀਂ ਸੀ ਮਿਲਾਈ ਜਾ ਰਹੀ। ਪਾਰਟੀਆਂ ਦੇ ਇਸ਼ਤਿਹਾਰ ਮੇਰੀਆਂ ਅੱਖਾਂ ਅੱਗੇ ਘੁੰਮ ਰਹੇ ਸਨ। ...ਮੇਰਾ ਸਿਰ ਚਕਰਾਉਣ ਲੱਗ ਪਿਆ ਸੀ। ...ਪੁੜ ਪੁੜੀਆਂ ਪਾਟੀਆਂ ਜਾ ਰਹੀਆਂ ਸਨ... ਫੇਰ ਹੁੱਲਾ ਉਠ ਪਈਆਂ ਸਨ...।੦

ਪਤਾ. ਪਿੰਡ ਮਾਜਰੀ, ਡਾਕ. ਸਿਆਲਬਾ, ਜ਼ਿਲ੍ਹਾ ਰੋਪੜ



## ਰਾਤ ਗਈ ਬਾਤ ਗਈ / ਬਲਦੇਵ ਪੋਹਲੋਪੁਰੀ

ਗੱਲ ਆਪਣੇ-ਆਪ ਹੀ ਮੁੱਕ ਜਾਣੀ ਸੀ। ਜਿਵੇਂ ਪਹਿਲਾਂ ਮੁੱਕਦੀ ਏ। ਪਰ ਐਤਕੀਂ ਨਵਾਂ ਹੀ ਰੱਫੜ ਪੈ ਗਿਆ। ਗੱਟੂ ਭੀਰੇ ਨੂੰ ਖ਼ੌਰੇ ਕੀ ਫ਼ਤੂਰ ਚੜਿਆ, ਉਹ ਨੇ ਚੰਗੀ-ਭਲੀ ਗੱਲ ਵਿਗਾੜ ਦਿੱਤੀ। ਢਕੀ-ਢਕਾਈ ਰਿੱਝਦੀ ਸੀ, ਇਸ ਮੂਰਖ ਨੇ ਢੱਕਣ ਲਾਹ ਮਾਰਿਆ, ਹੁਣ ਉੱਡਦੀ-ਉੱਡਦੀ ਭਾਫ਼ ਸਾਰੇ ਪਿੰਡ ਵਿਚ ਖ਼ਿਲਰ ਗਈ। ਲੋਕ ਕੰਧਾਂ ਕੋਲ਼ੇ ਸੁੰਘਦੇ ਫਿਰਦੇ ਹਨ, ਖੌਰੇ ਕਿਧਰੋਂ ਕੋਈ ਸੂੰਕਾ ਮਿਲ ਜਾਏ।

ਲੋਕ ਇੰਨਾ ਕੁ ਤਾਂ ਜਾਣ ਹੀ ਗਏ,... ਕਿ ਜੰਟੇ ਹੁਰਾਂ ਨੇ ਕਾਲਜ ਤੋਂ ਮੁੜਦੀ ਹਰੀਏ ਦੀ ਕੁੜੀ ਨਾਲ ਖਿੱਚ-ਧੂਹ ਕੀਤੀ ਏ। ਹੁਣ ਇਹ ਮੁੰਡੇ ਸਾਬਕਾ ਸਰਪੰਚ ਦੇ ਡੰਗਰਾਂ ਵਾਲੇ ਵਾੜੇ ਵਿਚ ਦੁਬਕੇ ਬੈਠੇ ਹਨ। ਸੁਣਿਐ ਸਰਪੰਚ ਨੇ ਸਖ਼ਤ ਤਾੜਣਾ ਕੀਤੀ ਏ, ' ਕਿ ਦੋ-ਚਾਰ ਦਿਨ ਹੋਰ ਲੰਘ ਜਾਣ ਦਿਓ, ... ਕੋਈ ਲੋੜ ਨਹੀਂ ਉਧਰਲੇ ਪਾਸੇ ਜਾਣ ਦੀ, ਆਪੇ ਗੱਲ ਉੱਤੇ ਮਿੱਟੀ ਪੈ ਜਾਊ... ਮਾੜੀ ਮੋਟੀ ਧੁੱਖਦੀ ਵੀ ਰਹੀ ਤਾਂ ਪਾਣੀ ਪਾਉਣਾ ਸੌਖਾ ਹੋ ਜਾਊ... ਬਾਕੀ ਆਪਣਾ ਪੜ੍ਹਿਆ ਵਿਚਾਰਿਓ... ਜੇ ਮਰਜ਼ੀ ਕਰਨੀ ਹੋਈ... ਤਾਂ ਮੇਰੇ ਕੋਲ ਆਉਣ ਦੀ ਲੋੜ ਨਹੀਂ... ਉਹ ਪਹਿਲਾਂ ਵਾਲੇ ਵਕਤ ਨਹੀਂ ਰਹੇ... ਅਗਲੇ ਸਿਆਣੇ ਹੋ ਗਏ...? ''

ਫਿਰ ਮੁੰਡਿਆ ਦਾ ਪੱਖ ਪੂਰਨ ਲਈ ਉਸ ਨੇ ਬਾਕੀ ਗੁੱਸਾ ਹਰੀਏ ਉੱਤੇ ਝਾੜਿਆ, ''ਜੇ ਥੋਡੇ ਵਿਚ ਨੁਕਸ ਨਾ ਹੁੰਦਾ ਤਾਂ ਹਰੀਏ ਦੀ ਕਿਆ ਮਜਾਲ ਏ... ਨਾਸਾਂ ਫੁਰਕਦਾ ਫਿਰਦਾ, ਹਾਲਾਂ ਕੱਲ ਤਾਂ ਪਿੰਡ ਦੀਆਂ ਜੁੱਤੀਆਂ ਗੱਠਦਾ ਸੀ... ਹੁਣ ਦਾਣਾ ਮੰਡੀ ਵਿਚ ਜਾ ਕੇ ਬਾਦਸ਼ਾਹ ਬਣ ਗਿਆ... ਕਹਿੰਦਾ ਜੁਆਕਾਂ ਨੂੰ ਜ਼ਰੂਰ ਪੜ੍ਹਾਉਣੈ... ਕਿਤੇ ਚੰਗੇ ਕਿੱਤੇ ਲੱਗ ਜਾਣਗੇ... ਆਪ ਤਾਂ ਦਿਹਾੜੀ ਦੱਪਾ ਕਰ ਕੇ ਡੰਗ ਟੱਪੀ ਜਾਂਦੈ... ਇਨ੍ਹਾਂ ਦੇ ਘਰ ਤਾਂ ਦਾਣੇ ਮੁੱਕੇ ਰਹਿਣ... ਤਾਂਹੀਓ ਸੂਤ ਰਹਿੰਦੇ ਨੇ...? '' ਮੁੰਡੇ ਕੁੱਝ ਨਾ ਬੋਲਦੇ... ਬਸ ਨੀਵੀਂ ਪਾਈ ਨਹੁੰਆ ਨਾਲ ਮਿੱਟੀ ਖੁਰਚੀ ਜਾਂਦੇ...।

ਲੋਕਾਂ ਦੀ ਸੁੰਘੀ ਹਵਾ 'ਚੋਂ ਇਕ ਹੋਰ ਸੌਸ਼ਾ ਉਡਿਆ, ''ਕਹਿੰਦੇ ਹਰੀਏ ਦੀ ਕੁੜੀ ਨੇ ਵੀ ਹੱਦ ਲਾਹ ਦਿੱਤੀ... ਉਹ ਜੰਟੇ ਦੇ ਸਿਰ ਉਪਰਲਾ ਪਰਨਾ ਲਾਹ ਕੇ ਲੈ ਗਈ। ਨਾ ਇਹਨਾਂ ਵਿਚ ਮੰਗਣ ਦੀ ਹਿੰਮਤ ਏ ਅਤੇ ਨਾ ਹੀ ਉਹਨਾਂ ਦਾ ਮੋੜਣ ਦਾ ਇਰਾਦਾ ਏ। ਇਹ ਤਾਂ ਵਾੜ ਵਿਚ ਬੋਈਆ ਫਸ ਗਿਆ, ਹੁਣ ਸਾਬਤਾ ਨਿਕਲਣ ਤੋਂ ਤਾਂ ਰਿਹਾ...? '' ਸਰਪੰਚ ਐਵੇਂ ਤਾਂ ਨਹੀਂ ਤੜਫਦਾ, ਬੱਸ ਮੁੰਡਿਆ ਨੂੰ ਦਬਕੇ ਮਾਰੀ ਜਾ ਰਿਹੈ...? ''

ਸਰਪੰਤ ਦੀ ਗੱਲ ਭੁੰਜੇ ਸੁੱਟਣ ਵਾਲੀ ਨਹੀਂ ਸੀ, ਕਈਆਂ ਨੇ ਮੰਨ ਲਈ ਹੋਰ ਕੋਈ ਚਾਰਾ ਨਹੀਂ ਸੀ। ਪਰ ਕਈ ਐਵੇਂ ਭੁੜਕੀ ਜਾਣ... ਚੁੱਪ ਕਿਵੇਂ ਬੈਠਣ... ਤਮਾਸ਼ਬੀਨ ਜੋ ਹੋਏ...? ਦੋਹਾਂ ਪਾਸਿਆਂ ਦੀ ਭਾਫ਼ ਲੈਣ ਵਾਲੇ ਵਿਚੋਲੇ...। ਭਲਾ ਇਹ ਵਿਚੋਲੇ ਕਿਉਂ ਟਿਕ ਕੇ ਬੈਠਣ ਗਏ। ਇਹਨਾਂ ਨੂੰ ਤਾਂ ਮੁਫ਼ਤ ਦੀ ਸ਼ਰਾਬ ਚਾਹੀਦੀ ਏ। ਅਜਿਹੇ ਮੌਕਿਆਂ ਉੱਤੇ ਤਾਂ ਦੂਹਰੀਆਂ ਮੌਜਾਂ ਲੱਗ ਜਾਂਦੀਆਂ ਹਨ। ਇਹਨਾਂ ਦਾ ਕੰਮ ਹੀ ਦੋਹਾਂ ਧਿਰਾਂ ਦੀ ਬਿੜਕ ਰੱਖਣਾ ਏ, ਕਿ ਕੌਣ ਕਿਹੜੀ ਬੋਲੀ ਬੋਲਦਾ ਏ। ਕੌਣ ਉੱਤੇ ਜਾਣ ਦੀ ਗੱਲ ਕਰਦਾ ਏ, ਤੇ ਕੌਣ ਪੰਚਾਇਤੀ ਫ਼ੈਸਲੇ ਦੇ ਹੱਕ ਵਿਚ ਹੈ। ਇਹ ਗੱਟੂ ਭੀਰੇ ਨੇ ਹੀ ਉਧਰਲੇ ਪਾਸੇ ਦੀ ਭਾਫ਼ ਲਈ ਸੀ, ਕਿ ਉਧਰ ਕੋਈ ਹਿੱਲ-ਜੁੱਲ ਨਹੀਂ... ਸਾਰੇ ਚੁੱਪ ਹਨ, ਜੁੱਲੀਆਂ ਲਪੇਟ ਕੇ ਸੌਂ ਜਾਂਦੇ ਹਨ... ਕੋਈ ਖ਼ਤਰਾ ਨਹੀਂ... ਪੂਰਨ ਸਾਂਤੀ...? ''

ਪਰ ਇਹ ਗੱਟੂ ਭੀਰਾ ਕੀ ਜਾਣੈ... ਕਿ ਤੂਫ਼ਾਨ ਆਉਣ ਤੋਂ ਪਹਿਲਾਂ ਸਾਗਰ ਅੰਤਾਂ ਦਾ ਖ਼ਾਮੋਸ਼ ਹੋ ਜਾਂਦਾ ਏ। ਇਹ ਗੱਲ ਉਸਦੇ ਦਿਮਾਗ਼ ਵਿਚ ਆਉਂਦੀ ਵੀ ਕਿਸ ਤਰ੍ਹਾਂ... ਉਸ ਦੇ ਦਿਮਾਗ਼ਾ ਨੂੰ ਤਾਂ ਹਰ ਵੇਲੇ ਦਾਰੂ ਚੜੀ ਰਹਿੰਦੀ ਏ। ਦਿਨ ਛਿਪਣ ਤੋਂ ਪਹਿਲਾਂ ਹੀ ਢਾਣੀ ਜੰਮ ਜਾਂਦੀ... ਫਿਰ ਗਈ ਰਾਤ ਤੱਕ ਗਲਾਸੀ ਖੜਕਦੀ ਰਹਿੰਦੀ। ਗੱਟੂ ਭੀਰਾ ਮੋਹਰੀ ਬਣਿਆ ਹੁੰਦਾ। ਨਾਲ ਦੇ ਸਾਥੀਆਂ ਨੂੰ ਗੱਲ ਚੁੱਭਦੀ ਜ਼ਰੂਰ ਸੀ, ਪਰ

ਸਰਪੰਚ ਦੀਆਂ ਗੱਲਾਂ ਸਰਪੰਚ ਹੀ ਜਾਣੇ। ਹਾਲਾਂ ਪਿਛਲੀਆਂ ਚੋਣਾਂ ਵੇਲੇ ਤਾਂ ਇਹ ਵਿਰੋਧੀ ਧਿਰ ਵੱਲ ਸੀ... ਵਿਰੋਧੀ ਧਿਰ ਦਾ ਸਿਰ ਕੱਢ ਮੈਂਬਰ...? ਉਧਰ ਤੋਂ ਚੌਧਰ ਘੱਟ ਗਈ ਤਾਂ ਪਰਨਾ ਝਾੜ ਕੇ ਇੱਧਰ ਆ ਗਿਆ। ਸਰਪੰਚ ਨੇ ਮੋਹਰੀਆਂ 'ਚੋਂ ਰੱਖ ਲਿਆ। ਘਰ ਆਈ ਵੋਟ ਭਲਾ ਕੌਣ ਮੋੜਦਾ ਏ। ਖ਼ੈਰ ਵੋਟਾਂ ਤੀਕ ਤਾਂ ਦਾਲ ਕੁੜਕੁੜ੍ਹ ਸਮੇਤ ਹੀ ਖਾਣੀ ਪੈਣੀ ਏ, ਫਿਰ ਮਾਰਾਂਗੇ ਵਗਾਹ ਕੇ ਪਰ੍ਹਾਂ...? " ਕਦੇ-ਕਦੇ ਉਹ ਇਹ ਵੀ ਸੋਚਦੇ... ਖ਼ੌਰੇ ਸਰਪੰਚ ਨੇ ਹੀ ਝਮਲਾ ਛੱਡਿਐ... ਕੱਲ-ਕਲ੍ਹੋਤਰ ਨੂੰ ਕੋਈ ਉੱਨੀ-ਇੱਕੀ ਗੱਲ ਹੋ ਗਈ ਤਾਂ ਮੱਕੂ ਇਸੇ ਦਾ ਹੀ ਭੰਨਿਆ ਜਾਣੈ ... ਬਲੀ ਦਾ ਬੱਕਰਾ ਤਾਂ ਮੋਹਰੀ ਨੂੰ ਹੀ ਬਣਨਾ ਪੈਣਾ ਏ।

ਵਕਤ ਤੋਂ ਪਹਿਲਾਂ ਹੀ ਗੱਲ ਦਾ ਪਾਸਾ ਪਲਟ ਗਿਆ। ਗੱਟੂ ਭੀਰੇ ਦਾ ਪੈੜਾ ਹੀ ਨਿਕੰਮਾ ਨਿਕਲਿਆ। ਵੋਟਾਂ ਪੈਣ ਤੋਂ ਪਹਿਲਾਂ ਹੀ ਇਹ ਪਿੰਡ ਰੀਜ਼ਰਵ ਵਿਚ ਆ ਗਿਆ। ਰਾਖਵਾਂ ਹੋਣ ਕਰਕੇ ਸਰਪੰਚ ਚਮਾਰਾਂ ਵਲੋਂ ਖੜਨਾ ਸੀ। ਸੋ ਵਿਹੜੇ ਵਾਲਿਆਂ ਦਾ ਕਿਸ਼ਨਾ ਬਿਨਾਂ ਕਿਸੇ ਰੌਲੇ-ਰੱਪੇ ਤੋਂ ਜਿੱਤ ਗਿਆ। ਭਾਵੇਂ ਇਹ ਸਾਰਾ ਕੁੱਝ ਸਾਬਕਾ ਸਰਪੰਚ ਦੀ ਹਮਾਇਤ ਨਾਲ ਹੀ ਹੋਇਆ ਸੀ। ਸਿੱਕਾ ਦੋਹਾਂ ਪਾਸੇ ਸਾਬਕਾ ਸਰਪੰਚ ਮੁਖਤਿਆਰ ਸਿੰਘ ਦਾ ਹੀ ਚਲਦਾ ਸੀ। ਮੁਖਤਿਆਰ ਸਿੰਘ ਨੂੰ ਹੋਰਾਂ ਨੇ ਕਿਹਾ, "ਇਹ ਦੀਆਂ ਚਾਰ ਵੋਟਾਂ ਬਿਨ੍ਹਾਂ ਕਿਆ ਥੁੜ੍ਹਿਆ ਪਿਆ ਸੀ... ਰਹਿੰਦਾ-ਖੂੰਹਦਾ ਵੀ ਭੱਠਾ ਬੈਠ ਗਿਆ... ਮਾਰੋ ਸਾਲੇ ਦੇ ਚਾਰ ਚਿਤੜਾਂ ਉੱਤੇ... ਉਧਰ ਹੀ ਤੁਰਦਾ ਕਰੋ ਜਿਧਰੋਂ ਆਇਆ ਛਿੱਤਰ ਖਾ ਕੇ ... ਇਹ ਤਾਂ ਮੱਥੇ ਭੌਂਰੀ ਆਲਾ ਬੰਦੈ...? "

ਪਰ ਮੁਖਤਿਆਰ ਸਿੰਘ ਨੇ ਇਹਨਾਂ ਹਮਾਇਤੀਆਂ ਨੂੰ ਵਰਜ ਦਿੱਤਾ... ਕਹਿੰਦਾ ਐਵੇਂ ਨਹੀਂ ਭੜਕੀਦਾ... ਮੇਲਾ ਟਿਕ ਕੇ ਦੇਖੀਦੈ... ਹਰ ਗੱਲ ਵੇਲੇ-ਵੇਲੇ ਨਾਲ ਚੰਗੀ ਲੱਗਦੀ ਏ। ਅਗਲੇ ਸੁਣ ਕੇ ਚੁਪ ਕਰ ਗਏ। ਕਹਿੰਦੇ ਆਪਾਂ ਕੀ ਲੈਣਾ-ਦੇਣਾ ਜਿਹੜਾ ਕੀਲ੍ਹੇ ਤੇ ਝੋਟਾ ਬੰਨੂ ... ਆਪੇ ਕੱਖ ਪਾਊ...? ਫਿਰ ਇਹ ਗੱਲ ਲੋਕਾਂ ਨੂੰ ਭੁੱਲ ਗਈ, ਚੇਤੇ 'ਚੋਂ ਹੀ ਨਿਕਲ ਗਈ।

ਪਰ ਹੁਣ ਆਹ ਸੱਜਰੀ ਗੱਲ ਪਿੰਡ ਵਿਚ ਰੂੜੀ ਦੀ ਅੱਗ ਵਾਂਗ ਸੁਲ਼ਗ ਰਹੀ ਏ। ਚੰਗੀ-ਭਲੀ ਢਾਣੀ ਜੰਮੀ ਸੀ। ਪੈੱਗ ਨਾਲ ਪੈੱਗ ਖੜਕ ਰਿਹਾ ਸੀ। ਚੁਰਚੁਰੀਆਂ ਗੱਲਾਂ ਚੱਲਦੀਆਂ ਸਨ। ਵਿਚੋਂ ਹੀ ਕਿਸੇ ਨੇ ਸਿੰਗੜੀ ਛੇੜ ਦਿੱਤੀ, ਖ਼ੌਰੇ ਗੱਟੂ ਭੀਰੇ ਨੂੰ ਜਾਣ ਕੇ ਹੀ ਉਂਗਲੀ ਲਾਈ ਹੋਵੇ। ਨਹੀਂ ਤਾਂ ਇੰਨਾ ਕੁੱਝ ਵਾਪਰਨਾ ਹੀ ਨਹੀਂ ਸੀ। ਪਤਾ ਨਹੀਂ ਢਾਣੀ 'ਚੋਂ ਕਿਸ ਨੇ ਕਿਹਾ ਸੀ, "ਕਿ ਦਿਨ ਵੇਲੇ ਤਾਂ ਕੋਈ ਹਰਜ਼ ਨਹੀਂ... ਪਰ ਦਿਨ ਛਿਪਣ ਬਾਅਦ ਉਧਰਲੇ ਪਾਸੇ ਜਾਣਾ ਖ਼ਤਰੇ ਤੋਂ ਖਾਲੀ ਨਹੀਂ...।"

ਗੱਟੂ ਭੀਰਾ ਤਾਂ ਸੁਣਦੇ-ਸਾਰ ਹੀ ਤੈਸ਼ ਵਿਚ ਆ ਗਿਆ, ਉਹ ਬਾਂਹ ਖੜਦਾ ਹੋਇਆ ਬੋਲਿਆ, "ਲੈ ਐਂ ਕੀਹਦੀ ਹਿੰਮਤ ਆ... ਕਿ ਕੋਈ ਗੱਟੂ ਮੂਹਰੇ ਚੂੰ ਵੀ ਕਰ ਜਾਏ... ਮੈਂ ਤਾਂ ਭੰਨ ਦਊਂ ਪੁੜ-ਪੜ੍ਹੀਆਂ... ਫੇਅ ਦਊਂ ਮੱਟੂ... ਮਤੀਰੇ ਆਗੂੰ...? ਨਾਲ ਵਾਲਿਆ ਨੇ ਰੋਕਦਿਆਂ ਕਿਹਾ, "ਛੱਡ ਯਾਰ... ਇਹ ਤਾਂ ਮਖੌਲ ਕਰਦੇ ਨੇ, ਅਸੀਂ ਤੇਰੇ ਨਾਲ ਹਾਂ, ਆਪਾਂ ਉਧਰ ਵੜੇਵੇਂ ਲੈਣ ਜਾਣੈ, ਤੂੰ ਬਹਿ ਜਾਹ ਰਮਾਨ ਨਾਲ, ਦਾਰੂ ਪੀ ਆਹ ਫੜ ਪੈੱਗ... ਕਰ ਖਾਲੀ, ਆਹ ਬੋਤਲ ਵੀ ਵਿਹਲੀ ਕਰਨੀ ਆ, ਘਰ ਜਾਂਦੇ ਹੋਈਏ, ਨ੍ਹੇਰੇ ਹੋਏ ਤੀਵੀਆਂ ਵੀ ਚੱਜ ਨਾਲ ਰੋਟੀ ਨਈ੍ਹਂ ਦਿੰਦੀਆਂ... ਨੱਕ-ਬੁੱਲ ਚੜਾਉਣਗੀਆਂ? "

ਫਿਰ ਉਹ ਬਾਕੀ ਬਚਦੀ ਬੋਤਲ ਪੈੱਗ-ਪੈੱਗ ਕਰਕੇ ਪੀਂਦੇ ਰਹੇ। ਵਿਚ ਵਿਚਾਲੇ ਹੋਰ ਗੱਲਾਂ ਵੀ ਛਿੜੀਆਂ... ਪਰ ਗੱਟੂ ਭੀਰੇ ਦੀ ਤਾਰ ਉਥੇ ਹੀ ਖੜਕੀ ਗਈ। ਤੁਰਨ ਵੇਲੇ ਉਹ ਪੈਰਾਂ ਉੱਤੇ ਸਾਵੇਂ ਨਹੀਂ ਸਨ। ਆਪਣੀਆਂ ਜੁੱਤੀਆਂ ਟੋਹ-ਟੋਹ ਕੇ ਪੈਰਾਂ ਵਿਚ ਫਸਾ ਰਹੇ ਸਨ।

ਮੌਕਾ ਮਿਲਦਾ ਤਾਂ ਪਿੰਡ ਦੀਆਂ ਬੁੜੀਆਂ ਵੀ ਕਾਨਾਫੂਸ਼ੀ ਕਰਦੀਆਂ। ਰਾਜ ਰਾਣੀ ਆਪਣੀ ਗੁਆਂਢਣ ਨੂੰ ਕਹਿ ਰਹੀ ਸੀ, "ਸੁਣਿਐ ਕੁਛ ਮੰਗੇ ਦੀ ਬੀਬੀ ਕਹਿੰਦੇ ਹਰੀਏ ਦੀ ਕੁੜੀ ਈ ਸਾਊ ਨਿਕਲੀ, ਜਿਹੜੀ ਕੁਸਕੀ ਨਹੀਂ ਭੋਰਾ ਵੀ, ਹੋਰ ਤਗੜੇ ਘਰ ਦੀ ਹੁੰਦੀ ਤਾਂ ਅਗਲੀ ਨਾਸਾਂ 'ਚੋਂ ਧੂੰਆਂ ਕੱਢ ਛੱਡਦੀ...?

ਮੰਗੇ ਦੀ ਬੀਬੀ ਹੋਰ ਨੇੜੇ ਸਰਕਦੀ ਬੋਲੀ, " ਲੈ ਤੈਨੂੰ ਸੁਆਹ ਪਤਾ ਏ... ਕੁੜੀ ਤਾਂ ਅੰਤਾਂ ਦੀ ਚਲਾਕ ਨਿਕਲੀ , ਸ਼ੈਦ ਕਾਲਜ਼ ਤੋਂ ਪੜ੍ਹਕੇ ਮੁੜੀ ਸੀ, ਉਹ ਨੇ ਤਾਂ ਭੈਣੇ ਹੱਥਾਂ ਤੋਂ ਕਿਤਾਬਾਂ ਵੀ ਨਹੀਂ ਛੱਡੀਆਂ ਅਤੇ ਜੰਟੇ



ਦਾ ਸਾਫ਼ਾ ਵੀ ਲਾਹ ਲਿਆਈ, ਮੈਂ ਤਾਂ ਸੁਣਿਐ ਉਹ ਨੇ ਜੰਟੇ ਦੇ ਮੂੰਹ ਤੇ ਥੱਪੜ ਵੀ ਕੱਢ ਮਾਰਿਐ ਤਾਂਹੀਓ ਤਾਂ ਮੂੰਹ ਲਕੋਈ ਬੈਠਾ, ਸਰਪੰਚਾ ਦੇ ਵਾੜੇ 'ਚੋਂ ...? " ਰਾਜ ਰਾਣੀ ਢਾਕਾਂ ਉੱਤੇ ਹੱਥ ਰੱਖ ਕੇ ਪੱਬਾਂ ਭਾਰ ਹੁੰਦੀ ਬੋਲੀ, "ਲੈ ਮਾਰਿਆ ਹੋਊ ਥੱਪੜ, ਯਕੀਨ ਨ੍ਹੀਂ ਆਉਂਦਾ, ਖ਼ਬਰੇ ਅਗਲੇ ਆਟਾ-ਦਲ਼ੀਆ ਕਰ ਕੇ ਮੁੜੇ ਹੋਣ... ਹੋਰ ਸਿਰ ਦਾ ਪਰਨਾ ਸੁਲ੍ਹਾ ਬਿਨਾਂ ਹੀ ਵਿਛ ਗਿਆ ਧਰਤੀ ਉੱਤੇ , ਮੀਢੀਆ ਗੁੰਦ-ਗੁੰਦ ਕੇ ਤਾਂ ਪੜ੍ਹਨ ਜਾਂਦੀ ਆ ਕਾਲਜ 'ਚ ਸੱਚਾ ਹੋਣ ਲਈ ਕੋਈ ਚਾਹੇ ਵੀਹ ਢਕਵੰਜ ਕਰਦਾ ਫਿਰੇ? " ਮੰਗੇ ਦੀ ਬੀਬੀ ਦੇ ਬੋਲਣ ਤੋਂ ਪਹਿਲਾਂ ਹੀ ਰਾਹ ਜਾਂਦੀ ਧੰਨੋ ਪੈਰ ਦੱਬਦੀ ਬੋਲੀ, "ਗੱਲ ਤਾਂ ਕੁੜੇ ਰਾਜ ਬੀਬੀ ਨੇ ਖ਼ਰੀ ਕੀਤੀ ਆ, ਹਰੀਆ ਵੀ ਅੱਖਾਂ ਮੀਚੀ ਬੈਠਾ ਏ... ਕੁੜੀ ਵੱਧ ਕੇ ਵੇਲ਼ ਬਣ ਗਈ... ਵੇਲ ਨੂੰ ਤਾਂ ਸਹਾਰੇ ਦੀ ਲੋੜ ਹੁੰਦੀ ਆ... ਚਾਹੇ ਝਿੰਗਾਂ-ਝਾੜਿਆ ਨੂੰ ਹੀ ਜੱਫਾ ਮਾਰ ਬੈਠੇ...? " ਧੰਨੋ ਤੇ ਰਾਜ ਰਾਣੀ ਫੁਸ-ਫੁਸ ਕਰ ਕੇ ਬੁੱਲਾਂ ਵਿਚ ਹੀ ਹੱਸ ਪਈਆਂ ਅਤੇ ਮੰਗੇ ਦੀ ਬੀਬੀ ਦੇ ਮੱਥੇ ਉੱਤੇ ਵੱਟ ਪੈ ਗਏ। ਉਹ ਖਿੱਝਦੀ ਹੋਈ ਬੋਲੀ, "ਕਿਉਂ ਕੁਫ਼ਰ ਤੋਲੀ ਜਾਂਦੀਓ, ਮੈਂ ਤਾਂ ਕੁੜੀ ਦੀ ਕਦੇ ਪਹਿਲਾਂ ਕੋਈ ਗੱਲ ਨ੍ਹੀਂ ਸੁਣੀ, ਜੇ ਕੋਈ ਐਡੀ ਵੱਡੀ ਗੱਲ ਹੋਈ ਹੁੰਦੀ ਤਾਂ ਹੁਣ ਤੱਕ ਤਾਂ ਪਿੰਡ ਵਿਚ ਖੜਦੁੰਬ ਮੱਚ ਜਾਣਾ ਸੀ। ਉਂਝ ਉਹ ਜਾਣਦੀ ਸੀ ਕਿ ਇਹ ਦੋਵੇਂ ਸਰਪੰਚ ਦੀਆਂ ਹਮੈਤਣਾਂ ਹਨ, ਗੱਲ ਰੜਕਾ ਕੇ ਕਰਦੀਆਂ ਨੇ...? " ਧੰਨੋ ਨੇ ਮੌਕਾ ਸੰਭਾਲਦਿਆਂ ਗੱਲ ਦਾ ਰੁਖ਼ ਥੋੜਾ ਜਿਹਾ ਬਦਲ ਦਿੱਤਾ, "ਲੈ ਤੈਨੂੰ ਕੀ ਪਤੈ, ਬੀਬੀ ਨਵੇਂ ਪੋਚ ਦਾ... ਇਹ ਦੀ ਮਾਂ ਇਕ ਦਿਨ ਦੱਸਦੀ ਸੀ ਕਿ ਕੋਈ ਮਾਸਟਰਨੀ ਵਗੈਰਾ ਦਾ ਕੋਰਸ ਜਿਹਾ ਕਰਦੀ ਏ, ਹੋਰ ਦੋਂਹ ਸਾਲਾਂ ਨੂੰ ਮਾਸਟਰਨੀ ਲੱਗੀ ਦੇਖਲੀਂ, ਇਹਨਾਂ ਨੂੰ ਤਾਂ ਨੌਕਰੀ ਵੀ 'ਠਾਹ ਸੋਟੇ' ਆਗੂੰ ਮਿਲਦੀ ਏ, ਹੁਣ ਨਾ ਰਹੇ ਇਹ ਜੱਟਾਂ ਜੋਗੇ ...? "

ਮੰਗੇ ਦੀ ਬੀਬੀ ਚੁੱਪ ਜਿਹੀ ਹੋ ਗਈ, ਬੱਸ ਇੰਨਾ ਕੁ ਹੀ ਬੋਲੀ, "ਭਾਈ ਆਪਣਾ ਤਾਂ ਮਨ ਨਹੀਂ ਮੰਨਦਾ... ਐਂ ਕਿਵੇਂ ਹੋਜੂ...? " ਰਾਜ ਰਾਣੀ ਜੇਤੂਆਂ ਵਾਂਗ ਬੋਲੀ, "ਹੋਣ ਨੂੰ ਸਾਰਾ ਕੁੱਝ ਹੁੰਦੈ... ਚੌਹ ਦਿਨਾਂ ਨੂੰ ਲੈ ਗੱਲ ਨਿੱਖੜੀ... ਲੁਕਿਆ ਕੁਛ ਨ੍ਹੀਂ ਰਹਿੰਦਾ...? ਧੰਨੋ ਰਾਜ ਰਾਣੀ ਨੂੰ ਖੱਬੀ ਅੱਖ ਦੱਬ ਕੇ ਤੁਰ ਗਈ।

ਰਾਜ ਰਾਣੀ ਹਾਲਾਂ ਹੋਰ ਭੜਾਸ ਕੱਢਣੀ ਚਹੁੰਦੀ ਸੀ, ਪਰ ਉਸ ਵੇਲੇ ਗੱਟੂ ਭੀਰੇ ਦੀ ਕਿਲਕਾਰੀ ਗਭਲੀ ਗਲੀ ਨੂੰ ਚੀਰਦੀ ਚਲੇ ਗਈ। ਉਨ੍ਹਾਂ ਝੱਟ ਪੱਟ ਆਪਣੇ ਬੂਹੇ ਭੇੜ ਲਏ... ਅਜਿਹੇ ਬੰਦੇ ਦਾ ਕਿਆ ਭਰੋਸਾ... ਹੋਰ ਜਾਹ ਜਾਂਦੀ ਹੋ ਜਾਏ... ਰੱਬ ਖ਼ੈਰ ਕਰੇ...? " ਪਰ ਗੱਟੂ ਭੀਰਾ ਤਾਂ ਆਪਣੀ ਮਸਤੀ ਵਿਚ ਹੀ ਥੱਪ-ਥੱਪ ਕਰਦਾ ਗਲੀ ਦਾ ਕੂਹਣੀ ਮੋੜ ਮੁੜ ਗਿਆ, ਉਸ ਦੀ ਤੋਰ ਦੱਸਦੀ ਸੀ ਕਿ ਵਿਹੜੇ ਦਾ ਚੱਕਰ ਕੱਢ ਕੇ ਮੁੜੇਗਾ।

ਉਧਰ ਵਿਹੜੇ ਵਾਲੇ ਪਹਿਲਾਂ ਹੀ ਚੌਕਨੇ ਸਨ। ਉਹ ਹੱਥਾਂ ਵਿਚ ਇੱਟਾਂ-ਰੋੜੇ ਫੜ ਕੇ ਕੰਧੋਲੀਆ ਉਹਲ਼ੇ ਖੜ ਗਏ, ਜਿਵੇਂ ਪਹਿਲਾਂ ਹੀ ਵਿਉਂਤਬੰਦੀ ਕੀਤੀ ਹੋਵੇ। ਪਰ ਆਤਮਾ ਰਾਮ ਨੇ ਉਹਨਾਂ ਨੂੰ ਹਟਕ ਦਿੱਤਾ, "ਇੱਟਾਂ-ਵੱਟੇ ਨ੍ਹੀਂ ਚਲਾਉਣੇ ਉਏ, ਕਿਸੇ ਆਪਣੇ ਹੀ ਜੁਆਕ ਦੇ ਵੱਜੂ, ਫਿਰ ਉਸ ਨੇ ਮੂੰਹ ਉੱਤੇ ਉਂਗਲ ਰੱਖ ਕੇ ਸ਼ੀ-ਸ਼ੀ ਕੀਤੀ, ਇਹ ਉਹਨਾਂ ਲਈ ਕੋਈ ਗੁੱਝਾ ਸੰਕੇਤ ਸੀ। ਸਾਰੇ ਇੱਟਾਂ ਸੁੱਟ ਕੇ ਹਨੇਰੇ ਕੋਨਿਆਂ ਵਿਚ ਜਾ ਖਲੋਏ। ਸਾਰੇ ਸਾਹ ਰੋਕੀ ਆਉਣ ਵਾਲੀ ਘੜੀ ਦੀ ਉਡੀਕ ਕਰ ਰਹੇ ਸਨ, ਨਜ਼ਰ ਉਹਨਾਂ ਦੀ ਆਤੂ ਤਾਏ (ਆਤਮਾ ਰਾਮ) ਵੱਲ ਸੀ। ਗੱਟੂ ਭੀਰਾ ਸੁੰਨੀ ਗਲੀ ਵਿਚ ਹਿੱਕ ਚੌੜੀ ਕਰੀ ਤੁਰਿਆ ਆ ਰਿਹਾ ਸੀ, ਜਿਵੇਂ ਗਲੀ ਦਾ ਚੱਕਰ ਲਾਉਣ ਬਾਅਦ ਕੋਈ ਕਿਲ਼ਾ ਫਤਿਹ ਹੋ ਜਾਏਗਾ। ਆਤਮਾ ਰਾਮ ਬੂਹਾ ਭੀੜ ਕੇ ਝੀਤਾਂ ਰਾਹੀਂ ਬਾਹਰ ਵੇਖ ਰਿਹਾ ਸੀ, ਉਹਨੇ ਅੰਦਰ ਬੈਠੀ ਹਰੀਏ ਦੀ ਕੁੜੀ ਕਿੰਦੋ ਨੂੰ ਪਿੱਠ ਥਾਪੜਕੇ ਪਹਿਲਾਂ ਹੀ ਨਾਲ ਲੱਗਦੇ ਮੋੜ ਉੱਤੇ ਖੜਾ ਦਿੱਤਾ ਸੀ। ਜਦੋਂ ਗੱਟੂ ਭੀਰਾ ਉਹਦਾ ਬੂਹਾ ਲੰਘਿਆ ਤਾਂ ਆਤਮਾ ਰਾਮ ਨੇ ਉਸ ਦਾ ਜ਼ਾਇਜ਼ਾ ਲਿਆ, ਉਸ ਦੇ ਸਿਰ ਦਾ ਪਰਨਾ ਡਿੰਗੂ-ਡਿੰਗੂ ਕਰਦਾ ਸੀ, ਪਰ ਆਪ ਉਹ ਪੈਰ ਬੋਚ ਬੋਚ ਰੱਖ ਰਿਹਾ ਸੀ।

ਗੱਟੂ ਭੀਰਾ ਜਦ ਮੋੜ ਦੇ ਬਰਾਬਰ ਆਇਆ ਤਾਂ ਕਿੰਦੋ ਇਕ ਦਮ ਗਲੀ ਵਿਚਕਾਰ ਆ ਖੜੀ ਹੋਈ, ਉਸ ਨੇ ਗੱਟੂ ਭੀਰੇ ਦੇ ਇੰਨੀ ਜ਼ੋਰ ਦੀ ਥੱਪੜ ਮਾਰਿਆ, ਕਿ ਗੱਟੂ ਭੀਰਾ ਪੈਰਾਂ ਤੋਂ ਉੱਖੜ ਗਿਆ, ਇਸ ਤੋਂ

ਪਹਿਲਾਂ ਕਿ ਉਹ ਸੰਭਲਦਾ... ਆਤਮਾ ਰਾਮ ਨੇ ਪਿਛੇ ਤੋਂ ਆ ਕੇ ਉਸ ਦੇ ਵਾਲਾਂ ਦਾ ਰੁੱਗ ਭਰ ਗਿਆ। ਵਾਲਾਂ ਵਿਚ ਹੱਥਾਂ ਦੇ ਪੰਜੇ ਫਸਾ ਕੇ ਉਹ ਇਕ ਤਰ੍ਹਾਂ ਨਾਲ ਚੀਕ ਹੀ ਪਿਆ,"ਸਾਂਭੋ ਉਏ ਸ਼ਿਕਾਰ ਨੂੰ...?" ਇਹਨਾਂ ਬੋਲਾਂ ਨਾਲ ਹੀ ਹਨੇਰੇ ਵਿਚ ਖੜੇ ਸਾਰੇ ਬੰਦੇ ਭੂੰਮਣੇ ਦੀਆਂ ਮੱਖੀਆਂ ਵਾਂਗ ਚਿੰਬੜ ਗਏ। ਗੱਟੂ ਭੀਰੇ ਦੇ ਮੂੰਹ 'ਚ ਇੰਨਾ ਕੁ ਹੀ ਨਿਕਲਿਆ, "ਥੋਡੀ ਉਏ ਭੈਣ...?" ਪਰ ਉਦੋਂ ਤੱਕ ਤਾਂ ਥੱਪੜ ਲੱਤਾਂ ਮੁੱਕੀਆਂ ਅਤੇ ਚੱਪਲਾਂ ਦਾ ਮੀਂਹ ਪੈਣ ਲੱਗ ਪਿਆ। ਹੁਣ ਗੱਟੂ ਨਾ ਤਾਂ ਮਿੰਨਤ-ਤਰਲਾ ਕਰ ਸਕਦਾ ਸੀ ਅਤੇ ਨਾ ਹੀ ਉੱਚਾ ਰੌਲ਼ਾ ਪਾ ਸਕਦਾ ਸੀ, ਬੱਸ ਹੇਠਾਂ ਪਿਆ ਕੁੱਟ ਖਾ ਰਿਹਾ ਸੀ।

ਇਸ ਗਿੱਦੜ-ਕੁੱਟ ਤੋਂ ਬਾਅਦ ਉਸ ਨੂੰ ਬਾਰੀ ਦੀ ਗਰਿੱਲ ਨਾਲ ਬੰਨ ਦਿੱਤਾ, ਹੱਥ ਪਿੱਠ ਵੱਲ ਬੰਨ ਦਿੱਤੇ ਸੀ। ਕਈ ਬੰਦੇ ਹਾਲਾਂ ਵੀ ਕਚੀਚੀਆਂ ਲੈ ਰਹੇ ਸਨ, ਕਹਿੰਦੇ ਆਤੂ ਤਾਏ ਨੇ ਹਟਕ ਦਿੱਤੇ... ਨਹੀਂ ਅਜੇ ਹੋਰ ਛਿੱਲ ਲਹੁਣੀ ਸੀ, ਆਤੂ ਤਾਇਆ ਵੀ ਪੁੱਠਾ ਬੰਦਾ ਏ... ਕਹਿੰਦਾ ਖ਼ੂਨ ਨ੍ਹੀਂ ਚੱਲਣ ਦੇਣਾ, ਗੁੱਝੀਆਂ ਸੱਟਾਂ ਮਾਰੋ... ਨਹੀਂ ਤਾਂ ਇਹਦੀਆਂ ਲੱਤਾਂ ਵੱਢਣੀਆਂ ਸੀ...?"

ਹੁਣ ਵਿਹੜੇ 'ਚ ਹੋਰ ਵੀ ਕਿੰਨੇ ਬੰਦੇ ਡਾਂਗਾ-ਸੋਟੇ ਲੈ ਕੇ ਪਹੁੰਚ ਗਏ। ਪਰ ਆਤਮਾ ਰਾਮ ਨੇ ਹੋਰ ਕੁੱਟਣ ਤੋਂ ਸਭ ਨੂੰ ਮਨ੍ਹਾਂ ਕਰ ਦਿੱਤਾ। ਕਈ ਐਵੇਂ ਹੀ ਜ਼ੋਸ਼ ਵਿਖਾ ਰਹੇ ਸਨ, ਕਹਿੰਦੇ ਜਿਹੜਾ ਮੱਦਦ ਨੂੰ ਆਵੇ... ਉਹਨੂੰ ਢਾਹ ਲਊ... ਲੱਗਦੇ ਹੱਥ ਕੋਈ ਸੁੱਕਾ ਨਾ ਜਾਵੇ, ਦੇਖੀ ਜਾਊ... ਜੋ ਹੋਏਗੀ...?" ਕੋਈ ਆਖੇ ਸਰਪੰਚ ਨੂੰ ਸੁਨੇਹਾ ਭੇਜੋ... ਆਪਣੇ ਸੂਰਮੇ ਨੂੰ ਚੱਕ ਕੇ ਲੈ ਜਾਵੇ... ਕੋਈ ਕਹਿੰਦਾ ਸਰਪੰਚ ਦਾ ਇਹ ਤਗੜਾ ਲੱਗਦੈ, ਚੱਕ ਕੇ ਥਾਣੇ ਅਪੜਦਾ ਕਰੋ, ਆਪੇ ਛੁਡਾ ਲਊ ... ਜੋ ਲੋੜ ਪਈ ਕਿਸੇ ਨੂੰ ...?" ਸਾਰੇ ਆਪਣੀ ਆਪਣੀ ਤੂਤੀ ਬੋਲਣ ਲੱਗ ਪਏ। ਭੀੜ ਇਕ ਤਮਾਸ਼ਾ ਜਿਹਾ ਬਣ ਗਈ। ਕਈ ਟਿੱਚਰ ਮਖੌਲ ਉੱਤੇ ਉੱਤਰ ਆਏ।

ਪਰ ਆਤਮਾ ਰਾਮ ਨੇ ਮੌਕਾ ਸੰਭਾਲ ਲਿਆ, ਉਹ ਲੋਕਾਂ ਨੂੰ ਚੁੱਪ ਕਰਵਾਉਂਦਾ ਹੋਇਆ ਬੋਲਿਆ, "ਸੁਣੋ ਬਈ ਸਾਰੇ ਸੁਣੋ... ਕੰਨ ਕਰ ਕੇ... ਆਪਾਂ ਤਾਂ ਇਹਨਾਂ ਦੀ ਹੱਤਕ ਹੀ ਕਰਨੀ ਸੀ, ਹੁਣ ਤਾਂ ਬਥੇਰੀ ਕੰਡ ਝੜ ਗਈ, ਖੋਲੋ ਇਹਦੀਆਂ ਮੁਸ਼ਕਾਂ... ਤੇ ਤੁਰਦਾ ਕਰੋ ਇਥੋਂ... ਆਪੇ-ਆਪਣੀ ਹੱਡ ਬੀਤੀ ਸੁਣਾਉਂਦਾ ਫਿਰੂ... ਨਾਲੇ ਹੋਰਾਂ ਨੂੰ ਵੀ ਕੰਨ ਹੋ ਜਾਣਗੇ...?"

ਉਸ ਨੂੰ ਛੱਡਣ ਦੀ ਗੱਲ ਤੁਰੀ ਤਾਂ ਭੀੜ 'ਚੋਂ ਇਕ ਹਰਖ਼ ਨਾਲ ਭਰੀ ਤੀਵੀਂ ਗੱਟੂ ਭੀਰੇ ਵੱਲ ਤੇਜ਼ੀ ਨਾਲ ਵਧੀ। ਉਹ ਘੁੰਢ ਕੱਢਿਆ ਹੋਣ ਕਰਕੇ ਅੱਧਿਆਂ ਨੂੰ ਤਾਂ ਪਤਾ ਹੀ ਨਹੀਂ ਲੱਗਿਆ ਕਿ ਕੌਣ ਹੈ ਅਤੇ ਕੀ ਕਰਨਾ ਚਹੁੰਦੀ ਐ। ਉਸਨੇ ਜਾਂਦਿਆਂ ਹੀ ਗੱਟੂ ਭੀਰੇ ਦਾ ਕੁੜਤਾ ਫੜਕੇ ਕਈ ਥਾਂਵਾਂ ਤੋਂ ਪਾੜ ਦਿੱਤਾ, ਪਜ਼ਾਮਾ ਪਹਿਲਾਂ ਹੀ ਗੋਡਿਆਂ ਤੋਂ ਫ਼ਟ ਚੁੱਕੀ ਸੀ, ਫਿਰ ਉਹ ਬੱਚਿਆਂ ਵੱਲ ਮੂੰਹ ਕਰਕੇ ਬੋਲੀ, "ਦੇਖਦੇ ਕਿਆ ਓ ਬੰਦਰੋ... ਮੂਤੋ ਇਸ ਦੱਲੇ ਦੇ ਮੂੰਹ ਉੱਤੇ...?" ਬੱਚੇ ਪੱਲੇ ਚੁੱਕ ਫੁਆਰੇ ਚਲਾਉਣ ਹੀ ਲੱਗੇ ਸੀ ਕਿ ਆਤਮਾ ਰਾਮ ਨੇ ਹੱਤ ਥੋਡੀ...।" ਕਹਿ ਕੇ ਰੋਕ ਦਿੱਤਾ। ਹੁਣ ਗੁੱਸੇ ਅਤੇ ਤਣਾਅ ਵਿਚ ਹਾਸਾ ਵੀ ਰਲ਼ਗਡ ਹੋ ਗਿਆ। ਐਵੇਂ ਕੂਕ-ਰੌਲੀ ਜਿਹੀ ਪੈਂਦੀ ਸੀ।

ਇਸ ਕੂਕ-ਰੌਲੀ ਵਿਚ ਹੀ ਇਕ ਅੰਨ੍ਹਾ ਬੁੱਢਾ ਕਿਸੇ ਮੁੰਡੂ ਦੇ ਮੋਢੇ ਦਾ ਸਹਾਰਾ ਲੈਂਦਾ ਹੋਇਆ ਆਇਆ ਅਤੇ ਗੱਟੂ ਭੀਰੇ ਦਾ ਮੂੰਹ ਟੋਹ ਕੇ ਉਸ ਉੱਤੇ ਦੋ ਧੱਪੜ ਮਾਰ ਦਿੱਤੇ। ਖੱਪੜ ਮਾਰਨ ਬਾਅਦ ਉਸ ਨੂੰ ਸਹਾਰੇ ਦੀ ਲੋੜ ਨਹੀਂ ਪਈ, ਉਹ ਡਿੱਗਦਾ ਢਹਿੰਦਾ ਰਿੰਡਾਂ ਹੇਠਾਂ ਡਾਹੀ ਅਲਾਣੀ ਮੰਜੀ ਉੱਤੇ ਜਾ ਟੇਢਾ ਹੋਇਆ। ਘੁੰਡ ਵਾਲੀ ਤੀਵੀਂ ਪਤਾ ਨਹੀਂ ਕਿਹੜੇ ਵੇਲੇ ਗੱਟੂ ਭੀਰੇ ਦਾ ਮੂੰਹ ਕਾਲਾ ਕਰ ਗਈ। ਗੱਲ ਆਤਮਾ ਰਾਮ ਨੂੰ ਬੇ-ਵੱਸ ਹੁੰਦੀ ਜਾਪੀ। ਇਸ ਹ.ਫੜਾ-ਦ.ਫੜੀ 'ਚ ਕਿਸੇ ਬਜ਼ੁਰਗ ਨੇ ਗੱਟੂ ਭੀਰੇ ਨੂੰ ਖੋਲ ਕੇ ਖੇਤਾਂ ਵੱਲ ਭਜਾ ਦਿੱਤਾ। ਆਤਮਾ ਰਾਮ ਨੇ ਸ਼ੁਕਰ ਮਨਾਇਆ।

ਜਦ ਵਿਹੜੇ ਵਾਲਿਆਂ ਨੂੰ ਪਤਾ ਲੱਗਿਆ ਕਿ ਗੱਟੂ ਭੀਰਾ ਭੱਜ ਗਿਆ ਤਾਂ ਸਾਰੇ ਠੰਢੇ ਜਿਹੇ ਹੋਏ ਘਰਾਂ ਵੱਲ ਤੁਰ ਪਏ। ਬੱਸ ਥੋੜ੍ਹੇ ਜਿੰਨੇ ਬੰਦੇ ਬਾਕੀ ਸਨ, ਜੋ ਅਗਲੇ ਦਿਨ ਲਈ ਵਿਉਂਤਬੰਦੀ ਘੜ ਰਹੇ ਸਨ। ਸਰਪੰਚ ਕਿਸ਼ਨਾ ਰਾਤ ਦੇ ਹਨੇਰੇ ਵਿਚ ਹੀ ਸਾਬਕਾ ਸਰਪੰਚ ਨੂੰ ਮਿਲ ਆਇਆ ਸੀ। ਉਸ ਨੇ ਸਾਰੀ ਗੱਲ ਆ



ਕੇ ਆਤਮਾ ਰਾਮ ਦੇ ਕੰਨਾਂ ਵਿਚੋਂ ਕੱਢ ਦਿੱਤੀ।

ਗੱਟੂ ਭੀਰੇ ਦੀ ਕਿਸੇ ਨੇ ਵੱਤ ਨਾ ਪੁੱਛੀ, ਉਹ ਆਪ ਹੀ ਸ਼ਰਮ ਦਾ ਮਾਰਿਆ ਬਾਹਰ ਨਾ ਨਿਕਲਿਆ, ਅੰਦਰ ਹੀ ਦੜ-ਵੱਟੀ ਪਿਆ ਸੀ। ਉਹ ਦੀ ਸਾਰ ਲੈਂਦਾ ਵੀ ਕੌਣ... ਬਾਕੀ ਢਾਣੀ ਦੇ ਬੰਦਿਆਂ ਨੂੰ ਤਾਂ ਆਪਾ-ਧਾਪੀ ਪਈ ਹੋਈ ਸੀ। ਖ਼ਬਰੇ ਅਗਲਿਆਂ ਨੇ ਗੱਲ ਥਾਣੇਂ ਅਪੜਦੀ ਕਰ ਦਿੱਤੀ ਹੋਵੇ। ਸਾਰੇ ਸਾਬਕਾ ਸਰਪੰਚ ਦੇ ਅੱਗੇ-ਪਿਛੇ ਘੁੰਮਦੇ ਹੋਏ ਕੰਨਸ਼ੋਆ ਲੈ ਰਹੇ ਸਨ।

ਦੂਜੇ ਦਿਨ ਸੂਰਜ ਦੀ ਟਿੱਕੀ ਨਿਕਲਦਿਆ ਨਾਲ ਸਰਪੰਚ ਦਾ ਇਕ ਬੰਦਾ ਵਿਹੜੇ ਵਿਚ ਆਇਆ, ਪਰ-ਆਤਮਾ ਰਾਮ ਨੇ ਪੈਰਾਂ ਉੱਤੇ ਪਾਣੀ ਹੀ ਨਹੀਂ ਪੈਣ ਦਿੱਤਾ, ਉਹ ਤਾਂ ਸਾਫ਼ ਮੁੱਕਰ ਗਿਆ ਕਹਿੰਦਾ, "ਭਾਈ ਸਾਹਿਬ ਮੈਂ ਨਹੀਂ ਜਾ ਸਕਦਾ ਸਰਪੰਚ ਦੇ ਵਾੜੇ ਵਿਚ... ਵਿਹੜੇ ਵਾਲੇ ਨਹੀਂ ਮੰਨਦੇ... ਮੈਂ ਤਾਂ ਇਹਨਾਂ ਦੇ ਨਾਲ ਹਾਂ... ਅਗਲੇ ਪਰਚਾ ਕਟਵਾਉਣ ਤੇ ਭਾਵੇਂ ਰ.ਫ਼ਾ ਦਫੀ ਕਰਨ...?" ਹੋਰ ਤੂੰ ਪੁੱਛ ਲੈ, ਤੇਰੇ ਸਾਹਮਣੇ ਖੜੇ ਨੇ...? " ਆਉਣ ਵਾਲਾ ਛਿੱਥਾ ਜਿਹਾ ਹਾਸਾ ਹੱਸਦਾ ਹੋਇਆ ਬੋਲਿਆ, "ਲੈ ਤਾਇਆ ਜਦ ਤੈਨੂੰ ਪੰਚ ਬਣਾਇਆ ਇਹਨਾਂ ਨੇ... ਤਾਂ ਤੇਰੇ ਤੋਂ ਵੱਡਾ ਮੋਹਤਬਰ ਹੋਰ ਕੌਣ ਆ... ਜਿਵੇਂ ਤੇਰੀ ਮਰਜ਼ੀ ...?"

ਫਿਰ ਇਹ ਰੇੜਕਾ ਪੂਰੇ ਤਿੰਨ ਦਿਨ ਪੈਂਦਾ ਰਿਹਾ। ਆਖ਼ਿਰ ਸਾਬਕਾ ਸਰਪੰਚ ਨੇ ਮੁੰਡੇ ਵਾਲੀ ਧਿਰ ਨੂੰ ਸਮਝਾਇਆ, "ਜੇ ਉਹ .ਫ਼ੈਸਲਾ ਲਿਖਤੀ ਰੂਪ 'ਚੋਂ ਮੰਗਦੇ ਨੇ... ਤਾਂ ਥੋਨੂੰ ਕੀ ਫਰਕ ਪੈਂਦਾ ਏ... ਲਿਖ ਦਿੰਦੇ ਆ ਚਾਰ ਅੱਖਰ... ਕਾਗਜ਼ ਤਾਂ ਮੇਰੇ ਕੋਲ ਹੀ ਪਿਆ ਰਹਿਣਾ ਏ... ਜਦ ਆਪਣਾ ਵੇਲਾ ਆਇਆ ਤਾਂ ਪਾੜ ਸੁੱਟਾਂਗੇ... ਤੁਸੀਂ ਆਪਣੇ ਹੱਥਾਂ ਨਾਲ ਪਾੜ ਸੁੱਟਣਾ... ਹੋਰ ਦੱਸੋ... ਕਿਆ ਮਾੜੈ ਇਸ ਵਿਚ...?"

ਫਿਰ ਇੰਝ ਹੀ ਹੋਇਆ। ਇਹ .ਫ਼ੈਸਲਾ ਲਿਖਤੀ ਰੂਪ ਵਿਚ ਹੋ ਗਿਆ ਕਿ ਜੰਟਾ ਜੇ ਪਿੰਡ ਦੀ ਕਿਸੇ ਕੁੜੀ ਨੂੰ ਬੁਰੀ ਨਜ਼ਰ ਨਾਲ ਵੇਖੇ ਜਾਂ ਬਦਤਮੀਜ਼ੀ ਕਰੇ ਤਾਂ ਉਹ ਕਾਨੂੰਨੀ ਕਾਰਵਾਈ ਦਾ ਹੱਕਦਾਰ ਹੋਵੇਗਾ।

ਫੈਸਲੇ ਦੀ ਫੋਟੋ ਸਟੇਟ ਕਾਪੀ ਜਦੋਂ ਇਕ ਬੰਦਾ .ਫੜਾਉਣ ਆਇਆ ਤਾਂ ਆਤਮਾ ਰਾਮ ਫੁੱਲ ਵਾਂਗ ਖਿੜ ਗਿਆ। ਉਹ ਕੱਟੀਆਂ ਹੋਈਆਂ ਮੁੱਛਾਂ ਉੱਤੇ ਹੱਥ ਫੇਰਦਾ ਹੋਇਆ ਬੋਲਿਆ, "ਹੁਣ ਆਇਐ ਸੁਆਦ... ਪਹਿਲਾਂ ਤਾਂ ਸਰਪੰਚ ਵਾੜੇ ਵਿਚ ਬੁਲਾ ਕੇ ਇਕੋ ਗੱਲ ਆਖਦਾ ਸੀ, ਜਿਹੜੀ ਉਹ ਕਈ ਸਾਲਾਂ ਤੋਂ ਕਹਿੰਦਾ ਆਇਐ, "ਆਖੇਗਾ, "ਉਹ ਛੱਡ ਪਰ੍ਹਾਂ... ਤਾਇਆ ਆਤੂ ... ਰਾਤ ਗਈ ਬਾਤ ਗਈ... ਪਾ ਹੁਣ ਮਿੱਟੀ ਇਸ ਗੱਲ ਤੇ...?" ਹਾ ... ਹਾ... ਹਾ...ਹਾ ਮਿੱਟੀ ਤਾਂ ਹੁਣ ਇਸੇ ਤਰ੍ਹਾਂ ਪਿਆ ਕਰੂ... ਕਹਿ ਕੇ ਉਹ ਹੱਸਦਾ ਹੀ ਚਲਾ ਗਿਆ। ਉਸ ਦੀ ਮੰਜੀ ਦੁਆਲੇ ਖੜੇ ਬਾਕੀ ਵੀ ਹੱਸਣ ਲੱਗ ਪਏ।

.ਫ਼ੈਸਲੇ ਦੀ ਕਾਪੀ ਫੜਾਉਣ ਆਇਆ ਬੰਦਾ ਹੈਰਾਨ ਜਿਹਾ ਹੋ ਕੇ ਵਾਪਸ ਪਰਤਣ ਲੱਗਿਆ, ਉਸ ਨੇ ਹਾਲਾਂ ਪਿੱਠ ਹੀ ਮੋੜੀ ਸੀ ਕਿ ਉਸਦੀ ਪਿੱਠ ਪਿਛੋਂ ਇਕ ਗਭਰੀਟ ਮੁੰਡਾ ਉੱਚੀ ਸੁਰ 'ਚ ਬੋਲਿਆ, "ਤੂੰ ਤਾਏ ਦੀ ਗੱਲ ਛੱਡ... ਜਾਹ ਸਾਡੇ ਵਲੋਂ ਕਹਿ ਦਈਂ ਜਾ ਕੇ... ਕਿ ਸਾਡੀ ਰਾਤ ਵੀ ਨਹੀਂ ਮੱਕੀ ਤੇ ਬਾਤ ਵੀ ਉਥੇ ਹੀ ਖੜੀ ਆ... ਦੇਖਲਾਂਗੇ ਅਸੀਂ...?" ੦

ਪਤਾ ਪੋਹਲੋਮਾਜਰਾ, ਸੰਘੋਲ-140802, ਫਤਿਹਗੜ੍ਹ ਸਾਹਿਬ।

# ਸੱਚ ਬੋਲਣਾ ਪਾਪ ਹੈ / ਸਿਮਰਨ ਧਾਰੀਵਾਲ

ਅੱਜ ਸਕੂਲ ਜਾਣ ਨੂੰ ਦਿਲ ਨਹੀਂ ਕਰਦਾ। ਕੱਲ ਵਾਲੀ ਗੱਲ ਦਿਮਾਗ ਵਿੱਚ ਹਾਲੇ ਤੀਕ ਚੱਕਰ ਕੱਟ ਰਹੀ ਹੈ। ਮੇਰੇ ਉਮਰ ਭਰ ਦੇ ਸੰਘਰਸ਼, ਮਿਹਨਤ ਦਾ ਇਹ ਇਨਾਮ, ਮਿਲੇਗਾ, ਮੈਂ ਨਹੀਂ ਸੀ ਸੋਚਿਆ। ਮੈਨੂੰ ਅੱਜ ਤੱਕ ਸਮਝ ਨਹੀਂ ਆਈ ਬਈ ਇੱਥੇ ਬੋਲਣ ਵਾਲੇ ਨੂੰ ਫਾਂਸੀ ਕਿਉ ਲਾਈ ਜਾਂਦੀ ਹੈ? ਕਾਸ਼...! ਮੈਂ ਦੂਜੇ ਅਧਿਆਪਕਾਂ ਜਾਂ ਫਿਰ ਲਹੌਰੀਏ ਵਾਂਗ ਦੁੱਫਸਲੀ ਨੀਤੀ ਅਪਣਾਈ ਹੁੰਦੀ ਤਾਂ ਐਨਾ ਅਪਮਾਨ ਨਹੀਂ ਸੀ ਸਹਿਣਾ ਪੈਣਾ। ਲਹੌਰੀਆਂ ਮੇਰੇ ਨਾਲ ਦਾ ਮਾਸਟਰ ਹੈ। ਅਸੀਂ ਇੱਕੋ ਸਕੂਲੇ ਪੜ੍ਹਾਉਂਦੇ ਹਾਂ, ਸੋਹਣਪੁਰੇ...। ਲਹੌਰੀਆਂ ਬੜਾ ਚਲਾਕ ਬੰਦਾ। ਦੋਹੀ ਪਾਸੀ 'ਜੀ-ਜੀ' ਕਰੀ ਰੱਖਦਾ। ਕੋਈ ਜਿੱਥੇ ਕਹਿੰਦਾ ਉੱਥੇ ਖੜ ਜਾਂਦਾ। ਤਾਹੀਂਉ ਤਾਂ ਸੁੱਖ ਦੀ ਨੀਂਦੇ ਸੌਂਦਾ। ਮੇਰੇ ਵਾਂਗ ਟੈਨਸ਼ਨ 'ਚ ਰਾਤਾਂ ਦੀ ਨੀਂਦ ਤਾਂ ਨਹੀਂ ਗੁਆਈ ਬੈਠਾ। ਨੀਂਦ ਕੀ ਮੇਰਾ ਤਾਂ ਹੁਣ ਦਿਨ ਦਾ ਚੈਨ ਵੀ ਗਿਆ ਸਮਝੋ। ਪਤਾ ਨਹੀਂ ਕਦੋਂ ਰਾਹ ਗਲੀ ਘੇਰ ਲੈਣ। ਮੇਰੇ ਤਾਂ ਸਾਹ ਸੁੱਕੇ ਪਏ ਨੇ...। ਉਹ ਬੜੇ ਕਸੂਤੇ ਬੰਦੇ ਨੇ...। ਦਰਿਆਵਾਂ ਦੇ ਦਰਿਆਂ ਪੀ ਜਾਣ ਪਰ ਫਿਰ ਵੀ ਉਹਨਾਂ ਦੇ ਬੁੱਲ੍ਹ ਸੁੱਕੇ ਦੇ ਸੁੱਕੇ ਹੀ ਰਹਿੰਦੇ ਨੇ...। ਕਦੇ-ਕਦੇ ਤਾਂ ਲੱਗਦਾ ਬਈ ਮੈਂ ਤਾਂ ਐਵੇਂ ਹੀ ਸੱਪ ਦੀ ਖੁੱਡ 'ਚ ਹੱਥ ਪਾ ਲਿਆ। ਮੈਨੂੰ ਕੀ ਲੋੜ ਸੀ ਐਨਾ ਕਸੂਤੇ ਬੰਦਿਆਂ ਨਾਲ ਪੰਗਾ ਪਾਉਣ ਦੀ? ਪਰ ਮੈਂ ਪੰਗਾ ਥੋੜੀ ਲਿਆ? ਮੈਂ ਤਾਂ ਸੱਚਾ ਸਾਥ ਦੇ ਰਿਹਾ ਸੀ। ਜੋ ਹੋਣੀ ਚਾਹੀਦੀ ਉਹੀ ਗੱਲ ਕਰ ਰਿਹਾ ਸੀ। ਮੁਸੀਬਤ ਤਾਂ ਸਾਰੀ ਢੰਗਾਂ ਦੀਆਂ ਤੀਵੀਆਂ ਨੇ ਖੜੀ ਕੀਤੀ ਸੀ। ਉਹ ਤਾਂ ਪਹਿਲਾਂ ਈ ਮੌਕਾਂ ਲੱਭਦੇ ਸੀ। ਫਾਰਮਾਂ ਦਾ ਤਾਂ ਉਹਨਾਂ ਬਹਾਨਾਂ ਈ ਬਣਾਇਆ। ਮੇਰੇ ਨਾਲ ਤਾਂ ਉਹ ਵੋਟਾਂ ਦੇ ਟਾਈਮ ਦਾ ਹੀ ਵੱਟ ਖਾਂਦੇ ਸੀ। ਪਰ ਉਦੋਂ ਵੀ ਕਿਹੜੀ ਮੇਰੀ ਗਲਤੀ ਸੀ। ਭਲਾ ਜੇ ਮੈਥੋਂ ਝੂਠ ਬੋਲ ਨਹੀਂ ਹੁੰਦਾ ਤਾਂ ਮੈਂ ਕਰਾਂ? ਮੈਂ ਸਾਰੀ ਉਮਰ ਕੋਈ ਗਲਤ ਕੰਮ ਨਹੀਂ ਕੀਤਾ, ਫੇਰ ਭਲਾ ਉਹਨਾਂ ਦੇ ਆਖੇ ਲੱਗ ਕੇ ਮੈਂ ਨਜਾਇਜ ਕੰਮ ਕਿਵੇਂ ਕਰ ਦਿੰਦਾ? ਬੱਸ ਮੇਰਾ ਇਹੀ ਕਸੂਰ ਸੀ ਕਿ ਮੈਂ ਸੱਚ ਦਾ ਸਾਥ ਦੇ ਰਿਹਾ ਸੀ। ... 'ਤੇ ਸੱਚ ਬੋਲਣ ਵਾਲਾ ਉਹਨਾਂ ਨੂੰ ਪਸੰਦ ਨਹੀਂ। ਹੁਣ ਸਕੂਲ ਕਿਹੜਾ ਮੂੰਹ ਲੈ ਕੇ ਜਾਵਾਂ? ਪੂਰੇ ਪਿੰਡ ਦੇ ਸਾਹਮਣੇ ਇੰਨੀ ਬੇਇੱਜ਼ਤੀ ਹੋਣ ਤੋਂ ਬਾਅਦ ਮੈਨੂੰ ਤਾਂ ਮੂੰਹ ਲੁਕਾਉਣ ਨੂੰ ਥਾਂ ਨਹੀਂ ਲੱਭਦੀ। ਪਿੰਡ ਵਾਲੇ ਤਾਂ ਦੂਰ ਉਹਨਾਂ ਤਾਂ ਮੇਰੇ ਵਿੱਦਿਆਰਥੀਆਂ ਦਾ ਵੀ ਜਰਾਂ ਜਿੰਨਾਂ ਖਿਆਲ ਨਹੀਂ ਰੱਖਿਆ। ਜਿਸ ਅਧਿਆਪਕ ਦਾ ਉਹਦੇ ਬੱਚਿਆਂ ਸਾਹਮਣੇ ਅਪਮਾਨ ਹੋ ਜਾਏ ਉਸ ਦੇ ਪੱਲੇ ਭਲਾ ਕੀ ਬਚਦਾ ਹੈ? ਮੈਂ ਤਾਂ ਦੋਰਾਹੇ 'ਤੇ ਖੜਾ। ਬੱਚਿਆਂ ਨੂੰ ਕੀ ਸਿੱਖਿਆ ਦੇਵਾਂ ਬਈ ਬੱਚਿਓ ਹਮੇਸ਼ਾਂ ਸੱਚ ਦਾ ਸਾਥ ਦਿਓ ਜਾਂ ਫਿਰ ਕਹਾਂ ਬਈ ਬੱਚਿਓ ਕਦੇ ਸੱਚ ਨਾ ਬੋਲਿਓ ਸੱਚ ਬੋਲਣਾ ਪਾਪ ਹੈ।

ਤਿੰਨ ਚਾਰ ਸਾਲ ਤੋਂ ਇਸ ਪਿੰਡ ਵਿੱਚ ਬੜੀ ਸ਼ਾਂਤੀ ਸੀ। ਸੋਹਣਪੁਰਾ ਵਾਕਿਆਂ ਈ ਸੋਹਣਾ ਲੱਗਣ ਲੱਗ ਪਿਆ ਸੀ। ਕਾਰਨ ਇਹ ਕੇ ਉਹ ਤਿੰਨ-ਚਾਰ ਸਾਲ ਪਿੰਡੋਂ ਬਾਹਰ ਰਹੇ ਹਨ। ਸਰਪੰਚੀ ਦੀਆਂ ਵੋਟਾਂ ਵੇਲੇ ਉਹਨਾਂ ਤੋਂ ਕਤਲ ਹੋ ਗਿਆ ਸੀ। ਕਤਲ ਕਾਹਦਾ ਹੋਇਆ... ਝੋਟਿਆਂ ਦੇ ਭੇੜ 'ਚ ਵਿਚਾਰਾ ਗਰੀਬ ਮਾਰਿਆ ਗਿਆ। ਦੂਜੀ ਪਾਰਟੀ ਨਾਲ ਉਹਨਾਂ ਦਾ ਪੁਰਾਣਾ ਵੈਰ ਸੀ। ਉਦੋਂ ਪਹਿਲੀ ਵਾਰ ਐਨਾ ਸਖਤ ਮੁਕਾਬਲਾ ਹੋ ਰਿਹਾ ਸੀ।

ਪਹਿਲਾਂ ਤਾਂ ਉਹਨਾਂ ਨਾਲ ਕੋਈ ਟੱਕਰ ਨਹੀਂ ਸੀ ਲੈਂਦਾ। ਪੰਦਰਾਂ ਸਾਲਾਂ ਤੋਂ ਸਰਪੰਚੀ ਕਰਦੇ ਆ ਰਹੇ ਸੀ। ਜਦੋਂ ਦੇ ਉਹ ਸਰਪੰਚ ਬਣਨ ਲੱਗੇ ਸੀ ਪਿੰਡ ਹੋਰ ਦਾ ਹੋਰ ਈ ਹੋ ਗਿਆ ਸੀ। ਨਿੱਤ ਕਿਸੇ ਨਾ ਕਿਸੇ ਪਾਸੇ ਡਾਂਗ ਖੜਕੀ ਰਹਿੰਦੀ। ਆਪੇ ਝਗੜਾ ਕਰਵਾਉਂਦੇ। ਆਪੇ ਪੁਲਿਸ ਸੱਦ ਕੇ ਫੜਾ ਦਿੰਦਾ 'ਤੇ ਆਪੇ ਛੁਡਵਾਂ ਲੈਂਦੇ। ਬੱਸ ਇਹੀ ਉਹਨਾਂ ਦਾ ਕੰਮ ਸੀ। ਉਹਨਾਂ ਅੱਗੇ ਕੋਈ ਪਿੰਡ 'ਚੋਂ ਸਿਰ ਨਹੀਂ ਚੁੱਕਦਾ। ਜਦੋਂ ਬਾਵਿਆਂ ਦੀ ਪੱਤੀ ਨੇ ਆਪਣਾ ਸਰਪੰਚ ਮੁਕਾਬਲੇ ਲਈ ਖੜਾ ਕੀਤਾ ਸੀ ਤਾਂ ਪਿੰਡ ਦਾ ਮਾਹੌਲ ਗਰਮ ਹੋ ਗਿਆ। ਇੱਕ ਪਾਸੇ ਖੜਨ ਵਾਲਾ ਪਿੰਡ ਦੋ ਹਿੱਸਿਆ ਵਿੱਚ ਵੰਡਿਆ ਗਿਆ। ਦੋਵੇਂ ਪਾਸੇ ਜੋਰ ਲੱਗਣ ਲੱਗ ਪਿਆ ਸੀ। ਦੋਹਾਂ ਪਾਰਟੀਆਂ ਨੇ ਨੋਟਾਂ ਦੀਆਂ ਬੋਰੀਆਂ ਦੇ ਮੂੰਹ ਖੋਲ ਦਿੱਤੇ। ਪਾਣੀ ਵਾਂਗੂੰ ਪੈਸਾ ਰੋੜਿਆਂ। ਦਾਰੂ ਦੀ ਝਬੀਲ 'ਤੇ ਪੋਸਤ, ਅਫੀਮ ਦੇ ਲੰਗਰ ਲਾ ਛੱਡੇ। ਵੋਟਾਂ ਮੁੱਲ ਖ੍ਰੀਦੀਆਂ ਗਈਆਂ। ਪਰ ਵੋਟਾਂ ਵਾਲੇ ਦਿਨ ਛੇਤੀ ਹੀ ਖਿਲਾਰਾ ਪੈ ਗਿਆ। ਹੋਇਆ ਇਹ ਸੀ ਬਈ ਦਲਿਤਾਂ ਦੀ ਇੱਕ ਤੀਵੀ ਨੇ ਦੋਹਾਂ ਪਾਰਟੀਆਂ ਤੋਂ ਪੈਸੇ ਲਏ ਸੀ। ਬਸ



ਉਹਦੀ ਵੋਟ 'ਤੇ ਦੋਵਾਂ ਧੜਿਆਂ 'ਚ 'ਤੂੰ ਤੂੰ, ਮੈਂ-ਮੈਂ' ਸ਼ੁਰੂ ਹੋ ਗਈ। ਫਿਰ ਰੌਲਾ-ਰੱਪਾ, ਡਾਂਗਾ-ਸੋਟੇ, ਇੱਟਾਂ-ਰੋੜੇ 'ਤੇ ਫਿਰ ਗੋਲੀ ਚੱਲ ਪਈ। ਗੋਲੀ ਨੇ ਇੱਕ ਗਰੀਬ ਵੋਟਰ ਦਾ ਕਲੇਜਾ ਚੀਰ ਕੇ ਰੱਖ ਦਿੱਤਾ। ਪਲ ਭਰ 'ਚ ਕੋਹਰਾਮ ਮੱਚ ਗਿਆ। ਉਹਨਾਂ ਹੁਸ਼ਿਆਰੀ ਵਰਤੀ ਸਾਰੇ ਭਰਾ ਦੌੜ ਗਏ। ਘਰ ਸੁੰਨਾਂ ਹੋ ਗਿਆ। ਪਿੰਡ 'ਚ ਅਜੀਬ ਜਿਹਾ ਸਹਿਮ ਛਾ ਗਿਆ। ਦਸਾਂ ਮਿੰਟਾਂ 'ਚ ਪੁਲਿਸ ਦੀਆਂ ਗੱਡੀਆਂ ਘੂਕਣ ਲੱਗੀਆਂ। ਪੱਤਰਕਾਰਾਂ ਦੀਆਂ ਟੋਲੀਆਂ ਪਹੁੰਚ ਗਈਆਂ। ਟੀ. ਵੀ. ਵਾਲਿਆ ਨੇ ਆ ਕੇ ਆਪਣੇ-ਆਪਣੇ ਕੈਮਰੇ ਫਿੱਟ ਕਰ ਲਏ। ਦੂਜੇ ਤਿੰਨ ਤਾਂ ਕਾਬੂ ਆ ਗਏ ਪਰ ਵੱਡਾ, ਸਰਪੰਚ ਹਾਲੇ ਤੱਕ ਵੀ ਭਗੌੜਾ ਹੈ। ਉਹਨਾਂ ਦੇ ਉੱਤੋਂ ਤੱਕ ਹੱਥ ਰਲੇ ਨੇ ਇਸ ਲਈ ਛੇਤੀ ਹੀ ਜ਼ਮਾਨਤਾਂ 'ਤੇ ਬਾਹਰ ਵੀ ਆ ਗਏ। ਪਰ ਫਿਰ ਵੀ ਮਾਹੌਲ ਵਿਗੜਿਆਂ ਕਰਕੇ ਤਿੰਨ ਚਾਰ ਸਾਲ ਪਿੰਡੋਂ ਬਾਹਰ ਹੀ ਰਹੇ। ਪਰ ਇਸ ਵਾਰ ਵੋਟਾਂ ਨੇੜੇ 'ਤੇ ਹੌਲੀ ਹੌਲੀ ਫਿਰ ਪਿੰਡ ਆ ਗਏ। ਵੋਟਾਂ ਬਣਾਉਣ ਦੀ ਡਿਊਟੀ ਵੀ ਮੇਰੇ 'ਤੇ ਲਾਹੌਰੀਏ ਦੀ ਲੱਗੀ ਸੀ। ਲਾਹੌਰੀਏ ਨੇ 'ਤੇ ਜੋ ਆਵੇ ਸੋ ਰਾਜੀ ਜਾਵੇ'' ਵਾਲੀ ਨੀਤੀ ਫੜੀ ਸੀ। ਪਰ ਮੈਂ ਸੱਤ-ਅੱਠ ਨਜਾਇਜ਼ ਵੋਟਾਂ ਤੋਂ ਅੜ ਗਿਆ। ਮੈਨੂੰ ਤਾਂ ਇਹ ਗੱਲ ਮਾਮੂਲੀ ਜਾਪਦੀ ਸੀ ਪਰ ਉਹਨਾਂ ਨੂੰ ਇਹ ਗੱਲ ਕੰਡੇ ਵਾਂਗੂੰ ਚੁੰਬਣ ਲੱਗੀ। ਉਹਨਾਂ ਮੈਨੂੰ ਫੋਨ ਕੀਤਾ, ''ਮਾਸਟਰਾਂ! ਤੂੰ ਨਜ਼ਾਰੇ ਲੁੱਟ। ਉਹ ਵੋਟਾਂ ਸਾਡੀਆਂ ਨੇ... ਤੂੰ ਇਸ ਕੰਮ 'ਚੋਂ ਕੀ ਵੜੇਵੇ ਲੈਣੇ ਈ। ਚੁੱਪ ਕਰਕੇ ਕੰਮ ਕਰੀ ਜਾ ਚਾਰ ਦਿਨ ਜਿਊਣ ਦਾ ਇਰਾਦਾ ਕਿ...।'' ਮੇਰੇ ਤਾਂ ਜਿਵੇਂ ਸਾਹ ਸੁੱਕ ਗਏ। ਮੈਂ ਸਰੀਫ਼ ਬੰਦਾ ਭਲਾ ਕਿਸੇ ਨਾਲ ਤਿੰਨ-ਪੰਜ ਕਰ ਸਕਦਾ...।

ਮੈਨੂੰ ਸਾਰੀ ਰਾਤ ਨੀਂਦ ਨਾ ਆਈ। ਉਹਨਾਂ ਦਾ ਕੀ ਭਰੋਸਾ। ਬੰਦੇ ਜੁ ਕਸੂਤੇ ਹੋਏ। ਮੈਂ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਹੋ ਗਿਆ। ਮੈਂ ਮੈਡੀਕਲ ਛੁੱਟੀ ਲੈ ਕੇ ਦੋ ਮਹੀਨੇ ਸਕੂਲ ਨਾ ਵੜਿਆ। ਸ਼ੂਗਰ ਪਹਿਲਾਂ ਨਾਲੋਂ ਵੀ ਵੱਧ ਗਈ। ਬੀ. ਪੀ. ਤਾਂ ਡਾਊਨ ਹੋਣ ਦਾ ਨਾਂ ਈ ਨਾ ਲਵੇ। ਕਾਫੀ ਇਲਾਜ਼ ਚੱਲਦਾ ਰਹਿੰਦਾ। ਮਸਾਂ ਕਿਤੇ ਜਾ ਕੇ ਥੋੜਾ ਅਰਾਮ ਮਿਲਿਆ। ਬੱਚਿਆਂ ਦੀ ਪੜ੍ਹਾਈ ਦਾ ਫ਼ਿਕਰ ਕਰਕੇ ਮੈਂ ਸਕੂਲ ਸੰਭਾਲ ਲਿਆ।

ਵੋਟਾਂ ਨੇੜੇ ਆ ਗਈਆਂ ਤਾਂ ਦੋਵੇਂ ਪਾਰਟੀ ਮੁੜ ਸਰਗਰਮ ਹੋ ਗਈਆਂ। ਵੋਟਾਂ ਭਾਵੇਂ ਸਰਪੰਚੀ ਦੀਆਂ ਨਹੀਂ ਸਨ ਪਰ ਫਿਰ ਦੋਵੇਂ ਪਾਰਟੀਆਂ ਖੂਬ ਜੋਰ ਲਾ ਰਹੀਆਂ ਸਨ। ਕਈ-ਕਈ ਵਾਰ ਆਪਣੀ-ਆਪਣੀ ਪਾਰਟੀ ਦੇ ਐਮ. ਐਲ. ਏ. ਨੂੰ ਪਿੰਡ ਸੱਦਿਆ। ਵੋਟਰਾਂ ਦੀ ਖੂਬ ਸੇਵਾ ਕੀਤਾ। ਵੋਟਾਂ ਦੇ ਦਿਨ ਹੀ ਵੋਟਰਾਂ ਦੀ ਕਦਰ ਦੇ ਦਿਨ ਹੁੰਦੇ ਨੇ...! ਵੋਟਾਂ ਪਈਆਂ ਨਹੀਂ 'ਤੇ ਤੂੰ ਕੌਣ ਤੇ ਮੈਂ ਕੌਣ? ਪਿੰਡ ਵਾਲਿਆਂ ਦੇ ਸਾਹ ਸੂਤੇ ਪਏ ਸਨ। ਸਭ ਨੂੰ ਡਰ ਸੀ ਬਈ ਐਤਕੀਂ ਕਿਤੇ ਫੇਰ ਲੜਾਈ ਝਗੜਾ ਨਾ ਹੋ ਜਾਏ। ਦੋਹਾਂ ਪਾਰਟੀਆਂ ਦਾ ਤੇਜ਼ ਪ੍ਰਚਾਰ ਅਤੇ ਆਪਣੀ-ਆਪਣੀ ਪਾਰਟੀ ਨੂੰ ਜਿਤਾਉਣ ਦਾ ਜ਼ਜ਼ਬਾ ਸਭ ਲਈ ਸਵਾਲ ਪੈਦਾ ਕਰ ਰਿਹਾ ਸੀ। ਪਰ ਸੱਚੇ ਪਾਤਸ਼ਾਹ ਵਾਹਿਗੁਰੂ ਨੇ ਮਿਹਰ ਰੱਖੀ। ਵੋਟਾਂ ਅਮਨ ਸ਼ਾਂਤੀ ਨਾਲ ਪੈ ਗਈਆਂ। ਸਰਕਾਰ ਵੀ ਬਣ ਗਈ। ਪਰ ਸਾਡੇ ਲਈ ਫੇਰ ਮੁਸੀਬਤ ਬਣ ਗਈ। ਸਰਕਾਰ ਦੀ ਨਵੀਂ 'ਆਟਾ-ਦਾਲ' ਸਕੀਮ ਤਹਿਤ ਸਾਨੂੰ ਫੇਰ ਫਾਰਮ ਭਰਨ ਲਈ ਲਾ ਦਿੱਤਾ ਗਿਆ। ਮੁਲਾਜ਼ਮ ਵਰਗ ਨੂੰ ਫੇਰ ਨਵਾਂ ਬੋਝ ਪੈ ਗਿਆ। ਸਰਕਾਰ ਨੇ ਜੋ ਆਮਦਨ ਸਕੇਲ ਰੱਖਿਆ ਸੀ ਉਸ ਹਿਸਾਬ ਨਾਲ ਤਾਂ ਸੋਹਣਪੁਰੇ ਦੇ ਥੋੜੇ ਜਿਹੇ ਘਰ ਈ ਫਾਰਮ ਭਰਵਾਉਣ ਦੇ ਹੱਕਦਾਰ ਬਣਦੇ ਸਨ। ਲਹੌਰੀਆਂ ਤਾਂ 'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ'' ਕਹੀ ਗਿਆ। ਪਰ ਮੈਂ ਜਿਸਦਾ ਫਾਰਮ ਭਰਦਾ ਪਹਿਲਾ ਪੁੱਛ ਪੜਤਾਲ ਕਰਦਾ। ਵੇਖੋ-ਵੇਖੀ ਸਾਰੇ ਆਪਣਾ-ਆਪਣਾ ਫਾਰਮ ਭਰਵਾਉਣ ਲਈ ਕਹਿਣ ਲੱਗੇ। ਹੋਰ ਤਾਂ ਹੋਰ ਚੰਗੇ ਭਲੇ ਜੱਟ ਵੀ ਪਿੱਛੇ ਨਾ ਰਹੇ। ਫਾਰਮ ਭਰਵਾਉਣ ਲਈ ਸੌ-ਸੌ ਝੂਠ ਬੋਲਣ ਲੱਗੇ। ਦਸ ਕਿਲੇ ਵਾਲਾ ਵੀ ਚਾਰ ਮਰਲੇ ਲਿਖਵਾਏ। ਇੱਥੋਂ ਤੱਕ ਕਿ ਨੌਕਰੀ ਪੇਸ਼ਾ ਵੀ ਨਾ ਟਲੇ...।

ਮੈਂ ਸਭ ਨੂੰ ਸਮਝਾਉਣਾ ਚਾਹਿਆ, ''ਵੇਖੋ ਭਾਜੀ ਵੇਖੋ ਭੈਣ ਜੀ, ਇੰਝ ਫਾਰਮ ਭਰਵਾਉਣ ਦਾ ਕੋਈ ਫਾਇਦਾ ਨਹੀਂ। ਫਾਰਮ ਇੱਥੋਂ ਬਾਅਦ ਪਟਵਾਰੀ ਨੇ ਤਸਦੀਕ ਕਰਨੇ ਨੇ...। ਫੇਰ ਤਹਿਸੀਲਦਾਰ ਨੇ ਤਸਦੀਕ ਕਰਨੇ ਨੇ...। ਨਜ਼ਾਇਜ਼ ਫਾਰਮ ਤਾਂ ਉੱਥੇ ਜਾ ਕੇ ਹੀ ਛਾਂਟੇ ਜਾਣੇ ਨੇ...। ਐਵੇਂ ਸਾਡਾ 'ਤੇ ਆਪਣਾ ਟਾਈਮ ਖਰਾਬ ਨਾ ਕਰੋ। ਫਾਰਮ ਭਰਵਾਉਣ ਦਾ ਹੱਕਦਾਰ ਤਾਂ ਗਰੀਬ ਮਜਦੂਰ ਬਣਦਾ ਜਿਸ ਦੀ ਆਮਦਨ ਬਹੁਤ ਥੋੜੀ ਹੈ। ਬਾਕੀ ਹਾਲੇ ਕੀ ਪਤਾ ਕਿਸੇ ਨੂੰ ਕੁੱਝ ਮਿਲਣਾ ਵੀ ਹੈ ਕਿ ਨਹੀਂ।'' ਪਰ ਮੇਰੀਆਂ ਗੱਲਾਂ ਕਿਸੇ ਨੂੰ ਪਸੰਦ

ਨਾ ਆਈਆਂ ਢੰਗਾਂ ਦੀਆਂ ਤੀਵੀਆਂ ਨੇ ਉਹਨਾਂ ਕੋਲ ਮੇਰੀ ਸ਼ਿਕਾਇਤ ਕਰ ਦਿੱਤੀ। ਸਭ ਤੋਂ ਛੋਟਾ ਜੱਸਾ ਉਸੇ ਵੇਲੇ ਸਕੂਲ ਆ ਗਿਆ। ਮੇਰੇ ਨਾਲ ਬਹਿਸਣ ਲੱਗਾ। ਉਹਦੀ ਜੇਬ 'ਚ ਪਿਸਤੌਲ 'ਤੇ ਅੱਖਾਂ ਵਿੱਚ ਉੱਤਰੀ ਲਾਲੀ ਚੰਗੇ ਭਲੇ ਨੂੰ ਡਰਾ ਸਕਦੀ ਸੀ। ਉਹਨੇ ਨਾ ਤਾਂ ਮੇਰੀ ਗੱਲ ਸੁਣੀ 'ਤੇ ਨਾ ਹੀ ਸਮਝਣ ਦੀ ਕੋਸ਼ਿਸ਼ ਕੀਤੀ। "ਤੇਰੀ ਮਾਂ ਦੀ... ਧੀ ਦੀ... ਤੇਰੀ ਭੈਣ ਦੀ... !" ਉਹਨੇ ਇੱਕੋ ਸਾਹੇ ਮੈਨੂੰ ਕਈ ਗਾਲ੍ਹਾਂ ਕੱਢੀਆਂ। ਕਈ ਅਪਮਾਨ ਜਨਕ ਸ਼ਬਦ ਕਹੇ। ਮੈਨੂੰ ਮਾਰਨ ਲਈ ਦੌੜਿਆਂ ਪਰ ਲੋਕਾਂ ਰੋਕ ਲਿਆ।

"ਤੇਰੇ ਪਿਓ ਦਾ ਜਾਂਦਾ ਕੁੱਝ ...। ਚੁੱਪ ਕਰਕੇ ਫਾਰਮ ਭਰੀ ਜਾ। ਸਾਡੀ ਪਾਰਟੀ ਦੇ ਤੂੰ ਪੰਜਾਹ ਜਾਣੇ ਮੋੜ ਦਿੱਤੇ ਸਵੇਰ ਦੇ... ਵੱਡਾ ਆਇਆ... ! !" ਉਹ ਹਾਲੇ ਵੀ ਬੋਲ ਰਿਹਾ ਸੀ। ਮੈਨੂੰ ਗੁੱਸਾ ਤਾਂ ਬਹੁਤ ਆਇਆ। ਪਰ ਮੇਰਾ ਵਰਗਾ ਬਿਮਾਰ, ਸੱਠ ਨੂੰ ਪਹੁੰਚਣ ਵਾਲਾ, ਸਾਹ ਦਾ ਮਰੀਜ਼ ਉਹਦੀ ਕੀ ਲੱਤ ਭੰਨ ਲੈਂਦਾ। ਸਕੂਲ 'ਚ ਚੁੱਪ ਵਰਤ ਗਈ। ਮੇਰਾ ਗਲਾ ਸੁੱਕਣ ਲੱਗਾ। ਮੈਂ ਮੋਟਰ ਸਾਈਕਲ ਦੀ ਕਿੱਕ ਮਾਰ ਕੇ ਆਪਣੇ ਪਿੰਡ ਨੂੰ ਤੁਰ ਪਿਆ। ਪਰ ਮੇਰੇ ਘਰ ਪਹੁੰਚਣ ਤੋਂ ਪਹਿਲਾਂ ਹੀ ਲਹੌਰੀਆਂ ਮੇਰੇ ਘਰ ਬੈਠਾ ਸੀ। ਮੈਨੂੰ ਦਿਲਾਸਾ ਦੇਣ ਲੱਗਾ। ਸਮਝਾਉਣ ਲੱਗਿਆ, "ਭਾਜੀ ਤੁਸੀਂ ਕਿਓ ਐਵੇਂ ਇਹੋ ਜਿਹੇ ਕੰਮ ਕਰਦੇ ਹੋ? ਸਭ ਦੇ ਫਾਰਮ ਭਰੀ ਜਾਓ। ਅੱਗ ਲੱਗੇ। ਕਿਸੇ ਨੂੰ ਕੁਛ ਮਿਲੇ ਜਾ ਨਾ ਮਿਲੇ ਸਾਨੂੰ ਕੀ। ਤੁਸੀਂ ਸੱਚ 'ਤੇ ਹੱਕ ਦੀਆਂ ਗੱਲਾਂ ਕਿਉਂ ਕਰਦੇ ਰਹਿੰਦੇ ਹੋ? ਚੱਲੋ ਹੁਣ ਸਕੂਲ ਚੱਲੀਏ। ਕੰਮ ਨਬੇੜੀਏ। ਤੁਸੀਂ ਫਿਕਰ ਨਾ ਕਰੋ। ਮੈਂ ਹੈਗਾ। ਕੁਝ ਨਹੀਂ ਕਹਿੰਦੇ ਹੁਣ ਤੁਹਾਨੂੰ...।" ਸੌ ਦਿਲਾਸਾ 'ਤੇ ਸੌ ਤਸੱਲੀ ਦੇ ਕੇ ਲਹੌਰੀਆਂ ਮੈਨੂੰ ਫਿਰ ਸਕੂਲ ਲੈ ਗਿਆ। ਮੈਂ ਬੁਰੀ ਤਰ੍ਹਾਂ ਘਬਰਾਇਆ ਹੋਇਆ ਸੀ। ਇੰਜ ਲੱਗ ਰਿਹਾ ਸੀ ਬਈ ਜਿਵੇਂ ਧਰਤੀ ਡੋਲ ਰਹੀ ਹੋਵੇ। ਅੱਖਰ ਦੋਫਾੜ ਦਿਸ ਰਹੇ ਸਨ। ਜ਼ੁਬਾਨ ਲੜਖੜਾ ਰਹੀ ਸੀ। ਘਰੋਂ-ਘਰੀ ਮੁੜੇ ਲੋਕ ਫੇਰ ਸਕੂਲੇ ਜੁੜਨ ਲੱਗੇ। ਫਿਰ ਉਹੀ ਖਿੱਚ-ਖਿੱਚ ਕਾਹਲੇ ਤੋਂ ਕਾਹਲਾ ! ਪੰਜ-ਸੱਤ ਫਾਰਮ ਹੀ ਭਰੇ ਸੀ। ਕਿ ਜੱਸਾ ਫੇਰ ਆ ਗਿਆ। ਮੇਰੇ ਵੱਲ ਕੁਨੱਖਾ ਜਿਹਾ ਝਾਕੇ। ਭਰੇ ਹੋਏ ਫਾਰਮ ਫਰੋਲਣ ਲੱਗਾ। ਪਿੰਡ ਦੇ ਸਾਰੇ ਲੋਕਾਂ ਦੇ ਫਾਰਮ ਭਰੇ ਗਏ। ਕੋਈ ਜੱਟ ਨਹੀਂ ਦੇਖਿਆ। ਕੋਈ ਤਕੜਾ ਨਹੀਂ ਕੋਈ ਮਾੜਾ ਨਹੀਂ। ਦਸ ਪੰਦਰਾਂ ਫਾਰਮ ਭਰਵਾਉਣ ਵਾਲੇ ਹੋਰ ਰਹਿ ਗਏ ਸਨ ਕਿ ਲਾਹੌਰੀਏ ਨੇ 'ਫਾਰਮ ਮੁੱਕ ਗਏ ਹਨ' ਦਾ ਐਲਾਨ ਕਰ ਦਿੱਤਾ। ਮੈਂ ਘਰੇ ਆ ਗਿਆ। ਲੋਕ ਵੀ ਮੁੜ ਗਏ। ਕੱਲ ਸ਼ਾਮ ਦਾ ਅੰਦਰੋਂ ਬਾਹਰ ਨਹੀਂ ਗਿਆ। ਦਿਮਾਗ਼ ਵਿੱਚ ਕੋਈ ਚੀਜ਼ ਹਥੌੜੇ ਵਾਂਗ ਵੱਜ ਰਹੀ ਹੈ। ਸਕੂਲ ਵਾਲੀ ਗੱਲ ਘਰੇ ਨਹੀਂ ਦੱਸੀ। ਸੋਚਿਆ ਪਰਿਵਾਰ ਵਾਲੇ ਪ੍ਰੇਸ਼ਾਨ ਹੋਣਗੇ। ਮੈਨੂੰ ਤਾਂ ਆਪਣੀ ਕਾਬਲੀਅਤ 'ਤੇ ਸ਼ੱਕ ਹੋਣ ਲੱਗਿਆ। ਮੈਂ ਸਕੂਲ ਲਈ ਸਖਤ ਮਿਹਨਤ ਕੀਤੀ ਸੀ ਘਰੋਂ ਸੱਦ-ਸੱਦ ਸੋਹਣਪੁਰ ਦੇ ਨਿਆਣੇ ਸਕੂਲ ਲਿਆਂਦੇ। ਸਕੂਲ ਦੀ ਇਮਾਰਤ ਬਣਵਾਈ। ਸਕੂਲ ਨੂੰ ਆਪਣੇ ਘਰੋਂ ਨਾਲੋਂ ਵੀ ਵੱਧ ਧਿਆਨ ਨਾਲ ਸੰਭਾਲਿਆ। ਲੰਬੀ ਘਾਲਣਾ ਘਾਲ ਕੇ ਸਕੂਲ ਅਪਗ੍ਰੇਟ ਕਰਵਾਇਆ। ਜਿਸ ਦਿਨ ਉਦਘਾਟਨ ਸੀ ਸੋਹਣਪੁਰੇ ਦੀ ਪੰਚਾਇਤ ਨੇ ਬੜਾ ਸੋਹਣਾ ਪ੍ਰੋਗਰਾਮ ਕੀਤਾ। ਮੈਨੂੰ ਸਨਮਾਨਿਤ ਵੀ ਕੀਤਾ ਸੀ। ਉਸ ਦਿਨ ਕਿਸੇ ਨੇ ਮੇਰੇ ਬਾਰੇ ਚਾਰ ਸ਼ਬਦ ਕਹੇ ਸਨ, "ਮਾਸਟਰ ਜਨਕਰਾਜ ਜੀ ਬੜੇ ਹੀ ਮਿਹਨਤੀ 'ਤੇ ਸੁਹਿਰਦ ਅਧਿਆਪਕ ਹਨ। ਇਹਨਾਂ ਨੇ ਆਪਣੇ ਕੰਮ ਨੂੰ ਹਮੇਸ਼ਾ ਪੂਜਾ ਵਾਂਗ ਸਮਝਿਆ ਹੈ। ਵਿੱਦਿਆਰਥੀਆਂ ਨੂੰ ਬੱਚਿਆਂ ਵਾਂਗ ਪਿਆਰ ਦਿੱਤਾ ਹੈ। ਇਹਨਾਂ ਦੇ ਪੜ੍ਹਾਏ ਵਿਦਿਆਰਥੀ ਅੱਜ ਚੰਗੇ ਅਹੁਦਿਆਂ ਤੇ ਹਨ ਅਤੇ ਦੇਸ਼ ਅਤੇ ਸਮਾਜ ਦੀ ਸੇਵਾ ਕਰ ਰਹੇ ਹਨ। ਇਹਨਾਂ ਬੱਚਿਆਂ ਨੂੰ ਸਦਾ ਸੱਚ ਨਾਲ ਜੋੜਿਆ ਹੈ।"

ਪਰ ਮੈਨੂੰ ਤਾਂ ਹੈਰਾਨੀ ਇਸ ਗੱਲ ਦੀ ਹੈ ਕਿ ਕਦੇ ਉਹ ਵੀ ਸਾਰੇ ਭਰਾ ਵੀ ਤਾਂ ਮੇਰੇ ਵਿਦਿਆਰਥੀ ਸਨ। ਮੈਂ ਉਹਨਾਂ ਨੂੰ ਵੀ ਤਾਂ ਚੰਗਾ ਬਣਨ ਦੀ ਸਿੱਖਿਆ ਦਿੱਤੀ ਸੀ। ਫਿਰ ਭਲੇ ਉਹ ਚੰਗੇ ਕਿਉ ਨਹੀਂ ਬਣ ਸਕੇ। ਸ਼ਾਇਦ ਮੈਂ ਹੀ ਉਹਨਾਂ ਨੂੰ ਚੰਗੀ ਤਰ੍ਹਾਂ ਸਿਖਾ ਨਹੀਂ ਸਕਿਆ। ਜ਼ਰੂਰ ਮੇਰੇ ਕੋਲੋਂ ਹੀ ਕੋਈ ਕਮੀ ਰਹਿ ਗਈ ਹੋਵੇਗੀ। ਤਾਂ ਹੀ ਤਾਂ ਅੱਜ ਉਹਨਾਂ ਨੂੰ ਆਪਣੇ ਅਧਿਆਪਕਾ ਦਾ ਸਤਿਕਾਰ ਕਰਨਾ ਵੀ ਭੁੱਲ ਗਿਆ ਹੈ। ਹੁਣ ਇਸੇ ਕਰਕੇ ਸਕੂਲ ਜਾਣ ਨੂੰ ਦਿਲ ਨਹੀਂ ਕਰਦਾ। ਸੱਚ ਬੋਲਣ ਦੀ ਹੁਣ ਹਿੰਮਤ ਨਹੀਂ ਰਹੀ। ਕੀ ਸਿੱਖਿਆ ਦੇਵਾਂ ਆਪਣੇ ਵਿਦਿਆਰਥੀ ਨੂੰ...? ਕੁਝ ਸਮਝ ਨਹੀਂ ਆਉਂਦੀ। ਮੌਤ ਤਾਂ ਦੋਵੇਂ ਪਾਸੇ ਹੈ। ਖੱਡ ਤਾਂ ਦੋਹੀ ਪਾਸੇ ਇੱਕੋ ਜਿੰਨੀ ਹੈ। ਸੱਚ-ਬੋਲੋ ਜਾਂ ਝੂਠ ਕੀ ਫ਼ਰਕ ਪੈਂਦਾ ਹੈ।

ਪਤਾ ਪਿੰਡ ਤੇ ਡਾਕ. ਧਾਲੀਵਾਲ, ਤਹਿ. ਪੱਟੀ, ਜ਼ਿਲ੍ਹਾਂ ਤਰਨਤਾਰਨ-143416



## ਬੜੇ ਭਾਈ / ਸੁਰਜੀਤ ਸੁਮਨ

ਮੈਂ ਸਦੀਆਂ ਤੋਂ ਸੁਲਗ ਰਿਹਾਂ ਹਾਂ। ਧੂੰਆਂ ਮੇਰੇ ਸੰਘ ਨੂੰ ਚੜ੍ਹ ਰਿਹੈ। ਸਾਹ ਘੁੱਟ ਰਿਹੈ। ਹੁਣ ਮੇਰੇ ਅੰਦਰ ਅੱਗ ਲੱਗੀ ਹੋਈ ਐ। ਅੰਦਰੇ ਅੰਦਰ ਮੈਂ ਲਟ ਲਟ ਕਰਕੇ ਬਲ ਉੱਠਿਆ ਹਾਂ। ਅੱਗ, ਜੋ ਸਭ ਕੁਝ ਸਾੜ ਸੁੱਟਦੀ ਐ।

ਜਿਸ ਅੱਗ 'ਚ ਅੱਜ ਮੈਂ ਸੜ ਰਿਹਾਂ... ਕੱਲ ਤੁਸੀਂ ਵੀ ਸੜੋਗੇ... ਫਿਰ ਇਹ ਸਾਰੀ ਕਾਇਨਾਤ ਸੜੇਗੀ। ਕੀ ਤਵਾਰੀਖ਼ ਤੁਹਾਨੂੰ ਮੁਆਫ਼ ਕਰੇਗੀ? ਨਹੀਂ... ਨਹੀਂ ਹਾਂ... ਇਸ ਅੱਗ ਨੂੰ ਦਬਾਇਆ ਜ਼ਰੂਰ ਜਾ ਸਕਦਾ ਜਿਵੇਂ ਤੁਸੀਂ ਸਦੀਆਂ ਤੋਂ ਦਬਾਉਂਦੇ ਆ ਰਹੇ ਹੋ।

ਮੇਰੀਆਂ ਅੱਖਾਂ ਅੱਗੇ ਖੇਤਾਂ 'ਚ ਖੜ੍ਹੀ ਫ਼ਸਲ ਨੂੰ ਅਚਾਨਕ ਲੱਗੀ ਅੱਗ ਦਾ ਦ੍ਰਿਸ਼ ਸਾਕਾਰ ਹੋ ਉੱਠਦਾ ਹੈ। ਇਸੇ ਅੱਗ ਚ ਬੁਰੀ ਤਰ੍ਹਾਂ ਝੁਲਸ ਗਈ ਸੀ ਮੇਰੀ ਭੈਣ ਦੀ ਇੱਕੋ ਇੱਕ ਮੱਝ। ਛਟਪਟਾਉਂਦੀ, ਆਲੂ ਵਾਂਗ ਛਿੱਲੀ ਹੋਈ ਮੱਝ, ਮੇਰੀਆਂ ਅੱਖਾਂ ਅੱਗੇ ਘੁੰਮਣ ਲੱਗਦੀ ਹੈ। ਕਿਵੇਂ ਇੱਕ ਚੁਆਤੀ ਨੇ ਪਲਾਂ 'ਚ ਈ ਦੋ ਹੱਸਦੇ ਵਸਦੇ ਘਰਾਂ 'ਚ ਸੱਥਰ ਵਿਛਾ ਦਿੱਤੇ ਸਨ। ਅੱਗੇ ਵਧਦੀ ਹੋਈ ਇਹ ਅੱਗ ਪਿੱਛੇ ਸੁਆਹ ਦੀਆਂ ਢੇਰੀਆਂ ਛੱਡਦੀ ਚਲੇ ਗਈ। ਇਹ ਅੱਗ ਸਰਬਨਾਸ਼ ਕਰ ਦੇਵੇਗੀ, ਸੋਚਿਆ ਈ ਨਹੀਂ ਸੀ।

ਖੇਤਾਂ ਵਾਲੇ ਤਾਂ ਸਮਰੱਥ ਸਨ। ਮਿਲ-ਮਿਲਾ ਕੇ, ਦੇ ਦੁਆ ਕੇ ਮੁਆਵਜ਼ਾ ਲੈ ਗਏ। ਫਿਫਟੀ ਫਿਫਟੀ। ਭੈਣ ਵਿਚਾਰੀ ਕੀ ਕਰਦੀ, ਚੁੱਪ ਵੱਟ ਗਈ। ਭੈਣ ਦੀ ਰਸੋਈ ਦਾ ਇੱਕੋ ਇੱਕ ਸਹਾਰਾ ਸੀ ਇਹ ਮੱਝ। ਇਸੇ ਮੱਝ ਦੇ ਸਿਰ 'ਤੇ ਤਾਂ ਗੁਜ਼ਾਰਾ ਚਲਦਾ ਸੀ ਉਹਦਾ। ਛੋਟੇ ਛੋਟੇ ਬੱਚੇ। ਬਿਮਾਰ ਜੀਜਾ ਦਿਹਾੜੀ ਕਰਨ ਤੋਂ ਵੀ ਆਤੁਰ। ਇੱਕ ਕਮਰੇ ਵਾਲਾ ਘਰ। ਪਹਿਲਾਂ ਕੱਚਾ ਸੀ ਤੇ ਹੁਣ ਗਾਡਰ, ਬਾਲੇ ਪਾ ਕੇ ਇੱਟਾਂ ਦਾ ਬਣਾਇਆ ਹੋਇਆ। ਤਾਕੀਆ ਅਜੇ ਤੱਕ ਨਈਂ ਲੱਗੀਆਂ।

ਝੋਨੇ 'ਚ ਦਵਾਈ ਪਾਉਂਦਿਆਂ ਪਤਾ ਨਈਂ ਕੀ ਹੋਇਆ। ਹੱਥ ਪੈਰ ਗਲ ਜਾਂਦੇ ਨੇ। ਬਥੇਰਾ ਇਲਾਜ ਕਰਵਾਇਆ। ਪ੍ਰਾਈਵੇਟ, ਸਰਕਾਰੀ ਡਾਕਟਰਾਂ ਦੀਆਂ ਜੇਬਾਂ ਬਹੁਤ ਬੜੀਆਂ ਹਨ। ਭਰੀਆਂ ਈ ਨਹੀਂ ਜਾਂਦੀਆਂ। ਇਹ ਟੈਸਟਾਂ ਦੇ ਚੱਕਰ 'ਚ ਅਜਿਹਾ ਪਾਉਂਦੇ ਨੇ ਕਿ ਬੰਦਾ ਕੁੰਭੀ ਨਰਕ 'ਚ ਫਸ ਜਾਂਦੈ। ਇਨ੍ਹਾਂ ਟੈਸਟਾਂ ਦੀਆਂ ਮੋਟੀਆਂ ਮੋਟੀਆਂ ਫੀਸਾਂ। ਲੈਬਾਰਟਰੀਆਂ ਤੇ ਕੈਮਿਸਟਾਂ ਨਾਲ ਡਾਕਟਰਾਂ ਦੇ ਕਮਿਸ਼ਨ ਦੀ ਗੰਢ ਤੁੱਪ। ਉਫ... ਮੈਂ ਤੜਫ ਉੱਠਦਾ ਹਾਂ।

"ਜਿਨ੍ਹਾਂ ਦੇ ਮੈਂ ਦਿਹਾੜੀ ਜਾਂਦਾ ਬੜੇ ਚੰਗੇ ਘੈਂਟ ਸਰਦਾਰ ਆ। ਜ਼ਮੀਨ ਬਥੇਰੀ ਆ। ਮੱਦਤ ਵੀ ਕਰਦੇ ਰਹਿੰਦੇ ਆ ਵੇਲੇ-ਕੁਵੇਲੇ। ਠੀਕ ਹੋ ਲਵਾਂ। ਉਨ੍ਹਾਂ ਦੇ ਈ ਨੌਕਰੀ ਕਰੂੰਗਾ। ਪਿੱਛੇ ਇਨ੍ਹਾਂ ਤੇ ਇੱਕ ਕੇਸ ਪੈ ਗਿਆ ਤਾਂ। ਊਂ ਇਨ੍ਹਾਂ ਦੀ ਉਪਰ ਤੱਕ ਬਥੇਰੀ ਬਣੀ ਹੋਈ ਆ। ਲੈ ਸੁਣ, ਇਨ੍ਹਾਂ ਚੰਗਾ ਭਲਾ ਆਪਣਾ ਮੁੰਡਾ ਹਸਪਤਾਲ ਦਾਖਲ ਕਰਾ ਤਾ। ਡਾਕਰਟਾਂ ਨਾਲ ਗਿੱਟ-ਮਿਟ ਕਰ ਰਾਤ ਨੂੰ ਗੱਡੀ 'ਚ ਚੱਕ ਲਿਆਏ। ਰਾਤੋ-ਰਾਤ ਉਹਦੇ ਕੋਲੋਂ ਸ਼ਰੀਕਾਂ ਦੇ ਦੋ ਬੰਦੇ ਕਤਲ ਕਰਵਾਏ ਤੇ ਉਹਨੂੰ ਫਿਰ ਹਸਪਤਾਲ ਵਾੜ ਆਏ। ਹੁਣ ਤੱਕ ਨੀ ਕੁਸ ਬਣਿਆ ਸ਼ਰੀਕਾਂ ਦਾ। ਬੜੇ ਲੱਠੇ ਬੰਦੇ ਆ ਬਈ। ਪੈਸਾ ਖਰਚਣ ਲੱਗੇ ਤਾਂ ਦੇਰ ਈ ਨੀਂ ਕਰਦੇ। ਮੈਨੂੰ ਜਦ ਲੋੜ ਪੈਂਦੀ ਆ ਮੈਂ ਖਰਚ ਪਾਣੀ ਲੈਂ ਆਉਂਦਾਂ। ਮੈਖਿਆ ਗੂਠਾ ਲੁਆਲੋ ਜਿੱਥੇ ਲੁਆਉਣਾ। ਜੀਜਾ ਜੀ ਮੰਜੇ ਨਾਲ ਮੰਜਾ ਹੋਏ ਮਾਣ ਨਾਲ ਦੱਸ ਰਹੇ ਹਨ।

ਇੱਧਰ ਇੱਕ ਨਵੀਂ ਹੀ ਅੱਗ ਲੱਗੀ ਹੋਈ ਆ। ਰਿਜ਼ਰਵੇਸ਼ਨ ਦੀ ਅੱਗ। ਹੁਣ ਤੱਕ ਤਾਂ ਇਹ ਅੱਗ ਬੁਝ ਜਾਣੀ ਚਾਹੀਦੀ ਸੀ। ਜੇ ਸੱਚ ਪੁੱਛੋਂ ਤਾਂ ਇਹ ਅੱਗ ਲੱਗਣੀ ਈ ਨਹੀਂ ਸੀ ਚਾਹੀਦੀ। ਬਈ ਪਾਣੀ ਪਾਓ ਇਹਦੇ

ਤੇ। ਪਰ ਇਹ ਕੀ...?

ਤੂੰ ਅਜਿਹਾ ਕਿਉਂ ਆਖਦੈਂ ਕਿ ਇਹ ਅੱਗ ਹੋਰ ਭੜਕੇਗੀ? ਭੜੇਕਰੀ ਤਾਂ ਨਹੀਂ ਤੂੰ ਭੜਕਾ ਜ਼ਰੂਰ ਰਿਹੈਂ ਸਿਆਸਤ ਹੋ ਰਹੀ ਆ ਬਈ...।

ਅੱਛਾ... ਅੱਛਾ ਠੀਕ ਐ... ਤੁਸੀਂ ਜੋ ਮਰਜ਼ੀ ਅਵਾ-ਤਵਾ ਬੋਲੀ ਜਾਓ, ਕੋਈ ਗੱਲ ਨਈਂ। ਮੇਰੇ ਬੋਲਿਆਂ ਤੂੰ ਆਖਦੈਂ, ''ਮਾਹੌਲ ਖਰਾਬ ਹੁੰਦੈ।'' ਦਰਅਸਲ ਤੁਸੀਂ ਸਮਾਜ ਦੀ ਅਸਲ ਤਸਵੀਰ ਲੁਕਾਅ ਰਹੇ ਓ।

ਇਹ ਕਿਹੜਾ ਅੱਜ ਦੀ ਗੱਲ ਆ। ਸਦੀਆਂ ਤੋਂ ਲੁਕਾਅ ਰਹੇ ਓ। ਕਿਉਂ ਲੁਕਾਅ ਰਹੇ ਓ ਤੁਸੀਂ?

ਪੱਖਪਾਤੀ ਓ ਤੁਸੀਂ। ਸਦੀਆਂ ਤੋਂ।

ਕੁਰੱਪਟ ਕੌਣ ਐ?? ਸਿਆਸੀ ... ਧਾਰਮਿਕ... ਵਪਾਰੀ... ਜਾਂ ਇਹ ਮਜ਼ਦੂਰ ਲੋਕ?? ਨਹੀਂ ਨਹੀਂ ... ਅਸੀਂ, ਤੁਸੀਂ ਸਭ ਕੁਰੱਪਟ ਆ। ਮਨੂੰਵਾਦੀ ਸੋਚ ਨੇ। ਅੱਖਾਂ ਤੇ ਰੰਗੀਨ ਪੱਟੀ ਜੁ ਬੰਨ੍ਹ ਛੱਡੀ ਐ। ਦਿਸਦਾ ਸਭ ਕੁਝ ਆ। ਗੁਲਾਬੀ ਗੁਲਾਬੀ ਦੇਖਣ ਦੇ ਸ਼ੌਕੀਨ ਓ। ਹੋਰ ਕੁਝ ਦੇਖਣ ਦੀ ਕੋਸ਼ਿਸ਼ ਈ ਨਈਂ ਕਰਦੇ...। ਐਕਸਪਲਾਇਟ ਕਰਨਾ ਵੀ ਤੁਹਾਡੀ ਪੁਰਾਣੀ ਆਦਤ ਐ।

''ਸੋਲਾਂ ਪਰਸੈਂਟ ਵਲੋਂ ਚੁਰਾਸੀ ਪਰਸੈਂਟ ਤੇ ਰਾਜ।''

ਵਾਹ ਕਮਾਲ ਐ ਬਈ। ਤੁਸੀਂ ਸੋਲਾਂ ਕਲਾਂ ਸੰਪੂਰਨ ਓ ਤੇ ਬਾਕੀ ਸਭ ਚੁਰਾਸੀ ਦੇ ਚੱਕਰ ਚ ਪਾਏ ਹੋਏ ਨੇ।

ਆਹ ਜਿਹੜੇ ਰੋਜ਼ ਘੁਟਾਲੇ ਹੋ ਰਹੇ ਨੇ। ਕੌਣ ਕਰਦੈ ਇਹ ??? ਇਹ ਕਿਹੜੇ ਸਮਾਜ ਦੇ ਲੋਕ ਨੇ ਜਨਾਬ?

ਕੀ ਕਿਹੈ?? ਸਾਡੇ ਵੀ ਹੋ ਸਕਦੇ ਆ...

ਹਾਂ ਹੋ ਸਕਦੇ ਆ...। ਬਿਲਕੁਲ ਹੋ ਸਕਦੇ ਆ। ਕੌਣ ਮੁਕੱਰਦਾ... ਇਹ ਵੀ ਦੱਸੋ, ਇਹ ਸਿੱਖਦੇ ਕੀਹਦੇ ਕੋਲੋਂ ਆ। ਸਦੀਆਂ ਤੋਂ ਤੁਸੀਂ ਰਾਜ ਕਰ ਰਹੇ ਓ। ਤੁਹਾਨੂੰ ਰਾਜ ਕਰਨਾ ਆਉਂਦੈ। ਇਹ ਸਿਖਾਂਦਰੂ ਆ। ਨਵੇਂ ਨਵੇਂ। ਹਾਲੇ ਤੁਹਾਡੇ ਕੋਲੋਂ ਗੁਰ ਸਿੱਖ ਰਹੇ ਆ। ਸਿਆਸਤ ਦੇ ਗੁਰ। ਘੁਟਾਲੇ ਕਰਨ ਦੇ ਗੁਰ। ਪੇਪਰ ਲੀਕ ਕਰਨ ਦੇ ਗੁਰ। ਇਹ ਵੀ ਹੌਲੀ-ਹੌਲੀ ਤੁਹਾਡੇ ਵਾਂਗ ਕਰਨ ਲੱਗ ਜਾਣਗੇ। ਜਿਹੋ ਜਿਹੀ ਕੋਕੋ, ਉਹੋ ਜਿਹੇ ਕੋਕੋ ਦੇ ਬੱਚੇ।

ਦੇਸ਼ ਦੀ ਗੱਡੀ ਦਾ ਸਟੇਅਰਿੰਗ ਤਾਂ ਹਾਲੇ ਤੁਹਾਡੇ ਹੱਥ 'ਚ ਈ ਐ। ਇਹ ਤਾਂ ਭੱਜੀ ਜਾਂਦੀ ਗੱਡੀ 'ਚ ਚੜ੍ਹ ਰਹੇ ਨੇ ਇੱਕ-ਦੁੱਕਾ। ਇੱਕਾ-ਦੁੱਕਾ ਨੂੰ ਵੀ ਤੁਸੀਂ ਲੋਕ ਬਰਦਾਸ਼ਤ ਨਈਂ ਕਰਦੇ। ਉਹਦਾ ਵੀ ਅੱਗਾ ਪਿੱਛਾ ਪੁਣਦੇ ਰਹਿੰਦੇ ਓ। ਤੁਹਾਡੀ ਬੱਸ ਰਿਮੋਟ ਕੰਟਰੋਲ ਐ। ਰਿਮੋਟ ਤੁਹਾਡੇ ਹੱਥਾਂ 'ਚ ਜੇ ਕਿਸੇ ਵਜ੍ਹਾ ਕਰਕੇ ਤੁਹਾਡੇ ਚਹੇਤੇ ਇਸ ਬੱਸ 'ਚ ਨਾ ਚੜ੍ਹ ਸਕਣ ਤਾਂ ਤੁਸੀਂ ਗੱਡੀ ਖਾਲੀ ਈ ਦੌੜਾ ਲੈਂਦੇ ਓ। ਇਹਦੀ ਪੁੱਛ-ਗਿੱਛ ਵੀ ਤਾਂ ਤੁਹਡਿਆਂ ਨੇ ਈ ਕਰਨੀ ਹੁੰਦੀ ਐ। ਬਥੇਰੇ ਬੈਠੇ ਨੇ ਚਾਣਕਿਆ।

ਜੋ ਕੁਸ ਤੁਹਾਡੇ ਕੋਲ ਐ। ਉਹੀ ਕੁਸ਼ ਤੁਸੀਂ ਵੰਡ ਰਹੇ ਓ। ਉਹੋ ਕੁਸ ਇਹ ਸਿੱਖਣਗੇ ਤੁਹਾਡੇ ਨਾਲ ਰਹਿ ਕੇ। ਅੱਜ ਕੱਲ੍ਹ ਕੀ ਕਹਿੰਦੇ ਓ ਤੁਸੀਂ ਇਹਨੂੰ ... ਹਾਂ ... ਜਨਰਲ ਸਮਾਜ। ਆਮ ਸਮਾਜ ਦੇ ਖਾਸ ਕਾਰਨਾਮੇ ਤਾਂ ਹਰ ਰੋਜ਼ ਨਸ਼ਰ ਹੁੰਦੇ ਈ ਰਹਿੰਦੇ ਨੇ ਵੱਖ-ਵੱਖ ਚੈਨਲਾਂ ਤੋਂ। ਆਓ ਆਪਾਂ ਕੁਝ ਦ੍ਰਿਸ਼ ਦੇਖਦੇ ਆ। ਡਨ... ਡਨਾ... ਡਨ... ਡਨ...

ਆਈਏ ਦੇਖੀਏ ''ਆਜ ਤੱਕ' ਪੇ ਅਭ ਤੱਕ ਕੀ ਤਾਜ਼ਾ ਖਬਰੇਂ...।''

''ਲਓ ਜੀ ਹੁਣ ਤਾਂ ਬੇੜਾ ਗਰਕ ਹੋ ਗਿਆ ਸਮਝੋ। ਪਹਿਲਾਂ ਸੋਧ ਲਾਗੂ ਹੋਈ। ਹੁਣ ਬੀ. ਸੀਜ਼ ਲਈ ਰਿਜ਼ਰਵੇਸ਼ਨ ਲਾਗੂ ਹੋ ਗਈ। ਪੂਰੇ ਦੇਸ਼ 'ਚ ਹਾਹਾਕਾਰ ਮੱਚ ਗਈ ਐ। ਮੁੱਠੀ ਭਰ ਮੈਡੀਕਲ ਵਿਦਿਆਰਥੀਆਂ ਦੀ ਹੜਤਾਲ। ਦੇਸ਼ ਭਰ 'ਚ ਜਨਰਲ ਸਮਾਜ ਦੇ ਡਾਕਟਰ ਵੀ ਇਨ੍ਹਾਂ ਦੀ ਪਿੱਠ ਤੇ ਨੇ।'' ਪਲ ਪਲ ਦਾ ਅੱਖੀਂ ਡਿੱਠਾ ਹਾਲ ਵਿਖਾਇਆ ਜਾ ਰਿਹੈ।



''ਸਾਰੀਆਂ ਸੀਟਾਂ ਹੁਣ ਇਹੋ ਲੈ ਜਾਣਗੇ। ਸਾਡਾ ਕੀ ਬਣੇਗਾ? ਉਚ ਅਧਿਕਾਰੀਆਂ ਜਾਂ ਰਿਜ਼ਰਵ ਦੇ ਮੰਤਰੀਆਂ ਭਾਵ ਕਰੀਮੀ ਲੇਅਰ ਨੂੰ ਕਾਹਦੀ ਰਿਜ਼ਰਵੇਸ਼ਨ?? ਰਿਜ਼ਰਵੇਸ਼ਨ ਬੰਦ ਹੋਣੀ ਚਾਹੀਦੀ ਆ। ਹਾਂ ਹਾਂ ਰਿਜ਼ਰਵੇਸ਼ਨ ਬੰਦ ਹੋਣੀ ਚਾਹੀਦੀ ਆ।

ਅਸਲੀ ਹੱਕਦਾਰਾਂ ਨੂੰ ਤਾਂ ਇਹ ਮਿਲਦੀ ਨੀਂ। ਇਹਦਾ ਲਾਭ ਕਰੀਮੀ ਲੇਅਰ ਉਠਾ ਰਹੀ ਆ। ਸਾਰੇ ਅਫਸਰ ਹੁਣ ਰਿਜ਼ਰਵ ਕੈਟਾਗਰੀ ਦੇ ਈ ਹੋ ਜਾਣਗੇ। ਹੰਡਰਡ ਪਰਸੈਂਟ ਰਿਜ਼ਰਵੇਸ਼ਨ।'' ਇਹ ਮੈਡਮ ਸ਼ਰਮਾ ਬੋਲ ਰਹੇ ਹਨ।

ਸੋਚਦਾ ਹਾਂ ਇਹ ਲੋਕ ਕਿਹੜੀ ਕਰੀਮੀ ਲੇਅਰ ਦੀ ਗੱਲ ਕਰਦੇ ਨੇ? ਜਦ ਦੁੱਧ ਈ ਨਈਂ ਤਾਂ ਕਰੀਮੀ ਲੇਅਰ ਕਿੱਥੋਂ ਆ ਗਈ। ਚਲੋ ਜੇ ਇਹ ਮੰਨ ਵੀ ਲਿਆ ਜਾਵੇ ਤਾਂ ਇਨ੍ਹਾਂ ਨੂੰ ਛੱਡ ਬਾਕੀ ਕੰਮੀਆਂ ਲਈ ਇਹ ਕਿਹੜੀਆਂ ਸਕੀਮਾਂ ਘੜ ਰਹੇ ਨੇ ਜਿਨ੍ਹਾਂ ਨਾਲ ਉਨ੍ਹਾਂ ਦਾ ਜੀਵਨ ਪੱਧਰ ਉੱਚਾ ਹੋ ਸਕੇ। ਵਪਾਰੀਆਂ ਦੇ ਕਰਜ਼ੇ ਮੁਆਫ... ਜਾਗੀਰਦਾਰਾਂ ਦੀਆਂ ਮੋਟਰਾਂ ਦੇ ਬਿੱਲ ਮੁਆਫ... ਤੇ ਕੰਮੀ ਕਮੀਣ ????

ਹਾਂ ਸੱਚ ਮੈਂ ਇਹ ਦੱਸਣਾ ਤਾਂ ਭੁੱਲ ਈ ਗਿਆ। ਦਰਅਸਲ ਮਿਸਜ਼ ਸ਼ਰਮਾ ਤੇ ਮਿਸਟਰ ਡੀ. ਡੀ. ਸ਼ਰਮਾ ਇਸੇ ਆਫਿਸ 'ਚ ਨੇ। ਮਿਸਜ਼ ਸ਼ਰਮਾ ਸੀਨੀਅਰ ਸਹਾਇਕ ਨੇ ਤੇ ਮਿਸਟਰ ਸ਼ਰਮਾ ਉੱਚ ਅਧਿਕਾਰੀ। ਦੋਵੇਂ ਬਹੁਤ ਬੀਬੇ ਨੇ। ਪੰਚਕੂਲੇ ਰਹਿੰਦੇ ਨੇ। ਉਥੇ ਕੋਠੀ ਐ ਕਨਾਲ ਦੀ। ਹੋਰ ਬਥੇਰੀ ਜਾਇਦਾਦ ਐ। ਖਾਨਦਾਨੀ ਪਰਿਵਾਰ ਐ। ਜਿਹਨੂੰ ਘਰਾਣੇ ਦੇ ਕਹੀਦੈ। ਘਰ ਗੱਡੀ ਐ ਬੱਚਿਆਂ ਵਾਸਤੇ ਹਾਂਡਾ ਸਿਟੀ। ਜੈੱਨ ਵੀ ਘਰ ਈ ਖੜ੍ਹੀ ਰਹਿੰਦੀ ਐ। ਕਦੀ ਕਦਾਈ ਈ ਵਰਤਦੇ ਆ। ਉਂਝ ਸਰਕਾਰੀ ਗੱਡੀ ਹੈਗੀ ਆ ਨਾ।

''ਅੱਜ ਕਾਜੂ ਬਰਫੀ ਖਾਓ। ਬੱਚੇ ਕਿੱਥੇ ਖਾਂਦੇ ਨੇ। ਮੈਂ ਚੁੱਕ ਲਿਆਈ। ਘਰ ਕੋਈ ਨਾ ਕੋਈ ਆਇਆ ਜੁ ਰਹਿੰਦੈ ਨਾ ਸ਼ਰਮਾ ਜੀ ਕੋਲ। ਸ਼ਰਮਾ ਜੀ ਬਹੁਤ ਗਰੇਟ ਨੇ। ਉਨ੍ਹਾਂ ਦਾ ਰੈਪੂਟੇਸ਼ਨ ਬਹੁਤ ਆ। ਹਰ ਥਾਂ ਪਹੁੰਚ। ਫਿਰ ਆਣ-ਜਾਣ ਤਾਂ ਬਣਿਆ ਈ ਰਹਿੰਦੈ।'' ਮੈਡਮ ਸ਼ਰਮਾ ਦੱਸ ਰਹੇ ਨੇ। ਮੈਡਮ ਅਗਰਵਾਲ ਸੁਣ ਰਹੇ ਨੇ। ਇਸੇ ਆਮ ਸਮਾਜ ਨਾਲ ਸਬੰਧਤ ਇੱਕ ਦੋ ਹੋਰ ਕੁਲੀਗਜ਼ ਵੀ ਇਹ ਪ੍ਰਵਚਨ ਸੁਣ ਰਹੇ ਨੇ।

ਇਹ ਕੰਮੀ ਕਮੀਣ ਰਿਜ਼ਰਵ ਸਮਾਜ ਹੁਣ ਬਹੁਤ ਅਮੀਰ ਹੋ ਗਿਆ। ਇਹ ਸਾਰੇ ਈ ਉੱਚ ਅਫਸਰ, ਡਾਕਟਰ, ਮੰਤਰੀ ਬਣ ਗਏ ਨੇ। ਕਾਰਾਂ, ਕੋਠੀਆਂ, ਜ਼ਮੀਨਾਂ ਜਾਇਦਾਦਾਂ ਦੇ ਮਾਲਕ। ਇਸ ਵਿਸ਼ੇ ਤੇ ਬਹਿਸ ਛਿੜ ਗਈ ਹੈ।

ਦੇਖ ਲਓ ਬਈ ਕਮਾਲ ਹੋਈ ਪਈ ਆ। ਅਸ਼ਕੇ ਸੋਚਦਾ ਹਾਂ, ਪੱਚੀ ਸਦੀਆਂ ਜਾਣੀ ਪੱਚੀ ਸੌ ਸਾਲ ਦੇ ਲਿਤਾੜੇ ਲੋਕ ਇਨ੍ਹਾਂ ਪਿਛਲੇ ਪੰਜਾਹ ਸੱਠ ਸਾਲਾਂ 'ਚ ਈ ਅਮੀਰ ਬਣਾ ਤੇ। ਸੋਧ ਲਾਗੂ ਹੋ ਚੁੱਕੀ ਐ ਪਰ ਜੇ ਕਿਸੇ ਦੀ ਤਰੱਕੀ ਹੋਣੀ ਹੋਵੇ ਉਹ ਇਨ੍ਹਾਂ ਦੀ ਹੀ ਹੁੰਦੀ ਹੈ। ਇਨ੍ਹਾਂ 'ਕਲਰਕ ਪਾਤਸ਼ਾਹ' ਦੇ ਨੁਕਤੇ ਵਾਲੀ ਕਮਾਲ ਕੀਤੀ ਹੋਈ ਐ। ਜਿਵੇਂ ਰਾਜੇ ਨੂੰ ਸਵਰਗ 'ਚ ਨਾਈ ਦੀ ਪਦਵੀ ਦਿੱਤੀ ਸੀ। ਇੰਨ-ਬਿਨ ਓਵੇਂ ਹੀ ਇਸ ਫੈਸਲੇ ਵਿੱਚ ਹੋਇਐ। ਕਮਾਲ ਐ ਬਈ।

ਪਹਿਲਾਂ ਚੂਹੜ੍ਹੇ-ਚਮਾਰ ਹੁੰਦੇ ਸੀ। ਗਿੱਟਲ ਹੁੰਦੇ ਸੀ। ਹੋਰ ਬਥੇਰਾ ਕੁਸ ਹੁੰਦੇ ਸੀ। ਫਿਰ ਦਲਿਤ ਤੇ ਹੁਣ ਰਿਜ਼ਰਵ ਕੈਟਾਗਰੀ ਦਾ ਨਾਂ ਦਿੱਤੈ ਇਨ੍ਹਾਂ ਐਨਾ ਥੋੜ੍ਹੈ? ਐਥੇ ਆਪਣੇ ਦਫ਼ਤਰ 'ਚ ਹੋਰ ਵੀ ਉਚ ਪਦਵੀ ਬਖਸ਼ੀ ਐ 'ਬੜੇ ਭਾਈ'।

ਇਹ ਵੀ ਇੱਕ ਰਾਜ਼ ਦੀ ਗੱਲ ਆ। ਮੈਨੂੰ ਤਾਂ ਪਤਾ ਈ ਨਹੀਂ ਸੀ ਲੱਗਣਾ। ਇਹ ਗੁੱਝੀਆਂ ਰਮਜ਼ਾਂ ਨੇ

ਇਨ੍ਹਾਂ ਦੀਆਂ। ਪਿਛਲੇ ਹਫਤੇ ਤੋਂ ਮੇਰਾ ਕੁਲੀਗ ਨਿਰਮਲ ਮੇਰੇ ਨਾਲ ਬਹੁਤਾ ਈ ਮੋਹ ਜਤਾਉਂਦਾ। ਜਿੱਥੇ ਮਿਲਦਾ, ਜੱਫੀ ਪਾ ਕੇ ਮਿਲਦਿਆਂ ਆਖਦਾ, ਆ ਬਈ ਬੜੇ ਭਾਈ ਕਿਆ ਹਾਲ ਆ। ਮੈਨੂੰ ਚੰਗਾ ਚੰਗਾ ਲਗਦਾ।

''ਸ਼ਰਮਾ ਜੀ ਦੀ ਤਾਂ ਹੁਣ ਤੱਕ ਪ੍ਰਮੋਸ਼ਨ ਹੋ ਜਾਣੀ ਸੀ। ਆਹ ਰਿਜ਼ਰਵੇਸ਼ਨ ਨੇ ਮਾਰ ਲਏ। ਇਹ ਬੰਦ ਹੋਣੀ ਚਾਹੀਦੀ ਐ। ਹਾਂ... ਹਾਂ... ਬੰਦ ਹੋਣੀ ਚਾਹੀਦੀ ਆ...।'' ਸ਼ੋਰ ਉੱਚਾ ਹੋਰ ਉੱਚਾ ਹੁੰਦਾ ਜਾ ਰਿਹਾ ਹੈ।

''ਬੇਟਾ ਕੀ ਕਰ ਰਿਹਾ ਅੱਜ ਕੱਲ।'' ਮੈਡਮ ਅਗਰਵਾਲ ਪੁੱਛ ਰਹੇ ਹਨ।

''ਆਸਟੇਰਲੀਆ ਜਾ ਰਿਹੈ। ਸੋਚਿਆ ਚਲੋ ਇੰਜੀਨੀਅਰਿੰਗ ਦੀ ਡਿਗਰੀ ਲੈ ਲਵੇ। ਖਰਚਾ ਈ ਬੜਾ। ਕੀ ਪਤਾ ਉਥੇ ਈ ਸੈਟਲ ਹੋ ਜੇ। ਅਸੀਂ ਵੀ ਕਦੇ ਗੇੜਾ ਮਾਰ ਆਵਾਂਗੇ। ਬੇਟੀ ਦੀ ਜਾਬ ਤਾਂ ਵਧੀਆ। ਇਨਫੋਸੈਸ 'ਚ ਆ ਨਾ। ਤੀਹ ਕੁ ਹਜ਼ਾਰ ਮਿਲ ਜਾਂਦੈ। ਐਸ਼ ਕਰਨ ਬੱਚੇ, ਹੋਰ ਕੀ। ਸਰਕਾਰੀ ਨੌਕਰੀਆਂ ਤਾਂ ਹੁਣ ਮਿਲਣੀਆਂ ਨਈਂ। ਰਿਜ਼ਰਵੇਸ਼ਨ ਨੇ ਮਾਰ ਲਏ। ਸੱਚੀਂ ਇਹ ਬੰਦ ਹੋਣੀ ਚਾਹੀਦੀ ਆ। ਮੈਡਮ ਸ਼ਰਮਾ ਘੋਰ ਉਦਾਸੀ 'ਚ ਘਿਰ ਗਏ ਹਨ।

ਸਿਆਸੀ ਤੇ ਸਰਕਾਰੀ ਮਸ਼ੀਨਰੀ ਤੇ ਕਾਬਜ਼ ਉੱਚ ਸਮਾਜ ਦੇ ਇਨ੍ਹਾਂ ਨੌਕਰਸ਼ਾਹਾਂ ਦੀ ਇਸ ਬਦਸੂਰਤ ਸੋਚ ਤੋਂ ਸਝਿਆਨ ਆ ਰਹੀ ਹੈ ਜੋ ਡੈਕੋਰੇਟਿਡ ਏਅਰਕੰਡੀਸ਼ੰਨ ਕਮਰਿਆਂ 'ਚ ਬਹਿ ਕੜਕਦੀ ਧੁੱਪ 'ਚ ਭੁੱਜਦੇ ਆਵਾਮ ਦੀ ਕਿਸਮਤ ਦੇ ਫੈਸਲੇ ਕਰਨ ਲੱਗੇ ਝੱਟ ਔਰੰਗਜੇਬ ਬਣ ਜਾਂਦੇ ਹਨ।

ਮੈਂ ਬਹੁਤ ਘੱਟ ਬੋਲਦਾ ਹਾਂ ਜਾਂ ਸਮਝੋ ਬੋਲਣ ਦੀ ਹਿੰਮਤ ਨਹੀਂ ਰੱਖਦਾ। ਇਹ ਸੈਕੜਿਆਂ ਦੀ ਗਿਣਤੀ 'ਚ ਨੇ ਤੇ ਅਸੀਂ ਇੱਕ-ਦੁੱਕਾ ਹਾਂ। ਇਹ ਇੱਕਾ-ਦੁੱਕਾ ਵੀ ਚੁਭਦੇ ਨੇ। ਸਾਨੂੰ ਇਹ ਹਮੇਸ਼ਾ ਡੌਮੀਨੇਟ ਕਰਦੇ ਨੇ, ਗਲਤ ਪ੍ਰਾਪੇਗੰਡਾ ਕਰਕੇ।

ਮੈਨੂੰ ਗੁੱਸਾ ਆ ਰਿਹੈ। ਮੇਰਾ ਸੱਜਾ ਹੱਥ ਪੇਪਰ ਵੇਟ ਤੇ ਚਲਾ ਗਿਆ। ਪੇਪਰ ਵੇਟ ਨੂੰ ਜ਼ੋਰ ਜ਼ੋਰ ਨਾਲ ਟੇਬਲ ਤੇ ਘੁੰਮਾ ਰਿਹਾਂ। ਤਦੇ ਮੇਰੇ ਕੁਲੀਗ ਦੇ ਮੋਬਾਇਲ ਦੀ ਬੈੱਲ ਵੱਜ ਉੱਠੀ, ''ਬੱਸ ਰਹਿਣ ਦੇ ਛੇੜ ਨਾ ਦਰਦਾਂ ਨੂੰ ਇਹ ਦਰਦ ਸੁਣਾਇਆ ਨਹੀਂ ਜਾਣਾ।'' ਗੀਤ ਦੇ ਬੋਲ ਮੇਰੇ ਕੰਨਾਂ 'ਚ ਖੌਰੂ ਪਾ ਰਹੇ ਹਨ। ਮੈਂ ਸਮਝ ਨਈਂ ਪਾ ਰਿਹਾ ਕਿ ਇਹ ਦਰਦ ਕਿਸ ਦਾ ਹੈ???

ਆਓ ਇੱਕ ਹੋਰ ਦ੍ਰਿਸ਼ ਦੇਖਦੇ ਆਂ...।

ਇਹ ਪਰਮਜੀਤ ਸਿੰਘ ਬੈਂਸ ਪੂਰਾ ਬ੍ਰਹਮ ਗਿਆਨੀ ਆ ਬਈ। ''ਬੈਂਸ' ਤੋਂ ਤੁਸੀਂ ਗਲਤ ਅੰਦਾਜ਼ਾ ਨਾ ਲਗਾ ਲੈਣਾ। ਇਹ 'ਉਹ ਬੈਂਸ ਆ 'ਬੜਾ ਭਾਈ।' ਬੜਾ ਭਾਈ ਨੀਂ ਸਮਝਦੇ? ਸਾਰਾ ਜੱਗ ਜਾਣਦੈ ਯਾਰ।

ਲਓ ਸੁਣੋ ਅਜੇ ਕੱਲ੍ਹ ਦੀ ਗੱਲ ਆ। ਜੱਟਾਂ-ਜਿਮੀਂਦਾਰਾਂ ਦੇ ਇੱਕ ਅੱਧ ਮੁੰਡੇ ਨੂੰ ਈ ਵਿਆਉਂਦੇ ਸੀ। ਵੱਡੇ ਮੁੰਡੇ ਨੂੰ ਅਕਸਰ ਛੜਾ ਰੱਖ ਲਿਆ ਜਾਂਦਾ। ਛੋਟੇ ਅਕਸਰ ਉਹਨੂੰ 'ਬੜੇ ਭਾਈ' ਕਹਿ ਕੇ ਈ ਬੁਲਾਉਂਦੇ। ਜ਼ਮੀਨ ਵੰਡੀ ਨਾ ਜਾਂਦੀ।

ਹੁਣ ਤਾਂ ਇਨ੍ਹਾਂ ਦੇ ਵੀ 'ਕੱਲਾ 'ਕੱਲਾ ਵਿਆਹ ਕਰਵਾਉਂਦੈ। ਤਾਂ ਹੀ ਤਾਂ ਜ਼ਮੀਨਾਂ ਵੰਡੀਆਂ ਗਈਆਂ। ਜ਼ਮੀਨਾਂ ਬਦਲੇ ਤਾਂ ਇਹ ਬੰਦਾ ਮਾਰ ਦਿੰਦੇ ਆ ਯਾਰ।

ਮੇਰੇ ਚੇਤੇ 'ਚ ਸਾਡੇ ਪਿੰਡ ਆਲਾ ਤਾਰਾ ਸੂੰ ਉਰਫ ਝਾਂਡਾ ਉਤਰ ਆਇਐ। ਬੜੀ ਦੁਰਦਸ਼ਾ ਹੋਈ ਬਈ ਆਖਰੀ ਉਮਰੇ ਉਹਦੀ। ਇਹਨੇ ਵੀ ਪਿਓ ਦੇ ਪੁੱਤ ਨੇ ਜਿਉਂਦੇ ਜੀ ਕਿਸੇ ਗੁਆਂਢੀ ਦੀ ਵੱਟ ਨੀਂ ਛੱਡੀ ਵਿਚਾਰਾ ਮੋਟਰ ਤੇ ਈ ਮਰਿਆ ਪਿਆ ਦੇਖਿਆ। ਬਥੇਰੀ ਕਮਾਈ ਕੀਤੀ ਇਹਨੇ। ਟੁੱਟ ਟੁੱਟ ਕੇ ਮਰਿਆ ਗਰੀਬ-ਗੁਰਬਿਆਂ ਦੀ ਕਨਾਲ ਦੋ ਕਨਾਲ ਤਾਂ ਧੱਕੇ ਨਾਲ ਹੀ ਦੱਬ ਲੈਂਦਾ। ਛੋਟੇ ਭਾਈ ਪਿਆਰਾ ਸੂੰ ਨੇ ਆਖਰੀ ਉਮਰੇ ਉਹਨੂੰ ਮੋਟਰ ਤੇ ਬਿਠਾ ਛੱਡਿਆ। ਛੜਾ ਸੀ। 'ਕੱਲੀ ਜਾਨ। ਜ਼ਮੀਨ ਜਾਇਦਾਦ ਆਪਣੇ ਨਾਂ



ਲਗਵਾ ਲਈ। ਹਾਂ ਸੱਚ, ਪਿਆਰਾ ਸੂੰ ਨੇ ਵੀ ਬਾਬਿਆਂ ਤੋਂ ਨਾਮ ਲਿਆ ਹੋਇਐ। ਦੋਏ ਟੈਮ ਰੱਬ ਦਾ ਨਾਂ ਲੈਣ ਆਲੈ। ਊਂ ਹੋਰ ਦਾ ਮੈਨੂੰ ਪਤਾ ਨੀਂ, ਇਹ ਤਾਰਾ ਸੂੰ ਉਰਫ ਝਾਂਡਾ ਨੂੰ 'ਬੜੇ ਭਾਈ' ਕਹਿ ਕੇ ਈ ਬੁਲਾਉਂਦਾ ਸੀ। ਜ਼ਿੰਦਗੀ ਭਰ ਇਨ੍ਹਾਂ ਲਈ ਕਮਾਉਂਦਾ ਆਖਰੀ ਉਮਰੇ ਉਹ ਰੁਲ ਕੇ ਮਰਿਆ। ਹੁਣ ਇਨ੍ਹਾਂ ਸਾਨੂੰ ਵੀ 'ਬੜੇ ਭਾਈ'' ਦੇ ਦਰਜੇ ਨਾਲ ਨਿਵਾਇਆ ਹੋਇਐ।

ਚੱਲੋ ਛੱਡੋ ਆਪਾਂ ਕਿਆ ਲੈਣਾ। ਪਹਿਲਾਂ ਬੈਂਸ ਦੀ ਗੱਲ ਕਰਦੇ ਆਂ। ਇਹ ਹਮੇਸ਼ਾ ਡੇਰੇ ਵੜਿਆ ਰਹਿੰਦੈ। ਅਨਿਨ ਸ਼ਰਧਾਲੂ। ਇਹਦੀ ਕਿਤੇ ਨਾ ਕਿਤੇ ਸੇਵਾ ਚਲਦੀ ਰਹਿੰਦੀ ਆ। ਇਸ ਸ਼ੁਕਰਵਾਰ ਵੀ ਇਹ ਸੋਲਨ ਜਾ ਰਿਹੈ। ਦਫਤਰੀ ਟਾਈਮ 'ਚ ਪਾਠ ਕਰੀ ਜਾਂਦੈ। ਕਿਸੇ ਕੰਮ ਨੂੰ ਕਹੋ ਤਾਂ ਸੌ ਅੜਿੱਕੇ ਡਾਹੁੰਦੈ। ਫਰੀ ਜਾ ਮਜ਼ਦੂਰ ਅੱਜ ਵਾਪਸ ਮੁੜਿਆ ਤਾਂ ਦੱਸ ਰਿਹੈ, ''ਬਾਬਾ ਜੀ ਦਾ ਹੁਕਮ ਆਇਐ ਬਈ ਹਰੇਕ ਦਸ ਪਿੰਡਾਂ ਪਿੱਛੇ ਇੱਕ ਡੇਰਾ ਬਣਾਓ। ਡੇਰੇ ਦੀ ਸੇਵਾ ਚੱਲ ਰਹੀ ਆ। ਦੇਖ ਲੋ ਬਈ। ਬੜੇ ਸੇਵਕ ਆ ਗੁਰੂ ਘਰ ਦੇ। ਇਕ ਵਾਰ ਕੋਈ ਪੰਜ ਟਰੱਕ ਸੀਮਿੰਟ ਦੇ ਸਿੱਟ ਗਿਆ। ਪਿਛਲੀ ਸੇਵਾ ਤੇ ਵੀ ਕੋਈ ਦਸ ਟਰੱਕ ਸੀਮਿੰਟ ਦੇ ਛੱਡ ਗਿਆ ਸੀ। ਗੁਪਤ ਦਾਨ-ਮਹਾਂ ਕਲਿਆਣ।'' ਮੈਂ ਸੋਚ ਰਿਹਾਂ ਇਹ ਚੁਪ ਚੁਪੀਤੇ ਗੁਪਤ ਦਾਨ ਕਰਨ ਵਾਲੇ ਆਮ ਲੋਕਾਂ ਦਾ ਤਾਂ ਚਿੱਟੇ ਚਾਨਣ 'ਚ ਈ ਈ ਖ਼ੂਨ ਪੀਂ ਜਾਂਦੇ ਨੇ...।

''ਬੈਂਸ ਸਾਬ੍ਹ ਥੋਡੇ ਡੇਰੇ ਨਾਲ ਮਿਲਦੇ-ਜੁਲਦੇ ਹੋਰ ਵੀ ਕਈ ਡੇਰੇ ਨੇ ਬਾਬਿਆਂ ਦੇ? '' ਮੈਂ ਪੁੱਛਦਾ ਹਾਂ।

''ਆਹੋ ਇਹ ਸਾਰੇ ਪਹਿਲਾਂ ਇੱਕੋ ਬਾਬਾ ਜੀ ਦੇ ਸ਼ਰਧਾਲੂ ਹੁੰਦੇ ਸੀ। ਫਿਰ ਹੌਲੀ-ਹੌਲੀ ਇਨ੍ਹਾਂ ਨੇ ਆਪਣੇ ਵੱਖ ਵੱਖ ਡੇਰੇ ਬਣਾ ਲਏ। ਗੱਲ ਤਾਂ ਇੱਕੋ ਈ ਆ। ਊਂ ਸਾਡਾ ਡੇਰਾ ਸੁਪਰੀਮ ਆ। ਅਸਲੀ ਜੋਤ ਸਾਡੇ ਬਾਬਾ ਜੀ ਕੋਲ ਈ ਆ।'' ਅਖੀਰਲਾ ਫ਼ਿਕਰਾ ਉਹ ਕਾਫੀ ਜ਼ੋਰ ਦੇ ਕੇ ਬੋਲਦਾ ਹੈ।

ਮੇਰੀਆਂ ਸੋਚਾਂ 'ਚ ਇੱਕ ਵੱਡੇ ਅਮੀਰ ਘਰਾਣੇ ਅੰਦਰਲੀ ਤਾਜ਼ਾ ਖਿਚੋਤਾਣ ਉੱਤਰ ਆਈ ਐ। ਦੋਵਾਂ ਭਰਾਵਾਂ ਵਿੱਚ ਜਾਇਦਾਦ ਦੇ ਬਟਵਾਰੇ ਦਾ ਰੌਲਾ ਸਾਰਾ। ਇਲੈਕਟ੍ਰਾਨਿਕ ਮੀਡੀਆ ਪੱਬਾਂ ਭਾਰ ਹੋਇਆ ਪਿਐ। ਉਨ੍ਹਾਂ ਦੇ ਛਿੱਕਣ ਦੀ ਖਬਰ ਵੀ ਨਸ਼ਰ ਹੋ ਰਹੀ ਐ। ਇੱਧਰ ਦੋ ਭਰਾਵਾਂ 'ਚ ਜਾਇਦਾਦ ਦਾ ਹੋ ਰਿਹੈ ਤੇ ਓਧਰ ਡੇਰਿਆਂ ਦੇ ਬਟਵਾਰੇ ਹੋ ਰਹੇ ਹਨ। ਕਾਹਦੇ ਪਿੱਛੇ???

ਅਯੁੱਧਿਆ ਵਿੱਚ ਵੀ ਏਦਾਂ ਈ ਹੋ ਰਿਹੈ। ਸੋਚ ਰਿਹਾਂ ਕਿ ਮੈਂ ਹਮੇਸ਼ਾ ਪੁੱਠਾ ਈ ਕਿਉਂ ਸੋਚਦਾ ਹਾਂ।

ਬੈਂਸ 'ਤੇ ਮੈਨੂੰ ਖਿਝ ਚੜ੍ਹ ਰਹੀ ਆ। ਪਿੱਛੇ ਜਿਹੇ ਮੇਰਾ ਇੱਕ ਰਿਸ਼ਤੇਦਾਰ ਸਤਿਸੰਗ ਸੁਣਨ ਗਿਆ ਰਸਤੇ 'ਚ ਐਕਸੀਡੈਂਟ ਦੀ ਭੇਂਟ ਚੜ੍ਹ ਗਿਆ। ਬੁੜ੍ਹਾਂ ਦਾ ਭੰਨਿਆ ਵਿਚਾਰਾ ਰੂਹਾਨੀਅਤ ਦੀ ਚਰਣਾਮਤ ਲੈਣ ਗਿਆ ਜਾਨ ਤੋਂ ਹੱਥ ਧੋ ਬੈਠਾ। ਚੰਗਾ ਭਲਾ ਮਜ਼ਦੂਰੀ ਕਰਕੇ ਬੱਚੇ ਪਾਲਦਾ ਸੀ।

ਮੈਂ ਇਹਨੂੰ ਕਿਹਾ, ''ਬੈਂਸ ਸਾਬ੍ਹ ਤੁਸੀਂ ਤਾਂ ਜਥੇਦਾਰ ਓਂ ਇਹਦੇ ਪਰਿਵਾਰ ਦੀ ਮੱਦਦ ਕਰਾਓ ਕੁਸ।'' ਇਹ ਤੁਰਤ ਗੋਲਮੋਲ ਜਵਾਬ ਦੇ ਗਿਆ। ਅਖੇ, ਡੇਰੇ ਦੀ ਅਜਿਹੀ ਕੋਈ ਪਾਲਿਸੀ ਨਈਂ।''

ਮੈਂ ਸੋਚਦਾਂ ਫਿਰ ਡੇਰਾ ਥੋਡਾ ਬੈਂਗਣ ਦਾ। ਕੋਈ ਲੋਕ ਭਲਾਈ ਦਾ ਕੰਮ ਵੀ ਕਰੋ। ਪਿੰਡ ਪਿੰਡ ਜੈਦਾਦਾਂ ਬਣਾਈ ਜਾਂਦੈ ਓ। ਵਿਸ਼ਵ ਸ਼ਾਂਤੀ ਦਾ ਪਰਚਮ ਲਹਿਰਾ ਦੇ ਨੇ ਇਹ ਟੱਟੂ...?

ਸਭ ਦੁਕਾਨਦਾਰੀਆਂ। ਇੱਕ ਨੰਬਰ ਦੇ ਝੂਠੇ ਵਖਿਆਨ ਕਰਨਗੇ। ਕੁੰਡੇ ਮੇਲਦੇ ਆ। ਧਰਤੀ ਤੇ ਇਨ੍ਹਾਂ ਦੇ ਪੈਰ ਨਈਂ ਲਗਦੇ। ਖਾਂਦੇ ਇਸ ਧਰਤੀ ਦਾ ਤੇ ਗੋਗੇ ਪਤਾ ਨੀਂ ਕਿਹੜੇ ਸਵਰਗ ਦੇ ਗਾਉਂਦੇ ਆ। ਉਤੇ ਪਤਾ ਨੀਂ ਕਿਹੜਾ ਭੈਣ ਦਾ ਯਾਰ ਇਨ੍ਹਾਂ ਲਈ ਸਵਰਗ ਬਣਾਈ ਬੈਠੇ।

ਕਿਸੇ ਕਿਸਮ ਦੀ ਵੀ ਗੱਲ ਚਲਦੀ ਹੋਊ ਇਹ ਆਪਣੇ ਡੇਰੇ ਨੂੰ ਵਿੱਚ ਘਸੋੜ ਦਿੰਦੇ ਸਾਡਾ ਡੇਰਾ ਐ... ਆ... ਸਾਡੇ ਬਾਬਾ ਜੀ ਐ... ।

ਇੱਕ ਦਿਨ ਮੈਂ ਪੁੱਛਿਆ, ''ਬੈਂਸ ਸਾਬ੍ਹ ਜਾਤ-ਪਾਤ ਦਾ ਕੋਹੜ ਤਾਂ ਥੋਡੇ ਡੇਰੇ 'ਚ ਵੀ ਬਹੁਤ ਆ। ਇਹਦੇ

ਸ਼ਿਕਾਰ ਤਾਂ ਤੁਸੀਂ ਵੀ ਓ।''

ਇਹ ਪੈਰ ਤੇ ਪਾਣੀ ਨਾ ਪੈਣ ਦੇਵੇ। ਅਖੇ ਸਹੇ ਦੀਆਂ ਤਿੰਨ ਟੰਗਾਂ, ਚੌਥੀ ਹੈ ਈ ਨਈਂ। ''ਕੋਈ ਜਾਤ-ਜੁਤ ਨਈਂ ਹੁੰਦੀ ਬਈ। ਸਭ ਬਰਾਬਰ। ਇੱਕੋ ਨੂਰ ਆ। ਏਕ ਨੂਰ ਤੇ ਸਭ ਜਗ ਉਪਜਿਆ।'' ਉਹਦੇ ਸੱਜੇ ਹੱਥ ਦੇ ਅੰਗੂਠੇ ਨਾਲ ਵਾਲੀ ਪਹਿਲੀ ਉਂਗਲ ਹੁਕਮ ਦੀ ਮੁੱਦਰਾ 'ਚ ਹੈ।

ਮੈਂ ਕਿਹਾ, ''ਜੇ ਇਹ ਸੱਚ ਆ ਤਾਂ ਸਮਾਜ 'ਚ ਅੱਜ ਵੀ ਵੰਡੀਆਂ ਕਿਉਂ?? ਇਹ ਚਮਾਰ, ਇਹ ਚੂੜ੍ਹਾ, ਇਹ ਤਖਾਣ, ਇਹ ਸੈਣੀ, ਇਹ ਜੱਟ, ਇਹ ਖੱਤਰੀ, ਇਹ ਬਾਹਮਣ, ਇਹ ਬਾਣੀਆ। ਕਿਉਂ...??? ਜਾਤ-ਪਾਤ ਖੰਡਨ ਕਰਨ ਵਾਲੇ ਹੀ ਕਿਉਂ ਇਹਦੀ ਬੁਨਿਆਦ ਪੱਕੀ ਕਰ ਰਹੇ ਨੇ?

ਜੇ ਇਹੋ ਐ ਤੇਤੀ ਕਰੋੜ ਦੇਵੀ-ਦੇਵਤਿਆਂ, ਗੁਰੂਆਂ, ਪੀਰਾਂ ਦਾ ਭਾਰਤ ਮਹਾਨ ਤਾਂ ਮੈਂ ਧਾਰ ਨੀਂ ਮਾਰਦਾ...।

ਇੱਕ ਦਿਨ ਮੈਂ ਇਹਨੂੰ ਮਜ਼ਬੂਰ ਕਰਤਾ ਕਿ ਤੁਹਾਡੇ ਡੇਰੇ 'ਚ ਵੀ ਜਾਤ-ਪਾਤ ਦੀਆਂ ਜੜ੍ਹਾਂ ਉਵੇਂ ਈ ਮਜ਼ਬੂਤੀ ਨਾਲ ਲੱਗੀਆਂ ਹੋਈਆਂ ਜਿਵੇਂ ਬਾਕੀ ਥਾਂਵਾਂ 'ਤੇ। ਇਹ ਮੰਨ ਵੀ ਗਿਆ। ਪਰ ਕਹਿੰਦਾ, ''ਯਾਰ ਸਾਡੇ ਬਾਬਾ ਜੀ ਤਾਂ ਉਪਦੇਸ਼ ਈ ਦੇ ਸਕਦੇ ਆ। ਘੋਲ ਕੇ ਤਾਂ ਪਿਲਾ ਨੀਂ ਸਕਦੇ। ਲੋਕ ਕਿਹੜਾ ਮੰਨਦੇ ਆ।''

ਮੈਨੂੰ ਹਾਸਾ ਵੀ ਆਵੇ ਤੇ ਗੁੱਸਾ ਵੀ। ਬਈ ਭੜੂਆ ਜਹਾਨ ਦਿਆ ਜੇ ਤੇਰੇ ਬਾਬੇ ਦੇ ਇੱਕ ਸੁਨੇਹੇ 'ਤੇ ਸਾਰੀ ਜਨਤਾ 'ਕੱਠੀ ਹੋ ਸਕਦੀ ਆ ਤਾਂ ਇਹ ਸਮਾਜਿਕ ਬਰਾਬਰੀ ਦੀ ਸਿੱਖਿਆ ਕਿਉਂ ਨੀਂ ਮੰਨਦੇ।

ਮੇਰੀਆਂ ਸੋਚਾਂ ਵਿੱਚ ਮੇਰਾ ਪਿੰਡ ਉਤਰ ਆਇਆ। ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਬਣੀ ਆ। ਜੱਟਾਂ ਦਾ ਗੁਰਦੇਵ ਸਿੰਘ ਕੈਨੇਡਿਓਂ ਆਇਆ। ਗੁਰਦੁਆਰਾ ਸਾਹਿਬ ਲਈ ਜ਼ਮੀਨ ਸਮੇਤ ਸਾਰਾ ਖਰਚਾ ਉਸੇ ਨੇ ਕੀਤਾ। ਧੰਨ ਧੰਨ ਹੋਗੀ ਜੀ। ਸਾਹਿਬ ਹੱਥ ਵਡਿਆਈਆਂ। ਦੇਖ ਲਓ ਭਾਈ ਜਿਹਨੂੰ ਰੱਬ ਦਿੰਦਾ, ਉਹ ਦਾਨ ਵੀ ਕਰਦਾ। ਐਥੇ ਤਾਂ ਰੋਟੀ ਵੀ ਨੀ ਤੁਰਦੀ। ਸਭ ਪਿਛਲੇ ਕਰਮਾਂ ਦਾ ਸੰਬੰਧ ਆ।

ਮੇਰੇ ਹੱਥ 'ਚ ਮੈਟਰੀਮੋਨੀਅਲਜ਼ ਤੇ ਨਜ਼ਰ ਚਲੀ ਗਈ। ਕਮਾਲ ਹੋਈ ਪਈ ਆ। ਜੱਟ, ਸਿੱਖ, ਸੈਣੀ ਸਿੱਖ, ਰਾਮਗੜ੍ਹੀਆ ਸਿੱਖ, ਰਾਮਦਾਸੀਆ ਸਿੱਖ, ਮਜ੍ਹਬੀ ਸਿੱਖ...

...ਪਰ ਗੁਰਦੇਵ ਸਿੰਘ ਕੈਨੇਡਾ ਵਾਲੇ ਦੇ ਜ਼ੋਰ ਦੇਣ ਤੇ ਸਹਿਮਤੀ ਹੋ ਗਈ ਕਿ ਆਪਣੇ ਪਿੰਡ 'ਚ ਇੱਕੋ ਸਾਂਝਾ ਗੁਰਦੁਆਰਾ ਹੋਏਗਾ। ਸ੍ਰੀ ਗੁਰੂ ਰਵੀਦਾਸ ਦਾ ਜਨਮ ਦਿਨ ਮਨਾਉਣ ਦੀਆਂ ਤਿਆਰੀਆਂ ਜ਼ੋਰਾਂ ਤੇ ਹਨ। ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਵਿੱਚ ਗੁਰੂਆਂ ਦੀਆਂ ਤਸਵੀਰਾਂ ਲਗਾਈਆਂ ਜਾ ਰਹੀਆਂ ਹਨ। ਸ੍ਰੀ ਗੁਰੂ ਰਵੀਦਾਸ ਦੀ ਤਸਵੀਰ ਵੀ ਇਨ੍ਹਾਂ ਵਿੱਚ ਸ਼ਸ਼ੋਭਿਤ ਹੈ। ਪਰ ਗੁਰਦੇਵ ਸਿੰਘ ਕੈਨੇਡਾ ਵਾਲੇ ਦਾ ਪਿਓ ਕਰਤਾਰ ਸੂੰ ਹੁਕਮ ਸੁਣਾ ਰਿਹੈ, ''ਬਈ ਆਹ ਫੋਟੋ ਚੱਕੋ ਇੱਥੋਂ... ਬਾਬੇ ਰਵੀਦਾਸ ਦਾ ਸਿਰ ਨੰਗੈ।'' ਪਿੰਡ ਦਾ ਮਾਹੌਲ ਤਣਾਓਗ੍ਰਸਤ ਹੈ।

ਮੇਰੀ ਚੇਤਨਾ ਮੈਨੂੰ ਚਮਕੌਰ ਸਾਹਿਬ ਦੀ ਪਵਿੱਤਰ ਧਰਤੀ ਤੇ ਲਿਆ ਖੜ੍ਹਾ ਕਰਦੀ ਐ। ਸਵਾਗਤੀ ਗੇਟ ਤੇ ਉਕਰੀਆਂ ਅੱਲ੍ਹ ਯਾਰ ਖਾਂ ਜੋਗੀ ਜੀ ਦੀਆਂ ਇਹ ਸਤਰਾਂ ਪੜ੍ਹ ਰਿਹਾਂ, ''ਹਿੰਦ ਮੇਂ ਏਕ ਹੀ ਤੀਰਥ ਯਾਤਰਾ ਕੇ ਲੀਏ। ਕਟਾਏ ਬਾਪ ਨੇ ਬੱਚੇ ਜਹਾਂ ਖੁਦਾ ਕੇ ਲੀਏ। ਚਮਕ ਕੀ ਮਹਰ ਐ ਚਮਕੌਰ ਤੇਰੀ ਨਗਰੀ ਮੇਂ।''

ਵਾਹ... ਚਮਕੌਰ ਦੀ ਗੜ੍ਹੀ 'ਚੋਂ ਤੀਰਾਂ ਦੀ ਵਰਖਾ ਹੋ ਰਹੀ ਐ। ਮੁਗਲ ਫੌਜਾਂ ਦੇ ਪੈਰ ਉਖੜ ਗਏ ਹਨ। ਸਿੰਘ ਹੱਸ-ਹੱਸ ਸ਼ਹੀਦੀਆਂ ਪਾ ਰਹੇ ਹਨ। ਦੋਵੇਂ ਸਾਹਿਬਜ਼ਾਦੇ ਸ਼ਹੀਦੀ ਜਾਮਾ ਪਹਿਨ ਚੁੱਕੇ ਹਨ। ਪੰਜ ਪਿਆਰੇ ਗੁਰੂ ਸਾਹਿਬ ਨੂੰ ਹੁਕਮਨਾਮਾ ਸੁਣਾ ਰਹੇ ਹਨ। ਭਾਈ ਸੰਗਤ ਸਿੰਘ ਦੀ ਡਿਊਟੀ ਲੱਗ ਚੁੱਕੀ ਹੈ। ਇੰਨ-ਬਿੰਨ ਗੁਰੂ ਸਾਹਿਬ ਦੀ ਸਾਬਤ ਸੂਰਤ। ਕਲਗੀ ਭਾਈ ਸੰਗਤ ਸਿੰਘ ਦੇ ਸਿਰ ਸਜ ਚੁੱਕੀ ਹੈ। ਪੋਹ ਦੀ ਠਰੀ ਕਾਲੀ ਬੋਲੀ ਰਾਤ ਦਾ ਹਨੇਰਾ। ਗੁਰੂ ਸਾਹਿਬ ਮਾਛੀਵਾੜੇ ਦੇ ਜੰਗਲਾਂ ਵੱਲ ਵਧ ਰਹੇ ਹਨ। ਪੰਜਾਂ



ਪਿਆਰਿਆਂ, ਚਾਰਾਂ ਸਾਹਿਬਜ਼ਾਦਿਆਂ, ਮਾਤਾ ਗੁਜਰੀ ਤੇ ਹਜ਼ਾਰਾਂ ਸ਼ਹੀਦ ਸਿੰਘਾਂ ਲਈ ਮਨ ਵਿੱਚ ਅਥਾਹ ਪਿਆਰ। ਮੇਰੀਆਂ ਸੋਚਾਂ 'ਚ ਭਾਈ ਸੰਗਤ ਸਿੰਘ, ਭਾਈ ਜੈਤਾ ਜੀ ਦੇ ਅਕਸ ਉਭਰੇ ਹਨ। ਅੱਖਾਂ ਚੋਂ ਪਰਲ ਪਰਲ ਅਥਰੂ ਵਹਿ ਰਹੇ ਹਨ। ਅਗਲੇ ਹੀ ਪਲ ਮੇਰੀਆਂ ਅੱਖਾਂ 'ਚ ਵਿਦਰੋਹ ਉਤਰ ਆਇਆ। ਹੈ ਸ਼ਹਿਨਸ਼ਾਹ ਜਿਨ੍ਹਾਂ ਨੂੰ ਤੁਸਾਂ ਗਲ ਨਾਲ ਲਾਇਆ। ਗੁਰੂ ਦੇ ਬੇਟਿਆਂ ਦਾ ਦਰਜਾ ਦਿੱਤੈ। ਸਾਰੇ ਦੇਸ਼ ਸਮੇਤ ਤੁਹਾਡੇ ਸਿੰਘ ਵੀ ਇਨ੍ਹਾਂ ਦੀ ਔਲਾਦ ਨੂੰ ਆਪਣੇ ਭਰਾ ਮੰਨਣ ਪ੍ਰਤੀ ਮੀਸਣੇ ਕਿਉਂ ਹਨ?

ਪਿੰਡਾਂ ਸ਼ਹਿਰਾਂ ਵਿੱਚ ਜਾਤਾਂ ਦੇ ਨਾਂ ਤੇ ਗੁਰਦੁਆਰੇ ਬਣ ਚੁੱਕੇ ਹਨ। ਤੁਸਾਂ ਤਾਂ ਸਿੰਘ ਦੀ ਜਾਤ ਸਿਰਫ ਖਾਲਸਾ ਕਹੀ ਸੀ। ਪਰ ਇੱਥੇ ਤਾਂ ਫਿਰ ਮਨੂੰ ਦਾ ਘੋੜਾ ਦੌੜ ਰਿਹੈ।

ਮਲਕੀਅਤ ਸਿੰਘ ਮੇਰਾ ਚੰਗਾ ਦੋਸਤ ਆ। ਅਸੀਂ ਇੱਕ ਦੂਜੇ ਨਾਲ ਦਿਲ ਖੋਲ੍ਹ ਕੇ ਗੱਲ ਕਰ ਲੈਂਦੇ ਆ। ਦੁੱਖ ਸੁੱਖ ਦੇ ਸਾਂਝੀਵਾਲ। ਫੈਮਿਲੀ ਰਿਲੇਸ਼ਨਸ਼ਿਪ ਹੈ ਸਾਡੀ। ਹੁਣ ਮੇਰੇ ਮੋਬਾਈਲ ਦੀ ਸਕਰੀਨ ਤੇ ਉਹਦਾ ਮੈਸਜ਼ ਦੌੜ ਰਿਹੈ, ''ਕੌਂਗਰੇਟ-ਦੋ ਸੌ ਯੂਨਿਟ ਬਿਜਲੀ ਫਰੀ।''

ਮੈਨੂੰ ਸ਼ਰਾਰਤ ਸੁੱਝੀ। ਅਗਲੇ ਪਲ ਮੈਂ ਮੋਬਾਈਲ ਤੇ ਮੈਸਜ਼ ਟਾਈਪ ਕਰਕੇ ਭੇਜਿਆ, ''ਕੁਸ਼ ਸੜਨ ਦੀ ਬਦਬੂ ਆ ਰਹੀ ਐ।''

ਅੱਜ ਫਿਰ ਫੋਨ ਤੇ ਕਹਿੰਦਾ, ''ਬਾਈ ਅਵਤਾਰ ਸਿੰਆਂ ਥੋਨੂੰ ਜਿੰਨੀ ਮਰਜ਼ੀ ਰਿਜ਼ਰਵੇਸ਼ਨ ਮਿਲ ਜੇ, ਥੋਡੇ ਪਿੰਡਾਂ ਆਲਿਆਂ ਨੇ ਤਾਂ ਸਾਡੀਆਂ ਖੁਰਲੀਆਂ ਈ ਸਾਫ ਕਰਨੀਆਂ।''

ਮੈਨੂੰ ਗੁੱਸਾ ਤਾਂ ਆਇਆ ਪਰ ਸੋਚਦਾ ਹਾਂ ਗੱਲ ਤਾਂ ਇਹਦੀ ਸੋਲਾਂ ਆਨੇ ਸੱਚ ਆ। ਪਿੰਡਾਂ ਦੇ ਸਕੂਲਾਂ 'ਚ ਜਿਹੜੇ ਬੱਚੇ ਪੜ੍ਹਦੇ ਆ। ਦਸਵੀਂ ਤੱਕ ਵੀ ਨੀਂ ਪੁੱਜਦੇ। ਘਰੇਲੂ ਪਤਲੀ ਮਾਲੀ ਹਾਲਤ ਉਨ੍ਹਾਂ ਨੂੰ ਦਿਹਾੜੀਆਂ ਕਰਨ ਲਈ ਮਜ਼ਬੂਰ ਕਰ ਰਹੀ ਆ। ਸਕੂਲ, ਮਾਸਟਰਾਂ ਬਿਨ ਖਾਲੀ ਪਏ ਹਨ। ਉਫ... ਮੇਰਾ ਸਿਰ ਫਟ ਰਿਹੈ...।

ਊਟ-ਪਟਾਂਗ ਵਿਚਾਰਾਂ ਨੂੰ ਤਿਆਗ ਮੈਂ ਕੰਪਿਊਟਰ ਦੇ ਮਾਊਸ ਨੂੰ ਛੇੜਦਾ ਹਾਂ। ਇੰਟਰਨੈਟ ਖੁਲ੍ਹਿਆ ਹੋਇਆ। ਕੀਹਨੇ ਖੋਲ੍ਹਿਆ? ਹਾਟ ਸਾਈਟਾਂ ਖੁਲ੍ਹੀਆਂ ਪਈਆਂ ਹਨ। ਮੈਂ ਹੜਬੜਾ ਗਿਆ ਹਾਂ। ਕੋਈ ਕੁਲੀਗ ਮੈਡਮ ਆ ਜਾਂਦੀ ਤਾਂ...???

ਇਹ ਠੀਕ ਨੀਂ ਕਰਦੇ। ਲੰਚ ਵੇਲੇ। ਫਿਰ ਮੈਂ ਇਹ ਸਾਈਟਾਂ ਹੌਲੀ-ਹੌਲੀ ਬੰਦ ਕਰਨ ਲਗਦਾ ਹਾਂ।

ਜਦੋਂ ਸ਼ੁਰੂ ਸ਼ੁਰੂ 'ਚ ਆਫਿਸ 'ਚ ਕੰਪਿਊਟਰ ਆਏ। ਇੱਕ ਵਾਰ ਤਾਂ ਹੰਗਾਮਾ ਜਿਹਾ ਮਚ ਗਿਆ। ਨਵੀਆਂ-ਨਵੀਆਂ ਸੰਚਾਰ ਵਿਧੀਆਂ, ਨਵੇਂ-ਨਵੇਂ ਸਾਧਨ। ਇੰਟਰਨੈਟ, ਈਮੇਲ ਸੇਵਾਵਾਂ। ਬਹੁਤ ਸਾਰੇ ਕੰਮ ਸੌਖੇ ਹੋ ਗਏ। ਦਫ਼ਤਰੀ ਕੰਮ ਕਾਜ 'ਚ ਤੇਜ਼ੀ। ਨੋਟਿੰਗ, ਡਰਾਫਟਿੰਗ ਸੇਵਾ ਕਰੋ। ਜਦ ਚਾਹੋ ਪ੍ਰਿੰਟ ਕੱਢ ਲਵੋ।

ਇਹ ਨਾਲ ਇੱਕ ਬਿਮਾਰੀ ਵੀ ਲੈ ਆਏ। ਹਰ ਉਮਰ ਵਰਗ ਦੇ ਲੋਕ ਲੁਕ ਲੁਕ ਹਾਟ ਸਾਈਟਾਂ ਵੇਖਣ ਲੱਗੇ। ਨੀਲੀਆਂ ਫਿਲਮਾਂ ਨੇ ਤਰਥੱਲੀ ਮਚਾ ਦਿੱਤੀ। ਵੱਖ ਵੱਖ ਪੋਜ। ਵਾਤਸਾਇਨ ਤੇ ਕੋਕਾ ਪੰਡਤ ਦੇ ਕੋਕ ਸ਼ਾਸਤਰ ਦਾ ਸਾਕਾਰ ਰੂਪ।

ਸੋਚਦਾ ਹਾਂ। ਸਾਲਾ ਬੈਂਸ, ਪੰਡਤ ਰਾਧੇ ਸ਼ਿਆਮ ਨਾਲ ਮਿਲ ਕੇ ਇਹੋ ਜਿਹੀਆਂ ਸਾਈਟਾਂ ਈ ਖੋਲ੍ਹੀ ਰੱਖਦੈ। ਖਾਸ ਕਰਕੇ ਲੰਚ ਵੇਲੇ। ਤਾਂ ਹੀ ਵੋਗਨਵਿਲੀਆ ਗਾਰਡਨ 'ਚ ਘੁੰਮਣ ਨੀਂ ਜਾਂਦੇ।

ਅਕਸਰ ਇਹ ਆਪਣੀਆਂ ਕੁਲੀਗਜ਼ ਕੋਲ ਬੈਠਾ ਉਪਦੇਸ਼ ਝਾੜਦਾ ਰਹਿੰਦਾ। ਸਾਨੂੰ ਕਿਰਤ ਕਰਨੀ ਚਾਹੀਦੀ ਆ। ਨਾਮ ਜੱਪਣਾ ਚਾਹੀਦਾ। ਪਰ ਇਹਦੀਆਂ ਪਾਰਦਰਸ਼ੀ ਨਜ਼ਰਾਂ ਕਿਤੇ ਹੋਰ ਈ ਐਕਸਰੇਅ ਕਰ ਰਹੀਆਂ ਹੁੰਦੀਆਂ ਹਨ।

ਹੌਲੀ-ਹੌਲੀ ਸਭ ਨਾਰਮਲ ਹੋ ਗਿਆ। ਨਵੀਂ ਨਵੀਂ ਆਈ ਚੀਜ਼ ਕਰਿਆਸਟੀ ਵਧਾ ਦਿੰਦੀ ਆ।

ਸੱਚੀ ਦੱਸਾਂ ਯਾਰ ਊਂ ਬੰਦਾ ਹਿੱਲ ਵੀ ਤਾਂ ਜਾਂਦਾ ਈ ਆ। ਚੰਡੀਗੜ੍ਹ 'ਚ ਤਾਂ ਵੈਸੇ ਈ ਸੰਪੂਰਨ ਆਜ਼ਾਦੀ ਆ। ਹਾਂ ਸੱਚ, ਕਈ ਕੁੜੀਆਂ ਤੇ ਅਧਖੜ੍ਹ ਔਰਤਾਂ ਦੇ ਪਾਰਦਰਸ਼ੀ ਲਿਬਾਸ ਚੰਗੇ ਭਲੇ ਬੰਦੇ ਦੀ ਹਾਰਟ ਬੀਟ ਵਧਾ ਦਿੰਦੇ ਹਨ। ਮੇਰੀ ਚੇਤਨਾ 'ਚ ਹੁਣ ਰੋਜ਼ ਗਰਡਨ ਫੈਲਿਆ ਪਿਐ ਜਿੱਥੇ ਮੁਹੱਬਤ ਜਿਹੇ ਪਾਕਿ ਜਜ਼ਬੇ ਦੇ ਨਾਂ ਤੇ ਜੰਗ ਜਨਰੇਸ਼ਨ ਸ਼ਰੇਆਮ ਅਸ਼ਲੀਲ ਹਰਕਤਾਂ ਕਰ ਰਹੀ ਹੈ, ਸਕੂਲਾਂ ਦੇ ਇਹ ਟੀਨੇਜ਼ਰ ਬੱਚੇ। ਹੋਰ ਸੁਣੋ ਅੱਧਖੜ੍ਹ ਵੀ ਘੱਟ ਨੀਂ।

ਟੀ. ਵੀ. ਚੈਨਲ ਵੀ ਅੱਜ ਕੱਲ੍ਹ ਜੀ. ਬੀ. ਰੋਡ ਬਣੇ ਹੋਏ ਨੇ। ਬੱਚਿਆਂ ਤੇ ਭੈੜਾ ਅਸਰ ਹੋ ਰਿਹਾ। ਮੇਰੇ ਦਿਮਾਗ਼ 'ਚ ਅੱਜ ਦੀ ਤਾਜ਼ਾ ਖਬਰ ਘੁੰਮ ਰਹੀ ਆ, "ਪੀ. ਐਚ. ਡੀ. ਅਮੀਰਜ਼ਾਦੀ ਹਾਂਡਾ ਸਿਟੀ ਕਾਰ ਤੇ ਕਰ ਰਹੀ ਸੀ ਜਿਸਮਫਰੋਸ਼ੀ ਦਾ ਧੰਦਾ।"

ਤੋਬਾ ਤੋਬਾ!!

ਮੇਰਾ ਧਿਆਨ ਸਾਡੇ ਪਿੰਡ ਵਾਲੀ ਮਲਕੀਤੋ ਵੱਲ ਚਲਾ ਗਿਆ। ਸੁੱਕਿਆ ਜਿਸਮ। ਚਿਹਰੇ ਤੇ ਉਡਦੀਆਂ ਹਵਾਈਆਂ। ਭੱਦਾ ਜਿਹਾ ਮੇਕ-ਅੱਪ। ਪਿਛਲੇ ਹਫਤੇ ਪਿੰਡ ਗਿਆ ਤਾਂ ਦੋਸਤ ਦੱਸ ਰਿਹਾ, ਸਾਲੀ ਧੰਦਾ ਕਰਦੀ ਆ। ਇੱਥੇ ਵੀ ਕੋਈ ਨਾ ਕੋਈ ਆਇਆ ਈ ਰਹਿੰਦੈ। ਘਰ ਆਲਾ ਊਂ ਸ਼ਰਾਬੀ ਆ। ਹੁਣ ਤਾਂ ਭੁੱਕੀ ਵੀ ਖਾਣ ਲੱਗ ਪਿਆ। ਜਿੰਨੀ ਦਿਹਾੜੀ ਕਰਦਾ, ਆਪੇ ਖਾ ਜਾਂਦਾ। ਨਿਆਣੇ ਜੁਦੇ ਵਿਲਕਦੇ ਆ। ਇਹ ਸਾਲੀ ਰੋਜ਼ ਈ ਤੁਰੀ ਰਹਿੰਦੀ ਆ। ਕਦੇ ਕਿਸੇ ਨਾਲ ਤੇ ਕਦੇ ਕਿਸੇ ਨਾਲ।

ਸੋਚਦਾ ਹਾਂ ਇਹ ਤਾਂ ਮਜ਼ਬੂਰੀ 'ਚ ਧੰਦਾ ਕਰਦੀ ਹੋਊ ਪਰ ਇਹ ਹਾਂਡਾ ਸਿਟੀ ਆਲੀ ਦੀ ਕੀ ਮਜ਼ਬੂਰੀ ਹੋਈ ਬਈ?

ਸਿਰ 'ਚ ਤੇਜ਼ ਦਰਦ ਕਾਰਣ ਮੈਂ ਗੋਲੀ ਖਾਧੀ ਹੈ। ਹੁਣ ਮੈਨੂੰ ਨੀਂਦ ਆ ਰਹੀ ਆ...

ਸੜਕ ਤੇ ਚੌਫ਼ਾਲ ਪਿਆ ਹਾਂ। ਹਾਂਡਾ ਸਿਟੀ ਆਲੀ ਅਮੀਰਜ਼ਾਦੀ ਨੇ ਮੈਨੂੰ ਆਪਣੀ ਚਮਚਮਾਂਦੀ ਗੱਡੀ ਥੱਲੇ ਲਿਤਾੜ ਸੁੱਟਿਐ। ਹੈਂ... ਇਹ ਕੀ... "ਜਰਵਾਣਿਆਂ ਜਿਸ ਦਲਿਤ ਕੁੜੀ ਦਾ ਰੇਪ ਕਰ ਉਹਦੇ ਬਾਪ ਦੀਆਂ ਲੱਤਾਂ ਬਾਹਾਂ ਵੱਢ ਦਿੱਤੀਆਂ ਸਨ, ਉਹ ਵੀ ਲਹੂ ਲੁਹਾਨ, ਪਿਐ ਤੜਪ ਰਿਹੈ। "ਹੈਂ! ਇਹ.... ??? ਪਰਮਜੀਤ ਸਿੰਘ ਬੈਂਸ ਤੇ ਮਿਸਟਰ ਸ਼ਰਮਾ ਵੀ ਉਹਦੀ ਕਾਰ 'ਚੋਂ ਉਤਰੇ ਹਨ ਤੇ ਸਾਡੇ ਵੱਲ ਦੇਖ ਦੇਖ ਉਚੀ ਉਚੀ ਹੱਸ ਰਹੇ ਹਨ... ਸਾਥੋਂ ਦਸ ਕੁ ਕਦਮ ਦੀ ਵਿੱਥ ਤੇ ਦੋ ਸਾਨ੍ਹ ਆਪਸ ਵਿੱਚ ਭਿੜ੍ਹ ਰਹੇ ਹਨ।... ਹੁਣ ਸਾਡੇ ਵੱਲ ਨੂੰ ਭੱਜ ਪਏ ਹਨ। ਮੈਂ ਲਹੂ ਤੇ ਪਸੀਨੇ ਨਾਲ ਭਿੱਜਾ ਪਿਆ ਹਾਂ ... ਮੈਥੋਂ ਬੋਲਿਆ ਨਈਂ ਜਾ ਰਿਹਾ... ਮੇਰੇ ਮੂੰਹੋਂ ਜ਼ੋਰ ਦੀ ਚੀਕ ਨਿੱਕਲ ਗਈ।

"ਕੀ ਹੋਇਆ? ? ਕੋਈ ਬੁਰਾ ਸੁਪਨਾ ਦੇਖਿਆ ???" ਪਤਨੀ ਮੈਨੂੰ ਹਲੂਣਦੀ ਹੋਈ ਕਈ ਸਵਾਲ ਪੁੱਛ ਰਹੀ ਐ।

ਕੰਧ ਤੇ ਲੱਗੇ ਕਲਾਕ ਵੱਲ ਵੇਖਿਆ ਹਾਲੇ ਤਾਂ ਸਾਢੇ ਗਿਆਰਾਂ ਵੱਜੇ ਹਨ। ਸਿਆਣੇ ਕਹਿੰਦੇ ਨੇ ਬਾਰਾਂ ਵਜੇ ਤੱਕ ਤਾਂ ਭੂਤਾਂ ਦਾ ਪਹਿਰਾ ਹੁੰਦੈ। ਬਾਹਰ ਤੇਜ਼ ਝੱਖੜ ਚੱਲ ਰਿਹੈ... ਤੇ ਮੇਰੇ ਅੰਦਰ ਵੀ ਕਿਧਰੇ। ਮੈਂ ਫਿਰ ਸੌਣ ਦੀ ਕੋਸ਼ਿਸ਼ ਕਰਦਾ ਹਾਂ ਪਰ ਨੀਂਦ ਨਹੀਂ ਆ ਰਹੀ। ਲਾਈਟ ਚਲੀ ਗਈ ਸ਼ਾਇਦ... ਚੁਫੇਰੇ ਗਾੜ੍ਹਾ ਹਨੇਰਾ ਪਸਰਿਆ ਪਿਆ ਹੈ। ਮੇਰੇ ਅੰਦਰ ਕੁਝ ਸੁਲਗ ਰਿਹਾ ਹੈ... ਜਾਂ ਮੇਰੇ ਅੰਦਰੋਂ ਕੁਝ ਸੜ ਰਿਹਾ ਹੈ... ਜਾਂ ਬਾਹਰ ਕੁਝ ਸੜ ਰਿਹਾ ਹੈ... ਬਸ ਮੈਨੂੰ ਐਨਾ ਪਤਾ ਹੈ ਕੁਝ ਸੜ ਜ਼ਰੂਰ ਰਿਹਾ ਹੈ... ਤਾਂ ਹੀ ਤਾਂ ਮੇਰੇ ਸੰਘ ਨੂੰ ਧੂੰਆਂ ਚੜ੍ਹ ਰਿਹਾ ... ਸੜਨ ਦੀ ਗੰਧ ਆ ਰਹੀ ਏ। ੦

ਪਤਾ- 322, ਵਾਰਡ ਨੰਬਰ-3, ਐੱਚ. ਐਮ. ਟੀ. ਕਲੋਨੀ, ਮੁੰਡੀ ਖਰੜ, ਰੋਪੜ।



## ਜ਼ਖ਼ਮ / ਅਨੁਰਾਧਾ ਸ਼ਰਮਾ



ਅਨੁਰਾਧਾ ਸ਼ਰਮਾ

ਉਹਦੇ ਮਨ 'ਤੇ ਉਦੋਂ ਬਹੁਤ ਬੋਝ ਪਿਆ ਜਦੋਂ ਉਸ ਆਪਣੇ ਆਸ਼ਕ ਬਣੇ ਪਤੀ ਨਾਲੋਂ ਸਾਰੀ ਸਾਂਝ ਤੋੜਨ ਦੀ ਗੱਲ ਕਾਗਜ਼ 'ਤੇ ਝਰੀਟੀ ਸੀ। ਇਹ ਕਾਗਜ਼ ਦਾ ਟੁੱਕੜਾ ਉਹ ਘਰ ਦੇ ਬੈੱਡ ਦੀ ਨੁੱਕਰ 'ਤੇ ਰੱਖ ਕੇ ਜਾਣਾ ਨਹੀਂ ਸੀ ਚਾਹੁੰਦੀ, ਜਿਥੇ ਉਹ ਪਿਛਲੇ ਛੇ-ਸੱਤ ਮਹੀਨੇ ਤੋਂ ਮਧੋਲ ਹੁੰਦੀ ਰਹੀ ਸੀ। ਉਸ ਦੇ ਭਰਮ ਦੇ ਟੁੱਕੜ ਇਸ ਬੈੱਡ ਉੱਤੇ ਖਿੰਡੇ ਪਏ ਸਨ। ਉਸ ਨੇ ਇਹ ਫੈਸਲਾ ਇਕ ਦਮ ਨਹੀਂ ਸੀ ਲਿਆ। ਪਤਾ ਨਹੀਂ ਉਹ ਕਿੰਨੀ ਵਾਰ ਰੋਈ ਸੀ। ਇਸ ਘਰ ਵਿਚ ਦੋਹਾਂ ਨੇ ਪਿਆਰ ਦੇ ਬਹੁਤ ਸਾਰੇ ਸੁਪਨੇ ਬੀਜੇ ਸਨ। ਹਾਸੇ ਦਾ ਪਾਣੀ ਪਾਇਆ ਸੀ। ਚੁੰਮਣਾ ਦੇ ਅਦਾਨ ਪ੍ਰਦਾਨ ਦੀ ਖਾਦ ਪਾਈ ਸੀ। ਪਰ ਇਨ੍ਹਾਂ ਸੁਪਨਿਆਂ ਦੇ ਹਰੇ ਕਚੂਰ ਪੱਤੇ ਉਦੋਂ ਸੁੱਕਣ ਲੱਗ ਪਏ ਜਦੋਂ ਉਨ੍ਹਾਂ ਦੋਹਾਂ ਵਿਚਕਾਰ ਤੀਜੇ ਬੰਦੇ ਦੀ ਹਰੀ ਸੁੰਡੀ ਪਈ ਸੀ। ਉਸ ਸੁੰਡੀ ਨੇ ਹਰੇ ਕਚੂਰ ਪੱਤੇ ਖਾਣੇ ਨਹੀਂ ਮਧੋਲਣੇ ਸ਼ੁਰੂ ਕਰ ਦਿੱਤੇ ਸਨ। ਦੀਪੇ ਦੀ ਨੀਵੀਂ ਜਾਤ ਹੋਣ ਦੇ ਬਾਵਜੂਦ ਉਹ ਉਹਦੇ ਅੱਧ ਕੱਚੇ-ਅੱਧ ਪੱਕੇ ਘਰ ਵਿਚ ਆਈ ਸੀ। ਉਹ ਜਦੋਂ ਕਮਰੇ ਵਿਚ ਹੁੰਦੇ, ਇਕ ਦੂਜੇ ਦੇ ਸਾਹਾਂ ਦੀ ਮਹਿਕ ਲੈ ਰਹੇ ਹੁੰਦੇ ਤਾਂ ਬਾਹਰ ਕੋਈ ਪਿੰਡ ਦੀ ਤੀਵੀ ਮਸ਼ਕਰੀ ਵਾਲੇ ਲਹਿਜੇ ਨਾਲ ਕਹਿੰਦੀ, 'ਨੀਂ ਦੀਪੇ ਦੀ ਵਹੁਟੀ ਤਾਂ ਅੰਦਰੋਂ ਨੀਂ ਨਿਕਲਦੀ, ਪਤਾ ਨੀਂ ਦੋਵੇਂ ਕੀ ਖਿਚੜੀ ਪਕਾਈ ਜਾਂਦੇ ਆ।" ਦੂਜੀ ਕਹਿੰਦੀ, "ਨੀਂ ਖਿਚੜੀ ਕਾਹਨੂੰ ਬਦਾਮਾ ਵਾਲੀ ਖੀਰ ਰਿੱਝਦੀ ਹਊ ਅੰਦਰ।"

ਤਾਂ ਕਿਰਨ ਉਨ੍ਹਾਂ ਦੀ ਗੱਲਾਂ ਅੰਦਰ ਬੈਠੀ ਸੁਣ ਕੇ ਮੰਨ ਅੰਦਰ ਲਾਡੂ ਭੋਰਦੀ। ਦੀਪਾ ਭਾਵੇਂ ਘੱਟ ਪੜ੍ਹਿਆ ਸੀ। ਹੈ ਵੀ ਨੀਵੀਂ ਜਾਤ ਦਾ। ਪਤਾ ਨਹੀਂ ਕਿਰਨ ਨੇ ਉਹਦੇ ਵਿਚ ਕੀ ਦੇਖਿਆ ਸੀ? ਬਸ ਘਰ ਦਿਆਂ ਦੀ ਮਰਜ਼ੀ ਦੇ ਖਿਲਾਫ਼ ਜਾ ਕੇ ਉਹਦੀ ਹੋ ਕੇ ਰਹਿ ਗਈ ਸੀ। ਉਹਦੇ ਪਿਤਾ ਦੇ ਬੋਲ, "ਡੰਗਰ ਮੁੰਡੇ ਨਾਲ ਵਿਆਹ ਕਰਵਾ ਕੇ ਪਛਤਾਵੇਂਗੀ, ਬਾਅਦ ਵਿਚ ਕਿਸੇ ਨੇ ਮੂੰਹ ਨਹੀਂ ਲਾਉਣਾ।" ਇਹ ਬੋਲ ਉਹਦੇ ਮਨ ਵਿਚ ਕਿਰਚ ਵਾਂਗ ਖੁੱਭੇ ਸਨ। ਦੋਹਾਂ ਘਰਾਂ ਵਿਚ ਖਿਚਾਅ ਬਣਿਆ ਰਿਹਾ ਸਾਗਰ ਦੀਆਂ ਛੱਲਾਂ ਉਪਰ ਨੂੰ ਉੱਠੀਆ। ਇਕ ਤਣਾਓ ਵਿਚ ਦੋਹਾਂ ਨੇ ਕੋਰਟ ਮੈਰਿਜ਼ ਕਰਵਾ ਲਈ। ਤੇ ਦੀਪ ਆਪਣੀ ਪ੍ਰੇਮਿਕਾ ਨੂੰ ਵਹੁਟੀ ਬਣਾ ਕੇ ਘਰ ਲੈ ਆਇਆ। ਘਰ ਦੇ ਡਰੇ, ਚੀਕੇ, ਫਿਰ ਸ਼ਾਂਤ ਹੋ ਗਏ। ਇਕ ਰਾਤ ਦੀਪਾ ਦਾਰੂ ਨਾਲ ਟੁੰਨ ਹੋਇਆ ਘਰ ਆ ਗਿਆ। ਕਿਰਨ ਉਹਦਾ ਇਹ ਰੂਪ ਦੇਖ ਕੇ ਮਿੱਟੀ ਹੋ ਗਈ। "ਸਾਲਿਆ ਨੇ ਜ਼ਬਰਦਸਤੀ ਪਿਲਾ ਦਿੱਤੀ।" ਕਹਿ ਕੇ ਉਹਨੇ ਕਿਰਨ ਨੂੰ ਬੈੱਡ 'ਤੇ ਸੁੱਟ ਲਿਆ। ਬੜਾ ਬੇਰਹਿਮ ਹੋ ਕੇ ਉਹ ਕਿਰਨ ਨੂੰ ਮਧੋਲ ਰਿਹਾ ਸੀ। ਕਿਰਨ ਉਹਦੇ ਇਸ ਵਰਤਾਓ ਵੱਲ ਦੇਖ ਕੇ ਠੰਢੀ ਯੱਖ ਹੋ ਰਹੀ ਸੀ। ਦਾਰੂ ਪੀਣ ਦਾ ਰੁਝਾਨ ਵੱਧਣ ਲੱਗ ਪਿਆ ਸੀ, 'ਕਿਰਨ ਅੱਜ ਮੇਰੇ ਦੋਸਤ ਦੇ ਘਰ ਪਾਰਟੀ ਸੀ... ਕਿਰਨ ਅੱਜ ਠੇਕੇਦਾਰ ਹਟਿਆ ਨਹੀਂ ਕਹੇ ਲਾ ਲੈ ਦੋ ਪੈੱਗ... ਅੱਜ... ਅੱਜ...' ਉਹ ਜਦੋਂ ਪੀ ਕੇ ਆਉਂਦਾ ਕੋਈ ਨਾ ਕੋਈ ਬਹਾਨਾ ਕਿਰਨ ਅੱਗੇ ਘੜ ਲੈਂਦਾ। ਜੇ ਕਿਰਨ ਆਪਣੀ ਸੱਸ ਨੂੰ ਦੀਪੇ ਬਾਰੇ ਕਹਿੰਦੀ ਤਾਂ ਉਹ ਅੱਗਿਓ ਟੁੱਟ ਕੇ ਪੈਂਦੀ, "ਨੀ ਪਹਿਲਾ ਨੀ ਤੈਨੂੰ ਪਤਾ ਸੀ। ਹੁਣ ਖੇਖਣ ਕਰਦੀ ਪਈ ਏਂ।" ਸੱਸ ਦਾ ਇਹ ਰੂਪ ਦੇਖ ਕੇ ਕਿਰਨ ਟੁੱਟ ਜਿਹੀ ਗਈ। ਕਿਰਨ ਨੇ ਉਹਨੂੰ ਪਿਆਰ ਨਾਲ ਸਮਝਾਉਣ ਦਾ ਯਤਨ ਵੀ ਕੀਤਾ ਪਰ ਗੱਲ ਨਾ ਬਣੀ। ਪਰ ਇਕ ਦਿਨ ਤਾਂ ਹੱਦ ਹੀ ਹੋ ਗਈ। ਦੀਪਾ ਰੱਜ ਕੇ ਦਾਰੂ ਪੀ ਕੇ ਆਇਆ। ਦਰਾਂ ਵਿਚ ਆ ਕੇ ਡਿੱਗ ਪਿਆ। ਜਦੋਂ ਕਿਰਨ ਗੁੱਸੇ ਵਿਚ ਬੋਲਣ ਲੱਗੀ ਤਾਂ ਉਹਨੇ ਦੋ-ਚਾਰ ਹੂਰੇ, ਥੱਪੜ ਕਿਰਨ ਦੇ ਲਾ ਦਿੱਤੇ, "ਸਾਲੀ ਕੁੱਤੀ ਮੈਨੂੰ ਤੋਤਾ ਸਮਝਦੀ ਏ, ਪਿੰਜਰੇ ਵਿਚ ਬੰਦ ਕਰ ਕੇ ਰੱਖਣਾ ਚਹੁੰਦੀ ਏ। ਕਹੂ ਗੰਗਾ ਰਾਮ ਚੂਰੀ ਖਾਣੀ ਆ ਤੇ ਅੱਗੋ ਮੇਰੇ ਤੋਂ ਆਸ ਰੱਖਦੀ ਏ ਕਹਿ ਦੀਪੇ ਖਾਣੀ ਆ। ਸਾਲੀਏ ਮੈਂ ਕੋਈ ਤੋਤਾ ਆ। ਮੈਂ ਮਰਦ ਆ। ਤੇਰਾ ਖ਼ਸਮ ਆ। ਭੁੱਲ ਜਾ ਪਿਛਲੀਆਂ ਗੱਲਾਂ। ਅਮੀਰਜ਼ਾਦੀ ਹੋਵੇਂਗੀ ਤਾਂ ਆਪਣੇ ਘਰ ਹੋਵੇਂਗੀ। ਮੈਂ ਤਾਂ ਨਿੱਤ ਪੀਣੀ ਆ। ਕਰ ਲੈ ਜੋ ਕਰਨਾ ਏ।" ਦੀਪਾ ਬੋਲਦਾ ਗਿਆ ਸੀ। ਫਿਰ ਉਹ ਉੱਠਿਆ ਸੀ। ਉਹਦੀਆਂ ਅੱਖਾਂ 'ਚ

ਵਾਸ਼ਨਾ ਦੇ ਭਿਆਨਿਕ ਡੋਰੇ ਦੇਖ ਕੇ ਕਿਰਨ ਡਰ ਗਈ ਸੀ। ਪਰ ਦੀਪਾ ਉਹਨੂੰ ਆਪਣੇ ਕਮਰੇ ਵਿਚ ਧੂਹ ਕੇ ਲੈ ਗਿਆ ਸੀ। ਸੱਸ ਦੇਖਦੀ ਰਹੀ ਸੀ। ਹਬੜਿਆ ਵਾਂਗ ਉਹਨੂੰ ਚਰੂੰਡਣ ਲੱਗ ਪਿਆ ਸੀ। ਕਿਰਨ ਲੱਤਾਂ-ਪੈਰ ਪੂਰੀ ਤਾਕਤ ਨਾਲ ਮਾਰ ਰਹੀ ਸੀ। ਪਤਾ ਨਹੀਂ ਉਦੋਂ ਉਸ ਵਿਚ ਜ਼ੋਰ ਕਿਥੋਂ ਆ ਗਿਆ ਸੀ। ਦਾਰੂ ਦੀ ਹਵਾੜ ਨਾਲ ਪੂਰਾ ਕਮਰਾ ਭਰ ਗਿਆ ਉਹਨੂੰ ਲੱਗਾ। ਫਿਰ ਉਹਨੂੰ ਲੱਗਾ ਸੀ ਕਿ ਉਹ ਜਿਵੇਂ ਬੇਸੁਰਤ ਜਿਹੀ ਹੋ ਰਹੀ ਹੋਵੇ। ਦੀਪੇ ਦਾ ਜ਼ੋਰ ਤੇ ਜ਼ਬਰ ਉਸ 'ਤੇ ਹਾਵੀ ਹੋਣ ਲੱਗ ਪਿਆ ਸੀ। ਜਦੋਂ ਕਿਰਨ ਨੂੰ ਸੁਰਤ ਆਈ ਸੀ ਤਾਂ ਉਹਨੂੰ ਲੱਗਾ ਸੀ, ਜਿਵੇਂ ਬਹੁਤ ਕੁਝ ਉਹਦੇ ਅੰਦਰੋਂ ਕੁਝ ਟੁੱਟ ਗਿਆ ਸੀ। ਉਹਨੂੰ ਆਪਣੇ ਮਾਪੇ ਚੇਤੇ ਆਉਂਦੇ। ਬਾਪ ਦੇ ਬੋਲ ਚੇਤੇ ਆਉਂਦੇ ਤਾਂ ਉਹਦਾ ਗਲਾ ਭਰ ਆਉਂਦਾ। ਉਹ ਰੋਣ ਲੱਗ ਪੈਂਦੀ। ਸਵੇਰੇ ਉੱਠ ਕੇ ਉਸ ਨੇ ਦੀਪੇ ਨੂੰ ਕਿਹਾ ਸੀ, 'ਦੀਪੇ ਤੂੰ ਮੈਨੂੰ ਇਸ ਤਰ੍ਹਾਂ ਕਿਓਂ ਤੜਫਾਉਂਦਾ ਏ। ਨਿੱਤ ਸ਼ਰਾਬ ਪੀ ਕੇ ਆਖਰ ਤੂੰ ਕੀ ਦੱਸਣਾ ਚਾਹੁੰਦਾ ਏ। ਮੈਂ ਤੇਰੇ ਨਾਲ ਪਿਆਰ ਕੀਤਾ ਸੀ। ਤੂੰ ਮੈਨੂੰ ਪਿਆਰ ਦਾ ਇਹ ਤੋਹਫ਼ਾ ਦੇ ਰਿਹਾ ਏ।''

''ਅਜੇ ਤਾਂ ਕੁਝ ਵੀ ਨਹੀਂ ਤੂੰ ਦੇਖੀ ਜਾ ਹੁਣ।'' ਦੀਪਾ ਬੇਫ਼ਿਕਰ ਹੋ ਕੇ ਕਹਿਣ ਲੱਗਾ ਸੀ।

ਕਿਰਨ ਦਾ ਮਨ ਕਰਦਾ ਉਸ ਸਦਾ ਲਈ ਆਪਣੇ ਮਾਪਿਆ ਕੋਲ ਚਲੀ ਜਾਵੇ। ਉਹਦੇ ਨਾਲ ਸੱਚਮੁੱਚ ਹੀ ਧੋਖਾ ਹੋਇਆ ਸੀ। ਉਹਨੂੰ ਦੀਪੇ ਦਾ ਪਿਆਰ ਹਾਥੀ ਦੇ ਦੰਦਾਂ ਵਰਗਾ ਲੱਗੇ ਸੀ, ਜਿਹੜੇ ਖਾਣ ਲਈ ਹੋਰ ਸਨ ਤੇ ਦਿਖਾਣ ਲਈ ਹੋਰ। ਕੱਲ੍ਹ ਤਾਂ ਹੱਦ ਹੀ ਹੋ ਗਈ ਸੀ। ਦੀਪਾ ਦਾਰੂ ਪੀ ਕੇ ਰਾਤੀ ਨੌਂ ਵਜੇ ਘਰ ਆਇਆ ਸੀ। ਫੇਰ ਟੀ. ਵੀ. ਵੇਖਦਾ ਰਿਹਾ ਬੜੇ ਪਿਆਰ ਨਾਲ ਕਿਰਨ ਨੂੰ ਪੁਚਕਾਰਦਾ ਰਿਹਾ ਸੀ। ਕਿਰਨ ਨੂੰ ਲੱਗਾ ਕਿ ਅੱਜ ਇਹਨੂੰ ਕੀ ਹੋ ਗਿਆ ਹੈ? ਇਕ ਵਾਰ ਉਹਨੂੰ ਬੜਾ ਅਜੀਬ ਜਿਹਾ ਵੀ ਲੱਗਾ। ਦੋਹਾਂ ਨੇ ਇਕੱਠਿਆ ਰੋਟੀ ਖਾਧੀ, ਗੱਲਾਂ ਕੀਤੀਆਂ ਰਾਤ ਡੂੰਘੀ ਉਤਰ ਰਹੀ ਸੀ। ਉਸ ਦੀ ਸੱਸ ਵੀ ਸੌਂ ਗਈ ਸੀ। ਬੱਤੀ ਬੁਝਾ ਕੇ ਦੀਪਾ ਕਿਰਨ ਦੇ ਸਰੀਰ ਨੂੰ ਪਲੋਸਦਾ ਰਿਹਾ। ਦੀਪਾ ਅੱਜ ਬੱਤੀ ਬੁਝਾ ਕੇ ਇਹ ਸਭ ਕੁਝ ਕਿਓ ਕਰ ਰਿਹਾ ਹੈ। ਉਹਨੂੰ ਦੀਪੇ ਦਾ ਵਰਤਾਓ ਅਜੀਬ ਜਿਹਾ ਲੱਗਾ। ਪਰ ਉਹ ਉਹਦਾ ਸਾਥ ਦਿੰਦੀ ਰਹੀ। ਫਿਰ ਉਹ ਕੁਝ ਦੇਰ ਬਾਅਦ ਕਿਰਨ ਨੂੰ ਕਹਿਣ ਲੱਗਾ, ''ਮੈਂ ਦੋ ਮਿੰਟ ਬਾਥਰੂਮ ਜਾ ਆਵਾ, ਤੂੰ ਨਾਇਟੀ ਉਤਾਰ ਦੇ... '' ਤੇ ਉਹ ਉਹਦੇ ਨਾਲੋਂ ਉੱਠ ਕੇ ਚਲੇ ਗਿਆ ਸੀ। ਫਿਰ ਕੁਝ ਪਲਾ ਬਾਅਦ ਇਕ ਪਰਛਾਵਾਂ ਉਹਦੇ ਵੱਲ ਵੱਧਿਆ। ਕਿਰਨ ਪਰਛਾਵੇਂ ਵੱਲ ਦੇਖ ਕੇ ਮਦਹੋਸ ਹੋ ਗਈ। ਉਹ ਆਉਂਦਾ ਹੀ ਉਹਨੂੰ ਮਧੋਲਣ ਲੱਗ ਪਿਆ। 'ਹੈਂ ਇਹਨੂੰ ਇਕਦਮ ਕੀ ਹੋ ਗਿਆ? ' ਉਦੋਂ ਕਿਰਨ ਨੇ ਸੋਚਿਆ ਸੀ। ਖ਼ੈਰ ਉਹ ਉਹਦਾ ਸਾਥ ਦਿੰਦੀ ਰਹੀ। ਕਿਰਨ 'ਤੇ ਵੀ ਉਦੋਂ ਪਿਆਰ ਦਾ ਫ਼ਤੂਰ ਸਵਾਰ ਸੀ। ਆਖਰ ਦੋਵੇਂ ਕੁਝ ਚਿਰ ਬਾਅਦ ਠੰਡੇ ਹੋ ਗਏ। ਉਦੋਂ ਹੀ ਕਿਰਨ ਨੂੰ ਲੱਗਾ ਕਿ ਦੀਪੇ ਦਾ ਵਰਤਾਓ ਓਪਰਾ ਜਿਹਾ ਸੀ। ਉਹਨੇ ਚਿਹਰੇ 'ਤੇ ਹੱਥ ਫੇਰਿਆ ਤਾਂ ਉਹ ਡਰ ਦੀ ਮਾਰੀ ਕੰਬ ਕੇ ਰਹਿ ਗਈ। ਡਰਦੇ ਮਾਰੇ ਉਹਦੀ ਚੀਕ ਨਿਕਲ ਜਾਣੀ ਸੀ ਜੇ ਓਪਰਾ ਹੱਥ ਉਹਦੇ ਮੂੰਹ 'ਤੇ ਰੱਖਿਆ ਨਾ ਗਿਆ ਹੁੰਦਾ। ਫਿਰ ਉਹ ਪਰਛਾਵਾਂ ਬੂਹਿਓਂ ਬਾਹਰ ਚਲੇ ਗਿਆ। ਇਕ ਹੋਰ ਪਰਛਾਵਾਂ ਅੰਦਰ ਆ ਗਿਆ। ਕਿਰਨ ਬੱਤੀ ਜਗਾ ਕੇ ਚੀਕੀ ਸੀ, ''ਪਾਪੀ ਤੈਂ ਮੈਨੂੰ ਧੰਦੇ ਵਾਲੀ ਸਮਝ ਲਿਆ ਏ। ਤੂੰ ਮੇਰਾ ਪ੍ਰੇਮੀ ਨਹੀਂ ... ਮੇਰਾ ਪਤੀ ਨਹੀਂ... ਤੂੰ ਤੂੰ ਦੱਲਾ ਏਂ ...। ' ਤੇ ਉਹ ਫੁੱਟ ਫੁੱਟ ਕੇ ਰੋ ਪਈ ਸੀ।

ਉਹ ਸਾਰੀ ਰਾਤ ਸੋਚਦੀ ਰਹੀ ਸੀ ਕਿ ਬੰਦਾ ਏਥੋਂ ਤੱਕ ਗਿਰ ਜਾਂਦਾ ਹੈ। ਉਹ ਬੰਦਾ ਜਿਹੜਾ ਪਿਆਰ ਵਿਚ ਤਾਰੇ ਤੋੜਨ ਜਾਂਦਾ ਏ। ਪਤੀ ਬਣ ਕੇ ਹੰਕਾਰ ਨਾਲ ਭਰਿਆ ਜਾਂਦਾ ਏ। ਉਹ ਸਾਰੀ ਰਾਤ ਸੋਚਦੀ ਰਹੀ ਸੀ ਹੁਣ ਉਹਦਾ ਕੀ ਬਣੇਗਾ? ਉਹ ਕਿੱਥੇ ਜਾਵੇਗੀ? ਕੀ ਕਰੇਗੀ? ਪਰ ਉਹਦੇ ਮੂਹਰੇ ਸਾਰੇ ਰਸਤੇ ਧੁੰਦਲੇ ਸਨ। ਅੱਜ ਦੁਪਹਿਰ ਨੂੰ ਜਦੋਂ ਉਹਦੀ ਸੱਸ ਉਹਦੇ ਲਈ ਰੋਟੀ ਲੈ ਕੇ ਆਈ ਸੀ ਤਾਂ ਕਿਰਨ ਨੇ ਗੁੱਸੇ ਵਿਚ ਉਹਦੇ ਮੂੰਹ ਤੇ ਥੁੱਕ ਕੇ ਕਿਹਾ ਸੀ, ''ਤੂੰ ਬੁੜੀਏ ਗੰਦਾਂ ਬੀਅ ਜੰਮਿਆ ਏ, ਲਾਹਣਤ ਐ ਤੇਰੇ 'ਤੇ।'' ਅਤੇ ਫਿਰ ਕਿਰਨ ਨੇ ਉਹਨੂੰ ਸਦਾ ਲਈ ਛੱਡਣ ਦਾ ਮਨ ਬਣਾ ਲਿਆ ਸੀ। ਹੁਣ ਧੁੰਦਲਾ ਰਸਤਾ ਉਹਦੇ ਮੋਹਰੇ ਸਾਫ਼ ਸੀ। ਪਰ ਡਰਪੋਕਾ ਵਾਂਗ ਉਹ ਭੱਜਣਾ ਨਹੀਂ ਸੀ ਚਾਹੁੰਦੀ, ਸਗੋਂ ਜਾਂਦੀ ਵਾਰ ਉਹਦੇ ਮੂੰਹ 'ਤੇ ਅਣਖ ਦੀ ਚਪੇੜ ਮਾਰ ਕੇ ਜਾਣਾ ਚਾਹੁੰਦੀ ਸੀ। ਬਸ ਦੀਪੇ ਦੀ ਉਡੀਕ ਹੀ ਕਰ ਰਹੀ ਸੀ। ੦


ਪਤਾ- ਪਿੰਡ ਤੇ ਡਾਕ. ਫਤਿਹਪੁਰ, ਵਾਇਆ-ਦਤਾਰਪੁਰ, ਤਹਿ. ਮੁਕੇਰੀਆ, ਜ਼ਿਲ੍ਹਾ- ਹੁਸ਼ਿਆਰਪੁਰ



ਬਲਬੀਰ ਮਾਧੋਪੁਰੀ ਦੀ ਸਵੈ-ਜੀਵਨੀ ਹਿੰਦੀ ਵਿਚ ਪੜ੍ਹਦਿਆਂ-

## ਛਾਂਗਿਆ ਰੁੱਖ:ਕਸ਼ਟਾਂ-ਤਸੀਹਿਆਂ ਦੇ ਦਸਤਾਵੇਜ਼ / ਕਮਲੇਸ਼ਵਰ

ਦਲਿਤ ਲੇਖਕ ਦੀ ਸਹੀ ਪਛਾਣ ਉਸ ਦੀਆਂ ਸਵੈ-ਜੀਵਨੀਆਂ ਜ਼ਰੀਏ ਹੀ ਸੰਭਵ ਹੋ ਸਕੀ ਹੈ। ਉਂਜ ਡਾ. ਅੰਬੇਡਕਰ ਦਾ ਪੂਰਾ ਜੀਵਨ ਦਲਿਤ ਸੰਘਰਸ਼ ਦਾ ਖੁੱਲ੍ਹਾ ਦਸਤਾਵੇਜ਼ ਹੈ। ਪਰ ਉਨ੍ਹਾਂ ਦੀ ਰਾਜਨੀਤਕ ਤੇ ਸਮਾਜਿਕ ਚੇਤਨਾ ਦਲਿਤਾਂ ਦੇ ਉਧਾਰ ਅਤੇ ਬਹੁਜਨ ਹਿਤਾਏ ਨੂੰ ਹੀ ਸਮਰਪਿਤ ਰਹੀ, ਇਸ ਲਈ ਦਲਿਤ ਜੀਵਨ ਦਾ ਸਾਹਿਤਕ ਤੇ ਸਭਿਆਚਾਰਕ ਪੱਖ ਆਪਣੇ ਸਵੈ-ਪ੍ਰਗਟਾਵੇ ਲਈ ਪੂਰੀ ਤਰ੍ਹਾਂ ਜਗ੍ਹਾ ਨਾ ਬਣਾ ਸਕਿਆ। ਆਜ਼ਾਦੀ ਤੋਂ ਬਾਅਦ ਦੇ ਵਰ੍ਹਿਆਂ ਵਿਚ ਇਸ ਦੀ ਪਹਿਲ ਸਭ ਤੋਂ ਪਹਿਲਾਂ ਮਰਾਠੀ ਲੇਖਕਾਂ ਨੇ ਹੀ ਕੀਤੀ। ਦਯਾ ਪਵਾਰ ਨੇ 'ਬੁਲੰਤ' (ਅਛੂਤ) ਅਤੇ ਸ਼ਰਣ ਕੁਮਾਰ ਲਿੰਬਾਲੇ ਨੇ ਆਪਣੀ ਸਵੈ ਜੀਵਨੀ 'ਅਕਰਮਾਸ਼ੀ' ਲਿਖ ਕੇ ਦਲਿਤ-ਲੇਖਨ ਦੀ ਆਹਤ ਆਤਮਾ ਦਾ ਵਰਨਣ ਕੀਤਾ ਸੀ। ਇਸ ਤੋਂ ਬਾਅਦ ਹੀ ਹਿੰਦੀ ਵਿਚ ਦਲਿਤ-ਲੇਖਨ ਦੀ ਸ਼ੁਰੂਆਤ ਮੰਨੀ ਜਾਂਦੀ ਹੈ। ਓਮ ਪ੍ਰਕਾਸ਼ ਵਾਲਮੀਕੀ ਦੀ 'ਜੂਠਨ' ਮੋਹਨਦਾਸ ਨੈਮਿਸ਼ਰਾਇ ਦੀ 'ਅਪਨੇ-ਅਪਨੇ ਪਿੰਜਰੇ' ਅਤੇ ਸੂਰਜਪਾਲ ਚੌਹਾਨ ਦੀ 'ਤ੍ਰਿਸਕ੍ਰਿਤ' ਵਰਗੀਆਂ ਦਲਿਤ-ਜੀਵਨ ਦੀਆਂ ਸਵੈ-ਜੀਵਨੀਆਂ ਦੇ ਸਾਹਿਤ ਵਿਚ ਮੁਕੰਮਲ ਜਗ੍ਹਾ ਹਾਸਿਲ ਕੀਤੀ।



ਪੁਸਤਕ ਦੇ ਹਿੰਦੀ ਤੇ ਪੰਜਾਬੀ ਐਡੀਸ਼ਨਾਂ ਦੇ ਟਾਈਟਲ

ਪੰਜਾਬੀ ਵਿਚ ਦਲਿਤਾਂ ਵਿਚੋਂ ਸਵੈ ਜੀਵਨੀ ਲਿਖਣ ਦੀ ਸ਼ੁਰੂਆਤ ਪ੍ਰੇਮ ਗੋਰਖੀ ਤੋਂ ਮੰਨੀ ਜਾਂਦੀ ਹੈ। ਪਰ ਆਪਣੇ ਕੱਥ ਅਤੇ ਪ੍ਰਸੰਗਾਂ ਕਾਰਨ ਉਸ ਨੂੰ ਪੰਜਾਬੀ ਵਿਚ ਦਲਿਤ ਸਵੈ-ਜੀਵਨੀ ਨਹੀਂ ਮੰਨਿਆ ਗਿਆ। ਇਸ ਆਧਾਰ ਉਤੇ ਬਲਬੀਰ ਮਾਧੋਪੁਰੀ ਦੀ ਸਵੈ-ਜੀਵਨੀ 'ਛਾਂਗਿਆ ਰੁੱਖ' ਨੂੰ ਪੰਜਾਬੀ ਦੀ ਪਹਿਲੀ ਭਰੋਸੇਯੋਗ ਤੇ ਪ੍ਰਮਾਣਿਕ ਸਵੈ-ਜੀਵਨੀ ਮੰਨਿਆ ਜਾ ਸਕਦਾ ਹੈ। ਜੋ ਸੰਨ 2002 ਵਿਚ ਪ੍ਰਕਾਸ਼ਿਤ ਹੋਈ। ਹੁਣ ਇਹ ਸਵੈ-ਜੀਵਨੀ ਹਿੰਦੀ ਵਿਚ ਵੀ ਪਾਠਕਾਂ ਦੇ ਸਾਹਮਣੇ ਹੈ। ਜਿਸ ਦਾ ਅਨੁਵਾਦ ਸੁਭਾਸ਼ ਨੀਰਵ ਨੇ ਕੀਤਾ ਹੈ। 'ਛਾਂਗਿਆ ਰੁੱਖ' ਨਿਸ਼ਚੇ ਹੀ 'ਅੱਕਰਮਾਸ਼ੀ' ਤੋਂ ਅਗਲਾ ਪੜਾਅ ਹੈ।

'ਛਾਂਗਿਆ ਰੁੱਖ' ਦਾ ਮਤਲਬ ਕੱਟਿਆ-ਵੱਢਿਆ ਰੁੱਖ ਹੈ, ਜਿਸ ਨੂੰ ਅਸੀਂ ਰੁੰਡ-ਮਰੁੰਡ ਵੀ ਕਹਿ ਸਕਦੇ ਹਾਂ ਜਾਂ ਅਜਿਹਾ ਰੁੱਖ ਜਿਸ ਦੀਆਂ ਟਾਹਣੀਆਂ ਕੱਟ ਦਿੱਤੀਆਂ ਗਈਆਂ ਹੋਣ। ਬਲਬੀਰ ਮਾਧੋਪੁਰੀ ਨੇ ਇਸ ਛਾਂਗਿਆ ਰੁੱਖ ਵਿਚ ਆਪਣੇ ਦਲਿਤ ਜੀਵਨ ਨੂੰ ਜਿਸ ਬੋਲੀ (ਭਾਸ਼ਾ) ਤੇ ਸੂਝ ਨਾਲ ਪੇਸ਼ ਕੀਤਾ ਹੈ, ਉਹ ਕਾਬਿਲ ਰਚਨਾਵਾਂ ਦੀ ਪੂੰਜੀ ਸਾਡੇ ਕੋਲ ਹੁੰਦੀ ਜੋ ਅਨਿਆਂ ਵਿਚ ਗਹਿਗੱਚ ਸਮਾਜ-ਸਰੰਚਨਾ ਦੇ ਸਦੀਆਂ ਪੁਰਾਣੇ ਢਾਂਚੇ ਨੂੰ ਤੋੜ ਕੇ ਭਾਵਨਾ ਅਤੇ ਸੰਵੇਦਨਾ ਦੇ ਨਵੇਂ ਮਾਨਵੀ ਮੁੱਲਾਂ ਨੂੰ ਸਥਾਪਤ ਕਰ ਚੁੱਕੀਆਂ ਹੁੰਦੀਆਂ। ਜੋ ਸਵੈ-ਜੀਵਨੀਆਂ ਲਿਖੀਆਂ ਗਈਆਂ ਹਨ ਉਨ੍ਹਾਂ ਨੇ ਵੀ ਪਰੰਪਰਾਗਤ ਸੌਂਦਰਯ ਅਤੇ ਧਾਰਮਿਕਤਾ ਦੇ ਮਾਪਦੰਡਾਂ ਨੂੰ ਖ਼ਾਰਿਜ ਕੀਤਾ ਅਤੇ ਰਚਨਾ-ਸੌਂਦਰਯ ਦੀ ਥਾਂ ਮਾਨਵੀ-ਮੁੱਲਾਂ ਦੇ ਸਵਾਲ ਨੂੰ ਰਚਨਾ ਦੇ ਕੇਂਦਰ ਵਿਚ ਸਥਾਪਤ ਕਰ ਦਿੱਤਾ। ਇਹ ਸਾਹਿਤ ਦਾ ਇਤਿਹਾਸਕ ਪ੍ਰਸਥਾਨ ਬਿੰਦੂ ਹੈ। ਅਖਿਲ ਭਾਰਤੀ ਸਮਾਂਤਰ ਸੰਮੇਲਨ ਦੇ ਰਾਜਗਿਰ ਇਜਲਾਸ-1975 ਵਿਚ ਮਰਾਠੀ ਦਲਿਤ ਸਾਹਿਤ ਦੇ ਸਾਰੇ ਵੱਡੇ ਸਾਹਿਤਕਾਰ ਸ਼ਾਮਲ ਹੋਏ ਸਨ ਉਥੇ ਵੀ ਸਵੈ-ਅਨੁਭੂਤੀ ਅਤੇ ਸਹਾਨੁਭੂਤੀ ਦਾ ਸਵਾਲ ਉਠਿਆ ਸੀ। ਨਾਲ ਹੀ ਮੈਂ ਦਲਿਤ

ਅਨੁਭਵ ਨੂੰ ਜਾਤੀ ਦੀਆਂ ਪਰਤਾਂ ਤੋਂ ਮੁਕਤ ਕਰਕੇ ਸਮੁੱਚੇ ਦਲਿਤ-ਵੰਚਿਤ ਅਨੁਭਵ ਨੂੰ ਆਪਣੇ ਲੇਖਨ ਦੇ ਦਾਇਰੇ ਵਿਚ ਸਮੇਟਣ ਦੀ ਸਲਾਹ ਵੀ ਦਿੱਤੀ ਸੀ। ਮੇਰਾ ਇਸ਼ਾਰਾ ਉਸ ਸਮੇਂ ਵੀ ਦਲਿਤ ਅਨੁਭਵ ਨੂੰ ਵਿਧਾਗਤ ਵਿਸਥਾਰ ਦੇਣ ਦਾ ਸੀ। ਹਰ ਵਿਧਾ ਕਿਉਂਕਿ ਕੱਥ ਦੇ ਵਿਸਥਾਰ ਦਾ ਨਵਾਂ ਪਰਿਪੇਖ ਪੇਸ਼ ਕਰਦੀ ਹੈ। ਉਹ ਕੱਥ ਅਤੇ ਯਥਾਰਥ ਨੂੰ ਕਈ ਤਰ੍ਹਾਂ ਨਾਲ ਤਲਾਸ਼ਣ ਦੇ ਮੌਕੇ ਪੈਦਾ ਕਰਦੀ ਹੈ। ਉਹੀ ਪ੍ਰਸ਼ਨ ਅੱਜ ਵੀ ਮੇਰੇ ਸਾਹਮਣੇ ਹੈ ਕਿ ਦਲਿਤ-ਅਨੁਭਵ ਦੀ ਸਰਵੋਤਮ ਰਚਨਾ ਸ਼ੀਲਤਾ ਦੀ ਵੇਗਭਰੀ ਧਾਰਾ ਸਵੈ-ਜੀਵਨੀਆਂ ਤਕ ਆ ਕੇ ਸੁੱਕਣ ਕਿਉਂ ਲਗਦੀ ਹੈ? ਇਹ ਪੱਖ-ਪ੍ਰਸ਼ਨ ਅੱਜ ਵੀ ਮੌਜੂਦ ਹੈ। ਦਲਿਤ ਲੇਖਨ ਹੀ ਇਸ ਪ੍ਰਸ਼ਨ ਦਾ ਉੱਤਰ ਤਲਾਸ਼ ਕਰ ਸਕਦਾ ਹੈ। ਮੈਨੂੰ ਲਗਦਾ ਹੈ ਕਿ ਦਲਿਤ ਵਰਗ ਜਦੋਂ ਤਕ ਆਪਣੀ ਜਾਤੀ ਦੀਆਂ ਪਰਤਾਂ ਨੂੰ ਨਹੀਂ ਤੋੜੇਗਾ ਉਦੋਂ ਤਕ ਉਹ ਆਪਣੇ ਅਨੁਭਵ ਦੇ ਘੇਰੇ ਵਿਚ ਸਾਹ ਲੈਣ ਨੂੰ ਮਜਬੂਰ ਰਹੇਗਾ। ਅੱਜ ਦਲਿਤ-ਰਚਨਾ ਖ਼ੁਦ ਆਪਣੀਆਂ ਹੀ ਰਚਨਾਵਾਂ ਨਾਲ ਟਕਰਾ ਰਹੀ ਹੈ ਜਦਕਿ ਉਸ ਨੂੰ ਸਮੁੱਚੇ ਰੂਪ ਵਿਚ ਆਪਣੀ ਸੀਮਾ ਲਈ ਸਦੀਆਂ ਤੋਂ ਚਲੇ ਆ ਰਹੇ, ਅਨਿਆਂ ਅਤੇ ਅਮਾਨਵੀ ਕਲੰਕੀ ਸਮਾਜ-ਸੰਰਚਨਾ ਅਤੇ ਦੂਸ਼ਿਤ ਇਤਿਹਾਸ ਦੇ ਸਵਾਲਾਂ ਨਾਲ ਟਕਰਾਉਣਾ ਚਾਹੀਦਾ ਹੈ। ਖ਼ੈਰ, 'ਛਾਂਗਿਆ ਰੁੱਖ' ਵਿਚ ਦਰਜ ਦਲਿਤ ਜੀਵਨ ਨੇ ਇਸ ਗੱਲ ਦਾ ਵੀ ਖੁਲਾਸਾ ਕਰ ਦਿੱਤਾ ਹੈ ਕਿ ਦੇਸ਼ ਦੇ ਸਭ ਤੋਂ ਖੁਸ਼ਹਾਲ ਪ੍ਰਦੇਸ਼ ਪੰਜਾਬ ਵਿਚ ਵੀ ਜਾਤ-ਪਾਤ, ਛੂਤ-ਛਾਤ ਅਤੇ ਵਰਗ-ਭੇਦ ਦਾ ਜ਼ਹਿਰ ਭਰਿਆ ਹੋਇਆ ਹੈ। ਲੇਖਕ ਬਲਬੀਰ ਮਾਧੋਪੁਰੀ ਨੇ ਆਪਣੇ ਪਿੰਡ ਮਾਧੋਪੁਰ ਵਿਚ ਇਸ ਜ਼ਹਿਰ ਨੂੰ ਘੁੱਟ-ਘੁੱਟ ਕਰਕੇ ਪੀਤਾ ਹੈ ਪਰ ਉਸ ਦਾ ਪ੍ਰਗਟਾਵਾ ਜ਼ਹਿਰ ਭਰਿਆ ਨਹੀਂ ਹੈ। ਬਲਬੀਰ ਮਾਧੋਪੁਰੀ ਦੀ ਸਵੈ-ਜੀਵਨੀ ਦਾ ਇਹ ਬਹੁਤ ਵੱਡਾ ਸੱਚ ਹੈ ਕਿ ਉਹ ਸਮਾਜ ਵਿਚ ਰੰਜਸ਼-ਵੈਰ ਅਤੇ ਬਦਲੇ ਨੂੰ ਨਹੀਂ, ਨਿਆਂ ਪੂਰਨ ਸਮਾਜਿਕ ਮੇਲਜੋਲ ਦੀ ਭਾਵਨਾ ਨੂੰ ਉਲੀਕਦੀ ਹੈ।

'ਛਾਂਗਿਆ ਰੁੱਖ' ਦੇ ਕੁੱਲ ਵੀਹ ਅਧਿਆਇ ਹਨ। 'ਮੇਰੀ ਜੰਮਣ-ਭੌਂ ਮਾਧੋਪੁਰ' ਅਤੇ 'ਕੋਰੇ ਕਾ.ਗਜ਼ ਦੀ ਗੂਹੜੀ ਲਿਖਤ' ਤੋਂ ਸ਼ੁਰੂ ਹੋ ਕੇ ਇਹ ਸਵੈ ਜੀਵਨੀ 'ਕਿਰਾਏਦਾਰੀ ਦੀ ਲਾਹਣਤ' ਉਤੇ ਖ਼ਤਮ ਹੁੰਦੀ ਹੈ। ਜੇ ਇਸ ਦਾ ਪਾਠ ਸ਼ੁਰੂ ਕੀਤਾ ਜਾਵੇ ਤਾਂ ਬਿਹਤਰ ਹੋਵੇਗਾ ਕਿ ਇਸ ਨੂੰ ਪਿਛਲੇ ਪੰਨਿਆਂ ਤੋਂ ਸ਼ੁਰੂ ਕੀਤਾ ਜਾਵੇ, ਕਿਉਂਕਿ ਦਲਿਤ ਹੋਣ ਦੇ ਅਹਿਸਾਸ ਅਤੇ ਉਸ ਦੇ ਜਜ਼ਬਾਤ ਨੂੰ ਬਲਬੀਰ ਮਾਧੋਪੁਰੀ ਪਿਛਲੇ 40-42 ਸਾਲਾਂ ਤੋਂ ਸਲੀਬ ਵਾਂਗ ਢੋਂਦਾ ਆ ਰਿਹਾ ਹੈ, ਫਿਰ ਵੀ ਉਸ ਨੂੰ ਮੁਕਤੀ ਦਾ ਰਸਤਾ ਨਜ਼ਰ ਨਹੀਂ ਆਉਂਦਾ। ਦਿੱਲੀ ਵਰਗੇ ਮਹਾਂਨਗਰ ਵਿਚ ਵੀ ਉਸ ਨੂੰ ਅਤੇ ਉਸ ਦੇ ਪਰਿਵਾਰ ਨੂੰ ਜਿਸ ਮਾਨਸਿਕ ਪੀੜਾ ਥਾਣੀਂ ਲੰਘਣਾ ਪਿਆ, ਉਸ ਦੀ ਤਾਂ ਕੋਈ ਜਣਾ ਸਹਿਜ ਵਿਚ ਕਲਪਨਾ ਵੀ ਨਹੀਂ ਕਰ ਸਕਦਾ।

'ਛਾਂਗਿਆ ਰੁੱਖ' ਵਿਚ ਬਲਬੀਰ ਮਾਧੋਪੁਰੀ ਦੇ ਬਚਪਨ ਦੀਆਂ ਉਹ ਯਾਦਾਂ ਹਨ ਜਿਨ੍ਹਾਂ ਵਿਚ ਉਸ ਦੀ ਹੀ ਨਹੀਂ ਦਲਿਤ ਸਮਾਜ ਦੀ ਜੀਵਨ-ਕਥਾ ਨੂੰ ਮਹਾਂਨਾਇਕੀ ਆਧਾਰ ਮਿਲਿਆ ਹੈ। ਬਚਪਨ ਵਿਚ ਦੁੱਖਾਂ, ਪੀੜਾਂ ਅਤੇ ਅੰਤਰ-ਦਵੰਦਾਂ ਨੂੰ ਬਲਬੀਰ ਮਾਧੋਪੁਰੀ ਨੇ ਜਿਸ ਪ੍ਰਵਾਹ ਨਾਲ ਪ੍ਰਗਟ ਕੀਤਾ ਹੈ ਉਹ ਸਦੀਆਂ ਤੋਂ ਸੰਚਿਤ ਦਰਦ ਅਤੇ ਤਸੀਹੇ ਦੀ ਕਿਸੇ ਮਹਾਂ-ਗਾਥਾ ਦਾ ਹਿੱਸਾ ਹੀ ਲਗਦਾ ਹੈ। ਜਿਸ ਨੂੰ ਪੜ੍ਹਦਿਆਂ ਇਹ ਮਹਿਸੂਸ ਹੁੰਦਾ ਹੈ ਕਿ ਅਸੀਂ ਸਵੈ ਜੀਵਨੀ ਰਾਹੀਂ ਅਤਿ-ਭੈਅ ਦੀਆਂ ਕਈ ਸਦੀਆਂ ਥਾਣੀਂ ਗੁਜ਼ਰ ਰਹੇ ਹਾਂ 'ਤਿੜਕੇ ਸ਼ੀਸ਼ੇ ਦੀ ਵਿਥਿਆ', 'ਬੱਦਲਾਂ ਵਿਚੋਂ ਝਾਕਦਾ ਸੂਰਜ', 'ਸਾਡਾ ਘਰ ਮੁਸੀਬਤਾਂ ਦਾ ਘਰ' ਅਤੇ 'ਮੇਰੀ ਦਾਦੀ-ਇਕ ਇਤਿਹਾਸ ਨੂੰ ਪੜ੍ਹ ਕੇ ਇਸ ਹਕੀਕਤ ਦੀ ਗਹਿਰੀ ਪ੍ਰਤੀਤੀ ਹੁੰਦੀ ਹੈ।

ਬਲਬੀਰ ਮਾਧੋਪੁਰੀ ਨੇ 'ਛਾਂਗਿਆ ਰੁੱਖ' ਵਿਚ ਜਾਤੀ ਦੇ ਮਸਲਿਆਂ ਨੂੰ ਇਕ ਸਬਕ ਵਾਂਗ ਰੱਖਿਆ ਹੈ। ਉਹ ਨਾ ਤਾਂ ਸਮਾਜਿਕ ਸਦਭਾਵ ਨੂੰ ਸੁੰਗੇੜਦਾ ਹੈ ਅਤੇ ਨਾ ਚਮਾਰਾਂ ਤੇ ਜੱਟਾਂ ਵਿਚਾਲੇ ਕਿਸੇ ਵੈਰ-ਭਾਵ ਦੀ ਵੇਲ ਲਾਉਂਦਾ ਹੈ। ਭਾਈਆ, ਮਾਂ ਤਾਇਆ ਤੇ ਦਾਦੀ ਦੇ ਜੀਵਨ ਸੰਘਰਸ਼ ਅਤੇ ਵਰਤਮਾਨ ਦੀਆਂ ਭੈਭੀਤ ਹਾਲਤਾਂ ਨੇ ਲੇਖਕ ਨੂੰ ਮਾਨਵੀ ਅਤੇ ਸੰਵੇਦਨਸ਼ੀਲ ਹੀ ਨਹੀਂ ਬਣਾਇਆ, ਉਸ ਨੂੰ ਵਿਚਾਰ ਅਤੇ ਸੋਚ ਦੀ ਦ੍ਰਿਸ਼ਟੀ ਤੋਂ ਭਰਪੂਰ ਵੀ ਕੀਤਾ। ਕਿਤਾਬੀ ਗਿਆਨ ਦੇ ਨਾਲ-ਨਾਲ ਉਸ ਦਾ ਵਿਵਹਾਰਿਕ ਪੱਖ ਵਿਸ਼ੇਸ਼ ਤੌਰ ਤੇ ਪ੍ਰਪੱਕ ਹੋਇਆ ਅਤੇ ਉਹ ਸਮਾਜਿਕ ਨਿਆਂ ਅਤੇ ਸੰਘਰਸ਼ ਦਾ ਅਸਲੀ ਪੈਰੋਕਾਰ ਬਣ ਗਿਆ। ਉਸ ਨੇ ਸਮਝਿਆ ਕਿ ਆਰਥਿਕ ਤੇ ਸਮਾਜਿਕ ਤੌਰ ਤੇ ਪੱਛੜਨ ਕਾਰਨ ਸਿਰ.ਫ ਜਾਤੀਗਤ ਭੇਦ ਨਹੀਂ ਹੈ। ਇਸ ਵਾਸਤੇ ਉਹ ਨਿਜ਼ਾਮ ਜ਼ਿਆਦਾ ਜ਼ਿੰਮੇਵਾਰ ਹੈ ਜਿਸ ਨੇ ਅਜੇ ਤੱਕ ਦੇਸ਼ ਵਿਚ 'ਖੇਤੀਯੋਗ ਜ਼ਮੀਨ' ਦਾ ਸਹੀ ਬਟਵਾਰਾ ਨਹੀਂ ਕੀਤਾ। ਦੇਸ਼ ਵੰਡ ਹੋ ਗਿਆ, ਪ੍ਰਦੇਸ਼ ਵੰਡ ਹੋ ਗਿਆ, ਪਰ ਸਰਵਹਾਰਾ ਵਰਗ ਵਿਚਾਲੇ ਜੱਟ-



ਸਿੱਖਾਂ ਵਾਂਗ ਦੋ-ਚਾਰ ਕਿੱਲੇ ਖੇਤੀਯੋਗ ਜ਼ਮੀਨ ਹੁੰਦੀ ਤਾਂ ਸ਼ਾਇਦ ਸਾਨੂੰ ਦੁੱਖ ਦੇ ਇਸ ਪਹਾੜ ਨਾਲ ਜੂਝਣਾ ਨਾ ਪੈਂਦਾ। ਸਾਡੀਆਂ ਔਰਤਾਂ ਨੂੰ ਅਪਮਾਨ ਅਤੇ ਜ਼ਲਾਲਤ ਭਰੀ ਜ਼ਿੰਦਗੀ ਨਾ ਦੇਖਣੀ ਪੈਂਦੀ। ਲੇਖਕ ਨੂੰ ਇਹ ਵਿਸ਼ਵਾਸ ਹੋਣ ਲਗਦਾ ਹੈ ਕਿ ਸ਼ਾਇਦ ਇਹ ਸਭ ਸਮਾਜਿਕ ਤੇ ਰਾਜਨੀਤਕ ਕ੍ਰਾਂਤੀ ਬਿਨਾਂ ਸੰਭਵ ਨਹੀਂ। ਲੇਖਕ ਦਾ ਮਾਰਕਸਵਾਦ ਵੱਲ ਰੁਝਾਨ ਹੋਣ ਅਤੇ ਕਮਿਊਨਿਸਟ ਪਾਰਟੀ ਦਾ ਵਰਕਰ ਬਣ ਜਾਣ ਪਿੱਛੇ ਇਹੀ ਤਰਕ ਸਾਹਮਣੇ ਆਉਂਦਾ ਹੈ। ਵਿਚਾਰਕ ਦ੍ਰਿਸ਼ਟੀ ਤੋਂ ਭਰਪੂਰ-ਅਮੀਰ ਹੋਣਾ ਬਲਬੀਰ ਮਾਧੋਪੁਰੀ ਦੇ ਵਿਕਾਸ ਦੀ ਪਹਿਲੀ ਸੀੜ੍ਹੀ ਹੈ ਜਿੱਥੇ ਖੜ੍ਹੇ ਹੋ ਕੇ ਉਹ ਸਭ ਕੁਝ ਦੇਖ ਸਕਦਾ ਹੈ ਅਤੇ ਗਰੀਬਾਂ ਤੇ ਸਰਵ-ਹਾਰਾ ਵਰਗ ਦੇ ਪੱਖ ਵਿਚ ਆਪਣੀ ਆਵਾਜ਼ ਬੁਲੰਦ ਕਰ ਸਕਦਾ ਸੀ।

ਬਲਬੀਰ ਮਾਧੋਪੁਰੀ ਨੇ ਬਚਪਨ ਵਿਚ ਜਿਸ ਜਾਤੀ-ਅਪਮਾਨ ਅਤੇ ਉਸ ਦੀ ਪੀੜਾ ਨੂੰ ਬਰਦਾਸ਼ਤ ਕੀਤਾ ਹੈ, ਉਸ ਦੀ ਸੱਚੀ ਤਸਵੀਰ ਸਾਨੂੰ 'ਸਾਡੀ ਚਮਾਰਾਂ ਦੀ ਬੋਹੜ' ਅਤੇ 'ਰੇਗਿਸਤਾਨ ਵਿਚ ਵਗਦਾ ਦਰਿਆ' ਆਦਿ ਅਧਿਆਇਆਂ ਵਿਚ ਦੇਖਣ ਨੂੰ ਮਿਲਦੀ ਹੈ ਪਰ ਇਹ ਸਵੈ-ਜੀਵਨੀ ਸਿਰ.ਫ ਪਿੰਡ ਮਾਧੋਪੁਰ ਦੇ ਸਮਾਜਿਕ, ਆਰਥਿਕ ਅਤੇ ਸਭਿਆਚਾਰਕ ਅੰਤਰ-ਵਿਰੋਧ ਨੂੰ ਹੀ ਦਰਜ ਨਹੀਂ ਕਰਦੀ ਸਗੋਂ ਉਹ ਆਜ਼ਾਦੀ ਤੋਂ ਪਹਿਲਾਂ ਅਤੇ ਆਜ਼ਾਦੀ ਤੋਂ ਬਾਅਦ ਦੇ ਪੰਜਾਬ ਦੇ ਭੂਗੋਲਿਕ, ਸਮਾਜਿਕ, ਅਤੇ ਸਭਿਆਚਾਰਕ ਦ੍ਰਿਸ਼ ਨੂੰ ਵੀ ਪੂਰੀ ਬੇਬਾਕੀ ਅਤੇ ਈਮਾਨਦਾਰੀ ਨਾਲ ਸਾਹਮਣੇ ਰੱਖਦੀ ਹੈ। 'ਮੇਰੀ ਜੰਮਣ ਭੌਂ-ਮਾਧੋਪੁਰ' ਪਰਿਚੈ ਲੇਖ ਵਿਚ ਲੇਖਕ ਨੇ ਜਿਸ ਪ੍ਰਮਾਣਿਕਤਾ ਨਾਲ ਆਪਣੇ ਪਿੰਡ ਅਤੇ ਜ਼ਿਲ੍ਹੇ ਦਾ ਸਮਾਜਿਕ ਅਤੇ ਭੂਗੋਲਿਕ ਖ਼ਾਕਾ ਦਿੱਤਾ ਹੈ, ਉਹ ਪੂਰੇ ਪੰਜਾਬ ਪ੍ਰਦੇਸ਼ ਦੇ ਲਹੂ-ਲੁਹਾਣ ਚਿਹਰੇ ਨੂੰ ਵੀ ਸਾਹਮਣੇ ਰੱਖਦਾ ਹੈ। ਇਸ ਸੰਦਰਭ ਵਿਚ 'ਛਾਂਗਿਆ ਰੁੱਖ' ਦੇ ਉਹ ਅਧਿਆਇ ਵਿਸ਼ੇਸ਼ ਤੌਰ ਤੇ ਮਹੱਤਵਪੂਰਨ ਹਨ ਜਿਸ ਵਿਚ ਚਮਾਰਲੀ ਉੱਤੇ ਅੰਗਰੇਜ਼ ਵੀ ਜ਼ੁਲਮ ਢਾਹੁੰਦੇ ਸਨ ਅਤੇ ਪਿੰਡ ਦੇ ਨੰਬਰਦਾਰ ਵੀ। ਥਾਣੇਦਾਰ ਦੀ ਘੋੜੀ ਲਈ ਰੋਜ਼ਾਨਾ ਘਾਹ ਲਿਜਾਣਾ ਇਨ੍ਹਾਂ ਦੀ ਡਿਊਟੀ ਹੁੰਦੀ ਸੀ। ਜੇ ਘਾਹ ਚੰਗਾ ਨਾ ਹੁੰਦਾ ਤਾਂ ਇਨ੍ਹਾਂ ਉਤੇ ਡੰਡੇ ਵਰ੍ਹਾਏ ਜਾਂਦੇ ਹਨ। ਅੱਤਿਆਚਾਰ ਅਤੇ ਜ਼ੁਲਮ ਦੀ ਇਹ ਦਾਸਤਾਨ ਉਸ ਪ੍ਰਦੇਸ਼ ਦੇ ਦਲਿਤਾਂ ਦੀ ਹੈ ਜਿਸ ਨੂੰ ਸਭ ਤੋਂ ਵੱਧ ਖੁਸ਼ਹਾਲ ਅਤੇ ਅਮੀਰ ਦੱਸਿਆ ਜਾ ਰਿਹਾ ਹੈ। ਜ਼ਾਹਿਰ ਹੈ, ਦੇਸ਼ ਦੀ ਇਸ ਪ੍ਰਬੰਧ-ਪ੍ਰਣਾਲੀ ਨੇ ਹੀ ਦਲਿਤਾਂ ਵਿਚ ਰੋਹ-ਵਿਦਰੋਹ ਤੇ ਨ.ਫਰਤ ਦੇ ਬੀਜ ਬੀਜੇ, ਪਰ 'ਛਾਂਗਿਆ ਰੁੱਖ' ਦੀ ਕਹਾਣੀ ਆਪਣੇ ਇਸ .ਗੁਸੈਲ ਰੁਖ ਦਾ ਰਚਨਾਤਮਕ ਇਸਤੇਮਾਲ ਕਰਦੀ ਹੈ। ਇਹ ਵਿਅਕਤੀ ਦੀ ਮਿਹਤਨ ਅਤੇ ਸਿੱਖਿਆ ਦੇ ਮਹੱਤਵ ਨੂੰ ਪੇਸ਼ ਕਰਦੀ ਹੈ, ਇਸ ਲਈ ਲੇਖਕ ਆਪਣੇ ਅਧਿਆਪਕਾਂ ਅਤੇ ਯਾਰਾਂ-ਦੋਸਤਾਂ ਦਾ ਧੰਨਵਾਦ ਕਰਦਾ ਹੈ ਜਿਨ੍ਹਾਂ ਨੇ ਲੇਖਕ ਨੂੰ ਮਿਹਨਤ ਅਤੇ ਗਿਆਨ ਦੇ ਮਹੱਤਵ ਦਾ ਪਾਠ ਪੜ੍ਹਾਇਆ।

ਇਹ ਸਵੈ-ਜੀਵਨੀ ਸਵੈ-ਸ਼ਲਾਘਾ ਅਤੇ ਬੜਬੋਲੇਪਨ ਦੀਆਂ ਸਰਹੱਦਾਂ ਤੋਂ ਬਹੁਤ ਦੂਰ ਖੜ੍ਹੀ ਦਿਖਾਈ ਦਿੰਦੀ ਹੈ। ਲੇਖਕ ਨੇ ਆਪਣੀਆਂ ਸਥਿਤੀਆਂ ਪਰਿਸਥਿਤੀਆਂ ਦੇ ਭੌਤਿਕ ਅਤੇ ਮਾਨਸਿਕ ਯਥਾਰਥ ਨੂੰ ਇੰਨੀ ਸਾਦਗੀ ਨਾਲ ਪੇਸ਼ ਕੀਤਾ ਹੈ ਕਿ ਉਸ ਦੇ ਝੂਠੇ ਹੋਣ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਸਵੈ-ਜੀਵਨੀ ਦਾ ਪੂਰਾ ਕਲੇਵਰ (ਭਾਸ਼ਾ, ਸਿਲਪ, ਰਚਨਾ-ਦ੍ਰਿਸ਼ਟੀ ਅਤੇ ਕਾਲ) ਆਪਣੇ ਸਮਕਾਲੀਨ ਸਾਹਿਤ ਦੀਆਂ ਚੁਨੌਤੀਆਂ ਨੂੰ ਪੂਰੀ ਈਮਾਨਦਾਰੀ ਨਾਲ ਸਾਹਮਣੇ ਰੱਖਦਾ ਹੈ। ਉਹ ਸਮਾਜ ਦੀ ਬਿਹਤਰੀ ਲਈ ਵੱਡੇ ਸਵਾਲ ਵੀ ਖੜ੍ਹੇ ਕਰਦਾ ਹੈ। ਉਹ ਆਪਣੇ ਵਕਤ ਦੇ ਘਿਨਾਉਣੇਪਨ ਤੋਂ ਭੈਭੀਤ ਜ਼ਰੂਰ ਹੈ ਪਰ ਇਕ ਧੀਰਜ ਵੀ ਹੈ ਜੋ ਉਸ ਨੂੰ ਜੀਵਨ ਦੇ ਹਰ ਮੋੜ ਉਤੇ ਸੰਭਲਣ ਦੀ ਸ਼ਕਤੀ ਦਿੰਦਾ ਹੈ। ਸਮਾਜਿਕ ਸਮਾਧਾਨ ਵਿਚ ਇਸ ਦੀ ਭੂਮਿਕਾ ਉਸ ਗਵਾਹ ਵਾਂਗ ਹੈ ਜੋ ਜਾਤ-ਪਾਤ ਅਤੇ ਛੂਤ-ਛਾਤ ਤੇ ਸਮਾਜਿਕ ਅਸਮਾਨਤਾ ਦੇ ਠੇਕੇਦਾਰਾਂ ਨੂੰ ਕਟਹਿਰੇ ਵਿਚ ਖੜ੍ਹਾ ਕਰਕੇ ਆਪਣਾ ਹਲ.ਫੀਆ ਬਿਆਨ ਦਰਜ ਕਰਾਉਂਦਾ ਹੈ। ਇੰਨਾ ਹੀ ਨਹੀਂ ਲੇਖਕ ਨੇ 'ਛਾਂਗਿਆ ਰੁੱਖ' ਵਿਚ ਆਪਣੇ ਸ਼ੋਸ਼ਿਤ ਅਤੇ ਪੀੜਤ ਜੀਵਨ ਨੂੰ ਪੂਰੇ ਮਾਪਦੰਡਾਂ ਨਾਲ ਪੇਸ਼ ਕਰਕੇ ਸਭਿਆਚਾਰਕ ਧਰਾਤਲ ਉਤੇ ਉਸ ਭਾਵ-ਬੋਧ ਦਾ ਵੀ ਅਹਿਸਾਸ ਕਰਾਇਆ ਹੈ ਜਿਸ ਨੂੰ ਕਬੀਰ ਅਤੇ ਨਾਨਕ ਨੇ ਆਪਣੀਆਂ ਸਾਖੀਆਂ ਅਤੇ ਸ਼ਬਦ-ਬਾਣੀ ਰਾਹੀਂ ਸਭ ਤੋਂ ਦੁਖੀ ਇਨਸਾਨ ਦੀ ਆਤਮਾ ਦੇ ਰੂਪ ਵਿਚ ਦਰਸ਼ਨ ਕੀਤੇ ਸਨ।

ਮੈਨੂੰ ਵਿਸ਼ਵਾਸ ਹੈ ਕਿ 'ਛਾਂਗਿਆ ਰੁੱਖ' ਦਾ ਸਾਹਿਤ ਦੀ ਮਹੱਤਵਪੂਰਨ ਕਿਰਤ ਦੇ ਰੂਪ ਵਿਚ ਨਿਸ਼ਚੇ ਹੀ ਸਨਮਾਨ ਅਤੇ ਸਵਾਗਤ ਹੋਵੇਗਾ ਅਤੇ ਕਿਰਤ ਸਿਰ.ਫ ਪੰਜਾਬੀ ਜਾਂ ਹਿੰਦੀ ਤਕ ਸੀਮਤ ਨਹੀਂ ਰਹੇਗੀ।

('ਛਾਂਗਿਆ ਰੁੱਖ' ਦੇ ਹਿੰਦੀ ਪ੍ਰਕਾਸ਼ਨ ਦੀ ਭੂਮਿਕਾ, ਜਿਸ ਨੂੰ ਬਾਣੀ ਪ੍ਰਕਾਸ਼ਨ, ਦਿੱਲੀ ਨੇ ਪ੍ਰਕਾਸ਼ਨ ਕੀਤਾ ਹੈ)

## ਰੇਪ-ਇਕ ਨਵੀਂ ਪਰਿਭਾਸ਼ਾ/ ਡਾ. ਜਸਵਿੰਦਰ ਕੌਰ ਬਿੰਦਰਾ

ਸਰੂਪ ਸਿਆਲਵੀ ਬਹੁਤ ਘੱਟ ਲਿਖਣ ਵਾਲਾ ਕਹਾਣੀਕਾਰ ਹੈ। ਪਰੰਤੂ ਉਸ ਦੀ ਕਥਾਕਾਰੀ ਵਿੱਚ ਗੰਭੀਰਤਾ ਅਤੇ ਸੂਖਮਤਾ ਹੈ। ਉਸ ਦੀ ਇਕ ਕਹਾਣੀ 'ਰੇਪ' ਬਹੁਤ ਪ੍ਰਭਾਵਸ਼ਾਲੀ ਹੈ। ਰੇਪ ਜਿਵੇਂ ਅਸੀਂ ਜਾਣਦੇ ਹਾਂ ਬਲਾਤਕਾਰ, ਜਿਸ ਦੀ ਵਰਤੋਂ ਔਰਤ ਨਾਲ ਕੀਤੇ ਜਬਰ-ਜਿਨਾਹ ਦੇ ਤਹਿਤ ਕੀਤੀ ਜਾਂਦੀ ਹੈ। ਰੇਪ ਜਾਂ ਬਲਾਤਕਾਰ ਨੂੰ ਉਸੇ ਸੀਮਿਤ ਅਰਥਾਂ ਨਾਲ ਹੀ ਜੋੜ ਕੇ ਵੇਖਿਆ ਜਾਂਦਾ ਹੈ, ਜਦਕਿ ਇਸ ਦਾ ਅਰਥ ਵਿਸ਼ਾਲ ਹੈ, ਕਿਉਂਕਿ ਕਿਸੇ ਨਾਲ ਕਿਸੇ ਵੀ ਪੱਖੋਂ ਕੀਤੀ ਜ਼ਬਰਦਸਤੀ ਬਲਾਤਕਾਰ ਹੀ ਹੈ। ਪਰੰਤੂ ਇਸ ਦਾ ਪ੍ਰਮੁੱਖ ਅਤੇ ਅਗਾਊ ਅਰਥ ਔਰਤ ਦੀ ਇੱਜ਼ਤ ਅਤੇ ਇਸਮਤ ਨਾਲ ਕੀਤੀ ਜਾਣ ਵਾਲੀ ਜ਼ਬਰਦਸਤੀ ਨਾਲ ਹੀ ਇਕਮਿਕਤਾ ਗ੍ਰਹਿਣ ਕਰਦਾ ਹੈ।

ਰੇਪ ਕਹਾਣੀ ਵਿੱਚ ਕਹਾਣੀਕਾਰ ਸਰੂਪ ਸਿਆਲਵੀ ਰੇਪ ਦੇ ਪ੍ਰਮੁੱਖ ਅਰਥ ਦੇ ਨਾਲ ਇਸ ਨੂੰ ਇਕ ਨਵੀਨ ਅਰਥ ਪ੍ਰਦਾਨ ਕਰਦਾ ਹੈ ਜਿਸ ਕਾਰਣ ਇਹ ਕਹਾਣੀ ਆਪਣੀ ਵਿਸ਼ੇਸ਼ ਪਛਾਣ ਬਣਾਉਂਦੀ ਹੈ। ਇਸ ਕਹਾਣੀ ਵਿੱਚ ਕਈ ਪਰਤਾਂ ਹਨ, ਕੁਝ ਜਾਣੀਆਂ-ਪਛਾਣੀਆਂ ਤੇ ਕੁਝ ਫਰੋਲੇ ਜਾਣ ਦੀ ਉਮੀਦ ਰੱਖਦੀਆਂ।

ਕਹਾਣੀ ਦੀ ਬਣਤਰ ਤੇ ਵਿਸ਼ੇ ਵਿੱਚ ਅਨਜਾਣਾਪਨ ਨਹੀਂ, ਕਿਉਂਕਿ ਆਪਣੇ ਤੋਂ ਕਮਜ਼ੋਰ ਉਤੇ ਰੋਹਬ ਪਾਉਣਾ ਮਨੁੱਖੀ ਸੁਭਾਅ ਹੈ। ਭਾਵੇਂ ਆਪਣੀ ਤਕੜਾਈ ਫੰਨੇ ਖਾਂ ਜਿਹੀ ਨਾ ਵੀ ਹੋਵੇ, ਪਰੰਤੂ ਜੇ ਉਸ ਜੱਟ ਦੇ ਨਾਲ ਰਲੇ ਸੀਰੀ ਨੇ ਉਸ ਦੇ ਬਾਪ ਤੋਂ ਕੋਈ ਕਰਜ਼ਾ ਲਿਆ ਸੀ ਤੇ ਹੁਣ ਉਹ ਮੋੜਨ ਤੋਂ ਅਸਮਰੱਥ ਸੀ ਤਾਂ ਉਸ ਦੀ ਜਵਾਨ ਹੁੰਦੀ ਧੀ ਦੇ ਖੁੱਲ੍ਹੇ ਗਲ੍ਹਮੇ ਵਿੱਚ ਹੱਥ ਮਾਰਨ ਦਾ ਉਸ ਨੂੰ ਹੱਕ ਬਣਦਾ ਨਜ਼ਰ ਆ ਰਿਹਾ ਸੀ। ਇਸੇ ਹੱਕ ਦੀ ਆਕੜ ਵਿੱਚ ਉਸ ਨੇ ਆਪਣੀ ਸੋਚ ਨੂੰ ਅੰਜ਼ਾਮ ਵੀ ਦੇ ਦਿੱਤਾ। ਇਸ ਹੱਥੋਪਾਈ ਵਿੱਚ ਕੁੜੀ ਦੀ ਕੁੜਤੀ ਫੱਟ ਗਈ ਤੇ ਰੌਲਾ ਪੈ ਗਿਆ। ਮੁੰਡਾ ਗਾਲ੍ਹਾਂ ਤੇ ਮਾਰਕੁਟਾਈ ਦੇ ਡਰੋਂ ਘਰੋਂ ਭੱਜ ਗਿਆ। ਮਾਮਲਾ ਇਥੇ ਹੀ ਖਤਮ ਨਹੀਂ ਹੋਇਆ ਸਗੋਂ ਇਥੋਂ ਇਕ ਨਵਾਂ ਮੁੱਦਾ ਬਣ ਸਾਹਮਣੇ ਆ ਖਲੋਤਾ। ਇਹ ਮੁੱਦਾ ਸੀ ਉਸ ਕੁੜੀ ਦੇ ਜਵਾਨ ਭਰਾ ਵਲੋਂ ਕੋਰਟ-ਕਚਿਹਰੀ ਤਕ ਮਾਮਲਾ ਲੈ ਜਾਣ ਦਾ ਡਰ ਜਿਸ ਡਰ ਤੋਂ ਬਚਣ ਖਾਤਿਰ ਜੱਟ-ਪਰਿਵਾਰ ਦੀ ਧੀ ਸਾਹਮਣੇ ਆਣ ਖਲੋਤੀ। ਧੀ ਸੁਖਜੀਤ ਨੇ ਆਪਣੇ ਢੰਗ ਨਾਲ ਮਾਮਲੇ ਨੂੰ ਸੁਲਝਾਉਣ ਦੀ ਕੋਸ਼ਿਸ਼ ਕੀਤੀ ਤੇ ਕਿਹਾ ਜਾ ਸਕਦਾ ਹੈ ਕਿ ਉਹ ਇਸ ਵਿੱਚ ਕਾਮਯਾਬ ਵੀ ਹੋ ਗਈ।

ਕਿਸੇ ਵੀ ਸਮੱਸਿਆ ਦਾ ਹੱਲ ਕੱਢਣ ਲਈ ਸਾਡੀ ਸੰਸਕ੍ਰਿਤੀ ਵਿਚ ਚਾਰ ਭੇਦ ਦੱਸੇ ਜਾਂਦੇ ਹਨ-ਸਾਮ, ਦਾਮ, ਦੰਡ ਅਤੇ ਭੇਦ। ਸੁਖਜੀਤ ਸੁਚੇਤ ਤੌਰ ਉਤੇ ਮਾਮਲੇ ਨੂੰ ਰਫਾ-ਦਫਾ ਕਰਨਾ ਚਾਹੁੰਦੀ ਹੈ। ਭਾਵੇਂ ਉਹ ਕਾਲਜ ਵਿੱਚ ਪੜ੍ਹਦੀ ਹੋਣ ਕਾਰਣ ਇਸ ਗੱਲ ਨੂੰ ਮੰਨਦੀ ਹੈ ਕਿ ਉਸ ਦੇ ਭਰਾ ਨੇ ਬਲਾਤਕਾਰ ਦੀ ਕੋਸ਼ਿਸ਼ ਕਰਕੇ ਮਾੜਾ ਕੰਮ ਕੀਤਾ ਹੈ, ਪਰ ਉਸ ਨੂੰ ਬਹੁਤਾ ਫਿਕਰ ਉਸ ਦਾ ਸ਼ਿਕਾਰ ਹੋਈ ਕੁੜੀ ਦਾ ਨਹੀਂ ਹੁੰਦਾ ਜਿਨ੍ਹਾਂ ਆਪਣੇ ਘਰ ਦੀ ਇੱਜਤ ਨੂੰ ਪੁਲਿਸ ਜਾਂ ਕੋਰਟ ਤਕ ਪਹੁੰਚ ਜਾਣ ਦਾ ਹੁੰਦਾ ਹੈ। ਉਹ ਭਰਾ ਨੂੰ ਐਨਾ ਬੁਰਾ-ਭਲਾ ਨਹੀਂ ਕਹਿੰਦੀ, ਜਿਨ੍ਹਾ ਇਹ ਸੋਚਦੀ ਹੈ ਕਿ ਜੇ ਉਸ ਦੀਆਂ ਸਹੇਲੀਆਂ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਉਸ ਉਤੇ ਹੱਸਣਗੀਆਂ ਤੇ ਉਸ ਦਾ ਮਜ਼ਾਕ ਬਣਾਉਣਗੀਆਂ। ਇਸ ਤੋਂ ਸਾਫ਼ ਜ਼ਾਹਿਰ ਹੈ ਕਿ ਕਾਲਜ ਵਿੱਚ ਬਲਾਤਕਾਰੀਆਂ ਉਤੇ ਲਾਹਣਤਾਂ ਪਾਉਣ ਵਾਲੀ ਸੁਖਜੀਤ ਆਪਣੇ ਭਰਾ ਦੀ ਇਸ ਕਰਤੂਤ ਉਤੇ ਉਸ ਨੂੰ ਬਚਾਉਣ ਦੇ ਆਹਰ-ਪਾਹਰ ਕਰਨ ਲੱਗ ਪੈਂਦੀ ਹੈ। ਉਹ ਹਰ ਢੰਗ ਅਪਨਾਉਂਦੀ ਹੈ, ਜਿਸ ਦਾ ਉਪਰ ਜ਼ਿਕਰ ਕੀਤਾ ਹੈ। ਸਾਮ, ਦਾਮ, ਦੰਡ, ਭੇਦ।

ਉਹ ਸੀਰੀ ਦੇ ਘਰ ਜਾ ਕੇ ਉਸ ਕੁੜੀ ਤੇ ਉਸ ਦੇ ਭਰਾ ਜਸਬੀਰ ਨੂੰ ਕਰਜ਼ੇ ਦਾ ਪਰਨੋਟ ਵਾਪਸ ਕਰ ਦੇਂਦੀ ਹੈ। ਉਸ ਕੁੜੀ ਸਾਹਮਣੇ ਹੱਥ ਜੋੜਦੀ ਉਸ ਦੀ ਹਾਲਤ ਉਤੇ ਭੁਸਕਦੀ ਉਸ ਅੱਗੇ ਆਪਣਾ ਝੱਗਾ ਉਪਰ ਕਰ ਖੜੀ ਹੋ ਜਾਂਦੀ ਹੈ ਤਾਂ ਕਿ ਉਹ ਆਪਣਾ ਬਦਲਾ ਉਸ ਤੋਂ ਲੈ ਸਕੇ। ਉਹ ਭਾਵਕ ਹੋ ਰੋਂਦੀ ਵੀ ਹੈ



ਤੇ ਉਨ੍ਹਾਂ ਦੀ ਹੁਣ ਤੱਕ ਕਰਦੇ ਆਏ ਮਦਦ ਤੇ ਲੈਣ-ਦੇਣ ਨੂੰ ਵੀ ਜਤਲਾਉਂਦੀ ਹੈ। ਪਰਨੋਟ ਦੀ ਵਾਪਸੀ ਪਿੱਛੇ ਮਨਸਾ ਇਹੀ ਹੈ ਕਿ ਜਸਬੀਰ ਕਲ੍ਹ ਤੋਂ ਉਨ੍ਹਾਂ ਦੇ ਖੇਤ ਉੱਤੇ ਕੰਮ ਕਰਨ ਆਵੇ ਨਾ ਕਿ ਪੁਲਿਸ ਥਾਣੇ ਰਿਪੋਰਟ ਕਰਵਾਉਣ ਜਾ ਵੜ੍ਹੇ। ਬੇਸ਼ਕ ਸੁਖਜੀਤ ਬੜਾ ਸਾਊ ਵਿਹਾਰ ਕਰਦੀ, ਉਨ੍ਹਾਂ ਦੇ ਦੁੱਖ-ਦਰਦ ਵਿੱਚ ਸ਼ਾਮਿਲ ਹੋਣ ਦਾ ਵਿਖਾਵਾ ਕਰਦੀ ਹੈ, ਪਰ ਅਚੇਤ ਤੌਰ ਤੇ ਦੇਖਿਆ ਲੱਗਦਾ ਹੈ ਕਿ ਉਹ ਹਰ ਪਖੋਂ ਉਨ੍ਹਾਂ ਉਤੇ ਹਾਵੀ ਹੋਣ ਦੀ ਕੋਸ਼ਿਸ਼ ਕਰਦੀ ਹੈ। ਭਰਾ ਨੇ ਤੇ ਜੋ ਕੀਤਾ ਸੋ ਕੀਤਾ ਭੈਣ ਵੀ ਹਮਦਰਦੀ ਦੀ ਮਲ੍ਹਮ ਹੇਠ ਉਨ੍ਹਾਂ ਦੇ ਗੁੱਸੇ ਨੂੰ ਕਾਬੂ ਕਰਨ ਦਾ ਜਤਨ ਕਰਦੀ ਹੈ। ਭਈ, ਕਮਜ਼ੋਰ ਨੂੰ ਮਾਰਨਾ ਵੀ ਹੈ ਤੇ ਮਾਰ ਮਗਰੋਂ ਉਸ ਨੂੰ ਕੁਸਕਣ ਵੀ ਨਹੀਂ ਦੇਣਾ ਤਾਂ ਕਿ ਭਾਫ਼ ਵੀ ਬਾਹਰ ਨਾ ਨਿਕਲੇ। ਚਿਤ ਵੀ ਮੇਰਾ, ਪੱਟ ਵੀ ਮੇਰਾ।

ਸੁਖਜੀਤ ਇੱਥੇ ਹੀ ਬਸ ਨਹੀਂ ਕਰਦੀ। ਸਾਰੀ ਰਾਤ ਉਸ ਨੂੰ ਨੀਂਦ ਇਸ ਕਰਕੇ ਨਹੀਂ ਆਉਂਦੀ ਕਿ ਮਤੇ ਜਸਬੀਰ ਸਵੇਰੇ ਲੋਕਾਂ ਦਾ ਚੁਕਿਆ-ਚੁਕਾਇਆ ਗੱਲ ਥਾਣੇ ਤਕ ਨਾ ਲੈ ਜਾਏ, ਕਿਉਂਕਿ ਅੱਜ ਕਲ੍ਹ ਦਲਿਤਾਂ ਨੂੰ ਬੋਲਣਾ ਆ ਗਿਆ ਹੈ। ਆਪਣਾ ਹੱਕ ਮੰਗਣਾ ਆ ਗਿਆ ਹੈ ਤੇ ਜਸਬੀਰ ਵੈਸੇ ਵੀ ਦਲਿਤਾਂ ਦੇ ਜਲੂਸ ਆਦਿ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਂਦਾ ਰਹਿੰਦਾ ਹੈ। ਕਿਵੇਂ ਇਕ ਅਮਾਨਵੀਂ ਹਰਕਤ, ਲੋਕਾਂ ਦੇ ਨਿਜੀ ਦੁੱਖ-ਦਰਦ ਤੋਂ ਤੁਰ ਕੇ ਰਾਜਨੀਤੀ ਅਤੇ ਜਲਸਿਆ ਦਾ ਹਿੱਸਾ ਬਣਨ ਲੱਗ ਪੈਂਦੀ ਹੈ ਤੇ ਉਸ ਅਮਾਨਵੀਂ ਹਰਕਤ ਦਾ ਸ਼ਿਕਾਰ ਹੋਏ ਮਨੁੱਖ ਦੀ ਪੀੜਾ ਨੂੰ ਦਿਲੋਂ ਮਹਿਸੂਸ ਕਰਨ, ਉਸ ਨੂੰ ਦਿਲਾਸਾ ਦੇਣ ਦਾ ਕੋਈ ਹੀਂਆ-ਉਪਰਾਮਤਾ ਕਰਨ ਦੀ ਥਾਂ ਉਸ ਦਾ ਸਮਾਜੀ ਤੇ ਰਾਜਨੀਤੀ ਕਰਣ ਢਿੰਢੋਰਾ ਪਿੱਟ ਦਿੱਤਾ ਜਾਂਦਾ ਹੈ। ਇਥੇ ਵੀ ਸ਼ਿਕਾਰ ਹੋਈ ਕੁੜੀ ਓਨੀ ਅਹਿਮੀਅਤ ਨਹੀਂ ਰੱਖਦੀ, ਜਿਨ੍ਹਾਂ ਉਸ ਦੇ ਭਰਾ ਜਸਬੀਰ ਨੂੰ ਸੁਖਜੀਤ ਆਪਣੇ ਹੱਥਾਂ ਉੱਤੇ ਪਾਉਣ ਦੀ ਕੋਸ਼ਿਸ਼ ਕਰਦੀ ਹੈ। ਉਸ ਨੂੰ ਖਤਰਾ ਉਸ ਕੁੜੀ ਵਲੋਂ ਨਹੀਂ, ਉਸ ਦੇ ਭਰਾ ਕੋਲੋਂ ਮਹਿਸੂਸ ਹੁੰਦਾ ਹੈ।

ਰਾਤ ਵੇਲੇ ਘਰ ਜਾ ਕੇ ਉਹ ਜਸਬੀਰ ਉਸ ਦੀ ਭੈਣ ਤੇ ਮਾਪਿਆ ਅੱਗੇ ਪੱਕ-ਠੱਪ ਕਰ ਆਉਂਦੀ ਹੈ ਪਰ ਸਵੇਰੇ ਫਿਰ ਰੋਟੀ ਲੈ ਕੇ ਖੇਤ ਜਸਬੀਰ ਕੋਲ ਚਲੀ ਜਾਂਦੀ ਹੈ। ਉਹ ਦੇਖਣਾ ਚਾਹੁੰਦੀ ਹੈ ਕਿ ਜਸਬੀਰ ਉਤੇ ਉਸ ਦੀ ਗੱਲਬਾਤ ਅਤੇ ਸਮਝਾਉਣ ਦਾ ਕਿੰਨਾ ਕੁ ਅਸਰ ਹੋਇਆ ਹੈ। ਜਸਬੀਰ ਨੂੰ ਖੇਤ ਵਿੱਚ ਕੰਮ ਕਰਦੇ ਦੇਖ ਉਸ ਨੂੰ ਤਸੱਲੀ ਜਿਹੀ ਮਹਿਸੂਸ ਹੁੰਦੀ ਹੈ। ਜਸਬੀਰ ਦਾ ਸ਼ੁਕਰੀਆਂ ਅਦਾ ਕਰਨ ਦੀ ਬਜਾਏ ਉਹ ਆਪਣੀਆਂ ਪੁਰਾਣੀਆਂ ਬਚਪਨ ਅਤੇ ਜਵਾਨੀ ਦੀਆਂ ਗੱਲਾਂ ਨਾਲ ਉਲਝਾ ਕੇ ਉਸ ਨੂੰ ਇਕਦਮ ਚਿਤ ਕਰਨ ਦੇਣਾ ਚਾਹੁੰਦੀ ਹੈ। ਇਸੇ ਲਈ ਉਸ ਦੇ ਸਕੂਲ ਦੀ ਕਬੱਡੀ ਟੀਮ ਦੇ ਕੈਪਟਨ ਹੋਣ ਦੀ ਗੱਲ ਛੋਹ ਲੈਂਦੀ ਹੈ। ਹੌਲੀ-ਹੌਲੀ ਗੱਲਾਂ ਕਰਦੀ ਉਹ ਜਸਬੀਰ ਨੂੰ ਇਸ ਪਖੋਂ ਹੀਣਤਾ ਦਾ ਅਹਿਸਾਸ ਕਰਵਾਉਂਦੀ ਜਾਂਦੀ ਹੈ ਕਿ ਠੀਕ ਹੈ ਕਦੇ ਉਹ ਖਿਡਾਰੀ ਹੁੰਦਾ ਸੀ ਤੇ ਉਸ ਦੀ ਟੀਮ ਅੱਗੇ ਸੁਖਜੀਤ ਦੀ ਟੀਮ ਹਾਰ ਗਈ ਸੀ। ਮਜਬੂਰੀ ਵੱਸ ਸੁਖਜੀਤ ਨੇ ਜੇਤੂ ਟੀਮ ਦੇ ਕੈਪਟਨ ਨਾਲ ਹੱਥ ਮਿਲਾ ਲਿਆ ਸੀ। ਪਰ ਇਕ ਦਲਿਤ, ਕਮੀਣ ਹੱਥੋਂ ਹੋਈ ਹਾਰ ਨੂੰ ਉਹ ਕਦੇ ਪਚਾ ਨਹੀਂ ਸਕੀ। ਜਸਬੀਰ ਸਕੂਲ ਮਗਰੋਂ ਦਿਹਾੜੀ ਦੇ ਆਹਰ ਜਾ ਲੱਗਾ ਤੇ ਸੁਖਜੀਤ ਪੜ੍ਹਦੀ-ਪੜ੍ਹਦੀ ਕਾਲਜ ਜਾ ਪਹੁੰਚੀ। ਕਦੇ ਖੇਡ ਵਿੱਚ ਹਰਾ ਸਕਣ ਵਾਲਾ ਜਸਬੀਰ ਹੁਣ ਪੜ੍ਹੀ-ਲਿਖੀ ਤੇ ਸੁੰਦਰ ਮੁਟਿਆਰ ਸੁਖਜੀਤ ਵੱਲ ਅੱਖ ਚੁੱਕ ਕੇ ਤੱਕਣ ਦੀ ਹਿੰਮਤ ਵੀ ਨਹੀਂ ਕਰ ਸਕਦਾ ਸੀ। ਇਥੇ ਕਈ ਵਖਰੇਵੇਂ ਪੈਦਾ ਹੋ ਗਏ ਸਨ ਊਚ-ਨੀਚ, ਅਮੀਰੀ-ਗਰੀਬੀ ਤੇ ਘੱਟ-ਪੜ੍ਹੇ ਲਿਖੇ ਤੇ ਵੱਧ ਪੜ੍ਹੀ ਕੁੜੀ। ਇਹ ਸਾਰੇ ਵਖਰੇਵੇਂ ਜਸਬੀਰ ਨੂੰ ਹੀਣਤਾ ਅਤੇ ਕਮਜ਼ੋਰ ਹੋਣ ਦਾ ਅਹਿਸਾਸ ਕਰਵਾਉਣ ਲਈ ਕਾਫੀ ਸਨ। ਇਹ ਸਭ ਯਾਦ ਕਰਵਾ ਕੇ ਥੱਕ-ਹਾਰ ਕੇ ਸੁਖਜੀਤ ਆਪ ਹੀ ਜਸਬੀਰ ਦੀਆਂ ਬਾਹਾਂ ਵਿੱਚ ਨਿਸੱਲ ਹੋ ਡਿੱਗ ਪਈ। ਜਸਬੀਰ ਦੀ ਸਮਝ ਵਿੱਚ ਅਜੇ ਵੀ ਪੂਰੀ ਤਰ੍ਹਾਂ ਕੁਝ ਨਹੀਂ ਆਇਆ ਸੀ।

ਪਰ ਅਚੇਤ ਜਾਂ ਸੁਚੇਤ ਸੁਖਜੀਤ ਦਾ ਮਕਸਦ ਪੂਰਾ ਹੋ ਗਿਆ। ਉਸ ਦੇ ਆਖਰੀ ਢੰਗ ਨੇ ਜਸਬੀਰ ਨੂੰ ਐਨਾ ਹੱਕਾ-ਬੱਕਾ ਕਰ ਦਿੱਤਾ ਕਿ ਉਹ ਉਸ ਤੋਂ ਛੇਤੀ ਉਭਰ ਨਹੀਂ ਸਕਦਾ ਸੀ। ਹੀਣਤਾਂ ਤੇ ਕਮਜ਼ੋਰੀ ਦਾ ਡੰਕ ਮਨੁੱਖ ਨੂੰ ਕਈ ਵਾਰ ਸਿਰ ਚੁੱਕਣ ਨਹੀਂ ਦੇਂਦਾ। ਜਸਬੀਰ ਵਿਚਾਰੇ ਨਾਲ ਵੀ ਇਹੀ ਹੋਇਆ। ਤਕੜਿਆਂ ਨੇ ਇਕ ਵਾਰ ਫਿਰ ਕਮਜ਼ੋਰ ਨੂੰ ਢਾਹੀ ਦੇ ਦਿੱਤੀ। ਪਹਿਲਾਂ ਭਰਾ ਨੇ ਭੈਣ ਨੂੰ ਦਿੱਤੀ, ਫਿਰ ਭੈਣ ਨੇ ਉਸ ਦੇ ਭਰਾ

ਨੂੰ। ਦੋਵੇਂ ਭੈਣ-ਭਰਾ ਦੀ ਮਨਆਈ ਪੂਰੀ ਹੋ ਗਈ ਤੇ ਅਮੀਰ-ਗਰੀਬ, ਦਲਿਤ-ਜੱਟ ਹਰ ਤਰ੍ਹਾਂ ਦਾ ਵਖਰੇਵਾਂ ਸਿਰ ਚੁੱਕ ਕੇ ਉਸੇ ਤਰ੍ਹਾਂ ਕਾਇਮ ਰਿਹਾ।

ਸਰੂਪ ਸਿਆਲਵੀ ਨੇ ਬੜੇ ਸੂਖ਼ਮਤਾਂ ਨਾਲ ਘਟਨਾ ਦਾ ਤਾਣਾ-ਬਾਣਾ ਬੁਣਕੇ 'ਰੇਪ' ਦੀ ਪਰਿਭਾਸ਼ਾ ਕਰਨ ਦੀ ਕੋਸ਼ਿਸ਼ ਕੀਤੀ। ਸਗੋਂ ਉਹ ਕਹਾਣੀ ਦੀਆਂ ਰੇਪ ਸੰਬੰਧੀ ਦੋ ਤੁਕਾਂ ਨਾ ਦੇਂਦਾ ਤੇ ਕਹਾਣੀ ਨੂੰ ਉਥੇ ਹੀ ਖਤਮ ਕਰ ਦੇਂਦਾ ਜਿੱਥੇ ਸੁਖਜੀਤ, ਜਸਬੀਰ ਦੀਆਂ ਬਾਹਾਂ ਵਿੱਚ ਡਿੱਗਦੀ ਤੇ ਉਸ ਪੈਰ੍ਹੇ ਤਕ ਤਾਂ ਕਹਾਣੀ ਅੰਦਰੂਨੀ ਪੱਖ ਹੋਰ ਵੀ ਡੂੰਘਾ ਹੁੰਦਾ।

ਕੀ ਸੁਖਜੀਤ ਨੂੰ ਵਿਚਾਰੀ ਕਿਹਾ ਜਾ ਸਕਦਾ ਹੈ। ਉਸ ਨੂੰ ਸਿਆਣੀ ਤੇ ਚਤਰ ਕਿਹਾ ਜਾ ਸਕਦਾ ਹੈ ਜੋ ਪੜ੍ਹੀ-ਲਿਖੀ ਹੋਣ ਕਾਰਣ, ਮਾਮਲੇ ਦੇ ਹਰ ਪੱਖ ਨੂੰ ਅੰਦਰੋਂ-ਬਾਹਰੋਂ ਸਮਝ ਕੇ ਵਰਤਾਰਾ ਕਰਨਾ ਜਾਣਦੀ ਹੈ। ਆਪਣੇ ਭਰਾ ਤੇ ਘਰ ਦੀ ਇੱਜ਼ਤ ਤੇ ਆਪਣੀ ਨਮੋਸ਼ੀ ਨੂੰ ਬਚਾਉਣਾ ਮਨੁੱਖ ਦਾ ਸਭ ਤੋਂ ਪਹਿਲਾਂ ਕਰਮ ਹੈ। ਸੁਖਜੀਤ ਨੇ ਹਰ ਪਾਸਿਓ ਇਸ ਨੂੰ ਪੂਰਾ ਕਰ ਦਿਖਾਇਆ। ਪਰ ਇਹ ਸੋਚਣਾ ਜ਼ਰੂਰੀ ਹੈ ਕਿ ਭਾਵਕ ਹੋ ਕੇ ਵੀ, ਕਿਸੇ ਦੀਆਂ ਭਾਵਨਾਵਾਂ ਉਤੇ ਜਬਰਦਸਤੀ ਵਾਰ ਕਰਨਾ, ਉਸ ਦੇ ਵਿਸ਼ਵਾਸ ਅਤੇ ਸਵੈਮਾਨ ਉਤੇ ਚੋਟ ਕਰਨਾ ਸਚਮੁੱਚ ਕਿਸੇ ਰੇਪ ਜਾਂ ਬਲਾਤਕਾਰ ਤੋਂ ਘੱਟ ਨਹੀਂ। ਜਿਸ ਵਿੱਚ ਤਕੜਾਈ ਜ਼ਾਹਿਰ ਹੁੰਦੀ ਹੈ ਤੇ ਨਮੋਸ਼ੀ ਸਿਰ ਨਹੀਂ ਚੁੱਕਣ ਦੇਂਦੀ।

## ਨੈਸ਼ਨਲ ਬੁਕ ਟਰੱਸਟ ਇੰਡੀਆ ਵਲੋਂ ਬਠਿੰਡਾ ਵਿਖੇ ਪੁਸਤਕ ਮੇਲਾ

ਨੈਸ਼ਨਲ ਬੁਕ ਟਰੱਸਟ ਇੰਡੀਆ ਪੁਸਤਕ ਸਭਿਆਚਾਰ ਪੈਦਾ ਕਰਨ ਵਿਚ ਨਿੱਗਰ ਯੋਗਦਾਨ ਪਾ ਰਿਹਾ ਹੈ। ਉਹ ਸਮੇਂ-ਸਮੇਂ ਪੰਜਾਬ 'ਚ ਵੱਖ-ਵੱਖ ਸਥਾਨਾ ਉੱਤੇ ਪੁਸਤਕ ਮੇਲੇ ਲਾ ਕੇ ਪੁਸਤਕ ਸਭਿਆਚਾਰ ਪੈਦਾ ਕਰ ਰਿਹਾ ਹੈ। ਪਿਛੇ ਜਿਹੇ ਜਲੰਧਰ ਵਿਖੇ ਲਗਾਇਆ ਪੁਸਤਕ ਮੇਲਾ ਇਸ ਦੀ ਨਿੱਗਰ ਉਦਾਹਰਨ ਹੈ। ਟਰੱਸਟ ਹੁਣ ਬਠਿੰਡਾ ਵਿਖੇ ਬਹੁਤ ਵੱਡਾ ਪੁਸਤਕ ਮੇਲਾ ਲਗਵਾ ਰਿਹਾ ਹੈ। ਮੇਲੇ ਬਾਰੇ ਜਾਣਕਾਰੀ ਦਿੰਦੇ ਹੋਏ ਟਰੱਸਟ ਦੇ ਚੀਫ ਐਡੀਟਰ ਅਤੇ ਜੁਆਇੰਟ ਡਾਇਰੈਕਟਰ ਬਲਦੇਵ ਸਿੰਘ 'ਬੱਦਨ' ਨੇ ਕਿਹਾ ਕਿ ਨੈਸ਼ਨਲ ਬੁਕ ਟਰੱਸਟ, ਇੰਡੀਆ, ਸਰਕਾਰੀ ਰਜਿੰਦਰਾ ਕਾਲਜ, ਬਠਿੰਡਾ ਵਿਖੇ 1 ਤੋਂ 9 ਦਸੰਬਰ 2007 ਦੌਰਾਨ ਪੁਸਤਕ ਮੇਲਾ ਲਗਵਾ ਰਹੀ ਹੈ। ਇਸ ਪੁਸਤਕ ਮੇਲੇ ਵਿਚ ਪੰਜਾਬੀ, ਹਿੰਦੀ, ਅੰਗਰੇਜ਼ੀ, ਉਰਦੂ ਦੇ ਪੂਰੇ ਭਾਰਤ ਤੋਂ 100 ਤੋਂ ਵੱਧ ਪ੍ਰਕਾਸ਼ਕ ਹਿੱਸਾ ਲੈ ਰਹੇ ਹਨ। ਮੇਲੇ ਨੂੰ ਸਫ਼ਲ ਬਣਾਉਣ ਲਈ ਸਾਹਿਤਕ ਪ੍ਰੋਗਰਾਮ ਵੀ ਆਯੋਜਿਤ ਕੀਤੇ ਜਾਣਗੇ। ਬਠਿੰਡਾ ਜ਼ਿਲ੍ਹੇ ਦੇ ਸਭ ਕਾਲਜਾਂ ਅਤੇ ਡੀ ਪੀ ਆਈ ਕਾਲਜ ਚੰਡੀਗੜ੍ਹ ਨੂੰ ਮੇਲੇ ਵਿੱਚ ਪੁਸਤਕਾਂ ਦੀ ਖਰੀਦ ਕਰਨ ਲਈ ਵਿਸ਼ੇਸ਼ ਤੌਰ ਉੱਤੇ ਪੱਤਰ ਭੇਜੇ ਗਏ ਹਨ। ਸਕੂਲਾਂ ਨਾਲ ਸੰਪਰਕ ਕਰਨ ਲਈ ਡੀ ਈ ਓ ਬਠਿੰਡਾ ਸ੍ਰੀ ਗੁਰਦੇਵ ਸਿੰਘ ਗਿੱਲ ਨੂੰ ਸਹਾਇਤਾ ਲਈ ਕਿਹਾ ਗਿਆ ਹੈ। ਮੇਲੇ ਦਾ ਉਦਘਾਟਨ 1 ਦਸੰਬਰ, 2007 ਨੂੰ ਦੁਪਹਿਰ 1 ਵਜੇ ਸ੍ਰੀ ਅਜਮੇਰ ਸਿੰਘ ਔਲਖ ਕਰਨਗੇ। ਸ੍ਰੀ ਰਾਮ ਸਰੂਪ ਅਣਖੀ ਉਦਘਾਟਨ ਸਮਾਰੋਹ ਦੇ ਮੁੱਖ ਮਹਿਮਾਨ ਹੋਣਗੇ ਅਤੇ ਸ੍ਰੀ ਮੋਹਨ ਭੰਡਾਰੀ ਉਦਘਾਟਨ ਸਮਾਰੋਹ ਦੀ ਪ੍ਰਧਾਨਗੀ ਕਰਨਗੇ। ਮੇਲੇ ਦੇ ਉਦਘਾਟਨ ਸਮਾਰੋਹ 'ਤੇ ਟਰੱਸਟ ਵੱਲੋਂ ਪ੍ਰਕਾਸ਼ਤ ਪੰਜਾਬੀ ਦੀਆਂ ਨਵੀਆਂ ਪੁਸਤਕਾਂ ਸ੍ਰੀ ਰਾਮ ਸਰੂਪ ਅਣਖੀ ਰਿਲੀਜ਼ ਕਰਨਗੇ। ਅਖ਼ਬਾਰਾਂ ਅਤੇ ਟੀ. ਵੀ. ਉੱਪਰ ਇਸ਼ਤਿਹਾਰਬਾਜ਼ੀ ਦੇ ਨਾਲ-ਨਾਲ ਰਾਜਿੰਦਰਾ ਕਾਲਜ ਵੱਲੋਂ ਵੀ ਵਿਸ਼ੇਸ਼ ਸਹਿਯੋਗ ਲਿਆ ਜਾ ਰਿਹਾ ਹੈ।

ਯੂਨੀਵਰਸਿਟੀ ਦੇ ਰਿਜ਼ਨਲ ਸੈਂਟਰ ਬਠਿੰਡਾ ਦੇ ਪ੍ਰੋ. ਤੇ ਮੁਖੀ ਡਾ. ਸਤਨਾਮ ਸਿੰਘ ਜੱਸਲ ਵੱਲੋਂ ਵੀ ਮੇਲੇ ਦੀ ਸਫਲਤਾ ਲਈ ਸਰਗਰਮੀ ਕੀਤੀ ਜਾ ਰਹੀ ਹੈ। ਬਠਿੰਡਾ ਦੇ ਲੇਖਕਾਂ ਅਤੇ ਸਾਹਿਤ ਸਭਾਵਾਂ ਨੂੰ ਵੀ ਸਹਿਯੋਗ ਲਈ ਅਪੀਲ ਕੀਤੀ ਜਾ ਰਹੀ ਹੈ। ਪੁਸਤਕ ਪ੍ਰੇਮੀਆਂ ਲਈ ਮੇਲੇ ਦਾ ਦਾਖਲਾ ਮੁਫ਼ਤ ਹੈ। ਮੇਲੇ ਦਾ ਉਦਘਾਟਨ 1 ਦਸੰਬਰ ਨੂੰ ਸਵੇਰੇ 11 ਵਜੇ ਹੋਵੇਗੇ। ਮੇਲਾ ਹਰ ਰੋਜ਼ ਸਵੇਰੇ 11 ਵਜੇ ਤੋਂ ਰਾਤ 8 ਵਜੇ ਤੱਕ ਖੁੱਲ੍ਹਾ ਰਹੇਗਾ। ੦



# ਜਨ ਬੋਧ

## ਡਾਕਟਰ ਵਿਲੀਅਮ ਕੇਰੀ-ਪਹਿਲੀ ਪੰਜਾਬੀ ਗਰਾਮਰ ਦਾ ਖ਼ਾਲਿਕ

ਸੱਯਿਦ ਸਿਬਤਲ ਹਸਨ ਜ਼ੈਗ਼ਮ



ਵਿਲੀਅਮ ਕੇਰੀ

ਆਜ਼ਾਦੀ ਅਗਸਤ 1947 ਈ. ਦੇ ਪਿੱਛੋਂ ਪਾਕਿਸਤਾਨ ਵਿੱਚ ਛਪਣ ਵਾਲੀਆਂ ਪੰਜਾਬੀ ਕਿਤਾਬਾਂ ਦੀ ਬਿਬਲੋਗ੍ਰਾਫ਼ੀ ਤਰਤੀਬ (1973) ਦਿੰਦਿਆਂ ਹੋਇਆ ਇਸ ਮਸਲੇ ਦਾ ਜਵਾਬ ਲੱਭਣ ਦੀ ਲੋੜ ਕੁਦਰਤੀ ਸੀ ਕਿ ਪੰਜਾਬੀ ਜ਼ਬਾਨ ਦੀ ਉਸ ਪਹਿਲੀ ਕਿਤਾਬ ਦਾ ਕੀ ਨਾਂ ਸੀ ਜਿਹੜੀ ਛਾਪੀ ਗਈ। ਉਸਦਾ ਸਿਰਜਣਹਾਰ, ਲੇਖਕ ਜਾਂ ਮੁਰੱਤਿਬ ਜਾਂ ਮੁਤਰਜਿਮ (ਤਰਤੀਬਕਾਰ ਤੇ ਅਨੁਵਾਦਕ) ਕੌਣ ਸੀ ਤੇ ਕਿਸ ਵਰ੍ਹੇ ਕਿਸ ਪ੍ਰੈਸ ਤੋਂ ਛਾਪੀ ਗਈ। ਇਸ ਖੋਜ ਵਿੱਚ ਇੱਕ ਮੁਫਲਾ ਸੋਮਾ ਛੇਤੀ ਹੀ ਮਿਲ ਗਿਆ ਜਿਹਦੇ ਵਿੱਚ ਪੰਜਾਬੀ ਵਿੱਚ ਸਭ ਤੋਂ ਪਹਿਲਾਂ ਛਪਣ ਵਾਲੀਆਂ ਦੋ ਕਿਤਾਬਾਂ ਦਾ ਵੇਰਵਾ ਇੰਜ ਦਿੱਤਾ ਗਿਆ ਸੀ-

**The hold bible. Containing the old and new testments, translated from the original into the punjabee language. by Serampore Missioneries. Printed at the Missionery Press six 840,900 PP 416, col II, "Early indian Imprints" By Katherine Smith. Diehl, the Scarecrow press, INC Newyork & London, 1964.**

ਬਾਹਵਾਲਾ ਪੰਜਾਬੀ ਕਿਤਾਬੇਂ ਹਿੱਸਾ ਅੱਵਲ, ਸਫ਼ਾ 18-19, ਨੈਸ਼ਨਲ ਬੁਕ ਸੈਂਟਰ ਆਫ਼ ਪਾਕਿਸਤਾਨ, ਲਾਹੌਰ, ਸਤੰਬਰ 1973.

(ਤਰਜਮਾ) "ਮੁਕੱਦਸ ਦਾ ਤਰਜਮਾ" ਜਿਹਦੇ ਵਿੱਚ ਨਵਾਂ ਅਤੇ ਪੁਰਾਣਾ ਅਹਿਦਨਾਮਾ ਮੌਜੂਦ ਨੇਂ। ਸੀਰਾਮਪੁਰ ਦੇ ਮਿਸ਼ਨਰੀਆਂ ਨੇ ਅਸਲ ਤੋਂ ਪੰਜਾਬੀ ਵਿੱਚ ਤਰਜਮਾ ਕਰਕੇ 1811 ਈ. ਵਿੱਚ ਮਿਸ਼ਨਰੀ ਪ੍ਰੈਸ ਤੋਂ ਛਾਪਿਆ।"

ਕੈਥਰੀਨ ਸਮਿੱਥ ਨੇ ਇਸ ਦਾ ਤਰਜਮਾ ਕਰਨ ਵਾਲੇ ਦਾ ਵੇਰਵਾ ਕਰਦਿਆਂ ਹੋਇਆਂ ਲਿਖਿਆ ਏ ਕਿ, "ਆਘੂ ਰਾਮ ਨੇ ਜਿਹੜਾ ਸਿੱਖ ਪੰਡਤ ਸੀ। ਗ਼ਾਲਿਬਨ ਬਾਈਬਲ ਦਾ ਤਰਜਮਾ ਸ਼ੀਰਾਮਪੁਰ ਦੇ ਮਿਸ਼ਨਰੀਆਂ ਵਾਸਤੇ ਤਰਜਮਾ ਕੀਤਾ। ਅਸਲ ਇਬਾਰਤ ਇੰਜ ਏ-


**Aghuram, Sikl Pandit, was probably did the Bilbical translation to Punjabee for Sorampore mission eries. 900,944. PP454, Col II,**

**Early Indian imprinst.**

ਕੈਥਰਾਈਨ ਸਮਿੱਥ ਨੇ ਇਸ ਕਿਤਾਬ ਵਿੱਚ ਇੱਕ ਹੋਰ ਜਾਣਕਾਰੀ ਵੀ ਦਿੱਤੀ ਏ ਕਿ ਪੰਜਾਬੀ ਦੀ ਦੂਜੀ ਛਪਣ ਵਾਲੀ ਕਿਤਾਬ ਕਿਹੜੀ ਸੀ। ਉਸਦੇ ਲਿਖਣ ਮੁਜਬ ਦੂਜੀ ਕਿਤਾਬ ਪੰਜਾਬੀ ਜ਼ਬਾਨ ਦੀ ਗਰਾਮਰ ਸੀ ਜਿਹੜੀ ਵਿਲੀਅਮ ਕੇਰੀ ਹੋਰਾਂ ਤਰਤੀਬ ਦਿੱਤੀ ਤੇ 1812 ਈ. ਵਿੱਚ ਛਾਪੀ। ਜਿਹਦਾ ਵੇਰਵਾ ਇੰਜ ਦਿੱਤਾ ਏ-

**Carcey, William. A grammar of the Punjabee language. Serampore printed at mission press, 1822. 8-0 (P) 72. preface PP. III-iy, W. Carey. Seran Pore. May 1812. PP-126-127-Early Indian imprints.**

ਸਫ਼ਾ 19-20 ਪੰਜਾਬੀ ਕਿਤਾਬੇਂ, ਨੈਸ਼ਨਲ ਬੁਕ ਸੈਂਟਰ ਲਾਹੌਰ, ਸਤੰਬਰ, 1973.



*ਵਿਲੀਅਮ ਕੇਰੀ ਦੁਆਰਾ ਤਿਆਰ ਕੀਤੇ ਗਏ ਪੰਜਾਬੀ ਟਾਈਪ ਦਾ ਨਮੂਨਾ*

ਏਹਨਾਂ ਹਵਾਲਿਆਂ ਨੂੰ ਵਾਚਣ ਪਿੱਛੋਂ ਵਿਲੀਅਮ ਕੇਰੀ ਬਾਰੇ ਖੋਜ ਕਰਨ ਦੀ ਲੋੜ ਪਈ। ਫ਼ਿਰੋਜ਼ ਸੰਨਜ਼ ਦਾ ਤਰਤੀਬ ਦਿੱਤਾ ਹੋਇਆ ਇਨਸਾਈਕਲੋਪੀਡੀਆ (ਸਫ਼ਾ 1252, ਲਾਹੌਰ, 1988 ਫਰੋਲਿਆ ਤੇ ਕੁਝ ਹੋਰ ਗੱਲਾਂ ਦੇ ਬਾਰੇ ਪਤਾ ਚੱਲਿਆ ਕਿ ਵਿਲੀਅਮ ਕੇਰੀ (1761-1834) ਆਪਣੀ ਖੋਜ ਦੀ ਮਹਾਨਤਾ ਦੀ ਵਜ੍ਹਾ ਕਰਕੇ ਪੀ. ਐਚ. ਡੀ. ਦੇ ਹੱਕਦਾਰ ਵੀ ਸਮਝੇ ਗਏ। ਉਹਨਾਂ 1794 ਈ. ਵਿੱਚ ਸੁੰਦਰਬਨ ਵਿੱਚ ਨੀਲ ਬੀਜਣ ਵਿੱਚ ਪਹਿਲ ਕੀਤੀ। ਪਹਿਲਾਂ ਬੰਗਾਲੀ ਵਿੱਚ ਤੇ ਪਿੱਛੋਂ ਚਾਲ੍ਹੀਆਂ ਹੋਰ ਜ਼ਬਾਨਾਂ ਵਿੱਚ ਬਾਈਬਲ ਦਾ ਤਰਜਮਾ ਕੀਤਾ। ਵੱਖ-ਵੱਖ ਜ਼ਬਾਨਾਂ ਦੀਆਂ ਡਿਕਸ਼ਨਰੀਆਂ ਤੇ ਗਰਾਮਰਾਂ ਵੀ ਤਰਤੀਬ ਦਿੱਤੀਆਂ। ਰਾਮਾਇਣ ਦਾ ਵੀ ਅੰਗਰੇਜ਼ੀ ਵਿੱਚ ਤਰਜਮਾ ਕੀਤਾ। ਫੋਰਟ ਵਿਲੀਅਮ ਕਾਲਜ ਵਿੱਚ 1801 ਵਿੱਚ ਬੰਗਾਲੀ, ਸੰਸਕ੍ਰਿਤ, ਤੇ ਮਰਾਠੀ ਦੇ ਪ੍ਰੋਫ਼ੈਸਰ ਵੀ ਥਾਪੇ ਗਏ।

ਏਸ ਮਗਰੋਂ ਇਨਸਾਈਕਲੋਪੀਡੀਆ ਆਫ਼ ਬਰੈਟਾਨੀਕਾ ਵੱਲ ਧਿਆਨ ਜਾਣਾ ਕੁਦਰਤੀ ਗੱਲ ਸੀ। ਉਸ ਤੋਂ ਹੋਰ ਗੱਲਾਂ ਤੋਂ ਵੱਖ ਏਹ ਵੀ ਪਤਾ ਚੱਲਿਆ ਕਿ ਵਿਲੀਅਮ ਕੇਰੀ ਬੰਗਾਲੀ ਨਸਰ ਦੇ ਬਾਬਾ ਆਦਮ ਨੇ। ਕਾਲਮ ਨੰਬਰ 2 ਸਫ਼ਾ ਨੰਬਰ 825 ਜਿਲਦ ਨੰਬਰ 2-1973 ਈ. ਤੇ ਫੇਰ ਚੱਲ ਸੋ ਚੱਲ ਤੇ ਏਥੋਂ ਤੀਕ ਕਿ ਉਹਨਾਂ ਬਾਰੇ ਜਿਸ ਕਦਰ ਲੋੜੀਂਦੀ ਜਾਣਕਾਰੀ ਸੀ ਉਹ ਸਾਰੀ ਮਿਲ ਗਈ। ਉਹਨਾਂ ਦਾ ਤਰਜਮਾ ਕੀਤੀਆਂ ਹੋਈਆਂ ਬਾਈਬਲਾਂ ਵੀ ਵੇਖਣ ਦਾ ਮੌਕਾ ਮਿਲ ਗਿਆ ਤੇ ਪੰਜਾਬੀ ਜ਼ਬਾਨ ਦੀ ਪਹਿਲੀ ਛਪੀ ਗਰਾਮਰ ਦੀ ਜ਼ਿਆਰਤ ਵੀ ਹੋ ਗਈ।

ਏਸ ਬਾਰੇ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਉਹ ਈਸਾਈ ਮਜ਼ਹਬ ਦੇ ਉਹਨਾਂ ਮੁਢਲੇ ਪ੍ਰਚਾਰਕਾਂ ਵਿੱਚੋਂ ਸਨ, ਜਿਹਨਾਂ ਈਸਾਈ ਮਜ਼ਹਬ ਦੀ ਤਬਲੀਗ਼ ਵਾਸਤੇ ਮਾਦਰੀ ਜ਼ਬਾਨਾਂ ਨੂੰ ਸਭ ਤੋਂ ਵੱਡਾ ਮੁੱਢਲਾ ਤੇ ਅਹਿਮ ਜ਼ਰੀਆ ਜਾਣਿਆਂ ਤੇ ਦੂਜੀਆਂ ਕਈ ਦਰਜਨ ਬੋਲੀਆਂ ਤੇ ਜ਼ਬਾਨਾਂ ਦੇ ਨਾਲ ਨਾਲ ਹੀ ਉਹਨਾਂ ਪੰਜਾਬੀ ਜ਼ਬਾਨ ਵਿੱਚ ਅੰਜੀਲ ਛਾਪਣ ਦਾ ਮਾਣ ਹਾਸਲ ਕੀਤਾ। ਹਲਾਂਕਿ ਉਹਨਾਂ ਨੂੰ ਪੰਜਾਬ ਆਵਣ ਦਾ ਅਵਸਰ ਨਹੀਂ ਮਿਲਿਆ। ਪੂਰੀ ਹਯਾਤੀ ਬੰਗਾਲ ਵਿੱਚ ਖ਼ਾਸਕਰ ਕਲਕੱਤਾ ਸੀਰਾਮਪੁਰ ਵਿੱਚ ਬਿਤਾ ਦਿੱਤੀ। ਸ਼ਾਇਦ ਏਹ ਹੀ ਕਾਰਣ ਏ ਕਿ ਉਹਨਾਂ ਕੋਲੋਂ ਪੰਜਾਬੀ ਜ਼ਬਾਨ ਬਾਰੇ ਕੁਝ ਵੱਡੀਆਂ ਭੁੱਲਾਂ ਵੀ ਵਾਪਰੀਆਂ ਜਿਹਨਾਂ ਬਾਰੇ



ਥਾਂ ਸਿਰ ਵੇਰਵਾ ਦਿੱਤਾ ਜਾਵੇਗਾ।

ਵੱਡੀ ਗੱਲ ਤੇ ਇਹ ਹੈ ਕਿ ਉਹਨਾਂ 11 ਨਵੰਬਰ 1793 ਨੂੰ ਸਮੁੰਦਰੀ ਜਹਾਜ਼ ਤੋਂ ਉੱਤਰ ਕੇ ਕਲਕੱਤਾ ਦੀ ਜੂਹ ਵਿੱਚ ਪੈਰ ਰੱਖਿਆ। ਤੇ ਮਈ 1812 ਈ. ਵਿੱਚ ਦੂਜੇ ਲਫ਼ਜ਼ਾਂ ਵਿੱਚ ਉਹਨਾਂ ਬੰਗਾਲ ਵਿੱਚ ਅਪੜਨ ਤੋਂ ਅਠਾਰਾਂ ਵਰ੍ਹੇ ਸਾਢੇ ਛੇ ਮਹੀਨੇ ਪਿੱਛੋਂ ਪੰਜਾਬੀ ਜ਼ਬਾਨ ਦੀ ਗਰਾਮਰ ਤਰਤੀਬ ਦਿੱਤੀ ਤੇ ਉਹਨੂੰ ਛਾਪ ਕੇ ਆਪਣੇ ਪੰਜਾਬੀ ਜ਼ਬਾਨਸ਼ਨਾਸ ਹੋਣ ਦਾ ਅਮਲੀ ਸਬੂਤ ਦਿੱਤਾ। ਏਸ ਤੋਂ ਉਹਨਾਂ ਦੀ ਜ਼ਬਾਨਦਾਨੀ ਬਾਰੇ ਗਿਆਨ ਹੁੰਦਾ ਏ ਕਿ ਉਹ ਏਸ ਖੇਤਰ ਵਿੱਚ ਕਿਸ ਵਡਿਆਈ ਦੇ ਪਾਤਰ ਸਨ। ਅਣਗਿਣਤ ਬੋਲੀਆਂ (ਉਪ ਭਾਸ਼ਾਵਾਂ) ਰੱਖਣ ਵਾਲੀ ਪੰਜਾਬੀ ਜ਼ਬਾਨ ਬਾਰੇ ਉਹਨਾਂ ਦੀਆਂ ਭੁੱਲਾਂ ਗੈਰ ਕੁਦਰਤੀ ਨਹੀਂ ਸਨ। ਕਈ ਟਪਲ੍ਹਿਆਂ ਦੇ ਬਾਵਜੂਦ ਪੰਜਾਬੀ ਸ਼ਨਾਸੀ ਦੀਆਂ ਉਹਨਾਂ ਜਿਹੜੀਆਂ ਪੀਡੀਆਂ, ਨੀਹਾਂ ਰੱਖੀਆਂ ਨੇਂ ਏਸ ਪੱਖੋਂ ਨਵੀਂ ਇਮਾਰਤ ਉਸਾਰਨ ਵਾਲੇ ਹਰ ਜ਼ਬਾਨਦਾਨ ਨੇ ਉਹਨਾਂ ਦੀ ਰੱਖੀ ਹੋਈ ਇੱਟ ਉੱਤੇ ਇੱਟ ਰੱਖੀ ਤੇ ਉਹਨਾਂ ਕਾਨੂੰਨਾਂ ਹੀ ਦੀ ਪਾਲਨਾ ਕੀਤੀ ਜਿਹੜੇ ਪੰਜਾਬੀ ਜ਼ਬਾਨਸ਼ਨਾਸੀ ਦੇ ਹਵਾਲੇ ਨਾਲ ਵਿਲੀਅਮ ਕੇਰੀ ਹੋਰਾਂ ਡੌਲ੍ਹੇ ਸਨ ਤੇ ਹੁਣ ਤੀਕ ਪੰਜਾਬੀ ਜ਼ਬਾਨਦਾਨੀ ਜਾਂ ਪੰਜਾਬੀ ਜ਼ਬਾਨਸ਼ਨਾਸੀ ਬਾਰੇ ਸਵਾ ਦੋ ਸੌ ਤੋਂ ਵੱਧ ਕਿਤਾਬਾਂ ਛਪ ਚੁੱਕੀਆਂ ਨੇ ਜਿਹਨਾਂ ਦੇ ਲਿਖਣਹਾਰ ਪੂਰੇ ਪੰਜਾਬੀ ਜਗਤ ਵਿੱਚ ਫੈਲੇ ਹੋਏ ਨੇ ਪਰ ਉਹ ਪਹਿਲੇ ਮਨੁੱਖ ਵਿਲੀਅਮ ਕੇਰੀ ਹੀ ਨੇ ਜਿਹਨਾਂ ਦੀ ਤਰਤੀਬ ਦਿੱਤੀ ਹੋਈ ਪੰਜਾਬੀ ਗਰਾਮਰ ਦਾ ਉੱਪਰ ਹਵਾਲਾ ਦਿੱਤਾ ਹੈ।


ਏਥੇ ਏਸ ਗੱਲ ਦਾ ਵੇਰਵਾ ਕੁਥਾ ਨਾ ਹੋਵੇਗਾ ਕਿ ਸਿੰਧੀ ਬੋਲੀ ਦੀ ਮੌਜੂਦਾ ਲਿੱਪੀ ਵੀ ਇੱਕ ਅੰਗਰੇਜ਼ੀ ਐਕਸਟਰਾ ਕਮਿਸ਼ਨਰ ਹੀ ਨੇ ਡੌਲ੍ਹੀ ਜਿਹਦਾ ਤਫ਼ਸੀਲੀ ਵੇਰਵਾ ''ਨਾਉਮਲ ਪੇਪਰਜ਼'' ਅਤੇ ਈਸਹੁਵਿਕ ਦੀ ਮਸ਼ਹੂਰ ਕਿਤਾਬ **"Dry Leaves from young Egypt"** ਪੜ੍ਹਣ ਦੇ ਪਿੱਛੋਂ ਕੀਤਾ ਜਾ ਸਕਦਾ ਏ। ਅੰਤਲੀ ਕਿਤਾਬ ਦਾ ਉਰਦੂ ਤਰਜਮਾ ''ਇਬਰਤਨਾਮਾ ਸਿੰਧ'' ਦੇ ਨਾਂ ਨਾਲ ਕਈ ਵਾਰ ਛਪ ਚੁੱਕਿਆ ਏ ਜਿਹੜਾ ਕਿ ਸੱਯਿਦ ਜ਼ਾਮਨ ਅਲੀ ਕਨਤੂਰੀ ਦੀ ਮਿਹਨਤ ਦਾ ਸਿੱਟਾ ਏ। ਜਿਹਨਾਂ ਮੁਜਬ ਸਿੰਧੀ ਲਿੱਪੀ ਦੇ ਘੜ੍ਹਨ ਦਾ ਸਾਲ 1862 ਈ. ਏ। ਜਦੋਂ ਲਿੱਪੀ ਈ 19ਵੀ ਸਦੀ ਦੇ ਅੱਧ ਦੇ ਪਿੱਛੋਂ ਡੌਲ੍ਹੀ ਗਈ ਉਸ ਦਾ ਲਿਟਰੇਚਰ ਤੇ ਉਸ ਦੀ ਜ਼ਬਾਨਸ਼ਨਾਸੀ ਦੇ ਕਾਨੂਨ ਤੇ ਹੋਰ ਵੀ ਪਿੱਛੋਂ ਵਜੂਦ ਵਿੱਚ ਆਏ ਹੋਣਗੇ। ਏਸ ਲਿੱਪੀ ਬਣਨ ਤੋਂ ਪਹਿਲਾਂ ਸਿੰਧੀ ਲਿਟਰੇਚਰ ਜਿੰਨਾ ਵੀ ਸੀ ਜਾਂ ਉਹ ਪੰਜਾਬੀ ਲਿੱਪੀ ਵਿੱਚ ਲਿਖਿਆ ਜਾਂਦਾ ਸੀ ਜਾਂ ਲੰਡਿਆਂ ਵਿੱਚ। ਕਿਉਂ ਜੋ ਇਹ ਲੇਖ ਪੰਜਾਬੀ ਤੇ ਸਿੰਧੀ ਗਰਾਮਰਾਂ ਅਤੇ ਜ਼ਬਾਨਸ਼ਾਨਾਸੀ ਦੇ ਕਾਨੂਨਾਂ ਦੇ ਡੌਲਣ ਸਿੰਧੀ ਲਿਟਰੇਚਰ ਦੇ ਵੇਰਵੇ ਬਾਰੇ ਨਹੀਂ ਸਗੋਂ ਵਿਲੀਅਮ ਕੇਰੀ ਬਾਰੇ ਵੱਧ ਤੋਂ ਵੱਧ ਜਾਣਕਾਰੀ ਪੇਸ਼ ਕਰਨਾ ਮਕਸੂਦ (ਸਬੰਧਤ) ਏ ਜਿਹੜੇ ਪੰਜਾਬੀ ਜ਼ਬਾਨ ਦੇ ਵੀ ਵੱਡੇ ਮੁਹਿਸਨਾਂ (ਮਦਦਗਾਰ) ਵਿੱਚ ਸਾਮਲ ਨੇ। ਏਸ ਲਈ ਸਿੰਧੀ ਲਿੱਪੀ, ਸਿੰਧੀ ਜ਼ਬਾਨਦਾਨੀ ਦਾ ਵਿਕਾਸ ਤੇ ਨਿਕਾਸ ਬਾਰੇ ਫੇਰ ਕਦੇ ਖੁੱਲ ਕੇ ਵਿਚਾਰ ਵਟਾਂਦਰਾਂ ਕਰਨ ਦਾ ਮੌਕਾ ਕੱਢਾਂਗੇ।

ਇਹ ਦਰਵੇਸ਼ ਈਸਾਈ ਮਿਸ਼ਨਰੀ ਵਸਤੀ ਇੰਗਲਸਤਾਨ ਦੇ ਇੱਕ ਪਿੰਡ ਪੋਲਰਜ਼ਪੁਰੀ **(Pauelrispuri)** ਵਿੱਚ 17 ਅਗਸਤ 1761 ਈ ਨੂੰ ਜੰਮਿਆ। ਏਹ ਇਲਾਕਾ ਆਪਣੀ ਮਰਦਮਖ਼ੇਜ਼ੀ ਲਈ ਪਹਿਲਾਂ ਹੀ ਮਸ਼ਹੂਰ ਸੀ। ਸ਼ੈਕਸਪੀਅਰ, ਜਾਹਨ ਹੋਕਰ, ਵਕੱਲਫ਼, ਜਾਰਜ ਫ਼ੂਕਸ, ਜਾਨ ਬੈਨਨੀਨ, ਜਾਨ ਮੈਸਨ, ਡਾਡਰਿਜ, ਜਾਨ ਨਿਊਟਨ ਅਤੇ ਟਾਮਸ ਸਕਾਟ ਵਰਗੀਆਂ ਮਸ਼ਹੂਰ ਹਸਤੀਆਂ ਨੂੰ ਵੀ ਉਸੇ ਫ਼ਿਜ਼ਾ ਤੇ ਇਲਾਕਾ ਵਿੱਚ ਜੰਮਣ, ਜਵਾਨ ਹੋਣ ਤੇ ਸਾਹ ਲੈਣ ਦਾ ਮਾਣ ਹਾਸਲ ਹੋਇਆ। ਜਿਸ ਵਿੱਚ ਅਠਾਰਵੀਂ ਸਦੀ ਦੇ ਅੰਤਲੇ ਸਾਲਾਂ ਅੰਦਰ ਏਹ ਮਹਾਨ ਜ਼ਬਾਨਸ਼ਨਾਸ ਪੈਦਾ ਹੋਏ।

ਵਿਲੀਅਮ ਕੇਰੀ ਦਾ ਦਾਦਾ ਪੀਟਰ ਕੇਰੀ ਏਸ ਖ਼ਾਨਦਾਨ ਦਾ ਪਹਿਲਾਂ ਮਨੁੱਖ ਸੀ ਜਿਹੜਾ ਪੋਲਰਜ਼ਪੁਰੀ ਵਿੱਚ ਜਾ ਵਸਿਆ ਤੇ ਢਿੱਡ ਦਾ ਦੋਜ਼ਖ਼ ਭਰਨ ਲਈ ਖੱਡੀਆਂ ਲਾ ਕੇ ਜੀਵਨ ਵਿਹਾਰ ਦੀ ਨੀਂਹ ਰੱਖੀ। ਵਿਲੀਅਮ ਕੇਰੀ ਦੇ ਵਾਲਿਦ ਐਡਮੰਡ ਕੇਰੀ ਨੇ ਬੜੀ ਮਿਹਨਤ ਕੀਤੀ। ਪੜ੍ਹਾਈ ਵੀ ਜਾਰੀ ਰੱਖੀ ਤੇ ਪਿਉ ਦੇ ਕੰਮ ਨੂੰ ਵੀ ਅੱਗੇ ਵਧਾਇਆ। ਕਿਉਂ ਜੋ ਐਡਮੰਡ ਦਾ ਵਾਲਿਦ ਪੀਟਰ ਕੇਰੀ 17 ਅਗਸਤ 1743 ਈ.

ਵਿੱਚ ਸਦੀਵੀਂ ਵਿਛੋੜਾ ਦੇ ਗਿਆ ਜਦੋਂ ਕਿ ਐਡਮੰਡ ਹਾਲੇ ਸੱਤਾਂ ਵਰ੍ਹਿਆਂ ਦਾ ਸੀ।

ਵਿਲੀਅਮ ਕੇਰੀ ਆਪਣਿਆਂ ਭੈਣਾਂ-ਭਰਾਵਾਂ ਵਿਚੋਂ ਸਭ ਤੋਂ ਵੱਡਾ ਸੀ। ਉਸ ਜ਼ਮਾਨੇ ਵਿੱਚ ਯੂਰਪ ਵਿੱਚ ਕੋਈ ਮਨੱਜ਼ਮ ਤਾਲੀਮੀ ਸਿਸਟਮ ਹਾਲੇ ਰਾਇਜ ਨਹੀਂ ਹੋਇਆ ਸੀ। ਸਗੋਂ ਇੱਕ ਐਜੂਕੇਸ਼ਨ ਸਿਸਟਮ ਦੀਆਂ ਨੀਹਾਂ ਉਸਰ ਰਹੀਆਂ ਸਨ। ਨਵੇਂ ਨਵੇਂ ਤਜਰਬੇ ਹੋ ਰਹੇ ਸਨ। ਏਸ ਵਾਸਤੇ ਵਿਲੀਅਮ ਕੇਰੀ ਨੇ ਬਹੁਤੀ ਜਾਣਕਾਰੀ ਆਪਣੇ ਘਰ ਵਾਲਿਆਂ ਤੇ ਪਿੰਡ ਦੇ ਮਦਰੱਸੇ ਤੋਂ ਹਾਸਲ ਕੀਤੀ। ਵਿਲੀਅਮ ਕੇਰੀ ਸਿਰੜ ਦਾ ਪੱਕਾ ਸੀ ਜਿਹੜੇ ਕੰਮ ਦੇ ਪਿੱਛੇ ਪੈ ਜਾਂਦਾ ਕਰਕੇ ਛੱਡਦਾ। ਔਕੜਾਂ ਉਹਦਾ ਰਾਹ ਕਦੇ ਵੀ ਡੱਕ ਨਾ ਸਕੀਆਂ। ਐਡਮੰਡ ਨੂੰ ਵੀ ਆਪਣੇ ਵਾਲਿਦ ਵਾਂਗ ਖੱਡੀਆਂ ਦੇ ਨਾਲ ਨਾਲ ਮਦਰੱਸੇ ਵਿੱਚ ਖ਼ਿਦਮਤ ਸਰਅੰਜਾਮ ਦੇਣਾ ਪਈ। ਜਿਹਦੀ ਵਜ੍ਹਾ ਕਰਕੇ ਵਿਲੀਅਮ ਕੇਰੀ ਦੀ ਕਿਤਾਬ ਦੋਸਤੀ ਵਿੱਚ ਵਾਧਾ ਹੋਇਆ। ਦਰਖ਼ਤਾਂ, ਜਾਨਵਰਾਂ ਨਾਲ ਉਸਦਾ ਮੋਹ ਵੀ ਉਸ ਨੂੰ ਬਚਪਨ ਤੋਂ ਹੀ ਮਿਲਿਆ ਜਿਹਦੇ ਵਿੱਚ ਉਦੋਂ ਉਸ ਵਿੱਚ ਹੋਰ ਵੀ ਵਾਧਾ ਹੋਇਆ ਜਦੋਂ ਉਹਦਾ ਤਾਇਆ ਪੀਟਰ ਕੇਰੀ-2 ਫ਼ੌਜੀ ਮੁਲਾਜ਼ਮਤ ਪੂਰੀ ਕਰਕੇ ਪਿੰਡ ਨੂੰ ਪਰਤਿਆ ਤੇ ਉਥੇ ਬਾਗ਼ਬਾਨੀ ਦਾ ਕੰਮ ਸ਼ੁਰੂ ਕਰ ਦਿੱਤਾ। ਜਿਹਦੇ ਵਿੱਚ ਵਿਲੀਅਮ ਕੇਰੀ ਨੇ ਉਹਨਾਂ ਦਾ ਹੱਥ ਵਟਾਣਾ ਸ਼ੁਰੂ ਕਰ ਦਿੱਤਾ ਤੇ ਪੜ੍ਹਾਈ ਦੇ ਨਾਲ ਨਾਲ ਬਾਗ਼ਬਾਨੀ ਦੇ ਸ਼ੌਕ ਵੀ ਪੂਰੇ ਕਰਦਾ ਰਿਹਾ ਤੇ ਕਈ ਘੰਟੇ ਲਗਾਤਾਰ ਧੁੱਪ ਵਿੱਚ ਬੂਟਿਆਂ ਦੀ ਉਖਾੜ-ਪਛਾੜ ਵਿੱਚ ਬਿਤਾਵਣ ਦੀ ਵਜ੍ਹਾ ਕਰਕੇ ਕਿਸੇ ਜਿਲਦੀ ਆਵਰ (ਚਮੜੀ ਰੋਗ) ਨੇ ਉਸਨੂੰ ਆ ਘੇਰਾ ਘੱਤਿਆ। ਜਿਸ ਕਰਕੇ ਇਹ ਸ਼ੌਕ ਉਸਨੂੰ ਸੋਲਾਂ ਸਾਲ ਦੀ ਉਮਰ ਵਿੱਚ ਛੱਡਣਾ ਪਿਆ।


GRAMMAR

OF THE

PUNJABEE LANGUAGE

BY W. CAREY, D.D.

Professor of the Sungskrit, Bengalee, and Mahratta languages, in the College of Fort William.

SERAMPORE:

PRINTED AT THE MISSION-PRESS.

1812.

ਪੰਜਾਬੀ ਭਾਸ਼ਾ ਦੀ ਪਹਿਲੀ ਵਿਆਕਰਣ ਦਾ ਪ੍ਰਥਮ ਪੰਨਾ

ਜ਼ਿੰਦਗੀ ਦਾ ਇਹ ਪਹੀਆਂ ਚਲਾਵਣ ਵਾਸਤੇ ਐਡਮੰਡ ਕੇਰੀ ਨੇ ਆਪਣੇ ਹੋਣਹਾਰ ਪੁੱਤਰ ਨੂੰ ਆਪਣਾ ਆਬਾਈ ਪੇਸ਼ਾ ਪਾਰਚਾਬਾਨੀ (ਜੁਲਾਹਾਗੀਰੀ) ਸਿਖਲਾਵਣ ਦੀ ਥਾਂ ਇੱਕ ਮੋਚੀ ਕੋਲ ਬਿਠਾ ਬਸਤੀ ਇੰਗਲਸਤਾਨ ਅੰਦਰ ਮੋਚੀਆਂ ਦੇ ਕੰਮ ਵਿੱਚ ਕਾਫ਼ੀ ਵਾਧਾ ਹੋਇਆ। ਨਾਲੇ ਏਸ ਵਿੱਚ ਜ਼ੁਲਾਹਿਆਂ ਦੇ ਕੰਮ ਤੋਂ ਮਜ਼ਦੂਰੀ ਵੀ ਵੱਧ ਮਿਲਦੀ ਸੀ ਤੇ ਬੂਟਸਾਜ਼ੀ ਕਾਰੋਬਾਰੀ ਤੌਰ ਤੇ ਵੀ ਲਾਹੇਵੰਦ ਸੀ। ਚੁਨਾਚਿ ਉਸਨੂੰ ਇੱਕ ਮਸ਼ਹੂਰ ਮੋਚੀ ਕੋਲ ਸ਼ਾਗਿਰਦ ਬਣਾ ਕੇ ਬਿਠਾ ਦਿੱਤਾ ਗਿਆ। ਇਹ ਕੰਮ ਵਿਲੀਅਮ ਕੇਰੀ ਨੇ ਸੋਲਾਂ ਤੋਂ ਅਠਾਈ ਸਾਲ ਦੀ ਉਮਰ ਤੀਕ ਪੂਰੇ ਬਾਰਾਂ ਵਰ੍ਹੇ ਕੀਤਾ। ਉਸ ਸਮੇਂ ਉਸਦੀ ਰਗ਼ਬਤ (ਰੁਚੀ) ਯੂਰਪੀ ਜ਼ਬਾਨਾਂ ਨੂੰ ਸਮਝਣ ਤੇ ਸਿੱਖਣ ਵੱਲ ਵਧੀ ਚੁਨਾਚਿ ਬਾਰਾਂ ਸਾਲਾਂ ਦੀ ਉਮਰ ਵਿੱਚ ਹੀ ਲਾਤੀਨੀ, ਇਤਾਲਵੀ ਤੇ ਫ਼ਰੈਂਚ ਜ਼ਬਾਨਾਂ ਉੱਪਰ ਅਬੂਰ ਹਾਸਲ ਕਰਕੇ ਉਹਨਾਂ ਵਿੱਚ ਗੱਲਬਾਤ ਕਰਨ ਦੀ ਅਟਕਲ ਆਪਣੇ ਅੰਦਰ ਪੈਦਾ ਕਰ ਲਈ ਫੇਰ ਯੂਨਾਨੀ ਇਬਰਾਨੀ ਦੇ ਨਾਲ ਨਾਲ ਡੈਨਿਸ਼ ਜ਼ਬਾਨ ਵੀ ਸਿੱਖ ਕੇ ਉਹ ਇਕ ਅੱਛਾ ਜ਼ਬਾਨਸ਼ਨਾਸ (ਭਾਸ਼ਾ ਮਾਹਿਰ) ਬਣ ਗਿਆ। ਜ਼ਬਾਨਦਾਨੀ ਦੇ ਮੁਢਲੇ ਅਸੂਲਾਂ ਦਾ ਉਸਨੂੰ ਗਿਆਨ ਹਾਸਲ ਹੋ ਗਿਆ। ਉਹਦੀ ਮੋਚੀ ਦੀ ਦੁਕਾਨ ਹੀ ਅਸਲ ਵਿੱਚ ਕੇਰੀ ਦੀ ਅਹਿਮ ਦਰਸਗਾਹ (ਪਾਠਸ਼ਾਲਾ) ਦਾ ਮੁਕਾਮ ਹਾਸਲ



ਕਰ ਗਈ ਕਿਉਂ ਜੋ ਮੋਚੀ ਦੇ ਕੰਮ ਦੇ ਨਾਲ ਨਾਲ ਉਹ ਜ਼ਬਾਨਦਾਨੀ ਦਾ ਗਿਆਨ ਹਾਸਲ ਕਰਨ ਵਿੱਚ ਰੁੱਝਿਆ ਰਹਿੰਦਾ ਤੇ ਇਸ ਦੇ ਨਾਲ ਹੀ ਉਸ ਵਿੱਚ ਮਜ਼ਹਬ ਨਾਲ ਦਿਲਚਸਪੀ ਵੀ ਏਸ ਹੱਦ ਤੀਕ ਵਧ ਗਈ ਕਿ ਉਸ ਇਹ ਫ਼ੈਸਲਾ ਵੀ ਕਰ ਲਿਆ ਕਿ ਯੂਰਪ ਤੋਂ ਬਾਹਰ ਜਾ ਕੇ ਦੂਜੇ ਦੇਸ਼ਾਂ ਵਿੱਚ ਉਥੇ ਦੇ ਲੋਕਾਂ ਨੂੰ ਉਹਨਾਂ ਦੀਆਂ ਜ਼ਬਾਨਾਂ ਵਿੱਚ ਤਬਲੀਗ਼ (ਧਾਰਮਿਕ ਪ੍ਰਚਾਰ) ਕਰਕੇ ਈਸਾਈਅਤ ਨੂੰ ਫੈਲਾਇਆ ਜਾਏ। ਕਿਉਂ ਜੋ ਵਿਲੀਅਮ ਏਸ ਮੁਢਲੀ ਹਕੀਕਤ ਤੋਂ ਭਲੀ ਭਾਂਤ ਜਾਣੂ ਸੀ ਕਿ ਪੜ੍ਹਾਈ ਦਾ ਸਭ ਤੋਂ ਵੱਡਾ ਤੇ ਸਿੱਖਿਆ ਦਾ ਅਹਿਮ ਜ਼ਰੀਆ ਕਿਸੇ ਮਨੁੱਖ ਦੀ ਮਾਦਰੀ ਜ਼ਬਾਨ ਏ। ਕਈ ਦੇਸਾਂ ਬਾਰੇ ਵਿਚਾਰ ਕਰਨ ਪਿੱਛੋਂ ਕੇਰੀ ਨੇ ਬੰਗਾਲ ਅੱਪੜਨ ਦਾ ਫ਼ੈਸਲਾ ਕਰ ਲਿਆ। ਉਸ ਸਮੇਂ ਈਸਟ ਇੰਡੀਆ ਦੀ ਲੁੱਟ-ਘਸੁੱਟ ਦੇ ਬਾਵਜੂਦ ਬੰਗਾਲ ਦੀ ਖੁਸ਼ਹਾਲੀ ਦਾ ਮੁਕਾਬਲਾ ਯੂਰਪ ਦਾ ਕੋਈ ਸ਼ਹਿਰ ਵੀ ਨਹੀਂ ਕਰ ਸਕਦਾ ਸੀ। ਵਿਲੀਅਮ ਕੇਰੀ ਦੇ ਇੱਕ ਸਾਥੀ ਡਾਕਟਰ ਟਾਮਸਨ ਨੇ ਬੰਗਾਲ ਦੀ ਏਸ ਖੁਸ਼ਹਾਲੀ ਦਾ ਨਕਸ਼ਾ ਇੰਜ ਖਿੱਚਿਆ ਏ-

"ਮਾਲਦਾ ਵਿੱਚ ਇੱਕ ਪੈਨੀ ਖਰਚ ਕਰਕੇ ਕੁੱਕੜੀ ਮਿਲ ਜਾਂਦੀ ਹੈ। ਦੋ ਪੈਂਸ ਵਿੱਚ ਬੱਤਖ਼। ਢਾਈ ਢਾਈ ਪੈਂਸ ਵਿੱਚ ਭੇਡ ਬੱਕਰੀ ਏਥੋਂ ਤੀਕ ਕਿ ਹਿਰਨ ਵਗੈਰਾ ਵੀ ਆਸਾਨੀ ਨਾਲ ਮਿਲ ਜਾਂਦੇ ਨੇ। ਅਠਾਰਾਂ ਸ਼ਲਿੰਗ ਵਿੱਚ ਇਕ ਚੰਗਾ ਭਲਾ ਤੇ ਆਰਾਮਦੇਹ ਕੱਚਾ ਮਕਾਨ ਉਸਾਰਿਆ ਜਾ ਸਕਦਾ ਹੈ ਜਿਹਦੀ ਛੱਤ ਉੱਪਰ ਛੱਪਰ ਹੁੰਦਾ ਏ। ਮੈਂ ਆਪ ਵੀ ਆਪਣੇ ਵਾਸਤੇ ਇੱਕ ਅਜਿਹਾ ਹੀ ਮਕਾਨ ਏਸੇ ਲਾਗਤ ਨਾਲ ਉਸਾਰਿਆ ਏ। ਉਸ ਮਕਾਨ ਵਿੱਚ ਏਨਾ ਆਰਾਮ ਮਿਲਿਆ ਏ ਜਿਹੜਾ ਇੰਗਲਸਤਾਨ ਵਿੱਚ ਮੁਅੱਸਰ ਨਹੀਂ ਹੋ ਸਕਿਆ। ਹਿੰਦੁਸਤਾਨ ਵਿੱਚ ਬਹੁਤੇ ਟੱਬਰ ਦਸ ਸ਼ਲਿੰਗ ਮਾਹਵਾਰ ਖਰਚ ਕਰਕੇ ਬੜੀ ਠਾਠ ਨਾਲ ਜੀਵਨ ਬਿਤਾਵਨ ਵਿੱਚ ਮਸਰੂਫ਼ ਨੇ।"

ਉਸ ਸਮੇਂ ਇਕ ਬਰਤਾਨਵੀ ਪੌਂਡ ਮੁਕਾਮੀ ਅੱਠ ਰੁਪਈਆਂ ਦੇ ਬਰਾਬਰ ਸੀ ਤੇ ਚਾਉਲ ਦਾ ਭਾਅ ਬਾਰਾਂ ਰੁਪਈਏ ਮਣ ਸੀ ਦੂਜੇ ਲਫ਼ਜ਼ਾਂ ਵਿੱਚ ਡੇਢ ਬਰਤਾਨਵੀ ਪੌਂਡ ਇਕ ਮਣ ਚਾਵਲ ਦੇ ਬਰਾਬਰ ਸੀ।

ਵਿਲੀਅਮ ਕੇਰੀ ਇੰਗਲਸਤਾਨ ਤੋਂ 13 ਜੂਨ, 1793 ਈ. ਨੂੰ ਆਪਣੇ ਬਾਲ ਬੱਚਿਆਂ ਸਮੇਤ ਜਹਾਜ ਵਿੱਚ ਸਵਾਰ ਹੋਏ। ਉਹਨਾਂ ਦਾ ਸਾਥੀ ਡਾਕਟਰ ਟਾਮਸ ਆਪਣੇ ਟੱਬਰ-ਟੀਰ੍ਹ ਸਮੇਤ ਉਹਨਾਂ ਦੇ ਏਸ ਕਾਫ਼ਲੇ ਵਿੱਚ ਸ਼ਾਮਲ ਸੀ। ਪੰਜਾਂ ਮਹੀਨਿਆਂ ਦਾ ਲੰਮਾ ਸਫ਼ਰ ਝਾਗਣ ਪਿੱਛੋਂ ਇਹ ਗਰੁੱਪ 11 ਨਵੰਬਰ 1793 ਈ. ਕਲਕੱਤਾ ਦੀ ਬੰਦਰਗਾਹ ਤੇ ਜਹਾਜ਼ ਤੋਂ ਬੰਗਾਲੀ ਜੂਹ ਅੰਦਰ ਉਤਰਿਆ। ਕੇਰੀ ਦਾ ਜਹਾਜ ਜਦੋਂ ਖ਼ਲੀਜ ਬੰਗਾਲ ਵਿੱਚ ਵੜਿਆ ਉਦੋਂ ਲਾਰਡ ਕਾਰਨਵਾਲਸ ਆਪਣੀ ਵਾਇਸਰਾਏਸ਼ਿਪ ਦੀ ਨੌਕਰੀ ਭੁਗਤਾ ਕੇ ਰਿਟਾਇਰ ਹੋ ਕੇ ਜਹਾਜ ਰਾਹੀਂ ਆਪਣੇ ਵਤਨ ਇੰਗਲਸਤਾਨ ਨੂੰ ਰਵਾਨਾ ਹੋ ਰਿਹਾ ਸੀ।

ਉਦੋਂ ਤੀਕ ਈਸਟ ਇੰਡੀਆ ਕੰਪਨੀ ਤਜਾਰਤੀ ਸਲਤਨਤ, ਮਾਲਿਆਤੀ ਹੁਕਮਰਾਨੀ ਤੇ ਇਕਤਦਾਰ ਦੀਆਂ ਹੱਦਾਂ ਬੰਗਾਲ ਤੋਂ ਬਾਹਰ ਬਿਹਾਰ, ਅਵਧ ਅੰਦਰ ਬਨਾਰਸ ਤਾਈਂ ਵਧਾ ਚੁੱਕੀ ਸੀ। ਮਦਰਾਸ ਤੇ ਮਾਲਾਬਾਰ ਦੇ ਕੁਝ ਹਿੱਸਿਆਂ ਉੱਪਰ ਵੀ ਈਸਟ ਇੰਡੀਆ ਕੰਪਨੀ ਕਬਜ਼ਾ ਕਰ ਚੁੱਕੀ ਸੀ। ਈਸਟ ਇੰਡੀਆ ਕੰਪਨੀ ਆਪਣੀਆਂ ਮਾਲਿਆਤੀ ਪਾਲਸੀਆਂ ਚਲਾ ਕੇ ਬੰਗਾਲੀ ਮੁਸਲਿਮ ਆਬਾਦੀ ਤੋਂ ਉਹਨਾਂ ਦੀਆਂ ਜ਼ਰੱਈ ਜ਼ਮੀਨਾਂ ਖੋਹ ਕੇ ਬਾਹਮਣਾਂ ਤੇ ਬਾਣੀਆਂ ਦੀ ਜ਼ਿੰਮੀਦਾਰੀ ਦਾ ਨਿਜ਼ਾਮ ਕਾਇਮ ਕਰ ਚੁੱਕੀ ਸੀ। ਨਾਲ ਹੀ ਮੁਕਾਮੀ ਸਨਅਤਾਂ ਤੇ ਕਾਰੋਬਾਰ ਉੱਪਰ ਵੀ ਸੱਟ ਮਾਰ ਕੇ ਉਹਨਾਂ ਨੂੰ ਤਬਾਹ ਕਰ ਦਿੱਤਾ ਤੇ ਇੰਜ ਇੰਗਲਸਤਾਨ ਦੇ ਮਾਲ ਦੀ ਖਪਤ ਲਈ ਨਵੀਂ ਮੰਡੀ ਪੈਦਾ ਕਰਨ ਦੀ ਕਾਮਯਾਬੀ ਮਨਸੂਬਾਬੰਦੀ ਉੱਪਰ ਅਮਲ ਜਾਰੀ ਰੱਖਿਆ। ਆਪਣੀਆਂ ਪਾਲਸੀਆਂ ਦੀ ਵਜ੍ਹਾ ਕਰਕੇ ਪਿੰਡ ਉਜੜਨੇ ਸ਼ੁਰੂ ਹੋ ਗਏ। ਫ਼ਸਲਾਂ ਨਾ ਹੋਣ ਕਰਕੇ ਬੰਗਾਲੀ ਇਲਾਕਿਆਂ ਵਿੱਚ ਕਹਿਤ (ਕਾਲ਼) ਪੈ ਗਿਆ ਤੇ ਦਸ ਬਾਰਾਂ ਲੱਖ ਬੰਦਿਆਂ ਨੂੰ ਕਹਿਤ ਦੀ ਚੁੜੇਲ ਹੜੱਪ ਕਰ ਗਈ। ਈਸਟ ਇੰਡੀਆ ਕੰਪਨੀ ਦਾ ਇਕ ਜ਼ਰਖ਼ੇਜ਼ਤਰੀਨ ਇਲਾਕੇ ਨੂੰ ਇਹ ਪਹਿਲਾਂ ਖ਼ੌਫ਼ਨਾਕ ਤੁਹਫਾ ਸੀ, ਜਿਹੜਾ ਅਮਰੀਕੀ ਸਾਮਰਾਜੀ ਅੱਜ ਥਾਂ-ਥਾਂ ਵੰਡ ਰਹੇ ਨੇ। ਬੰਗਾਲੀਆਂ ਨੂੰ ਏਸੇ ਢੰਗ ਦਾ ਦੂਜਾ ਤੁਹਫ਼ਾ 1942-43 ਈ. ਵਿੱਚ ਬਰਤਾਨਵੀ ਸਾਮਰਾਜੀਆਂ ਵਲੋਂ ਉਦੋਂ ਮਿਲਿਆ ਜਦੋਂ ਅੰਗਰੇਜ਼ਾਂ ਨੂੰ ਪੱਕ ਹੋ ਗਿਆ ਕਿ ਜਾਪਾਨੀ ਹੜ੍ਹ ਨੂੰ ਹੁਣ ਰੋਕਿਆ ਨਹੀਂ ਜਾ ਸਕਦਾ। ਚੁਨਾਚਿ ਠੇਕੇਦਾਰਾਂ ਰਾਹੀਂ ਬੰਗਾਲ

ਦੇ ਸੂਬੇ ਵਿੱਚ ਮੌਜੂਦ ਸਾਰੀ ਕਣਕ ਤੇ ਧਾਨ ਨੂੰ ਖ਼ਲੀਜ ਬੰਗਾਲ ਵਿੱਚ ਸੁੱਟ ਦਿੱਤਾ ਗਿਆ ਤੇ ਹਰ ਨਾਕੇ ਤੇ ਮੌਜੂਦ ਬੇੜੀਆਂ ਨੂੰ ਅੱਗ ਲਾ ਦਿੱਤੀ ਗਈ। ਤਾਂ ਜੋ ਜਾਪਨੀਆਂ ਨੂੰ ਬੰਗਾਲ ਉੱਪਰ ਕਬਜ਼ਾ ਕਰਨ ਪਿੱਛੋਂ ਪੈਰ ਜਮਾਵਣ ਦੀ ਰਾਹ ਵਿੱਚ ਔਕੜਾਂ ਨਾਲ ਜੂਝਣਾ ਪਵੇ।

ਵਿਲੀਅਮ ਕੇਰੀ ਨੂੰ ਕਈ ਮਹੀਨੇ ਕਲਕੱਤਾ ਵਿੱਚ ਰਹਿਣਾ ਪਿਆ। ਫੇਰ ਸੁੰਦਰਬਨ ਅੰਦਰ ਦੀਪਹਾਟ ਵਿੱਚ ਜ਼ਮੀਨ ਮਿਲ ਗਈ। ਜਦੋਂ ਕੇਰੀ ਕਲਕੱਤਾ ਛੱਡਕੇ ਦੀਪਹਾਟ ਅੱਪੜੇ ਤੇ ਉਹਨਾਂ ਨੂੰ ਦੀਪ ਹਾਟ ਵਰਗਾ ਪਿੰਡ ਕਲਕੱਤੇ ਤੋਂ ਚੰਗਾ ਲੱਗਿਆ। ਉੱਥੇ ਜੰਗਲ ਕੱਟ ਕੇ ਵਾਹੀ-ਬੀਜੀ ਵਾਸਤੇ ਭੋਇੰ ਤਿਆਰ ਕਰ ਕੇ ਜੀਵਨ ਦਾ ਨਵਾਂ ਮੁੱਢ ਬੰਨ੍ਹਿਆ। ਵਾਹੀ-ਬੀਜੀ ਤੇ ਪੇਂਡੂ ਜੀਵਨ ਨਾਲ ਵਿਲੀਅਮ ਕੇਰੀ ਦਾ ਪਹਿਲਾਂ ਹੀ ਗੂੜ੍ਹ ਸੀ। ਪਰ ਦੇਵੀਆਂ ਦੇ ਦਰਸ਼ਨਾਂ ਨਾਲ ਵਣਜਾਂ ਦੇ ਵਪਾਰ ਵਾਂਗ ਇੱਕ ਤੇ ਮੁਕਾਮੀ ਲੋਕਾਂ ਵਿੱਚ ਰਹਿਣ ਨਾਲ ਉਹਨਾਂ ਦੀ ਜ਼ਬਾਨ ਨੂੰ ਜਾਨਣ ਤੇ ਸਿੱਖਣ ਦਾ ਮੌਕਾ ਮਿਲਿਆ। ਉਹਨਾਂ ਵਿੱਚ ਈਸਾਈ ਮਜ਼ਹਬ ਦੀ ਤਬਲੀ.ਗ ਦੀ ਰਾਹ ਵੀ ਨਿੱਕਲ ਆਈ ਤੇ ਵਾਹੀ-ਬੀਜੀ ਨਾਲ ਹੀ ਰੋਟੀ ਟੁੱਕਰ ਦੀ ਚਿੰਤਾ ਵੀ ਮੁੱਕੀ। ਏਹ 1794 ਈ ਦੀ ਗੱਲ ਏ ਤੇ ਏਥੇ ਹੀ ਏਹਨਾਂ ਨੀਲ ਦੇ ਬੰਜਰ ਦਾ ਕੰਮ ਵੀ ਅਰੰਭਿਆ। ਏਸੇ ਕਰਕੇ 1994 ਈ ਨੂੰ ਭਾਰਤ ਦੇ ਮਹਿਕਮਾ ਡਾਕ ਨੇ ਉਹਨਾਂ ਦੀ ਨੀਲ ਦੀ ਕਾਸ਼ਤ ਦੀ ਦੋ ਸੌ ਸਾਲਾ ਵਰ੍ਹੇ ਗੰਢ ਦੀ ਯਾਦ ਵਿੱਚ ਵਿਲੀਅਮ ਕੇਰੀ ਦੀ ਤਸਵੀਰ ਵਾਲਾ ਟਿਕਟ ਜਾਰੀ ਕੀਤਾ ਏ।

ਦੀਪ ਹਾਟ ਰਾਸ ਆ ਜਾਵਣ ਤੇ ਪੈਰ ਪੱਕੇ ਕਰ ਲੈਣ ਦੇ ਬਾਵਜੂਦ ਵਿਲੀਅਮ ਕੇਰੀ ਨੂੰ 23 ਮਈ 1794 ਈ ਨੂੰ ਏਹ ਥਾਂ ਛੱਡਕੇ ਤੇ 23 ਦਿਨਾਂ ਦਾ ਸ.ਫ਼ਰ ਲਾਗ ਕੇ 15 ਜੂਨ ਨੂੰ ਮਾਲਦਾ ਅਪੜਨਾ ਪਿਆ ਤੇ ਉੱਥੇ ਇਕ ਅੰਗਰੇਜ਼ ਦੇ ਨੀਲ ਤਿਆਰ ਕਰਨ ਦੇ ਕਾਰਖ਼ਾਨੇ ਦਾ ਪ੍ਰਬੰਧ ਸੰਭਾਲਣਾ ਪਿਆ। ਏਸ ਨੌਕਰੀ ਨਾਲ ਵਿਲੀਅਮ ਕੇਰੀ ਪਹਿਲੀ ਵਾਰ ਮਾਲੀ ਔਕੜਾਂ ਤੋਂ ਛੁਟਕਾਰਾ ਪਾਉਣ ਵਿੱਚ ਕਾਮਯਾਬ ਹੋਏ। ਮਾਲਦਾ ਵਿੱਚ ਹੀ ਵਿਲੀਅਮ ਕੇਰੀ ਲਈ ਬੰਗਾਲੀ ਤੇ ਸੰਸਕ੍ਰਿਤ ਦੇ ਨਾਲ ਹੀ ਬੰਗਾਲ ਦੀਆਂ ਗਵਾਂਢੀ ਬੋਲੀਆਂ ਤੇ ਜ਼ਬਾਨਾਂ ਨਾਲ ਜਾਣ-ਪਛਾਣ ਹਾਸਲ ਕਰਨ ਦਾ ਚੰਗਾ ਮੌਕਾ ਪੈਦਾ ਹੋਇਆ ਤੇ ਖੁਸਹਾਲੀ ਦੀ ਵਜ੍ਹਾ ਕਰਕੇ ਬੰਗਾਲੀ ਸੰਸਕ੍ਰਿਤ ਤੇ ਕਈ ਹੋਰ ਜ਼ਬਾਨਾਂ ਦੀਆਂ ਗਰਾਮਰਾਂ, ਡਿਕਸ਼ਨਰੀਆਂ ਉੱਪਰ ਕੰਮ ਕਰਨ ਲਈ ਆਸਾਨੀਆਂ ਨੇ ਵਿਲੀਅਮ ਕੇਰੀ ਦੇ ਜ਼ਬਾਨਸ਼ਨਾਸੀ ਦੇ ਸ਼ੌਕ ਨੂੰ ਪੈਰ ਲਾ ਦਿੱਤੇ। ਅਪ੍ਰੈਲ, 1796 ਈ, ਤੀਕ ਉਹਨਾਂ ਨੂੰ ਸੰਸਕ੍ਰਿਤ ਤੇ ਹਿੰਦੀ ਜ਼ਬਾਨ ਦੀ ਏਸ ਕਦਰ ਸ਼ੁਧ-ਬੁਧ ਪੈਦਾ ਹੋ ਗਈ ਕਿ ਉਹ ਰਮਾਇਣ ਜਿਹੀ ਕਲਾਸਕੀ ਜ਼ਬਾਨ ਕਲਾਸਕੀ ਕਿਤਾਬ ਨੂੰ ਠੀਕ ਪੜ੍ਹ ਤੇ ਸਮਝ ਸਕਦੇ ਸਨ। 1798 ਈ. ਵਿੱਚ ਆਪਣੇ ਇੱਕ ਮਿੱਤਰ ਨੂੰ ਖ਼ਤ ਲਿਖਦੇ ਹੋਏ ਉਹਨਾਂ ਦੱਸਿਆ ਕਿ ਉਹ ਸੰਸਕ੍ਰਿਤ ਉੱਪਰ ਅਬੂਰ ਹਾਸਲ ਕਰਨ ਦੀ ਕੋਸ਼ਿਸ਼ ਕਰ ਰਹੇ ਨੇ। ਜਿਹੜੀ ਕਿ ਦੁਨੀਆਂ ਦੀਆਂ ਔਖੀਆਂ ਜ਼ਬਾਨਾਂ ਵਿੱਚੋਂ ਏ। ਏਸ ਮਕਸਦ ਲਈ ਮੈਂ ਸੰਸਕ੍ਰਿਤ ਜ਼ੁਬਾਨ ਦੀ ਗਰਾਮਤ ਤੇ ਸੰਸਕ੍ਰਿਤ ਅੰਗਰੇਜ਼ੀ ਡਿਕਸ਼ਨਰੀ ਬਹੁੰ ਹੱਦ ਤੀਕ ਮੁਕੰਮਲ ਕਰ ਚੁੱਕਿਆ ਹਾਂ ਤੇ ਇੱਕ ਅਜਿਹੀ ਡਿਕਸ਼ਨਰੀ ਦਾ ਕੰਮ ਵੀ ਤਕਰੀਬਨ ਮੁਕੰਮਲ ਹੋ ਚੁੱਕਿਆ ਹੈ ਜਿਹਦੇ ਵਿੱਚ ਸੰਸਕ੍ਰਿਤ ਦਾ ਤਰਜ਼ਮਾ ਅੰਗਰੇਜ਼ੀ ਤੇ ਬੰਗਾਲੀ ਜ਼ਬਾਨ ਵਿੱਚ ਕੀਤਾ ਗਿਆ ਏ।

ਉਸੇ ਸਮੇਂ ਉਹ ਇੱਕ ਖ਼ਤ ਵਿੱਚ ਬੰਗਾਲੀ ਭਾਸ਼ਾ ਨੂੰ ਇੱਕ ਮੁਕੰਮਲ ਜ਼ਬਾਨ ਲਿਖਦੇ ਨੇ। ਜਿਹਦੇ ਵਿੱਚ ਤਖ਼ਲੀਕੀ ਅਦਬ ਦੀ ਘਾਣ ਬਹੁਤ ਜ਼ਿਆਦਾ ਏ। ਪਰ ਏਥੇ ਉਹਨਾਂ ਦੀ ਯੂਰਪੀ ਸਕਾਲਰਾਂ ਵਾਂਗ ਬੰਗਾਲੀ ਜ਼ਬਾਨ ਨੂੰ ਵੀ ਸੰਸਕ੍ਰਿਤ ਦੀ ਸ਼ਾਖ ਕਹਿਕੇ ਟਪਲ਼ਾ ਖਾਧਾ ਏ ਕਿਉਂ ਜੋ ਬੰਗਾਲੀ ਇੰਡੋ-ਆਰੀਅਨ ਜ਼ਬਾਨ ਨਹੀਂ ਸਗੋਂ ਇੰਡੋ ਦਰਾਵੜੀਅਨ ਜ਼ਬਾਨ ਏ।

ਕੇਰੀ ਤੋਂ ਪਹਿਲਾਂ ਹਾਲ ਹੈੱਡ ਨਾਂ ਦੇ ਇੱਕ ਅੰਗਰੇਜ਼ ਨੇ 1776 ਈ. ਵਿੱਚ ਹੁੱਗਲੀ ਤੋਂ ਬੰਗਾਲੀ ਜ਼ਬਾਨ ਦੀ ਪਹਿਲੀ ਗਰਾਮਰ ਛਾਪੀ ਸੀ ਪਰ ਆਪਣੀਆਂ ਖ਼ਾਮੀਆਂ ਦੇ ਕਾਰਣ ਉਹ ਗਰਾਮਰ ਚੱਲ ਨਾ ਸਕੀ ਪਰ 1801 ਈ. ਵਿੱਚ ਬੰਗਾਲੀ ਜ਼ਬਾਨ ਦੀ ਜਿਹੜੀ ਗਰਾਮਰ ਵਿਲੀਅਮ ਕੇਰੀ ਨੇ ਤਰਤੀਬ ਦੇ ਕੇ ਛਾਪੀ ਉਸ ਨੇ ਬੰਗਲਾ ਭਾਸ਼ਾ ਨੂੰ ਪੈਰ ਲਾ ਦਿੱਤੇ। ਏਸੇ ਸਾਲ ਹੀ ਉਹਨਾਂ ਬੰਗਾਲੀ ਵਿੱਚ "ਨਯਾ ਅਹਿਦਨਾਮਾ" ਦਾ ਤਰਜਮਾ ਛਾਪ ਕੇ ਬੰਗਾਲੀ ਜ਼ਬਾਨ ਦੇ ਨਸਰੀ ਅਦਬ ਦੀਆਂ ਨੀਹਾਂ ਧਾਰਨ ਦਾ ਕੰਮ ਕੀਤਾ। ਏਸੇ ਕਰਕੇ



ਉਹਨਾਂ ਨੂੰ ਬੰਗਾਲੀ ਨਸਰ ਦਾ ਬਾਬਾ ਆਦਮ ਕਿਹਾ ਜਾਂਦਾ ਏ।

10 ਜਨਵਰੀ, 1800 ਈ. ਨੂੰ ਵਿਲੀਅਮ ਕੇਰੀ ਸੀਰਾਮਪੁਰ ਵਿੱਚ ਮੁੰਤਕਿਲ ਹੋ ਗਏ ਜਿਹੜਾ ਕਲਕੱਤਾ ਦੇ ਲਾਗੇ ਇੱਕ ਟਾਪੂ ਏ। ਉਸ ਉੱਪਰ ਉਸ ਵੇਲੇ ਡੈਨਮਾਰਕ ਦਾ ਕਬਜ਼ਾ ਸੀ। ਦੇਸੀ ਜ਼ਬਾਨਾਂ ਵਿੱਚ ਅੰਜੀਲਾਂ ਛਾਪਣ, ਕਈ ਜ਼ਬਾਨਾਂ ਦੀਆਂ ਗਰਾਮਰਾਂ ਮੁਕੰਮਲ ਕਰਕੇ ਸਭ ਤੋਂ ਪਹਿਲਾਂ ਛਾਪਣ ਦਾ ਮਾਣ ਏਸੇ ਟਾਪੂ ਨੂੰ ਹਾਸਲ ਏ ਜਿੱਥੇ ਕੇਰੀ ਨੇ ਜ਼ਬਾਨਾਂ ਦੇ ਟਾਈਪ ਤਿਆਰ ਕਰਵਾਏ ਕਾਗਜ਼ਸਾਜ਼ੀ ਦਾ ਕੰਮ ਅਰੰਭਿਆ। ਪ੍ਰਿੰਟੰਗ ਪ੍ਰੈਸ ਲਾ ਕੇ ਅਸ਼ਾਇਤੀ ਇਨਕਲਾਬ ਦੀ ਰਾਹ ਹਮਵਾਰ ਕੀਤੀ। ਸੀਰਾਮਪੁਰ ਨੂੰ ਏਹ ਮਾਣ ਹਾਸਲ ਏ ਕਿ ਉਥੇ .ਫ਼ਾਰਸੀ, ਤੈਲਗੂ, ਗੁਜ਼ਰਾਤੀ, ਸੰਸਕ੍ਰਿਤ, ਉੜੀਆ, ਮਰਾਠੀ, ਹਿੰਦੀ, ਕਨਾੜੀ, ਬ੍ਰਿਜੀ, ਪਸ਼ਤੋ, ਕਸ਼ਮੀਰੀ, ਸਿੰਧੀ ਅਤੇ ਪੰਜਾਬੀ ਜ਼ਬਾਨ ਵਿੱਚ ਬਾਈਬਲ ਦੇ ਮੁਕੰਮਲ ਤਰਜਮੇ ਛਾਪੇ ਗਏ। ਏਹ ਸਭ ਕੁਝ ਉਹਨਾਂ ਆਪਣੇ ਮਿੱਤਰ ਡਾਕਟਰ ਟਾਮਸ ਦੇ ਮਿਲਵਰਤਨ ਨਾਲ ਪਹਿਲੇ ਚੌਦਾਂ ਵਰ੍ਹਿਆਂ ਵਿੱਚ ਕਰ ਮਾਰਿਆ। ਏਹ ਮੁਕਾਮੀ ਜ਼ਬਾਨਾਂ, ਉਹਨਾਂ ਦੇ ਲਿਟਰੇਚਰ ਤੇ ਬਾਈਬਲ ਦੇ ਪੱਖੋਂ ਬੜੀ ਵੱਡੀ ਗੱਲ ਸੀ।

ਫੋਰਟ ਵਿਲੀਅਮ ਕਾਲਜ 1800 ਈ. ਵਿੱਚ ਬਣਾਇਆ ਗਿਆ। ਵਿਲੀਅਮ ਕੇਰੀ ਨੂੰ ਉਸ ਵਿੱਚ ਬੰਗਾਲੀ, ਸੰਸਕ੍ਰਿਤ ਤੇ ਮਰਾਠੀ ਦੇ ਪ੍ਰੋਫ਼ੈਸਰ ਦੀ ਜ਼ਿੰਮੇਵਾਰੀ ਵੀ ਸੌਂਪ ਦਿੱਤੀ ਗਈ ਕਿਉਂ ਜੋ ਉਸ ਵੇਲੇ ਤੀਕ ਗੈਰ ਮੁਲਕੀਆਂ ਵਿਚੋਂ ਯਕੀਨਨ ਵਿਲੀਅਮ ਕੇਰੀ ਹੀ ਇੱਕੋਂ ਇੱਕ ਮਨੁੱਖ ਸੀ ਜਿਹੜਾ ਉੱਪਰੀਆਂ ਤਿੰਨਾਂ ਜ਼ਬਾਨਾਂ ਦਾ ਗਿਆਨੀ ਮਾਹਿਰ ਤੇ ਜ਼ਬਾਨਸ਼ਨਾਸ ਪੰਡਿਤ ਸੀ। ਫੋਰਟ ਵਿਲੀਅਮ ਕਾਲਜ ਵਿੱਚ ਮੁਅੱਲਿਮੀ (ਉਸਤਾਦੀ) ਦੇ ਮੁੱਢਲੇ ਸਮੇਂ ਵਿੱਚ ਲੰਦਨ ਵਿੱਚ ਆਪਣੇ ਇੱਕ ਹਮਖ਼ਿਆਲ ਹਮਸ.ਫ਼ਰ ਸਾਥੀ ਨੂੰ 15 ਜੂਨ 1801 ਈ. ਇੱਕ ਲੰਮੇ ਖ਼ਤ ਵਿੱਚ ਵਿਲੀਅਮ ਕੇਰੀ ਇਹ ਵੀ ਇੰਕਸ਼ਾ.ਫ਼ ਕਰਦੇ ਨੇ-

"ਜਦੋਂ ਮੈਂ ਫੋਰਟ ਵਿਲੀਅਮ ਕਾਲਜ ਵਿੱਚ ਮੁਲਾਜ਼ਮਤ ਅਖ਼ਤਿਆਰ ਕਰ ਲਈ ਤੇ ਮੈਨੂੰ ਪਤਾ ਚੱਲਿਆ ਕਿ ਮੇਰੇ ਉੱਪਰ ਕਿੱਡੀ ਵੱਡੀ ਜ਼ਿੰਮੇਵਾਰੀ ਆ ਪਈ ਏ। ਪਰ ਜ਼ਿੰਮੇਵਾਰੀ ਪੂਰੀ ਕਰਨ ਲਈ ਮੇਰੇ ਕੋਲ ਕਿਤਾਬਾਂ ਹੈਨ ਹੀ ਨਹੀਂ ਜਿਹਦੀ ਵਜ੍ਹਾ ਕਰਕੇ ਛੇਤੀ ਈ (ਬੰਗਾਲੀ ਦੀ) ਗਰਾਮਰ ਤਰਤੀਬ ਦਾ ਕੰਮ ਆਰੰਭ ਦਿੱਤਾ ਏ। ਏਹ ਗਰਾਮਰ ਹੁਣ ਅੱਧੀ ਕੁ ਛਪ ਚੁੱਕੀ ਏ। ਰਾਮ ਰਾਮ ਬਾਸੂ ਨੂੰ ਕਹਿ ਕੇ ਉਹਨਾਂ ਕੇ ਇੱਕ (ਬੰਗਾਲੀ ਰਾਜਾ) ਰਾਜਾ ਪ੍ਰਤਾਪ ਦਿੱਤਿਆ ਦੀ ਜੀਵਨੀ ਲਿਖਵਾਈ ਏ। ਉਹ ਪਹਿਲੀ ਕਿਤਾਬ ਏ ਜਿਹੜੀ ਕਿ ਬੰਗਾਲੀ ਜ਼ਬਾਨ ਵਿੱਚ ਲਿਖੀ ਗਈ ਏ। ਅਸੀਂ ਕਿਤਾਬ ਛਾਪ ਰਹੇ ਹਾਂ। ਸਾਡੇ ਪੰਡਤ ਨੇ ਕਹਾਣੀਆਂ ਦਾ (ਬੰਗਾਲੀ ਵਿੱਚ) ਤਰਜਮਾ ਖ਼ਤਮ ਕਰ ਦਿੱਤਾ ਏ। ਅਸੀਂ ਏਸ ਤਰਜਮੇ ਨੂੰ ਵੀ ਛੇਤੀ ਛਾਪਾਂਗੇ।"

ਏਹ ਖ਼ਤ 15 ਜੂਨ 1801 ਈ ਨੂੰ ਲਿਖਿਆ ਗਿਆ। ਜਿਸ ਤੋਂ ਪਤਾ ਚੱਲਦਾ ਏ ਕਿ 1801 ਈ. ਤੀਕ ਬੰਗਾਲੀ ਭਾਸ਼ਾ ਕਿੱਥੇ ਖਲੋਤੀ ਹੋਈ ਸੀ ਜਦ ਕਿ ਪੰਜਾਬੀ ਵਿੱਚ ਅਮੀਰ ਤੇ ਜਾਨਦਾਰ ਲਿਟਰੇਚਰ ਦੀ ਮੌਜੂਦਗੀ ਦਾ ਖੁੱਰਾ ਉਹਨਾਂ ਨਾਥ ਜੋਗੀਆਂ ਤੀਕ ਅਪੜ ਜਾਂਦਾ ਏ ਜਿਹੜੇ ਮੁਸਲਮਾਨਾਂ ਦੇ ਪੰਜਾਬ ਵਿੱਚ ਪੈਰ ਧਰਨ ਤੋਂ ਪਹਿਲਾਂ ਹੀ ਮੌਜੂਦ ਸਨ ਤੇ ਪੰਜਾਬੀ ਸ਼ਾਇਰੀ ਦੀ ਪਹਿਲੀ ਚੋਣ (ਅੰਥਾਲੋਜੀ) ਸ੍ਰੀ ਗੁਰੂ ਗ੍ਰੰਥ ਸਾਹਿਬ 1604 ਈ. ਵਿੱਚ ਪੰਜਵੀਂ ਪਾਤਸ਼ਾਹੀ ਗੁਰੂ ਅਰਜਣ ਦੇਵ ਜੀ ਨੇ ਮੁਕੰਮਲ ਕੀਤੀ ਜਿਹਦੇ ਵਿੱਚ ਬਹੁਤਾ ਹਿੱਸਾ ਪੰਜਾਬੀ ਦੇ ਮਹਾਨ ਲਿਟਰੇਚਰ ਨਾਲ ਮੁਤੱਕਲ ਏ।

ਫੋਰਟ ਵਿਲੀਅਮ ਕਾਲਜ ਦਾ ਪਹਿਲਾ ਸੈਸ਼ਨ ਸਤੰਬਰ 1804 ਵਿੱਚ ਮੁੱਕਿਆ ਤੇ .ਫ਼ੈਸਲਾ ਹੋਇਆ ਕਿ ਉਸਦੇ ਪਹਿਲੇ ਕਾਨਵੋਕੇਸ਼ਨ ਮੁਨੱਅਕਦਾ 20 ਸਤੰਬਰ 1804 ਈ ਦੇ ਮੌਕੇ ਤੇ ਸਨਦਾਂ ਗਵਰਨਰ ਜਨਰਲ ਹਿੰਜ ਲਾਰਡ ਵੈਲਜ਼ਲੀ ਚਾਂਸਲਰ ਦੀ ਹੈਸੀਅਤ ਨਾਲ ਡਿਗਰੀਆਂ ਵੰਡਣ ਦਾ .ਫ਼ੈਸਲੇ ਦੇ ਮੁਤਾਬਿਕ ਕਾਲਜ ਦੇ ਪ੍ਰੋ.ਫ਼ੈਸਰਾਂ ਮਿਸਟਰ ਰੋਮਰ (Romer) ਨੇ ਸੰਸਕ੍ਰਿਤ ਹਿੰਦੁਸਤਾਨ ਦੀ ਸਾਰੀਆਂ ਜ਼ਬਾਨਾਂ ਦੀ ਮਾਂ ਏ" ਦੀ ਮੌਜ਼ੂਅ ਉੱਪਰ ਹਿੰਦੁਸਤਾਨੀ ਜ਼ਬਾਨ ਵਿੱਚ ਪ੍ਰੋ.ਫ਼ੈਸਰ ਸਵਿਨਟਨ (Swinton) ਨੇ "ਹਾ.ਫ਼ਿਜ਼ ਸ਼ੀਰਾਜ਼ੀ ਦਾ ਕਲਾਮ ਰਮਜ਼ਾਂ ਭਰਿਆ ਸੂ.ਫ਼ੀਆਨਾ ਦੇ " ਦੇ ਮੌਜ਼ੂਅ ਉੱਪਰ .ਫ਼ਾਰਸੀ ਜ਼ਬਾਨ ਵਿੱਚ ਮਿਸਟਰ ਟਾਡ (Tod) "ਗੁਡ ਰਾਜਿਸਥਾਨ ਵਾਲੇ" ਨੇ ਬੰਗਾਲੀ ਵਿੱਚ ਬੜੀ ਰੰਗੀਨ ਤਕਰੀਰ ਕੀਤੀ ਕਿ ਸੰਸਕ੍ਰਿਤ ਲਿਟਰੇਚਰ ਦਾ ਮੌਜੂਦਾ ਜ਼ਬਾਨਾਂ ਵਿੱਚ ਤਰਜਮਾ ਨਾਲ ਉਹਨਾਂ ਜ਼ਬਾਨਾਂ ਨੂੰ ਲਿਟਰੇਚਰ ਦੇ ਪੱਖੋਂ ਕਿਵੇਂ ਅਮੀਰ

*ਕਹਾਣੀ ਧਾਰਾ / ਅਕਤੂਬਰ - ਦਸੰਬਰ, 2007/ 75*

ਤੋਂ ਅਮੀਰ ਕੀਤਾ ਜਾ ਸਕਦਾ ਹੈ। ਅਰਬੀ ਜ਼ਬਾਨ ਵਿੱਚ ਇੱਕ ਮਕਾਲਾ (ਲੇਖ) ਪੜ੍ਹਿਆ ਗਿਆ। ਏਸ ਮਜਲਿਸ ਦੇ ਪ੍ਰਧਾਨ ਵਿਲੀਅਮ ਕੇਰੀ ਸਨ। ਉਹਨਾਂ ਆਪਣੀ ਤਕਰੀਰ ਸੰਸਕ੍ਰਿਤ ਵਿੱਚ ਕੀਤੀ ਕਿਉਂ ਜੋ ਉਹ ਸੰਸਕ੍ਰਿਤ ਦੇ ਪ੍ਰੋਫ਼ੈਸਰ ਵੀ ਸਨ।

ਵਿਲੀਅਮ ਕੇਰੀ ਦਾ ਸਜਾਰਤੀ ਖ਼ੁਤਬਾ (ਪ੍ਰਧਾਨਗੀ ਭਾਸ਼ਣ) ਸਭ ਤੋਂ ਗੰਭੀਰ ਸੀ ਜਿਹੜਾ ਫ਼ਿਲਬਦੀਆ (ਸਮੇਂ ਅਨੁਸਾਰ) ਸੀ ਉਸ ਵਿੱਚ ਵਿਲੀਅਮ ਕੇਰੀ ਨੇ ਮਾਦਰੀ ਜ਼ਬਾਨਾਂ ਦੀ ਅਹਿਮੀਅਤ ਤੇ ਭਰਪੂਰ ਜ਼ੋਰ ਦਿੰਦਿਆਂ ਹੋਇਆ ਕਿਹਾ,

"ਅੱਜ ਸਾਡੇ ਸਾਹਮਣੇ ਇਕ ਅਜੀਬੋ .ਗਰੀਬ ਮੰਜ਼ਰ ਏ। ਹਿੰਦੁਸਤਾਨ ਦੇ ਹਾਕਮ-ਆਲਾ ਦੀ ਮੌਜੂਦਗੀ ਵਿੱਚ ਏਸ਼ੀਆ ਤੇ ਯੂਰਪ ਦੇ ਆਲਮਾਂ ਤੇ ਪਤਵੰਤਿਆਂ ਦੀ ਇੱਕ ਮਜਲਿਸ ਮੁਨੱਕਦ ਹੁੰਦੀ ਏ ਜਿਹਦੇ ਵਿੱਚ ਸਾਡੀ ਮਾਦਰੀ ਜ਼ਬਾਨ (ਅੰਗਰੇਜ਼ੀ) ਦਾ ਇੱਕ ਸ਼ਬਦ ਵੀ ਵਰਤਿਆ ਨਹੀਂ ਜਾ ਰਿਹਾ ਸਗੋਂ ਦਿਲਚਸਪ ਮਜ਼ਮੂਨਾਂ ਉੱਪਰ ਸਾਰੀ ਗੱਲਬਾਤ ਤੇ ਬਹਿਸ-ਮੁਬਾਹਸਾ ਏਸ਼ਿਆਈ ਜ਼ਬਾਨਾਂ ਵਿੱਚ ਜਾਰੀ ਏ। ਸਰਫ਼ੋਨਹਵ (ਵਾਕ ਵੰਡ ਤੇ ਸ਼ਬਦ ਬੋਧ) ਦੇ ਅਸੂਲਾਂ ਉੱਪਰ ਤਾਲੀਮ ਹਾਸਲ ਕਰਕੇ ਅੱਜ ਨੌਜਵਾਨ ਅੰਗਰੇਜ਼ ਹਿੰਦੁਸਤਾਨੀ ਰੋਜ਼ਮਰਾ-ਮੁਸਤਨਦ (ਪ੍ਰਮਾਣਿਕ) ਫ਼ਾਰਸੀ ਤਜਾਰਤੀ ਬੰਗਲਾ, ਅਲਿਮਾਨਾ ਅਰਬੀ ਤੇ ਪ੍ਰਾਚੀਨ ਸੰਸਕ੍ਰਿਤ ਬੇਰੋਕ-ਟੋਕ ਬੋਲ ਰਹੇ ਨੇ। ਕੀ ਏਸ ਤੋਂ ਪਹਿਲਾਂ ਯੂਰਪ ਦੀ ਕਿਸੇ ਯੂਨੀਵਰਸਿਟੀ ਜਾਂ ਦੁਨੀਆਂ ਦੇ ਕਿਸੇ ਅਦਾਰੇ ਨੇ ਕਦੇ ਅਜਿਹੀ ਮਿਸਾਲ ਪੇਸ਼ ਕੀਤੀ ਏ? ਫੇਰ ਏਹ ਅਜਿਹੇ ਤਾਲਿਬ-ਇਲਮ (ਵਿਦਿਆਰਥੀ) ਨਹੀਂ ਹਨ ਜਿਹੜੇ ਕਿ ਕਿਸੇ ਮਿੱਥੇ ਹੋਏ ਇਰਾਦੇ ਨਾਲ ਮੁਸ਼ਤਬਿਹ (ਸ਼ੱਕੀ) ਮਕਸਦ, ਫ਼ਿਤਰੀ ਰੁਜਹਾਨ ਤਬਾਅ (ਜਮਾਂਦਰੂ ਪੱਖਪਾਤੀ) ਤੇ ਮਸ਼ਹੂਰੀ ਦੇ ਸ਼ੌਕ ਨਾਲ ਕਿਸੇ ਮੁਰਦਾ ਜ਼ਬਾਨ ਨੂੰ ਸਿੱਖਦੇ ਹੋਣ। ਜਿਸ ਮੁਲਕ ਦੀਆਂ ਏਹ ਜ਼ਬਾਨਾਂ ਨੇ ਉਸਦੀ ਹਕੂਮਤ ਦਾ ਇੰਤਜ਼ਾਮ ਕਰਨ ਵਾਸਤੇ ਏਹ ਲੋਗ ਅਹੁੱਦਿਆਂ ਉੱਪਰ ਲਗਾਏ ਗਏ ਨੇ। ਉਹ ਆਪਣੇ ਹਾਸਲ-ਕਰਦਾ ਇਲਮ ਨੂੰ ਕਾਰਆਮਦ ਮਕਸਦਾਂ ਲਈ ਫੌਰੀ ਤੌਰ ਤੇ ਇਸਤੇਮਾਲ ਕਰਨਗੇ। ਉਹ ਏਸ ਮੁਲਕ ਦੀ ਲੋਕਾਈ ਨਾਲ ਨਿਆਂ ਕਰਨਗੇ। ਸਰਕਾਰ ਦੀ ਮਾਲਗੁਜ਼ਾਰੀ ਤੇ ਤਿਜਾਰਤ ਦਾ ਕਾਰੋਬਾਰ ਨਜਿੱਠਣਗੇ ਅਤੇ ਰਿਆਇਆ ਨਾਲ ਉਹਨਾਂ ਦੀਆਂ ਮਾਦਰੀ ਜ਼ਬਾਨਾਂ ਵਿੱਚ ਬਿਨਾ ਕਿਸੇ ਤਰਜਮਾਨ ਦੀ ਮਦਦ ਦੇ ਤਅਲਕ ਜੋੜ ਸਕਣਗੇ। ਸਾਡੇ ਤਾਲਿਬ-ਇਲਮਾਂ ਦੇ ਇਲਮ ਦੀ ਨੌਈਅਤ (ਖਾਸਾ) ਤੇ ਅਹਿਮੀਅਤ ਦਾ ਅੰਦਾਜ਼ਾ ਏਸ ਗੱਲ ਤੋਂ ਲਾਇਆ ਜਾ ਸਕਦਾ ਏ ਕਿ ਆਇੰਦਾ ਦੇਸੀ ਲੋਗ ਮੂੰਹ-ਦਰ ਮੂੰਹ (ਆਹਮੋ-ਸਾਹਮਣੇ) ਏਹਨਾਂ ਨਾਲ ਗੱਲਬਾਤ ਕਰ ਸਕਣਗੇ ਤੇ ਉਹ (ਅਫਸਰ) ਹੁਣ ਤਕਰੀਰ ਤੇ ਤਹਿਰੀਰ ਦੋਨਾਂ ਦੇ ਜ਼ਰੀਆ ਨਾਲ ਅਵਾਮ ਉੱਪਰ ਸਾਡੀ ਸਰਕਾਰ ਤੇ ਕਾਨੂਨ ਤੇ ਉਹਨਾਂ ਦਾ ਮਤਲਬ ਤੇ ਉਹਨਾਂ ਦੇ ਮੁੱਢਲੇ ਨੇਮ ਜ਼ਾਹਿਰ ਕਰ ਸਕਣਗੇ।

ਵਿਲੀਅਮ ਕੇਰੀ ਨੇ ਬੜੀ ਤਫ਼ਸੀਲੀ ਤਕਰੀਰ ਕੀਤੀ। ਏਸ ਮਜਲਿਸ ਵਿੱਚ ਮੁਕਾਮੀ ਉਲਮਾਂ (ਸਿਆਣਿਆਂ) ਦੀ ਵੱਡੀ ਗਿਣਤੀ ਵੀ ਮੌਜੂਦ ਸੀ ਜਿਹਨਾਂ ਕੇਰੀ ਦੀ ਤਕਰੀਰ ਦੀ ਦਿਲ ਖੋਲ੍ਹ ਕੇ ਸਰਾਹਨਾ ਕੀਤੀ। ਵਿਲੀਅਮ ਕੇਰੀ ਨੇ ਤਰੀਹ ਸਾਲ 1831 ਈ।" ਤੱਕ ਫ਼ੋਰਟ ਵਿਲੀਅਮ ਕਾਲਜ ਵਿੱਚ ਸੇਵਾ ਕੀਤੀ ਤੇ ਆਈ. ਸੀ. ਐਸ. ਦੇ ਸਾਰੇ ਈ ਹੋਣਹਾਰ ਤਾਲਿਬਇਲਮਾਂ ਨੂੰ ਵਿਲੀਅਮ ਕੇਰੀ ਦਾ ਸ਼ਾਗਿਰਦ ਹੋਣ ਦਾ ਮਾਣ ਹਾਸਲ ਏ।

ਵਿਲੀਅਮ ਕੇਰੀ ਦੀਆਂ ਏਹਨਾਂ ਖ਼ਿਦਮਤਾਂ ਦੀ ਵਜ੍ਹਾ ਕਰਕੇ ਡਾਕਟਰੇਟ ਦੀ ਐਜ਼ਾਜ਼ੀ (ਆਨਰੇਰੀ) ਡਿਗਰੀ ਦਿੱਤੀ ਗਈ। ਵਿਲੀਅਮ ਕੇਰੀ ਰਾਇਲ ਏਸ਼ੀਆਟਿਕ ਸੋਸਾਇਟੀ ਦੇ 1806 ਈ. ਵਿੱਚ ਮੈਂਬਰ ਬਣੇ ਤੇ ਉਸ ਨੂੰ ਹੋਰ ਵੀ ਸਰਗਰਮ ਕਰ ਦਿੱਤਾ ਕਿ ਦਸਾਂ ਸਾਲਾਂ ਵਿੱਚ ਸੋਸਾਇਟੀ ਨੇ ਆਪਣੇ 52 ਇਕੱਠ ਕੀਤੇ ਜਿਸਦਾ ਮੁੱਢਲਾ ਕਾਰਣ ਏਸ ਇੰਤਹਾਈ ਇਲਮੀ ਅਦਾਰੇ ਦਾ ਵਿਲੀਅਮ ਕੇਰੀ ਦਾ ਮੈਂਬਰ ਬਣਨਾ ਸੀ। ਡਾਕਟਰ ਰਾਬਿੰਦਰ ਨਾਥ ਟੈਗੋਰ ਨੂੰ ਵੀ ਮੰਨਣਾ ਪਿਆ ਕਿ ਦੇਸੀ ਜ਼ਬਾਨਾਂ ਵਿੱਚ ਦਿਲਚਸਪੀ ਦੀ ਮੌਜੂਦਾ ਤਹਿਰੀਕ ਦਾ ਬਾਨੀ ਵਿਲੀਅਮ ਕੇਰੀ ਹੀ ਸਨ।

ਵਿਲੀਅਮ ਕੇਰੀ ਦੇ ਬੰਗਾਲੀ ਜ਼ਬਾਨ ਉੱਪਰ ਬੇਅੰਤ ਅਹਿਸਾਨ ਨੇ। ਉਹਨਾਂ ਦਿਨਾਂ ਵਿੱਚ ਹੀ ਵਿਲੀਅਮ



ਕੇਰੀ ਨੇ ਬੰਗਾਲੀ ਜ਼ਬਾਨ ਦਾ ਮਾਹਵਰਾ ਅਦਬੀ ਰਸਾਲਾ, "ਦੇਗ ਦਰਸ਼ਨ" ਜਾਰੀ ਕਰਨਾ ਏ ਜਿਹੜਾ ਕਿ ਤਿੰਨ ਸਾਲ ਬਾਕਾਇਦਗੀ ਨਾਲ ਛਾਪਿਆ ਗਿਆ ਤੇ ਉਸਦੇ ਪਿੱਛੋਂ ਮਸ਼ਰਕੀ (ਪੂਰਬੀ) ਜ਼ਬਾਨਾਂ ਦਾ ਪਹਿਲਾ ਅਖਬਾਰ , "ਸਮਾਚਾਰ ਦਰਪਨ" ਵੀ 31 ਮਈ 1818 ਈ. ਨੂੰ ਛਾਪ ਕੇ ਹਿੰਦੁਸਤਾਨੀ ਪੱਤਰਕਾਰੀ ਦੀਆਂ ਨੀਹਾਂ ਨੂੰ ਪੀਡੀਆਂ ਕਰ ਦਿੱਤਾ। ਏਸ ਦੇ ਕੁਝ ਮਗਰੋਂ ਉਹਨਾਂ , **Friends of India** ਨਾਂ ਦਾ ਇੱਕ ਅੰਗਰੇਜ਼ੀ ਅਖਬਾਰ ਵੀ ਜਾਰੀ ਕੀਤਾ। ਏਹ ਅਖਬਾਰ 57 ਸਾਲ ਤੱਕ ਪੂਰੀ ਬਾਕਾਇਦਗੀ ਨਾਲ ਛਪਦਾ ਰਿਹਾ। ਮਸ਼ਹੂਰ ਅੰਗਰੇਜ਼ੀ ਅਖਬਾਰ "ਸਟੇਟਸਮੈਨ" ਨੇ ਏਸੇ, "ਫਰੈਂਡਜ਼ ਆਫ ਇੰਡੀਆ" ਦੇ ਬੰਦ ਹੋਵਣ ਪਿੱਛੋਂ ਉਸ ਦੀ ਥਾਂ ਲਈ ਜਿਹੜਾ ਹੁਣ ਤੀਕ ਜਾਰੀ ਏ।

ਬ੍ਰਿਟਿਸ਼ ਐਂਡ ਫ਼ਾਰੇਨ ਬਾਈਬਲ ਸੋਸਾਇਟੀ ਦੀ ਬੁਨਿਆਦ ਵੀ 1804 ਈ. ਵਿੱਚ ਵਿਲੀਅਮ ਕੇਰੀ ਦੀਆਂ ਕੋਸ਼ਿਸ਼ਾਂ ਦਾ ਸਿੱਟਾ ਸੀ। ਵਿਲੀਅਮ ਕੇਰੀ ਨੇ 40 ਜ਼ਬਾਨਾਂ ਵਿੱਚ ਬਾਈਬਲ ਦੇ ਤਰਜਮੇ ਕੀਤੇ ਏਸੇ ਵਜ੍ਹਾ ਕਰਕੇ ਉਹ ਏਸ ਨਤੀਜੇ ਤੇ ਅੱਪੜੇ ਸਨ ਕਿ ਇੱਕ ਜ਼ਬਾਨ ਵਿੱਚ ਘੱਟੋ-ਘੱਟ ਵੱਖ-ਵੱਖ ਵੀਹ ਬੋਲੀਆਂ ਸ਼ਾਮਲ ਨੇ। ਜਿਹਨਾਂ ਦਾ ਸ਼ਬਦ ਭੰਡਾਰ ਇੱਕੋ ਏ ਪਰ ਉਹਨਾਂ ਦੇ ਉਚਾਰਨ ਵਿੱਚ ਥੋੜਾ ਬਹੁਤ ਫ਼ਰਕ ਏ ਪਰ ਹੁਣ ਇੱਕੋ ਜ਼ਬਾਨ ਦੀਆਂ ਬੋਲੀਆਂ ਉੱਪਰ ਆਪਣੀ ਰਾਏ ਇਹ ਹੈ ਕਿ ਕਿਸੇ ਜ਼ਬਾਨ ਬੋਲਣ ਵਾਲਿਆਂ ਦਾ ਜੁਗਰਾਫ਼ੀਆ ਜਿਸ ਕਦਰ ਵਿਸ਼ਾਲ ਤੇ ਫੈਲਿਆ ਹੋਇਆ ਹੋਵੇਗਾ ਉੱਥੇ ਬੋਲੀ ਜਾਣ ਵਾਲੀ ਜ਼ਬਾਨ ਦੀਆਂ ਬੋਲੀਆਂ ਦੀ ਗਿਣਤੀ ਵੀਹ ਤੋਂ ਕਿਤੇ ਵੱਧ ਹੋਵੇਗੀ। ਅਰਬੀ ਜ਼ਬਾਨ ਦੀਆਂ ਬੋਲੀਆਂ ਦੀ ਗਿਣਤੀ 700 ਤੋਂ ਵੱਧ ਏ ਜਦ ਕਿ ਪੰਜਾਬੀ ਜ਼ਬਾਨ ਦੀਆਂ ਬੋਲੀਆਂ ਦੀ ਗਿਣਤੀ ਕੋਈ ਸਵਾ ਸੌ ਕੇ ਲੱਗਭਗ ਏ।

ਵਿਲੀਅਮ ਕੇਰੀ ਨੇ ਜਿਹਨਾਂ ਜ਼ਬਾਨਾਂ ਜਾਂ ਬੋਲੀਆਂ ਵਿੱਚ ਬਾਈਬਲ ਦੇ ਤਰਜਮੇ ਕੀਤੇ ਉਹ ਇਹ ਸਨ-

1. ਬੰਗਾਲੀ 2. ਉੜੀਆ, 3. ਮਰਾਠੀ, 4. ਹਿੰਦੀ, 5. ਆਸਾਮੀ, 6. ਪੰਜਾਬੀ, 7. ਪਸ਼ਤੋ, 8. ਕਸ਼ਮੀਰੀ, 9. ਸੰਸਕ੍ਰਿਤ, 10. ਹੰਢਾ, 11. ਬਿਹਾਰੀ, 12. ਮਗਧੀ, 13. ਖਾਸੀ, 14. ਮਨੀਪੁਰੀ, 15. ਤੈਲਗੂ, 16. ਕੌਂਕਣੀ, 17. ਕਨਾਰੀ, 18. ਡੋਗਰੀ, 19. ਗੜ੍ਹਵਾਲੀ, 20. ਕਮਾਉਣੀ, 21. ਪਲਪਾ, 22. ਨੇਪਾਲੀ. 23. ਬੀਕਾਨੇਰੀ, 24. ਮਾਰਵਾੜੀ, 25. ਮੇਰਾਵਤੀ (ਮਾਲਵਾ ਬੋਲੀ), 26. ਗੁਜਰਾਤੀ, 27. ਭਣਨੇਰੀ, 28. ਬ੍ਰਿਜ ਭਾਸ਼ਾ, 29. ਕਨੌਜੀ, 30. ਬਘੇਲੀ, 31. ਸਿੰਧੀ, 32. ਜੈਪੁਰੀ, 33. ਮੇਵਾੜੀ, 34. ਅਵਧੀ, 35. ਬਲੋਚੀ ਵਗੈਰਾ ਵਗੈਰਾ।

ਏਸ ਤੋਂ ਵੱਖ ਫ਼ਾਰਸੀ ਹਿੰਦੁਸਤਾਨੀ (ਉਰਦੂ) ਮਲਿਆਲਮ, ਸੰਘਾਲੀ, ਚੀਨੀ, ਜਪਾਨੀ, ਮਲਿਆਈ ਅਤੇ ਬਰਮੀ ਜ਼ਬਾਨਾਂ ਵਿੱਚ ਛਪਣ ਵਾਲੀਆਂ ਅੰਜੀਲਾਂ ਤੇ ਤਰਜਮਿਆਂ ਦੀ ਪੜਤਾਲ ਤੇ ਉਹਨਾਂ ਨੂੰ ਦੂਜੀ ਵਾਰੀ ਪੜ੍ਹਕੇ ਸੋਧਣ ਦਾ ਕੰਮ ਵੀ ਵਿਲੀਅਮ ਕੇਰੀ ਹੋਰਾਂ ਕੀਤਾ। ਬੰਗਾਲ ਵਿੱਚ ਸਤੀ ਦੀ ਰਸਮ ਨੂੰ ਰੋਕਣ, ਹਾਰਟੀਕਲਚਰ ਸੁਸਾਇਟੀ ਬਣਾਵਣ ਦੇ ਨਾਲ ਹੀ ਵਿਲੀਅਮ ਕੇਰੀ ਨੇ ਮਿਸ਼ਨਰੀ ਸਕੂਲਾਂ ਨੂੰ ਵੀ ਜਾਰੀ ਕੀਤਾ। ਹਰਟੀਕਲਚਰ ਦੇ ਹਵਾਲੇ ਨਾਲ ਵਿਲੀਅਮ ਰਾਸ ਬਰਗ ਦੀਆਂ ਲਿਖੀਆਂ ਹੋਈਆਂ ਦੋ ਕਿਤਾਬਾਂ **1. Flora Indiaa (1814), 2. Hartus Bengalnsis (1832)**

ਨੂੰ ਸੋਧਣ ਪਿੱਛੋਂ ਛਾਪਿਆ। ਸਿਵਲ ਸਰਵਿਸ ਦੇ ਬੂਹੇ ਮੁਕਾਮੀ ਆਬਾਦੀ ਉੱਪਰ ਖੋਲ੍ਹਣ ਲਈ ਭਾਰਪੂਰ ਕੋਸ਼ਿਸ਼ਾਂ ਕੀਤੀਆਂ। ਤਿਹੱਤਰ ਸਾਲ ਦਾ ਭਰਪੂਰ ਜੀਵਨ ਬਿਤਾਵਣ ਪਿੱਛੋਂ ਦੁਨੀਆਂ ਦਾ ਏਹ ਮਹਾਨ ਜ਼ਬਾਨਸ਼ਨਾਸ 9 ਜੂਨ 18 34 ਈ ਨੂੰ ਚਲਾਣਾ ਕਰ ਗਿਆ ਤੇ ਸੀਰਾਮਪੁਰ ਵਿੱਚ ਹੀ ਉਹਨਾਂ ਨੂੰ ਮਣਾਂ ਮਿੱਟੀ ਹੇਠ ਦੱਬ ਦਿੱਤਾ ਗਿਆ ਤੇ ਉੱਪਰ ਇੱਕ ਸ਼ਾਨਦਾਰ ਛੋਟਾ ਜਿਹਾ ਮਕਬਰਾ ਉਸਾਰ ਦਿੱਤਾ ਗਿਆ ਜਿਹਦੇ ਉੱਪਰ ਇਹ ਮੁਖ਼ਤਸਰ ਸੰਖੇਪ ਇਬਾਰਤ ਕੁਤਬੇ ਵਜੋਂ ਲਿਖੀ ਗਈ-

**A wretched poor and helpleys Worm on the kind arms I fall.**

(ਤੇਰੀ ਮੁਹੱਬਤ ਭਰੀ ਝੋਲੀ ਵਿੱਚ ਮੈਂ ਇੱਕ ਹੀਣੀ ਬੇਕਸ ਤੇ ਨਿਤਾਣੀ ਮਖ਼ਲੂਕ ਵਾਂਗ ਡਿਗਦਾ ਹਾਂ।)

ਪ੍ਰੋਫ਼ੈਸਰ ਡਾਕਟਰ ਵਿਲੀਅਮ ਕੇਰੀ ਦੀ ਪੰਜਾਬੀ ਗਰਾਮਰ ਬਾਰੇ ਗੱਲ ਕਰਨ ਤੋਂ ਪਹਿਲਾਂ ਬਾਈਬਲ ਦਾ ਪੰਜਾਬੀ ਤਰਜਮਾ ਕਰਨ ਵਾਲੇ ਸਿੱਖ ਸਕਾਲਰ ਪੰਡਤ ਆਘੂ ਰਾਮ ਬਾਰੇ ਗੱਲ ਕਰਨਾ ਜ਼ਰੂਰੀ ਏ ਕਿ ਉਹ

ਕੌਣ ਸੀ। ਉਹ ਬੰਗਾਲੀ ਸਿੱਖ ਸੀ ਜਾਂ ਪੰਜਾਬ ਤੋਂ ਗਿਆ ਸੀ। ਫੇਰ ਇਹ ਮਸਲਾ ਕਿ ਸਿੱਖ ਬੰਗਾਲ ਵਿੱਚ ਕਦੋਂ ਗਏ ਕਿਉਂ ਜੋ ਇਹਨਾਂ ਸਵਾਲਾਂ ਦਾ ਉੱਤਰ ਭਾਲਣ ਦੀ ਏਸ ਵਾਸਤੇ ਲੋੜ ਪੈਂਦੀ ਏ ਤਾਂ ਜੋ ਵਿਲੀਅਮ ਕੇਰੀ ਦੇ ਪੰਜਾਬੀ ਉਸਤਾਦ ਜਾਂ ਉਸਤਾਦਾਂ ਬਾਰੇ ਗੱਲ ਹੋ ਸਕੇ।

ਗਰੋਲੀਅਰ ਆਲਡੈਮਿਕ ਇਨਸਾਈਕਲੋਪੀਡੀਆ ਦੇ ਮਰੱਤਬ (ਤਰਤੀਬ ਦੇਣ) ਕਰਨ ਵਾਲਿਆਂ ਦੀ ਖੋਜ ਏਸ ਬਾਰੇ ਇਸ ਪ੍ਰਕਾਰ ਏ-

"ਸਿੱਖ ਵੱਡੀ ਗਿਣਤੀ ਵਿੱਚ ਮ.ਗਰਬੀ (ਪੱਛਮੀ) ਬੰਗਾਲ ਅੰਦਰ ਕਲਕੱਤਾ ਤੇ ਦੂਜੇ ਕਾਰੋਬਾਰੀ ਮਰਕਜ਼ਾਂ (ਕੇਂਦਰਾਂ) ਵਿੱਚ ਕਾਰੋਬਾਰ ਤੇ ਟਰਾਂਸਪੋਰਟ ਦੇ ਵੱਡੇ ਹਿੱਸੇ ਤੇ ਕਾਬਜ਼ ਨੇ। ਸਿੱਖ ਅਤੇ ਵੈਸ਼ਨੋ ਲਿਖਣਹਾਰ ਇਹ ਸੋਚ ਰੱਖਦੇ ਨੇ ਕਿ ਬਾਬਾ ਨਾਨਕ ਜੀ ਮਹਾਰਾਜ ਸੋਲ੍ਹਵੀਂ ਸਦੀ ਦਿਆਂ ਮੁਢਲੇ ਦਹਾਕਿਆਂ ਵਿੱਚ ਮਸ਼ਰਕੀ ਇੰਡੀਆ ਦੇ ਏਸ ਹਿੱਸੇ ਵਿੱਚ ਵੀ ਆਏ। ਗੁਰੂ ਤੇਗ ਬਹਾਦਰ ਜੀ ਸਤਾਰ੍ਹਵੀਂ ਸਦੀ ਦਿਆਂ ਆਖਰੀ ਦਹਾਕਿਆਂ ਤੋਂ ਪਹਿਲਾਂ ਢਾਕਾ ਵੀ ਅਪੜੇ ਪਰ ਅਸਲ ਵਿੱਚ ਸਿੱਖ ਖੱਤਰੀ ਬੰਗਾਲੀ ਵਿੱਚ ਅੰਗਰੇਜ਼ੀ ਰਾਜ ਵਿੱਚ ਬਹੁਤ ਪਹਿਲਾਂ ਆਬਾਦ ਹੋ ਗਏ ਸਨ ਕਿਉਂ ਜੋ ਕਾਰੋਬਾਰੀ ਸਰਹੱਦਾਂ ਉਹਨਾਂ ਨੂੰ ਜੀ ਆਇਆ ਕਹਿ ਰਹੀਆਂ ਸਨ ਪਰ ਏਹਨਾਂ ਦੀ ਜ਼ਿਆਦਾ ਆਬਾਦੀ 1947 ਈ ਤਬਾਦਲਾ ਆਬਾਦੀ ਦੇ ਸਿੱਟੇ ਵਜੋਂ ਹੀ ਕਲਕੱਤਾ ਤੇ ਮ.ਗਰਬੀ ਬੰਗਾਲੀ ਵਿੱਚ ਜਾ ਵਸੀ।" (ਸ.ਫਾ 105 ਜਿਲਦ-2, ਲੰਦਨ 1987 ਈ.।

ਬਾਬਾ ਗੁਰੂ ਨਾਨਕ ਦੇਵ ਜੀ ਦੇ ਸਮੇਂ ਸਿੱਖਾਂ ਦੀ ਆਬਾਦੀ ਨੀਂਹ ਬੰਗਾਲੀ ਵਿੱਚ ਕਿੱਥੇ ਰੱਖੀ ਗਈ ਏਹ ਤਾਰੀ.ਖੀ ਖੰਡਰਾਤ ਦੇ ਭਾਲ ਕਰਨ ਵਾਲੀ ਗੱਲ ਹੋਵੇਗੀ ਪਰ ਨੌਵੀਂ ਪਾਤਸ਼ਾਹੀ ਗੁਰੂ ਤੇਜ਼ ਬਹਾਦਰ ਜੀ ਬੰਗਾਲ ਜ਼ਰੂਰ ਅੱਪੜੇ ਤੇ ਢਾਕਾ ਵਿੱਚ ਕਯਾਮ ਵੀ ਕੀਤਾ ਤੇ ਉਹਨਾਂ ਦੀ ਯਾਦ ਵਿੱਚ ਉੱਥੇ ਇਕ ਗੁਰਦਵਾਰਾ ਵੀ ਉਸਾਰਿਆ ਗਿਆ ਏ ਜਿਸ ਕਰਕੇ ਗੁਰੂ ਤੇਗ ਬਹਾਦਰ ਜੀ (1621-1675 ਈ) ਦੇ ਸਮੇਂ ਵਿੱਚ ਮੁਕਾਮੀ ਹਿੰਦੂ ਆਬਾਦੀ ਦਾ ਉਹਨਾਂ ਤੋਂ ਮੁਤਾਸਿਰ ਹੋ ਕੇ ਸਿੱਖੀ ਧਾਰਨ ਕਰਨਾ ਕੁਦਰਤੀ ਗੱਲ ਏ। ਫੇਰ ਜਾਪਦਾ ਏ ਕਿ ਉਹਨਾਂ ਸਿੱਖੀ ਅਪਣਾ ਤੇ ਲਈ ਪਰ ਬੰਗਾਲੀ ਸਿੱਖਾਂ ਵਿੱਚੋਂ ਕਿਸੇ ਨੂੰ ਵੀ ਸਿੱਖੀ ਦੀ ਜੰਮਣ ਭੋਇੰ ਦੀ ਜ਼ਿਆਰਤ ਦਾ ਮੌਕਾ ਨਾ ਮਿਲਿਆ ਪਰ ਸਿੱਖ ਮੱਤ ਦੀ ਮੁਢਲੀ ਕਿਤਾਬ ਸ੍ਰੀ ਆਦਿ ਗ੍ਰੰਥ ਜ਼ਰੂਰ ਉਹਨਾਂ ਦੇ ਪਵਿੱਤਰ ਪਾਠ ਦਾ ਹਿੱਸਾ ਰਿਹਾ ਏ। ਜਿਹਦੀ ਵਜ੍ਹਾ ਕਰਕੇ ਬੰਗਾਲੀ ਸਿੱਖਾਂ ਦੀ ਏਹ ਸੋਚ ਬਣ ਗਈ ਕਿ ਪੰਜਾਬੀ ਜ਼ਬਾਨ ਸਿਰ.ਫ ਸਿੱਖਾਂ ਦੀ ਜ਼ਬਾਨ ਏ ਤੇ ਉਹ ਇੱਕੋ ਲਿੱਪੀ ਵਿੱਚ ਲਿਖੀ ਜਾਂਦੀ ਏ ਜਿਹਨੂੰ ਗੁਰਮੁਖੀ ਕਿਹਾ ਜਾਂਦਾ ਏ ਤੇ ਜਿਹੜੀ ਸ੍ਰੀ ਆਦਿ ਗ੍ਰੰਥ ਸਾਹਿਬ ਵਿੱਚ ਵਰਤੀ ਗਈ ਏ ਹਲਾਕਿ ਸ੍ਰੀ ਆਦਿ ਗ੍ਰੰਥ ਸਾਹਿਬ ਵਿੱਚ ਪੰਜਾਬੀ ਗੁਰੂ ਸਾਹਿਬਾਨ ਤੋਂ ਵੱਖ ਭਗਤ ਸਾਹਿਬਾਨ ਸਾਈਂ ਦਰਵੇਸ਼ਾਂ ਦਾ ਕਾਲਮ ਵੀ ਮੌਜੂਦ ਏ ਉਹਨਾਂ ਦੀ ਤਾਦਾਦ 40 ਏ (ਰਸਾਲਾ ਪੰਜ ਦਰਿਆ ਅਗਸਤ 1946 ਈ.) ਜਦੋਂ ਕਿ ਗ੍ਰੰਥ ਸਾਹਿਬ ਵਿੱਚ ਮਜਮੂਈ ਤੌਰ 49 ਗੁਰੂ ਸਾਹਿਬਾਨ ਦਰਵੇਸ਼ਾਂ ਅਤੇ ਭਗਤਾਂ ਦੀ ਰਚਨਾ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ 1604 ਈ. ਵਿੱਚ ਇਕੱਠੀ ਕੀਤੀ (ਸਫਾ 387 ਗੁਰਮਤਿ ਨਿਰਣੈ)

ਏਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮੌਜੂਦ ਬਾਣੀ ਵੀ ਮੌਜੂਦ ਏ ਜਿਵੇਂ ਕਿ ਲਿਖਿਆ ਜਾ ਚੁੱਕਿਆ ਏ। ਪੰਜਾਬੀ ਤੋਂ ਵੱਧ ਮਰਾਠੀ, ਬੰਗਾਲੀ ਤੇ ਬ੍ਰਿਜ ਭਾਸ਼ਾ ਜ਼ਬਾਨਾਂ ਦੀ ਬਾਣੀ ਵੀ ਮੌਜੂਦ ਏ।

ਪੰਡਤ ਆਘੂ ਰਾਮ ਦਾ ਨਾਂ ਵੀ ਸਾਡੀ ਤਾਈਦ ਕਰਦਾ ਏ। ਕਿਉਂ ਜੋ ਕਿਸੇ ਵੀ ਸਿੱਖ ਦੇ ਨਾਂ ਨਾਲ ਸਿੰਘ ਦਾ ਲਾਹਕਾ (ਪਿਛੇਤਰ) ਨਾ ਲਾਇਆ ਜਾਵੇ ਤੇ ਆਘੂ ਸਿੰਘ ਦੀ ਥਾਂ ਆਘੂ ਰਾਮ ਹੀ ਰਿਹਾ। ਏਥੇ ਇੱਕ ਹੋਰ ਗੱਲ ਵੀ ਚੇਤੇ ਰਹਿਣੀ ਚਾਹੀਦੀ ਏ ਕਿ ਦਸਵੀਂ ਪਰ ਅੰਤਲੀ ਪਾਤਸ਼ਾਹੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਮਜ਼ਹਬ ਜ਼ਬਾਨਸ਼ਨਾਸੀ -ਜ਼ਬਾਨਾਂ ਦੀ ਕਾਨੂਨਸਾਜ਼ੀ-ਸਰ.ਫੋਨਹਵ (ਵਾਕ ਵੰਡ ਤੇ ਸ਼ਬਦ ਬੋਧ) ਅਰੂਜ਼ (ਪਿੰਗਲ) ਤਿੱਬ ਤੇ ਆਯੁਰਵੈਦਿਕ ਵਗੈਰਾ ਵਗੈਰਾ ਪ੍ਰਚੱਲਿਤ ਇਲਮਾਂ ਦੀ ਜਾਣਕਾਰੀ ਹਾਸਲ ਕਰਨ ਵਾਲੇ ਸਕਾਲਰਾਂ ਦਾ ਇੱਕ ਖ਼ਾਸ ਗਿਰੋਹ ਤਰਤੀਬ ਦਿੱਤਾ। ਜਿਹੜਾ ਪ੍ਰਚੱਲਿਤ ਇਲਮਾਂ ਉੱਪਰ ਵੱਖ ਵੱਖ ਕੇਂਦਰਾਂ ਵਿੱਚ ਜਾ ਕੇ ਇਲਮ ਦੀ ਸਿੱਖਿਆ ਲਵੇ ਤੇ ਉਸ ਖੇਤਰ ਵਿੱਚ ਆਪਣੀ ਥਾਂ ਇੱਕ ਸਕਾਲਰ ਦੇ ਤੌਰ ਤੇ ਬਣਾਏ। ਇਹਨਾਂ ਨੂੰ ਨਿਰਮਲਿਆਂ ਦਾ ਨਾਂ ਦਿੱਤਾ ਗਿਆ। ਜਿਹਨਾਂ ਦੇ ਅਖਾੜੇ ਜਾਂ ਡੇਰੇ ਪੰਜਾਬ ਤੋਂ ਵੱਖ ਮੁਤਹਿੱਦਾ



(ਸਾਂਝੇ) ਹਿੰਦੁਸਤਾਨ ਦੇ ਦੂਜੇ ਕਈ ਮਰਕਜ਼ਾਂ ਵਿੱਚ ਮੌਜੂਦ ਸਨ। ਆਪਣੀ ਜਾਚੇ ਪੰਡਤ ਆਘੂ ਰਾਮ ਇੱਕ ਅਜਿਹਾ ਹੀ ਸਿੱਖ ਸੀ। ਜਿਹਦਾ ਖਾਨਦਾਨ ਤੇ ਗੁਰੂ ਤੇਗ ਬਹਾਦਰ ਜੀ ਦੇ ਕਾਲ਼ ਵਿੱਚ ਸਿੱਖ ਮੱਤ ਨਾਲ ਜੁੜ ਗਿਆ ਪਰ ਨਿਰਮਲ ਪੰਥੀਆਂ ਵਿੱਚ ਸ਼ਾਮਲ ਹੋ ਕੇ ਇੱਕ ਸਕਾਲਰ ਵਜੋਂ ਸਿੱਖੀ ਨਾਲ ਜੁੜਿਆ ਰਿਹਾ।

ਏਹ ਵੀ ਪਤਾ ਚੱਲਦਾ ਏ ਕਿ ਉਹ ਪੰਜਾਬ ਨਹੀਂ ਆਇਆ। ਏਸ ਵਾਸਤੇ ਉਸ ਨੂੰ ਏਸ ਗੱਲ ਦਾ ਗਿਆਨ ਹੀ ਨਹੀਂ ਕਿ ਪੰਜਾਬ ਵਿੱਚ ਸਿੱਖਾਂ ਤੋਂ ਵੱਖਰਾ ਵੀ ਕੋਈ ਹੋਰ ਮੇਲ (ਤਬਕਾ) ਉੱਥੇ ਮੌਜੂਦ ਏ। ਉਸਦੇ ਸਾਹਮਣੇ ਆਦਿ ਗ੍ਰੰਥ ਮੌਜੂਦ ਸੀ ਜਿਹਨੂੰ ਉਹ ਪੰਜਾਬੀ ਜ਼ਬਾਨ ਦਾ ਮਹਾਨ ਗ੍ਰੰਥ ਸਮਝਦਾ ਸੀ। ਉਹ ਗੱਲ ਏਸ ਲਈ ਤੇ ਠੀਕ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ 2 / 3 ਹਿੱਸਾ ਤੇ ਪੰਜਾਬੀ ਜ਼ਬਾਨ ਨਾਲ ਜੁੜਿਆ ਹੋਇਆ ਏ ਪਰ ਸ੍ਰੀ ਗ੍ਰੰਥ ਸਾਹਿਬ ਦਾ 1 / 3 ਹਿੱਸਾ ਬੰਗਾਲੀ, ਮਰਾਠੀ ਤੇ ਬ੍ਰਿਜ ਭਾਸ਼ਾ ਜ਼ਬਾਨਾਂ ਦੀ ਬਾਣੀ ਵੀ ਮੌਜੂਦ ਏ। ਜਾਪਦਾ ਏ ਕਿ ਬਾਬਾ ਫਰੀਦ ਜੀ ਤੋਂ ਵੱਖ ਆਘੂ ਰਾਮ ਪੰਡਤ ਕਿਸੇ ਹੋਰ ਪੰਜਾਬੀ ਜ਼ਬਾਨ ਦੇ ਮੁਸਲਿਮ ਸਿਰਜਨਹਾਰ ਤੋਂ ਜਾਣੂ ਨਹੀਂ ਵਰਨਾ ਉਹ ਏਹ ਟਪਲ਼ਾ ਨਾ ਖਾਂਦਾ ਕਿ ਪੰਜਾਬੀ ਸਿਰ.ਫ ਸਿੱਖਾਂ ਦੀ ਜ਼ਬਾਨ ਏ। ਉਸਨੂੰ ਇਸ ਗੱਲ ਦਾ ਵੀ ਗਿਆਨ ਨਹੀਂ ਸੀ ਕਿ ਪੰਜਾਬੀ ਜ਼ਬਾਨ ਗੁਰਮੁਖੀ ਲਿੱਪੀ ਤੋਂ ਵੱਖ ਕਿਸੇ ਹੋਰ ਲਿੱਪੀ ਵਿੱਚ ਵੀ ਲਿਖੀ ਜਾਂਦੀ ਸੀ ਤੇ ਉਸ ਵਿਚ ਗੁਰਮੁਖੀ ਤੋਂ ਕਿਤੇ ਵੱਧ ਲਿਟਰੇਚਰ ਮੌਜੂਦ ਸੀ ਤੇ ਹੈ ਵੀ ਏ।

ਆਪਣੀ ਸੋਚ ਇਹ ਵੀ ਬਣਦੀ ਏ ਕਿ ਡਾਕਟਰ ਵਿਲੀਅਮ ਕੇਰੀ ਨੇ ਜਿਸ ਮਨੁੱਖ ਤੋਂ ਪੰਜਾਬੀ ਜ਼ਬਾਨ ਸਿੱਖੀ ਉਹ ਇਹ ਹੀ ਪੰਡਤ ਆਘੂ ਰਾਮ ਨੇ ਜਿਹਨਾਂ ਪੰਜਾਬੀ ਜ਼ਬਾਨ ਵਿੱਚ ਬਾਈਬਲ ਦਾ ਤਰਜਮਾ ਕੀਤਾ ਜਿਹਦਾ ਵੇਰਵਾ ਇਸ ਲੇਖ ਦੇ ਸ਼ੁਰੂ ਵਿੱਚ ਦਿੱਤਾ ਜਾ ਚੁੱਕਿਆ ਏ। ਪਰ ਅਜੀਬ ਗੱਲ ਇਹ ਕਿ ਪ੍ਰੋਫੈਸਰ ਪ੍ਰੀਤਮ ਸਿੰਘ ਜੀ ਜਦੋਂ ਬਾਬਾ ਗੁਰੂ ਨਾਨਕ ਯੂਨੀਵਰਸਿਟੀ ਅੰਮ੍ਰਿਤਸਰ ਵਿੱਚ ਨਿਰਮਲ ਪੰਥੀਆਂ ਬਾਰੇ ਆਲਮੀ ਪੱਧਰ ਤੇ ਸੈਮੀਨਾਰ ਕਰਵਾਇਆ ਉਸ ਵਿੱਚ ਬਾਈਬਲ ਦੇ ਪੰਜਾਬੀ ਤਰਜਮਿਆਂ ਤੇ ਈਸਾਈ ਪਾਦਰੀਆਂ ਤੇ ਈਸਟ ਇੰਡੀਆ ਦੇ ਅ.ਫਸਰਾਂ ਨੂੰ ਪੰਜਾਬੀ ਪੜ੍ਹਾਣ ਦੇ ਪੰਡਤ ਆਘੂ ਰਾਮ ਦੇ ਯੋਗਦਾਨ ਦਾ ਵੇਰਵਾ ਨਹੀਂ ਦਿੱਤਾ। ਹਾਲਾਂਕਿ ਕਲਕੱਤਾ ਵਿੱਚ ਇਹਨਾਂ ਨਿਰਮਲਿਆਂ ਦੀ ਦੇਣ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਜਿਹਦਾ ਮੂੰਹ ਬੋਲਦਾ ਸਬੂਤ ਆਘੂ ਰਾਮ ਏ। ਜਿਹਨਾਂ ਨਾ ਸਿਰ.ਫ ਬਾਈਬਲ ਨੂੰ ਪੰਜਾਬੀ ਰੂਪ ਦਿੱਤਾ ਸਗੋਂ ਡਾਕਟਰ ਵਿਲੀਅਮ ਕੇਰੀ ਨੂੰ ਪੰਜਾਬੀ ਗਰਾਮਰ ਲਿਖਣ ਵਿੱਚ ਉਸ ਨੇ ਏਸ ਮਹਾਨ ਜ਼ਬਾਨਦਾਨ ਦੀ ਅਗਵਾਈ ਵੀ ਕੀਤੀ।

ਹੁਣ ਪ੍ਰੋਫੈਸਰ ਵਿਲੀਅਮ ਕੇਰੀ ਦੀ ਪੰਜਾਬੀ ਗਰਾਮਰ ਵੱਲ ਆਈਏ। ਏਸ ਗਰਾਮਰ ਵਿੱਚ ਦੀਬਾਚਾ (ਭੂਮਿਕਾ) ਤੋਂ ਵੱਖ ਸੱਤ ਬਾਬ (ਕਾਂਡ) ਨੇ। ਦੀਬਾਚੇ ਵਿੱਚ ਪੰਜਾਬੀ ਬਾਰੇ ਉਸਦੇ ਖਾਧੇ ਟਪਲ਼ਿਆਂ ਦਾ ਪਤਾ ਚੱਲ ਜਾਂਦਾ ਏ। ਪੰਜਾਬੀ ਬਾਰੇ ਉਹ ਲਿਖਦੇ ਨੇ-

**The language which this grammar is intended to teach is spoken by the Sikhs. that singular people. Who in habit the Punjab. or the country lying brtween the Sutlej and the Indus. PP. 2 grammar of the Punjabee language, preface. P.2.**

ਜਾਹਨ ਕਲਾਰਕ ਤੇ ਮਾਰਸ਼ਮੈਨ ਨੇ ਵਿਲੀਅਮ ਕੇਰੀ ਤੇ ਉਹਨਾਂ ਦੇ ਸਾਥੀਆਂ ਬਾਰੇ ਕਿਤਾਬ ਲਿਖਦਿਆਂ ਹੋਇਆ ਏਹ ਮੰਨੀ ਏ ਕਿ ਵਿਲੀਅਮ ਕੇਰੀ ਖ਼ੁਦ ਕਦੇ ਵੀ ਪੰਜਾਬ ਦੀ ਧਰਤੀ ਤੇ ਪੈਰ ਨਹੀਂ ਰੱਖ ਸਕਿਆ-

**PP. 18-19, Marshman. John Clark. 'the hfe and labours of carey, Marshmand md ward.**

ਜੋ ਉਹ ਪੰਜਾਬ ਆਉਂਦਾ ਤੇ ਉਹਨਾਂ ਨੂੰ ਪਤਾ ਚੱਲਦਾ ਕਿ ਪੰਜਾਬ ਵਿੱਚ ਸਿੱਖਾਂ ਨਾਲੋਂ ਮੁਸਲਮਾਨ ਤੇ ਹਿੰਦੂਆਂ ਦੀ ਆਬਾਦੀ ਕਿਤੇ ਜ਼ਿਆਦਾ ਏ ਤੇ ਆਦਿ ਸ੍ਰੀ ਗ੍ਰੰਥ ਸਾਹਿਬ ਤੋਂ ਵੱਖ ਪੰਜਾਬੀ ਜ਼ਬਾਨ ਵਿੱਚ ਵੱਖਰੀਆਂ ਕਿਤਾਬਾਂ ਮੌਜੂਦ ਨੇ ਕਿਉਂ ਜੋ ਉਹ ਪੰਜਾਬ ਆਇਆ ਨਹੀਂ ਏਸ ਵਾਸਤੇ ਲ.ਫਜ਼ਾਂ ਦੇ ਉਚਾਰਨ

ਉਹਨਾਂ ਪੰਜਾਬੀਆਂ ਤੋਂ ਸੁਣਨ ਦੀ ਬਜਾਏ ਇੱਕ ਬੰਗਾਲੀ ਸਿੱਖ ਤੋਂ ਸੁਣੇ ਏਸ ਪੱਖੋਂ ਵੀ ਉਹਨਾਂ ਨੂੰ ਕੁਝ ਟਪਲ਼ੇ ਲੱਗੇ। ਕਿਉਂ ਜੋ ਇਹ ਲੇਖ ਗਰਾਮਰ, ਉਸਦੇ ਫ਼ਲਸਫ਼ਾ ਤੇ ਕਾਨੂਨਾਂ ਬਾਰੇ ਨਹੀਂ ਹੈ ਸਗੋਂ ਇਕ ਬਰਤਾਨਵੀ ਦੀ ਪੰਜਾਬੀ ਜ਼ਬਾਨ ਦੀ ਸੇਵਾ ਬਾਰੇ ਹੈ ਇਸ ਵਾਸਤੇ ਗਰਾਮਰ ਦੀ ਵੰਡ ਬਾਰੇ ਹੀ ਗੱਲ ਕਰਕੇ ਏਸ ਮਜ਼ਮੂਨ ਨੂੰ ਖ਼ਤਮ ਕੀਤਾ ਜਾਂਦਾ ਏ ਕਿਉਂ ਜੋ ਗਰਾਮਰ ਖ਼ੁਦ ਇੱਕ ਤਫ਼ਸੀਲੀ ਵੇਰਵਾ ਮੰਗਣ ਵਾਲਾ ਮੌਜ਼ੂਅ (ਵਿਸ਼ਾ) ਏ। ਡਾਕਟਰ ਵਿਲੀਅਮ ਕੇਰੀ ਨੇ ਗਰਾਮਰ ਵਿੱਚ ਮਿਸਾਲਾਂ ਵੀ ਗੁਰਮੁਖੀ ਅੱਖਰਾਂ ਦੀਆਂ ਦਿੱਤੀਆਂ ਨੇ ਤੇ ਅਲਿਫ਼ ਬੇ ਵੀ ਉਹੀ ਲਿਖੀ। ਪਰ ਵਾਵਲਜ਼ ( Vovels) ਕਾਨਸੋਨੈਂਟ (Consonants) ਤੇ ਉਹਨਾਂ ਦੇ ਉਚਾਰਨ ਨੂੰ ਉਂਜ ਹੀ ਦੱਸਿਆ ਏ ਜਿਵੇਂ ਅਰਬੀ, ਫ਼ਾਰਸੀ ਜ਼ਬਾਨਾਂ ਦੇ ਹਰਫ਼ਾਂ ਦੀਆਂ ਆਵਾਜ਼ਾਂ ਦਾ ਵੇਰਵਾ ਦਿੱਤਾ ਹੋਇਆ ਏ। ਉਸਦੇ ਸੱਤਾਂ ਬਾਬਾਂ (ਕਾਂਡਾਂ) ਦੀ ਵੰਡ ਏਸ ਕਿਸਮ ਦੀ ਏ-

| | |
|---|---|
| OF IETTERS | ਆਫ਼ ਲੈਟਰਜ਼ |
| OF THE COMPOUNDINGS LETTERS | ਆਫ਼ ਦੀ ਕੰਮਪਾਊਂਡਿੰਗ ਲੈਟਰਜ਼ |
| OF WORDS | ਆਫ਼ ਵਰਡਜ਼ |
| OF ADJECTIVES | ਆਫ਼ ਅਡਜੈਕਟਿਵਜ਼ |
| OF PRONOUNS | ਆਫ਼ ਪਰਨਾਉਨਜ਼ |
| OF VERBS | ਆਫ਼ ਵਰਬਜ਼ |
| OF SYNTAX | ਆਫ਼ ਸਿਨਟੈਕਸ |

ਡਾਕਟਰ ਵਿਲੀਅਮ ਕੇਰੀ ਹੋਰਾਂ ਬਾਰੇ ਮਜ਼ੀਦ (ਹੋਰ) ਖੋਜ ਲਈ ਥੱਲੇ ਦਿੱਤੀਆਂ ਕਿਤਾਬਾਂ ਤੋਂ ਮੱਦਦ ਲਈ ਜਾ ਸਕਦੀ ਏ-


**1. Gandasingh, Christianity in Punjab, Punjab past and present, Punjabee Uuiversity Patiala. 1966.**

**2. Jhon, Catalogue of Bangali books and manus script Serampore Missionery Pess Serampore. 1902.**

**3. Myers, Jhon Brown, Ed, The centenary yolume of Baptist missionery Society Baptist Misson Press Calcutta. (1792, 1832) 1892**

**4. Richer, Julius. William Carey and hit mission, Baptist Mission Press Calcutta.**

**5. Singh, S. M. the life of William Carey.**

**6. Smith, George the life of William Carey, the Gambrid Brother hood Behli-1885.**

7. ਉਰਦੂ, ਸਿੰਘ ਐਸ.ਐਸ. ਵਿਲੀਅਮ ਕੇਰੀ, ਪੰਜਾਬ ਰਿਲੀਜਨ ਬੁਕ ਸੁਸਾਇਟੀ ਲਾਹੌਰ, 1961 ਈ.



- ਲਿੱਪੀਅੰਤਰ: ਜੋਗਿੰਦਰ ਪਾਲ ਮਾਨ

ਪਿੰਡ ਤੇ ਡਾਕ. ਸਮਰਾਏ, ਜਲੰਧਰ।


ਨੋਟ- ਜਿਹਨਾਂ ਬਰੈਕਟਾਂ ਵਾਲੇ ਸ਼ਬਦਾਂ ਨੂੰ ਅੰਡਰ ਲਾਈਨ ਕੀਤਾ ਗਿਆ ਹੈ ਉਹ ਲੇਖਕ ਦੇ ਅਸਲ ਹਨ ਤੇ ਬਗੈਰ ਅੰਡਰਲਾਈਨ ਬਰੈਕਟਾਂ ਵਿੱਚ ਦਰਸਾਏ ਸ਼ਬਦ ਲਿੱਪੀਅੰਤਰ ਵੇਲੇ ਅਰਥਾਂ ਦੇ ਤੌਰ ਦਿੱਤੇ ਗਏ ਹਨ।




## ਪੁਸਤਕ ਪੜਚੋਲ

***ਪੰਜਾਬ ਦੇ ਸੰਤ ਕਵੀ***

**(ਸੰਪਾਦਕ : ਡਾ. ਧਰਮਪਾਲ ਸਿੰਗਲ / ਡਾ. ਬਲਦੇਵ ਸਿੰਘ 'ਬੱਦਨ'**

**ਪ੍ਰਕਾਸ਼ਕ : ਨੈਸ਼ਨਲ ਬੁਕ ਟਰੱਸਟ, ਇੰਡੀਆ,**

**ਮੁੱਲ :185, ਪੰਨੇ : 635**




ਸੰਤ ਸਾਹਿਤ ਨੂੰ ਇਕ ਥਾਂ ਇਕੱਤਰ ਕਰਨ ਦਾ ਵੱਡਾ ਪ੍ਰੋਜੈਕਟ ਡਾ. ਸਿੰਗਲ ਤੇ ਡਾ. ਬੱਦਨ ਨੇ ਬੜੀ ਮਿਹਨਤ ਨਾਲ ਪੂਰਾ ਕੀਤਾ ਹੈ। ਸੰਤ ਸਾਹਿਤ ਦਾ ਪੰਜਾਬੀ ਸਾਹਿਤ ਵਿਚ ਅਹਿਮ ਸਥਾਨ ਹੈ। ਨੈਸ਼ਨਲ ਬੁਕ ਟਰੱਸਟ ਹੀ ਅਜਿਹੇ ਕੰਮ ਕਰਵਾ ਸਕਦਾ ਹੈ। ਸੰਤ ਸਾਹਿਤ ਦਾ ਇਹ ਪਹਿਲਾ ਵਿਲੱਖਣ ਵੱਡ ਅਕਾਰੀ ਸੰਗ੍ਰਹਿ ਹੋ ਨਿਬੜਿਆ ਹੈ। ਇਸ ਪੁਸਤਕ ਵਿਚ ਪੰਜਾਬ ਦੇ 67 ਸੰਤ ਕਵੀਆਂ ਦੀ ਬਾਣੀ ਪ੍ਰਕਾਸ਼ਤ ਕੀਤੀ ਗਈ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਹਰ ਸੰਤ ਕਵੀ ਕਿਹੋ ਜਿਹੀ ਸੋਚ ਦਾ ਧਾਰਨੀ ਸੀ ਅਤੇ ਉਸ ਦੀ ਸਮਾਜ ਪ੍ਰਤੀ ਪਹੁੰਚ ਕਿਸ ਦ੍ਰਿਸ਼ਟੀ ਦੀ ਸੀ। ਹਰ ਸੰਤ ਕਵੀ ਦੀ ਬਾਣੀ ਦੇ ਨਾਲ ਉਸ ਦੀ ਜੀਵਨੀ, ਵਿਚਾਰਧਾਰਾ ਤੇ ਕਾਵਿ ਦ੍ਰਿਸ਼ਟੀ ਬਾਰੇ ਲਿਖਿਆ ਗਿਆ ਹੈ। ਸੰਤ-ਬਾਣੀ ਦਾ ਅਧਿਐਨ ਕੀਤਿਆ ਇਹ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਉਨ੍ਹਾਂ ਦਾ ਦ੍ਰਿਸ਼ਟੀਕੋਣ ਮਾਨਵਤਾਵਾਦੀ ਰਿਹਾ ਹੈ। ਸਮੁੱਚੀ ਸੰਤ ਬਾਣੀ ਰਾਗਾਂ ਛੰਦਾਂ ਵਿਚ ਹੋਣ ਕਰਕੇ ਸੰਗੀਤਕ ਸਰੋਕਾਰ ਦੇ ਵਧੇਰੇ ਨੇੜੇ ਹੈ।

ਪੁਸਤਕ ਵਿਚ ਸੰਤ ਨਾਮਦੇਵ ਜੀ, ਬੂ-ਅਲੀ ਸ਼ਾਹ ਕਲੰਦਰ, ਸੰਤ ਸਾਈਂ ਜੀ, ਬਾਬਾ ਸ੍ਰੀ ਚੰਦ ਜੀ, ਸੰਤ ਭਗਵਾਨ ਦਾਸ-ਨਾਰਾਇਣ ਦਾਸ, ਸੰਤ ਪੀਲੂ, ਬਾਬਾ ਹਰਿਦਾਸ, ਸੰਤ ਹਿਰਦੇ ਰਾਮ ਭੱਲਾ, ਭਗਤ ਜੱਲ੍ਹਣ, ਸੰਤ ਕਵੀ ਸੁਥਰਾ, ਸੰਤ ਬਾਬਾ ਵਜੀਦ ਮਹੰਤ ਚਤੁਰ ਦਾਸ ਜੀ, ਸੰਤ ਛੱਜੂ ਜੀ, ਬਾਬਾ ਦਿਆਲ ਦਾਸ, ਕਾਨ੍ਹਾ ਭਗਤ, ਸੰਤ ਸਾਧੂ ਜਨ, ਸੰਤ ਵਲੀ ਰਾਮ, ਗੁਸਾਈਂ ਤੇਜ ਭਾਨ ਜੀ, ਸੰਤ ਫ਼ਕੀਰ ਦਾਸ, ਸ਼ਾਹ ਮੁਰਾਦ, ਬਾਬਾ ਲਾਲ, ਸੰਤ ਬਿਹਾਰੀ ਲਾਲ ਜੀ, ਸੰਤ ਕੇਸ਼ੋਦਾਸ, ਭਾਈ ਦਰਬਾਰੀ ਜੀ, ਭਾਈ ਸੇਵਾ ਦਾਸ, ਸੰਤ ਚਰਨ ਦਾਸ ਜੀ, ਦਰਸ਼ਨ ਭਗਤ, ਸੰਤ ਮਹਿਜੋ ਬਾਈ, ਸੰਤ ਦਯਾ ਬਾਈ ਸੰਤ ਨਿਸ਼ਚਲ ਦਾਸ, ਸੰਤ ਗਰੀਬ ਦਾਸ, ਸੰਤ ਦਾਸ ਤਪੱਸੀ, ਸਿੰਘਾ ਭਗਤ, ਭਗਵਾਨ ਦਾਸ ਨਿਰੰਜਨੀ, ਭਾਈ ਸੰਤੋਖ ਸਿੰਘ, ਬਾਬਾ ਸੰਤਰੇਣੂ, ਬਾਬਾ ਰਾਮਦਾਸ, ਸਾਧੂ ਈਸ਼ਰਦਾਸ, ਸੰਤ ਸ੍ਰੀ ਮਹਿਮਾ ਸ਼ਾਹ, ਸੰਤ ਮਾਨ ਸਿੰਘ, ਸੰਤ ਬਾਬਾ ਮਾਝੂ ਦਾਸ, ਸੰਤ ਦਿਆਲ ਭਾਵਨ, ਸੰਤ ਟਹਿਲ ਦਾਸ ਜੀ, ਸੰਤ ਸੁਰਜਨ ਦਾਸ ਆਜ਼ਾਦ, ਸੰਤ ਸ਼੍ਰੀ ਕ੍ਰਿਸ਼ਣ ਦਾਸ ਜੀ, ਸੰਤ ਗੁਲਾਬ ਸਿੰਘ ਨਿਰਮਲਾ, ਸੰਤ ਨਿਹਾਲ ਸਿੰਘ ਨਿਰਮਲਾ, ਜਸੋਧਾ ਨੰਦਨ, ਸੰਤ ਜੈਤ ਰਾਮ ਜੀ, ਸੰਤ ਹਿਰਦੇ ਦਾਸ ਜੀ ਬਾਦਲੀ, ਸਵਾਮੀ ਹੇਮ ਰਾਜ ਚਿਦਾਕਾਸ਼ੀ, ਮੀਆਂ ਮੁਹੰਮਦ ਬਖ਼ਸ਼, ਸੰਤ ਰਤਨ ਹਰਿ ਜੀ, ਸੰਤ ਸ੍ਰੀ ਸੰਗਤ ਰਾਮ ਜੀ, ਭਗਤ ਮਹਾਂਦਾਸ, ਸੰਤ ਨਿਤਾਨੰਦ ਜੀ, ਸੰਤ ਚੂਹੜ ਜੀ, ਨਨੂਆ ਭਗਤ ਗੁਆਲ, ਸੰਤ ਆਨੰਦ ਜੀ, ਕਵੀ ਦੱਤ ਦਾਸ, ਸੰਤ ਹਰਿ ਸਿੰਘ, ਸਵਾਮੀ ਸਤਿਆਨੰਦ ਜੀ, ਸੰਤ ਨਾਗਾ ਨਿਰੰਕਾਰੀ ਜੀ, ਸੰਤ ਬਾਬਾ ਸਿਮਰਨ ਦਾਸ ਜੀ, ਸਵਾਮੀ ਗੋਮਤੀ ਦਾਸ ਜੀ, ਮਹਾਰਿਸ਼ੀ ਸ਼ਿਵ ਵਤਲਾਲ ਜੀ ਵਰਮਨ ਆਦਿ 67 ਸੰਤ ਕਵੀਆਂ ਦੀ ਬਾਣੀ ਪੁਸਤਕ ਦਾ ਸਿੰਗਾਰ ਹੈ। ਕਈ ਸੰਤ ਕਵੀਆਂ ਦੀ ਬਾਣੀ ਤਾਂ ਦੁਰਲੱਭ ਹੈ।


ਪੁਸਤਕ ਵਿਚ ਦਰਜ ਸੰਤ ਬਾਣੀ ਦਾ ਅਧਿਐਨ ਕੀਤਿਆ ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ

ਹੈ ਕਿ ਸੰਤ ਬਾਣੀ ਸਮੁੱਚੀ ਲੋਕਾਈ ਦਾ ਭਲਾ ਚਹੁੰਦੀ ਹੈ, ਉਨ੍ਹਾਂ ਦੀ ਬਾਣੀ ਦੀ ਭਾਸ਼ਾ ਆਮ ਲੋਕਾਂ ਦੀ ਭਾਸ਼ਾ ਹੈ। ਮਨੁੱਖੀ ਭਾਈਚਾਰੇ ਦੀ, ਕਲਿਆਣਕਾਰੀ ਸਮਾਜ ਦੀ ਗੱਲ ਕਰਦੇ ਹਨ। ਇਹ ਗੱਲ ਵੀ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਸਾਰੇ ਸੰਤ ਸਮੇਂ ਸਮੇਂ ਚੱਲੀਆ ਲਹਿਰਾਂ ਸੰਪ੍ਰਦਾਵਾਂ ਨਾਲ ਜੁੜੇ ਹੋਏ ਹਨ ਪਰ ਉਨ੍ਹਾਂ ਦੀ ਸਮੁੱਚੀ ਅੰਦਰਲੀ ਟੋਨ ਲੋਕ-ਪੱਖੀ ਰਹੀ ਹੈ। ਸੰਤ ਕਵੀਆਂ ਦੇ ਪ੍ਰਮੁੱਖ ਅੰਗ ਨਿਰਮਲੇ ਸਾਧੂ, ਉਦਾਸੀ ਸਾਧੂ, ਨਾਨਕਸ਼ਾਹੀ, ਸੇਵਾ ਪੰਥੀ, ਗੁਲਾਬਦਾਸੀ, ਲਾਲ ਦਾਸੀ, ਗਰੀਬਦਾਸੀ, ਗੋਰਖਨਾਥ ਆਦਿ ਹਨ। ਸੰਤ ਬਾਣੀ ਦੀ ਭਾਸ਼ਾ ਬਾਰੇ ਵੀ ਗੱਲ ਕਰਨੀ ਬਣਦੀ ਹੈ। ਇਨ੍ਹਾਂ ਨੇ ਆਪਣੀ ਬਾਣੀ ਵਿਚ ਪੰਜਾਬੀ, ਹਿੰਦੀ, ਉਰਦੂ, ਫ਼ਾਰਸੀ, ਮਾਲਵਈ, ਮਾਝੀ ਦੁਆਬੀ, ਬ੍ਰਿਜ ਭਾਸ਼ਾ ਆਦਿ ਦੀ ਵਰਤੋਂ ਬੜੀ ਖੁੱਲ ਕੇ ਕੀਤੀ ਹੈ। ਗੁਰਮਿਤ ਕਾਵਿ ਤੇ ਸੰਤ-ਕਾਵਿ ਵਿਚਲਾ ਰਿਸ਼ਤਾ ਬੜਾ ਗੂੜਾ ਹੈ ਇਸ ਗੱਲ ਦੀ ਮਿਸ਼ਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਤਾਂ-ਭਗਤਾਂ ਦੀ ਬਾਣੀ ਦਾ ਦਰਜ ਹੋਣਾ ਹੈ।

ਪੁਸਤਕ ਤਿਆਰ ਕਰਨ ਲਈ ਸੰਪਾਦਕਾਂ ਨੇ ਤਕਰੀਬਨ 150 ਪੁਸਤਕਾਂ ਮੈਗਜ਼ੀਨਾਂ ਆਦਿ ਨੂੰ ਸਰੋਤ ਵਜੋਂ ਵਰਤ ਕੇ ਸੰਤਾਂ ਦੀ ਤੇ ਉਨ੍ਹਾਂ ਦੀ ਬਾਣੀ ਦੀ ਪ੍ਰਮਾਣਿਕਤਾਂ ਨੂੰ ਪ੍ਰਪੱਕ ਕੀਤਾ ਹੈ। ਵਿਸ਼ਾਲ ਅਕਾਰ ਦੀ ਪੁਸਤਕ ਨੂੰ ਤਿਆਰ ਕਰਨ 'ਚ ਦੋਹਾਂ ਸੰਪਾਦਕਾਂ ਨੇ ਕਾਫੀ ਮਿਹਨਤ ਕੀਤੀ ਹੈ। ਖੋਜ ਵਿਦਿਆਰਥੀਆਂ / ਵਿਦਵਾਨਾਂ ਲਈ ਇਹ ਪੁਸਤਕ ਚੰਗੀ ਸਾਬਤ ਹੋਵੇਗੀ।

*ਮੈਥਿਲੀ ਕਥਾ ਝਰੋਖਾ (ਕਹਾਣੀਆਂ)*

**ਸੰਪਾਦਕ : ਸ਼ਿਵ ਸ਼ੰਕਰ ਸ੍ਰੀਨਿਵਾਸ, ਅਨੁਵਾਦ : ਬਲਬੀਰ ਪਰਵਾਨਾ**
**ਪ੍ਰਕਾਸ਼ਕ : ਨੈਸ਼ਨਲ ਬੁਕ ਟਰੱਸਟ ਇੰਡੀਆ,**
**ਪੰਨੇ : 277, ਮੁੱਲ : 100 ਰੁਪਏ**




ਨੈਸ਼ਨਲ ਬੁਕ ਟਰੱਸਟ ਇੰਡੀਆ ਦੂਜੀਆਂ ਭਾਸ਼ਾਵਾਂ ਦਾ ਉਤਮ ਦਰਜੇ ਦਾ ਸਾਹਿਤ ਪੰਜਾਬੀ ਵਿਚ ਅਨੁਵਾਦ ਕਰਵਾ ਕੇ ਪੰਜਾਬੀ ਪਾਠਕਾਂ ਨੂੰ ਦੇ ਕੇ ਉਨ੍ਹਾਂ ਦਾ ਬੋਧਿਕ, ਸਮਾਜਿਕ ਵਿਕਾਸ ਕਰ ਰਿਹਾ ਹੈ। ਇਹ ਪੁਸਤਕ ਬਿਹਾਰ ਦੇ ਮਿਥਿਲਾ ਖਿੱਤੇ ਦੀ ਮੈਥਿਲੀ ਭਾਸ਼ਾ ਦੀਆਂ ਪ੍ਰਤੀਨਿਧੀ ਕਹਾਣੀਆਂ ਦਾ ਸੰਗ੍ਰਹਿ ਹੈ, ਜਿਸ ਦਾ ਅਨੁਵਾਦ ਪੰਜਾਬੀ ਦੇ ਕਹਾਣੀਕਾਰ ਬਲਬੀਰ ਪਰਵਾਨਾ ਨੇ ਕੀਤਾ ਹੈ। ਕਿਉਂਕਿ ਪਰਵਾਨਾ ਇਕ ਕਹਾਣੀਕਾਰ ਹੈ, ਇਸ ਲਈ ਉਸ ਨੇ ਅਨੁਵਾਦ ਐਨਾ ਕਮਾਲ ਦਾ ਕੀਤਾ ਕਿ ਕਹਾਣੀਆਂ ਲੱਗਦੀਆਂ ਹੀ ਨਹੀਂ ਕਿ ਅਨੁਵਾਦ ਹੋਈਆ ਹਨ। ਅਨੁਵਾਦ 'ਚ ਪੰਜਾਬੀ ਮੁਹਾਵਰੇ ਨੂੰ ਬੜੀ ਕੁਸ਼ਲਤਾ ਨਾਲ ਵਰਤਿਆ ਹੈ। ਇਨ੍ਹਾਂ ਕਹਾਣੀਆਂ ਦਾ ਸਮੁੱਚਾ ਅਧਿਐਨ ਕਰਦਿਆਂ ਇਹ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਮਿਥਿਲਾ ਖਿਤੇ ਦੇ ਲੋਕ ਕਿਵੇਂ ਜੀਉਂਦੇ ਹਨ, ਕਿਵੇਂ ਉਥੇ ਜਾਤੀਵਾਦੀ ਰਾਜਨੀਤੀ ਕਬਾਇਲੀ ਜੀਵਨ ਜਾਚ 'ਚੋਂ ਉਭਰ ਰਹੇ ਲੋਕਾਂ ਨੂੰ ਪਾੜ ਰਹੀ ਹੈ, ਬਹੁਤੇ ਘੱਟੋ-ਘੱਟ ਜੀਉਣ ਦੇ ਸਾਧਨ ਤੋਂ ਵੀ ਵਾਂਝੇ ਹੋ ਕੇ ਆਪਣੇ ਪਿੰਡ ਛੱਡ ਕੇ ਦੂਜੇ ਰਾਜਾਂ ਵੱਲ ਕੂਚ ਕਰ ਰਹੇ ਹਨ। ਇਸ ਖਿਤੇ 'ਚੋਂ ਪੰਜਾਬ 'ਚ ਵੀ ਮਜਦੂਰ ਵੱਡੀ ਗਿਣਤੀ ਵਿਚ ਆਏ ਹਨ। ਇਨ੍ਹਾਂ ਮਜਦੂਰਾਂ ਦੀ ਮਾਨਸਿਕ, ਰਾਜਨੀਤਿਕ ਸਮਾਜਿਕ ਹਾਲਤ ਨੂੰ ਸਮਝਣ ਲਈ ਇਹ ਕਹਾਣੀਆਂ ਬਹੁਤ ਸਹਾਈ ਸਿੱਧ ਹੋਣਗੀਆਂ।

38 ਕਹਾਣੀਆਂ ਦੇ ਇਸ ਰੋਚਿਕ ਸੰਗ੍ਰਹਿ ਵਿਚ ਸਾਰੀਆਂ ਕਹਾਣੀਆਂ ਹੀ ਪ੍ਰਤੀਨਿਧ ਹਨ, ਜੋ ਪੂਰੀ




ਤਰ੍ਹਾਂ ਪਾਠਕ ਨੂੰ ਆਪਣੇ ਨਾਲ ਬੰਨੀ ਰੱਖਦੀਆਂ ਹਨ। ਪਰ ਕੁਝ ਕਹਾਣੀਆਂ ਦਾ ਜਿਕਰ ਕਰਨਾ ਜ਼ਰੂਰੀ ਹੈ। 'ਫਾਂਸ਼ੀ' (ਸੁਭਾਸ਼ ਚੰਦਰ ਯਾਦਵ) 'ਕੰਧ' (ਮਹਾਂਪ੍ਰਕਾਸ਼) ਆਦਿ ਦੀਆਂ ਕਹਾਣੀਆਂ ਵਿਚ ਦਲਿਤ ਲੋਕਾਂ ਦੀ ਜ਼ਿੰਦਗੀ ਦੇ ਬੜੇ ਪ੍ਰਮਾਣਿਕ ਦ੍ਰਿਸ਼ ਪੜ੍ਹਨ ਨੂੰ ਮਿਲਦੇ ਹਨ। ਲਲਿਤ ਦੀ 'ਰਮਜਾਨੀ' ਕਹਾਣੀ ਖਿੱਚ ਭਰਪੂਰ ਹੈ। ਇਹ ਉਹ ਸਮੇਂ ਦੇ ਸੰਜੀਵ ਚਿੱਤਰ ਪੇਸ਼ ਕਰਦੀ ਹੈ, ਜਦੋਂ ਖੇਤੀ 'ਚ ਮਸ਼ੀਨੀ ਕ੍ਰਾਂਤੀ ਆਉਂਦੀ ਹੈ ਪਰ ਮਿਥਿਲਾ 'ਚ ਅਜਿਹਾ ਕੁਝ ਨਹੀਂ ਹੁੰਦਾ। ਖੇਤੀ 'ਚ ਪਸ਼ੂ ਸਹਾਇਕ ਸੀ, ਪਰ ਉਦਯੋਗਿਕ ਜ਼ਿੰਦਗੀ 'ਚ ਲੋਕਾਂ ਦੀ ਸਹਾਇਕ ਮਸ਼ੀਨ ਹੋ ਗਈ। ਸਵਾਰੀ ਬੈਲਗੱਡੀ ਤੋਂ ਰਿਕਸ਼ਾ ਵੱਲ ਚਲੇ ਗਈ। ਇਸ ਕਸ਼ਮਕਸ਼ ਨੂੰ ਇਸ ਕਹਾਣੀ ਵਿਚ ਲਿਆ ਹੈ। ਇੰਝ ਇਹ ਯੁੱਗ ਚੇਤਨਾ ਦੀ ਕਹਾਣੀ ਹੋ ਨਿਬੜੀ ਹੈ। ਇਹ ਸੰਗ੍ਰਹਿ ਦੀ 'ਕੰਨਿਆ ਦੀ ਜ਼ਿੰਦਗੀ' (ਹਰਿਮੋਹਨ ਝਾ) ਦੀ ਕਹਾਣੀ ਵੀ ਪ੍ਰਤੀਨਿਧ ਕਹਾਣੀ ਹੈ। ਇਸ ਨੂੰ ਸਮਾਜਿਕ ਯਥਾਰਥ ਦੀ ਕਹਾਣੀ ਕਿਹਾ ਜਾ ਸਕਦਾ ਹੈ। ਉਹ ਸਮਾਜ ਦੀਆਂ ਕੁਰੀਤੀਆਂ ਵੱਲ ਇਸ਼ਾਰਾ ਕਰਦਾ ਹੈ ਸਮਾਜ ਤੇ ਤਿੱਖੇ ਵਿਅੰਗ ਦੇ ਨਸ਼ਤਰ ਲਾਏ ਹਨ। ਉਪੇਂਦਰ ਨਾਥ ਝਾ 'ਵਿਆਸ' ਆਪਣੀ ਕਹਾਣੀ 'ਚ 'ਅੱਖੜ ਬੁੱਢੀ' ਮੁੱਖ ਪਾਤਰ ਦੇ ਚਰਿਤਰ-ਚਿਤਰਣ ਰਾਹੀਂ ਅਨੇਕਾਂ ਹਨੇਰੇ ਕੋਨਿਆ ਵੱਲ ਝਾਕਦਾ ਹੈ। ਇਸ ਪੁਸਤਕ ਦੇ ਸੰਪਾਦਕ ਸ਼ਿਵ ਸ਼ੰਕਰ ਦੀ ਕਹਾਣੀ 'ਪੰਛੀ ਨਹੀਂ ਮਨੁੱਖ ਹੈ' ਵਿਚ ਇੰਦਰਨਾਥ ਠਾਕੁਰ ਦੇ ਚਰਿਤੱਰ ਨੂੰ ਉਭਾਰਿਆ ਗਿਆ ਹੈ, ਜਿਹੜਾ ਕਿ ਸ਼ਹਿਰ ਜਾ ਕੇ ਕਾਫੀ ਅਮੀਰ ਹੋ ਜਾਂਦਾ ਹੈ ਤੇ ਫਿਰ ਪਿੰਡ ਦੇ ਮਜਦੂਰਾਂ ਨੂੰ ਆਪਣੀ ਚੁੰਗਲ 'ਚ ਫਸਾਉਂਦਾ ਹੈ, ਪਰ ਪਿੰਡ ਦਾ ਮਿਹਨਤੀ ਵਾਮਦੇਵ ਇਸ ਹਵਾ ਦੇ ਉਲਟ ਚੱਲਣ ਦਾ ਸਾਹਸ ਕਰਦਾ ਹੈ। ਏਥੇ ਵੱਖਰੀ ਤਰ੍ਹਾਂ ਦੀਆਂ ਕਹਾਣੀਆਂ 'ਆਤੰਕ' (ਰਾਜਮੋਹਨ ਝਾ), 'ਕਾਂ-ਉਡਾਉਣੀ' (ਵਿਭਾ ਰਾਣੀ) 'ਦਿਨਕਰ ਬਾਬੂ ਨੂੰ ਭਰਮ ਹੋਇਆ ਸੀ?' (ਰਮੇਸ਼) ਦਾ ਉਚੇਚਾ ਜਿਕਰ ਕਰਨਾ ਬਣਦਾ ਹੈ। ਮਿਥਿਲਾ ਦੇ ਲੱਖਾਂ ਲੋਕ ਮਿਥਿਲ ਤੇ ਭਾਰਤ ਤੋਂ ਬਾਹਰ ਹਨ ਤੇ ਉਨ੍ਹਾਂ 'ਚ ਇਹ ਲੇਖਕ ਵੀ ਹਨ। ਇਨ੍ਹਾਂ ਕਹਾਣੀਆਂ 'ਚ ਮਿਥਿਲਾ ਤੋਂ ਦੂਰ ਦੇ ਪ੍ਰਾਂਤਾਂ ਦੀ ਕਹਾਣੀ ਇਨ੍ਹਾਂ ਕਹਾਣੀਆਂ ਵਿਚ ਹੈ। 'ਅਤੰਕ' ਕਹਾਣੀ 'ਚ ਪਟਨਾ ਤੋਂ ਪਾੜ੍ਹੇ ਲੁਟੇਰੇ ਚੜ੍ਹਦੇ ਹਨ ਉਨ੍ਹਾਂ ਦੀ ਤਰਸਯੋਗ ਹਾਲਤ ਹੈ। ਇਨ੍ਹਾਂ ਦੇ ਇਰਦ ਗਿਰਦ ਕਹਾਣੀ ਘੁੰਮਦੀ ਹੈ 'ਕਾਂ-ਉਡਾਉਣੀ' ਕਹਾਣੀ 'ਚ ਬਾਂਝ ਔਰਤ ਦੇ ਦਰਦ ਨੂੰ ਪੇਸ਼ ਕੀਤਾ ਹੈ। 41 ਸਾਲਾ ਦੇ ਸਭ ਤੋਂ ਘੱਟ ਉਮਰ ਦੇ ਕਹਾਣੀਕਾਰ ਤਾਰਾ ਨੰਦ ਵਿਯੋਗੀ ਦੀ ਕਹਾਣੀ 'ਉਡਾਨ' ਵੀ ਧਿਆਨ ਮੰਗਦੀ ਹੈ। ਉਹ ਆਪਣੀ ਕਹਾਣੀ ਵਿਚ ਨਵੀਂ ਸੋਚ ਤੇ ਨਵੇਂ ਵਿਚਾਰ ਲੈ ਕੇ ਆਇਆ ਹੈ। ਬਾਕੀ ਕਹਾਣੀਆਂ ਵੀ ਮਿਥਿਲਾ ਦੇ ਲੋਕਾਂ ਦਾ ਕਰੂਰ ਯਥਾਰਥ ਪੇਸ਼ ਕਰਦੀ ਹੈ।

ਟਰੱਸਟ ਨੇ ਮੈਥਿਲੀ ਦੀ ਅਮੀਰ ਕਹਾਣੀ ਪੰਜਾਬੀ ਪਾਠਕਾਂ ਨੂੰ ਪੜ੍ਹਨ ਲਈ ਦਿੱਤੀ ਹੈ। ਇਹ ਯਤਨ ਬਹੁਤ ਹੀ ਵਧੀਆ ਹੈ। ਇਹ ਕਿਤਾਬ ਹਰ ਨਵੇਂ ਕਹਾਣੀਕਾਰ ਨੂੰ ਪੜ੍ਹਨ ਦੀ ਸਲਾਹ ਮੈਂ ਦਿੰਦਾ ਹੈ।

*ਸਨਮਾਨਜਨਕ ਵਿਕਾਸ (ਸਮਾਜ ਵਿਗਿਆਨ)*

**ਅਨੁਵਾਦ : ਬਿੰਦਰ ਬਸਰਾ, ਲੇਖਕ ਅਮਿਤ ਭਾਦੁੜੀ**
**ਪ੍ਰਕਾਸ਼ਕ : ਨੈਸ਼ਨਲ ਬੁਕ ਟਰੱਸਟ, ਇੰਡੀਆ**
**ਮੁੱਲ :45, ਪੰਨੇ : 107**




ਇਹ ਪੁਸਤਕ ਲੋਕ ਉਪਯੋਗੀ ਸਮਾਜਿਕ ਵਿਗਿਆਨ ਲੜੀ ਅਧੀਨ ਪ੍ਰਸਿੱਧ ਅੰਤਰ-ਰਾਸ਼ਟਰੀ ਅਰਥ ਸ਼ਾਸਤਰੀ ਲੇਖਕ ਅਮਿਤ ਭਾਦੁੜੀ ਤੋਂ ਟਰੱਸਟ ਨੇ ਉਚੇਚੇ ਤੌਰ ਤੇ ਤਿਆਰ ਕਰਵਾਈ ਹੈ। ਨੈਸ਼ਨਲ ਬੁਕ ਟਰੱਸਟ ਨੇ ਪੁਸਤਕ ਸਭਿਆਚਾਰ ਪੈਦਾ ਕਰਨ ਲਈ ਪੂਰੇ ਭਾਰਤ ਵਿਚ ਨਿੱਗਰ ਯੋਗਦਾਨ ਪਾਇਆ ਹੈ। ਪੁਸਤਕ 'ਚ ਇਹ ਗੱਲ ਉਭਰਦੀ ਹੈ ਕਿ ਭਾਰਤ ਦੇ ਵਧੇਰੇ ਲੋਕ ਗਰੀਬੀ 'ਚ

ਇਸ ਲਈ ਪਿਸ ਰਹੇ ਹਨ ਕਿਉਂਕਿ ਉਹਨਾਂ 'ਤੇ ਰਵਾਇਤੀ ਆਰਥਿਕ ਸਥਾਪਨਾਵਾਂ ਭਾਰੂ ਹਨ ਲੇਖਕ ਨੇ ਇਨ੍ਹਾਂ ਨੂੰ ਢਹਿ ਢੇਰੀ ਕੀਤਾ ਹੈ। ਸਿੱਖਿਆ ਜਗਤ, ਨੀਤੀ ਨਿਰਮਾਤਾਵਾਂ, ਮੀਡੀਆ ਅਤੇ ਅੰਤਰ-ਰਾਸ਼ਟਰੀ ਸੰਸਥਾਵਾਂ 'ਤੇ ਭਾਰੂ ਹਨ ਲੇਖਕ ਨੇ ਪੂਰਨ ਰੋਜਗਾਰ ਦਾ ਯੂਟੋਪੀਆ ਵੀ ਸਿਰਜਿਆ ਹੈ।

ਲੇਖਕ ਨੇ ਪੁਸਤਕ ਨੂੰ ਛੇ ਅਧਿਆਏ ਵਿਚ ਵੰਡਿਆ ਹੈ। ਪਹਿਲੇ ਅਧਿਆਏ 'ਸਨਮਾਨਜਨਕ ਆਰਥਿਕ ਵਿਕਾਸ : ਯੂਟੋਪੀਆ ਨਹੀਂ' ਵਿਚ ਭਾਰਤ 'ਚ ਪਾਏ ਜਾਂਦੇ ਜਾਤੀ ਅੰਕੜਿਆ ਨੂੰ ਤੱਥਾਂ ਤੇ ਅਧਾਰਤ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਹਿੰਦੂ ਹੋਰਨਾਂ ਜਾਤੀਆਂ ਤੇ ਡੋਮੀਨੇਟ ਕਰਦੇ ਹਨ ਇਥੋਂ ਹੀ ਆਰਥਿਕ ਵਿਕਾਰ ਪੈਦਾ ਹੁੰਦਾ ਹੈ। ਲੇਖਕ ਨੇ ਭਾਰਤ ਦੀ ਗਰੀਬੀ ਨੂੰ ਭਾਸ਼ਾਈ, ਰਾਜਨੀਤਿਕ, ਇਤਿਹਾਸਕ ਚੌਖਟੇ 'ਚੋਂ ਵੀ ਵੇਖਿਆ ਹੈ। ਭਾਰਤ ਦੀ ਇਕ ਚੌਥਾਈ ਜਨਸੰਖਿਆ ਅਖੌਤੀ ਗਰੀਬੀ ਰੇਖਾ ਤੋਂ ਹੇਠਾਂ ਹੈ। ਭਾਵ ਤਿੰਨ ਭਾਰਤੀਆਂ ਵਿਚੋਂ ਇਕ ਘੋਰ ਗਰੀਬ। 60-70 ਦੇ ਦਹਾਕੇ 'ਚ ਭਾਰਤ ਦੀ ਵਿਕਾਸ ਪ੍ਰਤੀਸ਼ਤ 3.5 ਸੀ ਜਦ ਕਿ ਵਿਸ਼ਵ ਦੀ ਵਿਕਾਸ ਦਰ 5 ਪ੍ਰਤੀਸ਼ਤ ਸੀ। ਲੇਖ 'ਚ 'ਖਰੀਦ ਸ਼ਕਤੀ ਸਮਾਨਤਾਂ' ਨੂੰ ਵੀ ਅੰਕੜਿਆ ਨਾਲ ਵਿਚਾਰਿਆ ਹੈ। ਗਰੀਬੀ ਦੂਰ ਕਰਨ ਲਈ ਉੱਚ ਵਿਕਾਸ ਸਵੱਛ ਪ੍ਰਸ਼ਾਸਨਿਕ ਤੰਤਰ ਨਹੀਂ ਹੋਣਾ ਚਾਹੀਦਾ ਸਗੋਂ ਬਿਲਕੁਲ ਵੱਖਰੇ ਪਰਿਪੇਖ ਵਿਚ ਦੇਖਣ ਦੀ ਲੋੜ ਹੈ।

'ਬਾਜ਼ਾਰ ਦੀ ਸਫਲਤਾ ਅਤੇ ਅਸਫਲਤਾ : ਕਿਵੇਂ, ਕਿੱਥੇ, ਕਦੋਂ? ' ਲੇਖ 'ਚ ਸਧਾਰਨ ਲੋਕਾਂ ਦੀਆਂ ਮੁੱਖ ਲੋੜਾ ਤੇ ਬਾਜ਼ਾਰ ਕਿਵੇਂ ਹਾਵੀ ਹੋ ਰਿਹਾ ਹੈ, ਪਾਣੀ ਦੇ ਨਿੱਜੀਕਰਨ ਨਾਲ ਕਿਹੜੀਆਂ ਸਮੱਸਿਆ ਆਉਂਣਗੀਆਂ ਜ਼ਰੂਰੀ ਵਸਤੂਆਂ ਨੂੰ ਬਾਜ਼ਾਰ ਕਿਵੇਂ ਆਪਣੀ ਲਪੇਟ 'ਚ ਲੈ ਰਿਹਾ ਹੈ ਇਹ ਮੁੱਦੇ ਇਸ ਵਿਚ ਪੂਰਨ ਤਰਕ ਨਾਲ ਉਭਰਦੇ ਹਨ। ਲੋਕਤੰਤਰਿਕ ਸਰਕਾਰ ਨੂੰ ਰੋਟੀ, ਮਕਾਨ, ਕੱਪੜਾ, ਸ਼ੁੱਧ ਪਾਣੀ ਤੇ ਸਿਹਤ ਆਦਿ ਦੀਆਂ ਜ਼ਰੂਰਤਾਂ ਤੁਰੰਤ ਪੂਰੀਆਂ ਕਰਨੀਆਂ ਚਾਹੀਦੀਆਂ ਹਨ। ਬਾਜ਼ਾਰ ਦੇ ਆਰਥਿਕ ਉਦਾਰੀਕਰਨ ਤੇ ਨਿੱਜੀਕਰਨ ਦਾ ਨੇਤਾ ਦਾਅਵਾ ਤਾਂ ਕਰਦੇ ਹਨ ਪਰ ਸਫ਼ਲ ਨਹੀਂ ਹੁੰਦੇ। ਜਿਹੜੀ ਸਰਕਾਰ ਦੀਆਂ ਅੱਖਾਂ ਤੇ ਕੰਨ ਕੇਵਲ ਬਾਜ਼ਾਰ ਉੱਤੇ ਲੱਗੇ ਹੋਣ, ਉਹ ਗਰੀਬਾਂ ਨੂੰ ਦੇਖਣ ਅਤੇ ਉਨ੍ਹਾਂ ਦੀ ਆਵਾਜ਼ ਸੁਣਨ ਵਿਚ ਅਸਫਲ ਹੋਵੇਗੀ।

'ਅਰਥ ਵਿਸਸਥਾ ਅਤੇ ਰਾਜ ਪ੍ਰਬੰਧ ਦਾ ਆਪਸੀ ਪ੍ਰਭਾਵ ਬਾਜ਼ਾਰ ਦੇ ਵਿਸ਼ਵੀਕਰਨ ਤੇ ਨਿੱਜੀਕਰਣ 'ਚ ਅਮੀਰੀ ਤੇ ਗਰੀਬੀ 'ਚ ਐਨਾ ਪਾੜਾ ਕਿਓ ਵੱਧ ਰਿਹਾ ਹੈ। ਇਹ ਮਸਲੇ ਗੁੰਝਲਦਾਰ ਪਹਿਲੂਆਂ ਨੂੰ ਇਸ ਅਧਿਆਏ 'ਚ ਵਿਸਥਾਰ ਨਾਲ ਵਿਚਾਰ ਕੀਤੀ ਗਈ ਹੈ।


'ਸਨਮਾਨਜਨਕ ਵਿਕਾਸ : ਨਿਰਧਾਰਤ ਮੁੱਦੇ' ਸਮਾਜਵਾਦੀ ਮੁਲਕਾਂ ਤੇ ਭਾਰਤੀ ਲੋਕਤੰਤਰ ਵਿਚ ਪਿਸ ਰਹੇ ਗਰੀਬ ਲੋਕਾਂ ਨੂੰ ਰੋਜਗਾਰ ਦੇ ਮੌਕੇ ਕਿਵੇਂ ਮਿਲਣ, ਵਿਸ਼ਵੀਕਰਨ ਅਤੇ ਉਦਾਰੀਕਰਨ ਦੇ ਯੁੱਗ ਵਿਚ ਸਮੁੱਚੀ ਘਰੇਲੂ ਪੈਦਾਵਾਰ ਵਿਚ ਉੱਚ ਵਾਧਾ, ਲਾਗਤ ਵਿਚ ਕਟੌਤੀ ਉੱਪਰ ਕਿਵੇਂ ਕੇਂਦਰਤ ਹੋਵੇ ਆਦਿ ਮੁੱਦੇ ਵਿਚਾਰੇ ਗਏ ਹਨ। 'ਇਕ ਵੱਖਰੀ ਕਿਸਮ ਦੇ ਵਿਕਾਸ ਲਈ' 'ਚ ਰੋਜ਼ਗਾਰ ਯੋਜਨਾਵਾਂ, ਆਰਥਿਕ ਨੀਤੀਆਂ ਤੇ ਚਰਚਾ ਕਰਦਿਆਂ ਘੱਟੋ-ਘੱਟ ਮਜ਼ਦੂਰੀ ਨੂੰ ਪੂਰਨ ਰੋਜ਼ਗਾਰ ਦੀ ਸਥਿਤੀ ਵਿਚ ਸਮਾਜਿਕ ਤੌਰ ਤੇ ਉਤਪਾਦਨ ਕਾਰਜ ਨਾਲ ਜੋੜ ਕੇ ਗਰੀਬਾਂ ਨੂੰ ਸੰਭਵ ਸਨਮਾਨ ਪ੍ਰਦਾਨ ਕਰੇਗਾ।

'ਜਨਤਕ ਵਿੱਤ ਦਾ 'ਸਰਕਾਰ ਇਹ ਨਹੀਂ ਕਰ ਸਕਦੀ' ਸਿੰਡਰੋਮ' 'ਚ ਕਰਜ਼ਾ ਯੋਜਨਾ, ਵਿਦੇਸ਼ੀ ਮੁਦਰਾ ਦਾ ਸੰਕਟ, ਵਰਗੇ ਮੁੱਦਿਆਂ ਨੂੰ ਕਈ ਕੋਣਾਂ ਤੋਂ ਵਿਚਾਰਿਆ ਗਿਆ ਹੈ। ਪੁਸਤਕ ਵਿਚ ਲੇਖਕ ਨੇ ਅਨੇਕਾਂ ਭਖਵੇਂ ਮੁੱਦਿਆ 'ਤੇ ਵਿਚਾਰ ਕੀਤਾ ਹੈ। ਜੋ ਸਾਨੂੰ ਸੋਚਣ ਲਈ ਮਜਬੂਰ ਕਰਦੇ ਹਨ। ਤਕਨੀਕੀ ਵਿਸ਼ੇ ਤੇ ਲਿਖੀ ਪੁਸਤਕ ਦਾ ਅਨੁਵਾਦ ਬਿੰਦਰ ਬਸਰਾ ਨੇ ਬੜੀ ਕੁਸ਼ਲਤਾ ਨਾਲ ਕੀਤਾ ਹੈ। ਚੰਗੇ ਅਨੁਵਾਦ ਲਈ ਬਿੰਦਰ ਬਸਰਾ ਤੇ ਟਰੱਸਟ ਵਧਾਈ ਦਾ ਹੱਕਦਾਰ ਹੈ।

- ਭਗਵੰਤ ਰਸੂਲਪੁਰੀ



## ਸੱਚਿਦਾਨੰਦ ( ਦਰਸ਼ਨ ਮਿਤਵਾ)




ਸੱਚਿਦਾਨੰਦ ( ਉਡਾਨ ਪਬਲੀਕੇਸ਼ਨ, ਮਾਨਸਾ) ਦਰਸ਼ਨ ਮਿਤਵਾ ਪੰਜਾਬੀ ਦਾ ਇਕ ਚਰਚਿਤ ਕਹਾਣੀਕਾਰ ਤੇ ਨਾਵਲਕਾਰ ਹੈ। ਪਰ ਕਈ ਵਾਰ ਕਿਸੇ ਕਿਸੇ ਲੇਖਕ ਦੇ ਨਾਂ ਤੋਂ ਜਾਣੂੰ ਹੋਣ ਦੇ ਬਾਵਜੂਦ ਉਸ ਦੀ ਕੋਈ ਵੀ ਰਚਨਾ ਪੜ੍ਹਨ ਦਾ ਸਬਬ ਨਹੀਂ ਬਣਦਾ। 'ਸੱਚਿਦਾਨੰਦ' ਤੋਂ ਪਹਿਲਾਂ ਮੈਨੂੰ ਦਰਸ਼ਨ ਮਿਤਵਾ ਦੀ ਕੋਈ ਵੀ ਰਚਨਾ ਪੜ੍ਹਨ ਦਾ ਮੌਕਾ ਨਹੀਂ ਮਿਲਿਆ। ਖ਼ੈਰ ਜਿਥੋਂ ਮੌਕਾ ਮਿਲੇ, ਉਥੋਂ ਹੀ ਸ਼ੁਰੂਆਤ ਸਹੀ।

'ਸੱਚਿਦਾਨੰਦ' ਇੱਕ ਵੱਖਰੀ ਕਿਸਮ ਦਾ ਨਾਵਲ ਹੈ। ਜਿਸ ਵਿੱਚ ਨਾਵਲਕਾਰ ਨੇ ਮਨੁੱਖੀ ਜੀਵਨ ਦੀ ਇਕ ਅਟਲ ਸੱਚਾਈ ਨੂੰ ਦਰਸਾਇਆ ਹੈ। ਮਨੁੱਖੀ ਸਰੰਚਨਾ ਵਿੱਚ ਹੋਰ ਭਾਵਾਂ-ਵਿਕਾਰਾਂ ਵਾਂਗ 'ਕਾਮ' ਦਾ ਹੋਣਾ ਵੀ ਅਤਿ ਜ਼ਰੂਰੀ ਹੈ। ਇਸ ਬਿਨਾਂ ਇਸਤਰੀ ਮਰਦ ਦੋਵੇਂ ਹੀ ਅਧੂਰੇ ਹਨ। ਅਸਲ ਵਿੱਚ ਇਸ ਸ੍ਰਿਸ਼ਟੀ ਅਤੇ ਮਨੁੱਖ ਦੀ ਹੋਂਦ ਦਾ ਆਧਾਰ ਹੀ ਇਹੀ 'ਕਾਮ' ਹੈ। ਇਹ ਇਕ ਅਜਿਹਾ ਭਾਵ ਹੈ, ਜਿਸ ਤੋਂ ਕੋਈ ਵੀ ਮਨੁੱਖ ਅਛੂਹਿਆ ਨਹੀਂ ਰਹਿ ਸਕਦਾ। ਪਰ ਇਹ ਇਕ ਅਜਿਹਾ ਵਿਸ਼ਾ ਹੈ, ਜਿਸ ਨੂੰ ਵੇਖਿਆ ਕਈ ਦ੍ਰਿਸ਼ਟੀਕੋਣਾਂ ਤੋਂ ਜਾ ਸਕਦਾ ਹੈ। ਇਸ ਨੂੰ ਨਿਰੋਲ 'ਸੈਕਸ' ਨਾਲ ਵੀ ਜੋੜ ਕੇ ਦੇਖਿਆ ਜਾ ਸਕਦਾ ਹੈ ਜਿਵੇਂ ਅੱਜ ਕਲ੍ਹ ਆਮ ਹੀ ਸਾਹਿਤ ਦਾ ਇਹ ਕੇਂਦਰੀ ਵਿਸ਼ਾ ਬਣਿਆ ਹੋਇਆ ਹੈ। ਦੂਜੇ ਪਾਸੇ ਦਰਸ਼ਨ ਮਿਤਵਾ ਨੇ ਇਸ ਨੂੰ ਮਨੁੱਖੀ ਜੀਵਨ ਦੀ ਸਮੁੱਚਤਾ ਨਾਲ ਜੋੜ ਕੇ ਪੇਸ਼ ਕਰਨ ਦਾ ਜਤਨ ਕੀਤਾ ਹੈ।

ਉਸ ਨੂੰ ਇਸ ਨੇ ਜੱਸੀ ਅਤੇ ਆਸ਼ਰਮਾਂ ਦੇ ਸੰਦਰਭਾ ਅਧੀਨ ਦਰਸਾਇਆ ਹੈ ਤੇ ਇਸ ਥੀਮ ਨੂੰ ਜੀਵਨ ਦਾ ਸੱਚ ਬਣਾ ਕੇ ਪੇਸ਼ ਕੀਤਾ ਹੈ। ਭਾਰਤ ਵਿੱਚ ਸਾਧੂ-ਸੰਤਾਂ ਅਤੇ ਆਸ਼ਰਮਾਂ ਦੀ ਨਾ ਪਹਿਲਾਂ ਕੋਈ ਕਮੀ ਰਹੀ ਤੇ ਨਾ ਹੁਣ ਹੈ। ਪਰ ਪ੍ਰਮਾਤਮਾ ਦੀ ਪ੍ਰਾਪਤੀ ਜਾਂ ਮੁਕਤੀ-ਪ੍ਰਾਪਤੀ ਦੇ ਆਸ਼ੇ ਨੂੰ ਇਸਤਰੀ ਤੋਂ ਪਰ੍ਹੇ ਜਾ ਕੇ ਜਾਂ ਇਸਤਰੀ ਪ੍ਰਤੀ ਦੁਰਭਾਵ ਮਨ ਵਿੱਚ ਪਾਲ ਕੇ ਜੱਸ ਸੰਨਿਆਸ ਧਾਰਣ ਕਰਨਾ ਤੇ ਪ੍ਰਮਾਤਮਾ ਵਿੱਚ ਰਮਣ ਜਾਂ ਲਿਵ ਲਾਉਣ ਦੀ ਕੋਸ਼ਿਸ਼ ਕਰਨਾ ਪਾਣੀ ਨੂੰ ਰਿੜਕਣ ਸਮਾਨ ਹੀ ਹੁੰਦਾ ਹੈ। ਕਿਉਂਕਿ ਇਸਤਰੀ ਵੀ ਉਸੇ ਪ੍ਰਮਾਤਮਾ ਦਾ ਹੀ ਅੰਸ਼ ਹੈ ਤੇ ਮਨੁੱਖੀ ਜੀਵ ਦੀ ਸਿਰਜਨਾ ਦਾ ਮੂਲ ਕੇਂਦਰ ਵੀ ਉਹੀ ਹੈ। ਇਸ ਲਈ ਸਮਝ ਨਹੀਂ ਆਉਂਦੀ ਇਹ ਮਨੀਸ਼ੀ, ਇਹ ਜੋਗੀ, ਤਪੀ ਜਦੋਂ ਇਸ ਮੂਲ ਨੁਕਤੇ ਨੂੰ ਹੀ ਨਹੀਂ ਸਮਝ ਪਾਉਂਦੇ ਉਹ ਪ੍ਰਮਾਤਮਾ ਜਿਹੇ ਵਿਸ਼ਾਲ ਰਚਣ ਹਾਰੇ ਨੂੰ ਕੀ ਸਮਝ ਪਾਉਣਗੇ। ਉਨ੍ਹਾਂ ਦੀ ਤਾਂ ਜਪ-ਤਪ ਦੀ ਪਹਿਲੀ ਪੌੜੀ ਹੀ ਗਲਤ ਹੋ ਜਾਂਦੀ ਹੈ। ਉਂਝ ਇਹ ਵਿਸ਼ਾ ਅਜਿਹਾ ਹੈ ਕਿ ਸਦੀਆਂ ਤੋਂ ਇਸ ਬਾਰੇ ਚਰਚਾ ਹੁੰਦੀ ਆਈ ਹੈ ਤੇ ਹੋਰ ਅਨੇਕਾਂ ਸਦੀਆਂ ਤਕ ਇਹ ਚਰਚਾ ਹੁੰਦੀ ਹੀ ਰਹਿਣੀ ਹੈ। ਗੱਲ ਸਿਰਫ ਮੂਲ ਨੁਕਤੇ ਨੂੰ ਸਮਝਣ ਦੀ ਹੈ। ਨਾਵਲਕਾਰ ਨੂੰ ਇਹ ਮੂਲ ਨੁਕਤਾ ਸਮਝ ਵਿੱਚ ਆ ਗਿਆ ਤੇ ਉਸਨੇ ਬੜੀ ਸਾਦਗੀ ਤੇ ਸੁੰਦਰ ਘਟਨਾ ਰਾਹੀਂ ਇਸ ਨੂੰ ਢਾਲ ਕੇ ਪੇਸ਼ ਕਰਨ ਦਾ ਉਪਰਾਲਾ ਕੀਤਾ।

ਮੈਨੂੰ ਇਹ ਨਾਵਲ ਕਾਫੀ ਪਸੰਦ ਆਇਆ ਕਿਉਂਕਿ ਨਾਵਲਕਾਰ ਨੇ ਬਹੁਤੀਆਂ ਤੇ ਗੂੜ੍ਹ ਭਰੀਆਂ ਖੋਖਲੀਆਂ ਗੱਲਾਂ ਕਰਨ ਦੀ ਬਜਾਏ ਆਪਣੇ ਮੂਲ ਆਸ਼ੇ ਨੂੰ ਇਧਰ-ਉਧਰ ਭਟਕਣ ਨਹੀਂ ਦਿੱਤਾ। ਸਰਲ ਸ਼ਬਦਾਂ ਰਾਹੀਂ ਇਹ ਬਹੁਤ ਵੱਡੀ ਸੱਚਾਈ ਦੱਸਣ ਦੀ ਕੋਸ਼ਿਸ਼ ਕੀਤੀ। ਮੇਰੂ ਵਲੋਂ ਸੱਚਿਦਾਨੰਦ ਦਾ ਸੱਚ ਜਾਨਣ ਮਗਰੋਂ ਜਿਹੜੀਆਂ ਲਾਹਨਤਾਂ ਪਾਈਆਂ ਗਈਆਂ ਉਹ ਨਾਵਲ ਦਾ ਥੀਮ ਤੇ ਕੇਂਦਰੀ ਨੁਕਤਾ ਹੈ।

ਸਮਾਜ ਨੂੰ ਅਜਿਹੇ ਸੱਚਿਦਾਨੰਦਾਂ ਦੀ ਕੋਈ ਲੋੜ ਨਹੀਂ ਜੋ ਅਧੂਰੇ ਜਿਸਮਾਂ ਤੇ ਬਿਮਾਰ ਸੋਚਾਂ ਨਾਲ ਭਰੇ ਹੋਣ ਇਸ ਨਾਲੋਂ ਹੀ ਸਾਧਾਰਣ ਜੀਵਨ ਸਾਦਗੀ ਨਾਲ ਜੀਉਣ ਵਾਲੇ ਮਿਹਨਤੀ ਲੋਕ ਪ੍ਰਮਾਤਮਾ ਦੇ ਆਸ਼ੇ ਨੂੰ ਜਲਦੀ ਸਮਝ ਵੀ ਲੈਂਦੇ ਹਨ ਤੇ ਪ੍ਰਾਪਤ ਵੀ ਕਰ ਲੈਂਦੇ ਹਨ।

## ਅਚਾਨਕ ਸਾਹਮਣੇ (ਬਲਬੀਰ ਪਰਵਾਨਾ)




ਅਚਾਨਕ ਸਾਹਮਣੇ ( ਲੋਕ ਗੀਤ ਪਕਾਸ਼ਨ, ਚੰਡੀਗੜ੍ਹ) ਬਲਬੀਰ ਪਰਵਾਨਾ ਦਾ ਨਵਾਂ ਕਹਾਣੀ ਸੰਗ੍ਰਹਿ ਹੈ।

ਪਰਵਾਨਾ ਦੀਆਂ ਕਹਾਣੀਆਂ ਦੇ ਵਿਸ਼ੇ ਰਲਵੇਂ-ਮਿਲਵੇਂ ਜਿਹੇ ਹਨ, ਜਿਨ੍ਹਾਂ 'ਚ ਪਤੀ-ਪਤਨੀ ਦੇ ਰਿਸ਼ਤੇ ਨਾਲ ਸੰਬੰਧਿਤ ਕਹਾਣੀਆਂ ਵੀ ਹਨ, ਪਿੰਡ ਦਾ ਉਦਰੇਵਾਂ ਵੀ ਹੈ ਤੇ ਬਦਲਦੇ ਸਮਾਜ ਵਿੱਚ ਬਦਲਦੀ ਜਾਂਦੀ ਔਰਤ ਦੀ ਸੋਚ ਅਤੇ ਤੋਰ ਵੀ ਸਾਮਲ ਹੈ।


ਆਪਣੇ ਪੈਰਾਂ ਉਤੇ ਖੜੀ ਸਵੈ-ਨਿਰਭਰ ਹੁੰਦੀ ਔਰਤ ਵਿੱਚ .ਗਜਬ ਦਾ ਆਤਮਵਿਸ਼ਵਾਸ ਆਉਂਦਾ ਜਾ ਰਿਹਾ ਹੈ। ਆਪਣੇ ਫੈਸਲੇ ਆਪ ਕਰਨ ਦੀ ਖੁਦ ਮੁਖ਼ਤਿਆਰੀ ਆਉਂਦੀ  ਜਾ ਰਹੀ ਹੈ, ਭਾਵੇਂ ਉਹ ਲੈਸਬੀਆਨ ਸੰਬੰਧਾਂ ਦੀ ਆਪਣੀ ਸਾਥਣ ਬਾਰੇ .ਫੈਸਲਾ ਹੋਵੇ ਤੇ ਭਾਵੇਂ ਵਿਆਹ ਬਿਨਾਂ ਆਪਣੀ ਪਸੰਦ ਦੇ ਮੁੰਡੇ ਨਾਲ ਜਦੋਂ ਜਦ ਨਿਭ ਜਾਏ ਦੀ ਹਾਲਤ ਵਿਚ ਰਹਿਣ ਦਾ ਨਿਸ਼ਚਾ ਹੋਵੇ, ਔਰਤ ਆਪਣੇ ਫੈਸਲੇ ਉਤੇ ਅਡਿੱਗ ਰਹਿਣਾ ਸਿੱਖਣ ਲੱਗ ਪਈ ਹੈ। ਇਹ ਦੋਵੇਂ ਕਹਾਣੀਆਂ ਹਨ 'ਆਪਣੇ-ਆਪਣੇ ਜਜ਼ੀਰੇ' ਤੇ 'ਪਿਤਾ' । 'ਆਪਣੇ ਆਪਣੇ ਜਜ਼ੀਰੇ ਵਾਲੀ ਪਾਤਰ ਆਪਣੇ ਪਤੀ ਨੂੰ ਛੱਡ ਕੇ ਆਪਣੀ ਹਮ ਸਾਥਣ ਨਾਲ ਰਹਿਣ ਨੂੰ ਤਰਜੀਹ ਦੇਂਦੀ ਹੈ ਤੇ 'ਪਿਤਾ' ਵਿਚਲੀ ਧੀ ਆਪਣੇ ਮਨਪਸੰਦ ਦੇ ਮੁੰਡੇ ਨਾਲ। ਹਾਲਾਂਕਿ ਪਿਤਾ ਆਪਣੇ ਹਿਸਾਬ ਨਾਲ ਅਗਾਂਹ ਵਧੂ ਵਿਚਾਰਾਂ ਵਾਲਾ ਸੀ ਤੇ ਉਸ ਦੀ ਧੀ ਆਪਣੇ ਸਮੇਂ ਕਾਰਣ ਸ਼ਾਇਦ ਉਸ ਤੋਂ ਵੀ ਵੱਧ ਅਗਾਂਹ-ਵਧੂ ਸੋਚ ਦੀ ਨਿਕਲੀ। ਪਿਤਾ ਦਾ ਟਕਰਾਓ ਆਪਣੇ ਮਾਪਿਆਂ ਨਾਲ ਰਿਹਾ ਸੀ ਤੇ ਉਹ ਉਸ ਦੀ ਧੀ ਉਸ ਨਾਲ ਟਕਰਾ ਪਈ ਸੀ। 'ਨਵੇਂ ਆਕਾਸ਼' ਵਿੱਚ ਨੌਕਰੀ ਕਰਦੇ ਦੋਵੇਂ ਮੀਆਂ-ਬੀਵੀ ਆਪਣੇ ਘਰਦਿਆਂ ਨਾਲ ਇਸ ਕਰਕੇ ਵੀ ਨਾਰਾਜ਼ਗੀ ਮੁੱਲ ਲੈ ਲੈਂਦੇ ਹਨ ਤਾਂ ਕਿ ਉਹ ਆਪਣੀ ਇਕੋ-ਇਕ ਧੀ ਨੂੰ ਚੰਗੀ ਸਿੱਖਿਆ ਦੇ ਸਕਣ ਭਾਵ ਹੁਣ ਧੀਆਂ ਦੀ ਪੜ੍ਹਾਈ-ਲਿਖਾਈ ਵੱਡੇ ਖਰਚੇ ਮੰਗਦੀ ਹੈ ਤੇ ਮਾਪੇ ਇਹ ਖਰਚੇ ਹਰ ਹਾਲਤ ਵਿੱਚ ਸਹੇੜਨ ਲਈ ਤਿਆਰ ਹਨ। ਇਹੋ ਜਿਹੇ ਮਾਪਿਆਂ ਨੂੰ ਸ਼ਾਬਾਸ। 'ਘਰ' ਵਿਚਲੀ ਨਾਇਕਾ ਮਾਪਿਆਂ ਦੀ ਹਰ ਵੇਲੇ ਦੀ ਲੜਾਈ ਸਦਕਾ ਆਪਣੇ ਨੌਕਰੀ ਦੇ ਹੋਸਟਲ ਦੇ ਕਮਰੇ ਨੂੰ ਹੀ ਆਪਣਾ ਘਰ ਸਮਝਣਾ ਚਾਹੁੰਦੀ ਹੈ ਤੇ ਇਕੱਲੀ ਰਹਿਣਾ ਵਧੇਰੇ ਪਸੰਦ ਕਰਦੀ ਹੈ।

'ਹਵਾ ਦਾ ਆਪਣਾ ਫੈਸਲਾ' ਵਿਚਲੀ ਨਾਇਕਾ ਵੀ ਪੇਕਿਆਂ ਦੀ ਆਰਥਿਕਤਾ ਨੂੰ ਸੁਧਾਰਣ ਤੇ ਸੰਭਾਲਣ ਖਾਤਿਰ ਕਈ ਜਾਇਜ਼-ਨਾਜ਼ਾਇਜ਼ ਤੇ ਝੂਠ-ਸੱਚ ਨੂੰ ਸੰਭਾਲਦੀ ਹੈ।

ਖੁਦਮੁਖ਼ਤਿਆਰ ਕੁੜੀਆਂ, ਇਸਤਰੀਆਂ ਤੋਂ ਇਲਾਵਾ ਪਤੀ-ਪਤਨੀ ਅਤੇ ਇਸਤਰੀ ਮਰਦ ਵਿਚਲੇ ਸੈਕਸ ਸੰਬੰਧਾਂ ਉੱਤੇ ਕਹਾਣੀਕਾਰ ਕੁਝ ਕਹਾਣੀਆਂ ਦੀ ਰਚਨਾ ਕਰਦਾ ਹੈ, ਜਿਨ੍ਹਾਂ ਵਿਚੋਂ 'ਅਚਾਨਕ ਸਾਹਮਣੇ', 'ਕਿਤੇ ਕੋਈ', ਮੇਰੇ ਹਿੱਸੇ ਦੀ ਜ਼ਿੰਦਗੀ', 'ਤਰਸੇਵਾਂ', 'ਆਪਣੇ-ਆਪਣੇ ਜਜ਼ੀਰੇ' ਆਦਿ ਹਨ। ਜਿਸਮਾਨੀ ਸੰਬੰਧਾਂ ਵਿੱਚ ਆਉਂਦੇ ਠੰਡੇਪਨ ਦੇ ਕਈ ਕਾਰਣ ਇਨ੍ਹਾਂ ਵਿੱਚ ਦਰਸਾਏ ਗਏ ਹਨ। ਕਿਧਰੇ ਬਹੁਤਾ ਉਲਾਰ ਹੋਣਾ ਤੇ ਕਿਧਰੇ ਉਲਾਰਤਾ ਨੂੰ ਮਾੜਾ ਸਮਝਣਾ ਦੋਵੇਂ ਹੀ ਕਾਰਣ ਸੈਕਸ ਲਈ ਅਕੇਵਾਂ ਤੇ ਤਰਸੇਵਾਂ ਸਾਬਿਤ ਹੁੰਦੇ ਹਨ। ਪਰ ਕਈ ਵਾਰ ਪਾਤਰਾਂ ਦੀ ਮਨਬਚਨੀ ਵਿੱਚ ਸੈਕਸ ਲਈ ਤਰਸੇਵਾਂ ਅਜਿਹਾ ਕੇਂਦਰ-ਬਿੰਦੂ ਬਣ ਜਾਂਦਾ ਹੈ ਕਿ ਉਨ੍ਹਾਂ ਨੂੰ ਹਰ ਵੇਲੇ ਇਸ ਬਗੈਰ ਹੋਰ ਕੁਝ ਸੁੱਝਦਾ ਨਹੀਂ ਤੇ ਕਈ ਥਾਵਾਂ ਤੇ ਇਹ ਲਫਜ਼ਾਂ ਦੀ ਹੱਦਾਂ ਨੂੰ ਵੀ ਪਾਰ ਕਰਦਾ ਪ੍ਰਤੀਤ ਹੁੰਦਾ ਹੈ। ਠੀਕ ਹੈ ਇਹ ਵਿਸ਼ਾ ਸਾਹਿਤ ਦਾ ਹੀ ਨਹੀਂ ਸ਼੍ਰਿਸਟੀ ਦਾ ਵੀ ਧੁਰਾ ਹੈ, ਪਰ ਗੱਲ ਬੇਪਰਦੇ ਨਾਲੋਂ ਪਰਦੇ ਦਾਰੀ ਰਾਹੀਂ ਵਧੇਰੇ ਪ੍ਰਭਾਵ ਕਾਰੀ ਸਿੱਧ ਹੁੰਦੀ ਹੈ।



## ਦਹਿਸ਼ਤ-1947 (ਬਰਜਿੰਦਰ ਕੌਰ ਢਿੱਲੋਂ)




ਦਹਿਸ਼ਤ-1947 (ਚੇਤਨਾ ਪ੍ਰਕਾਸ਼ਨ, ਲੁਧਿਆਣਾ) ਬਰਜਿੰਦਰ ਕੌਰ ਢਿੱਲੋਂ ਦਾ ਮਨੁੱਖੀ ਪੀੜਾ ਦੀ ਬਾਤ ਪਾਉਂਦੀ ਕਿਤਾਬ ਹੈ। ਦਹਿਸ਼ਤ...ਦਹਿਸ਼ਤ...ਦਹਿਸ਼ਤ ਇਹ ਲ.ਫਜ਼ ਕਿੰਨਾ ਖੌ.ਫਨਾਕ ਹੈ ਕਿ ਇਸ ਨੂੰ ਪੜ੍ਹਦੇ-ਸੁਣਦੇ ਹੀ ਲੂ-ਕੰਢੇ ਖੜੇ ਹੋ ਜਾਂਦੇ ਹਨ। ਦਹਿਸ਼ਤ ਦੇ ਰੂ-ਬ-ਰੂ ਹੋਣਾ ਸਿਰਫ ਭਾਰਤ ਵਾਸੀਆਂ ਦੇ ਹਿੱਸੇ ਹੀ ਨਹੀਂ ਆਇਆ, ਦੁਨੀਆਂ ਦਾ ਕੋਈ ਵੀ ਮੁਲਕ ਇਸ ਤੋਂ ਨਿਜ਼ਾਤ ਨਹੀਂ ਪਾ ਸਕਿਆ। ਇਕਵੀਂ ਸਦੀ ਵਿੱਚ ਪਹੁੰਚ ਕੇ ਵੀ ਇਕ ਪਾਸੇ ਇਹ ਦੁਨੀਆਂ ਵਿਗਿਆਨ ਅਤੇ ਤਕਨੀਕ ਦੇ ਖੇਤਰ ਵਿੱਚ ਨਵੀਆਂ ਤੋਂ ਨਵੀਆਂ ਬੁਲੰਦੀਆਂ ਛੂੰਹਦੀ ਜਾ ਰਹੀ ਹੈ, ਦੂਜੇ ਪਾਸੇ ਤਗੜੇ ਵਲੋਂ ਕਮਜੋਰ ਮੁਲਕਾਂ ਨੂੰ ਹੜੱਪਣ ਦੀ ਮੁਹਿੰਮ ਇਸ ਨੂੰ ਦਹਿਸ਼ਤ-ਗਰਦੀ ਦੇ ਹਨੇਰੇ ਵੱਲ ਧਕੇਲਦੀ ਜਾ ਰਹੀ ਹੈ, ਜੋ ਅੱਜ ਦੇ ਸਮੇਂ ਦਾ ਨਾ ਸਿਰ.ਫ ਸਭ ਤੋਂ ਵੱਡਾ ਸੱਚ ਹੈ ਸਗੋਂ ਹੋਣੀ ਵੀ ਹੈ।

ਪਰ ਇਕ ਗੱਲ ਦਾਅਵੇ ਨਾਲ ਕਹੀ ਜਾ ਸਕਦੀ ਹੈ ਕਿ ਦਹਿਸ਼ਤ ਬਾਰੇ ਪੜ੍ਹਣਾ ਸੁਣਨਾ ਅਤੇ ਉਸ ਨੂੰ ਆਪਣੇ ਹੱਢੀ ਹੰਢਾਉਣਾ ਦੋਵੇਂ ਵੱਖਰੀਆਂ ਵੱਖਰੀਆਂ ਗੱਲਾਂ ਹੈ। ਦੋਵਾਂ ਦਾ ਜ਼ਮੀਨ-ਅਸਮਾਨ ਜਿੱਡਾ ਫਰਕ ਹੁੰਦਾ ਹੈ। ਬਰਜਿੰਦਰ ਕੌਰ ਢਿੱਲੋਂ ਨੇ 1947 ਦੀ ਵੰਡ ਦੀ ਤ੍ਰਾਸਦੀ ਨੂੰ ਭੋਗਿਆ।


ਇਹ ਪੁਸਤਕ ਜੀਵਨ ਦੇ ਇਕ ਖਾਸ ਹਿੱਸੇ ਨੂੰ ਦਰਸਾਉਂਦੀਆਂ ਹੈ, ਜਦੋਂ 1947 ਦੇ ਵੇਲੇ ਲੇਖਿਕਾ ਦਾ ਪਰਿਵਾਰ ਚਾਹੁੰਦੇ ਨਾ ਚਾਹੁੰਦੇ ਵੀ ਦੰਗਾਈਆਂ ਵਿੱਚ ਘਿਰ ਗਿਆ ਤੇ ਫਿਰ ਦੀਵਾਲੀ ਕੋਲ ਹਿੰਦੂਸਤਾਨ ਵਿੱਚ ਅੰਮ੍ਰਿਤਸਰ ਅੱਪੜ ਸਕਿਆ। ਐਨਾ ਲੰਮਾਂ ਸਮਾਂ ਉਸ ਦਸ ਗਿਆਰਾਂ ਸਾਲਾਂ ਦੀ ਬੱਚੀ (ਲੇਖਿਕਾ) ਨੇ ਆਪਣੀ ਮਾਂ ਤੇ ਭੈਣ ਭਰਾਵਾਂ ਨਾਲ ਕਿਵੇਂ ਬਿਤਾਇਆ ਤੇ ਕਦਮ-ਕਦਮ ਉਤੇ ਆਈਆਂ ਮੁਸੀਬਤਾਂ ਤੇ ਸੰਕਟਾਂ ਵਿਚੋਂ ਨਿਕਲ ਕੇ ਹਿੰਦੂਸਤਾਨ ਪਹੁੰਚਣਾ ਜਦੋਂ ਮੌਤ ਹਰ ਥਾਂ ਹੀ ਘਾਤ ਲਗਾ ਕੇ ਬੈਠੀ ਹੋਵੇ ਆਪਣੇ ਆਪ ਵਿੱਚ ਹੀ ਇਕ ਹਾਦਸਾ ਜਾਪਦਾ ਹੈ। ਲੇਖਿਕਾ ਦੀ ਮਾਤਾ ਜਸਵੰਤ ਕੌਰ ਸਚਮੁੱਚ ਇਕ ਦਲੇਰ ਇਸਤਰੀ ਦੇ ਰੂਪ ਵਿੱਚ ਸਾਹਮਣੇ ਆਉਂਦੀ ਹੈ। ਅਸਲ ਵਿੱਚ ਸੰਕਟ ਵੇਲੇ ਹਿੰਮਤ ਨਾ ਹਾਰਨਾ ਤੇ ਅਜਿਹੇ ਭਿਆਨਕ ਮਾਹੌਲ ਵਿੱਚ ਵੀ ਹਰ ਕਦਮ ਫੂਕ-ਫੂਕ ਕੇ ਰੱਖਣਾ ਇਸ ਗੱਲ ਦੀ ਸ਼ਾਹਦੀ ਭਰਦੇ ਹਨ ਕਿ ਇਸਤਰੀ ਹੋਵੇ ਜਾਂ ਮਰਦ ਜੇ ਉਹ ਆਪਣਾ ਮਾਨਸਿਕ ਤਵਾਜਨ ਬਣਾ ਕੇ ਰੱਖੇ ਤੇ ਹਾਲਾਤਾਂ ਅੱਗੇ ਢਹਿ-ਢੇਰੀ ਹੋਣ ਦੀ ਬਜਾਏ ਡੱਟ ਕੇ ਉਸ ਦਾ ਮੁਕਾਬਲਾ ਕਰਨ ਲਈ ਖੜੇ ਹੋ ਜਾਣ ਤਾਂ ਕੋਈ ਵੀ ਉਨ੍ਹਾਂ ਨੂੰ ਉਸ ਦੇ ਨਿਸ਼ਚੇ ਤੋਂ ਡਿੱਗਾ ਨਹੀਂ ਸਕਦਾ। ਭਾਰਤ ਵਿੱਚ ਅਜਿਹੀਆਂ ਦਲੇਰ ਇਸਤਰੀਆਂ ਦੀ ਕਮੀ ਨਹੀਂ।

ਜੀਵਨ-ਅੰਸ਼ ਵਿੱਚ ਬ੍ਰਿਤਾਂਤਕ, ਵਰਣਨਾਤਮਕ ਤੇ ਸੰਵਾਦ ਸ਼ੈਲੀ ਤਿੰਨਾਂ ਦੀ ਵਰਤੋਂ ਕੀਤੀ ਗਈ ਹੈ। ਪੂਰੀ ਯੋਜਨਾ ਬਣਾ ਕੇ ਬੇਬਸ ਤੇ ਹਾਲਾਤਾਂ ਦੇ ਮਾਰੇ ਲੋਕਾਂ ਨੂੰ ਮਲਿਆਮੇਟ ਕਰਨਾ ਰਾਜਨੀਤੀ ਦੀ ਕਰੂਰਤਾ ਦਰਸਾਉਂਦਾ ਹੈ। ਪਰ ਪੁਸਤਕ ਵਿੱਚ ਆਇਆ ਇਕ ਵਾਕ, 'ਵੇਖੋ ਰੰਗ ਕਰਤਾਰ ਦੇ। ਅੱਜ ਮਾਰਨ ਵਾਲਾ ਵੀ ਮੁਸਲਮਾਨ ਹੈ ਤੇ ਬਚਾਉਣ ਵਾਲਾ ਵੀ ਮੁਸਲਮਾਨ।' ਇਸ ਦਹਿਸ਼ਤਗਰਦੀ ਦੀ ਸਾਰੀ ਕਹਾਣੀ ਨੂੰ ਆਪੇ ਵਿੱਚ ਸਮੇਟ ਲੈਂਦਾ ਹੈ। ਕਿੰਨਾ ਸੱਚ ਹੈ ਇਸ ਵਾਕ ਵਿੱਚ ਆਖਿਰ ਵੰਡ ਮਗਰੋਂ ਵੀ ਦੋ ਮਹੀਨਿਆਂ ਤਕ ਲੇਖਿਕਾ ਦਾ ਪਰਿਵਾਰ ਚੰਗੇ ਤੇ ਮਾੜੇ ਲੋਕਾਂ ਵਿਚਕਾਰ ਲੁਕਣਮੀਟੀ ਵਾਂਗ ਫਸਦਾ ਤੇ ਬੱਚਦਾ ਰਿਹਾ।

ਲੇਖਿਕਾ ਦਾ ਯੋਗਦਾਨ ਇਹ ਹੈ ਕਿ ਉਸ ਨੇ ਸੱਠ ਸਾਲਾਂ ਤਕ ਵੀ ਇਸ ਨੂੰ ਯਾਦ ਰੱਖ ਕੇ ਲੇਖਣੀ ਦਾ ਰੂਪ ਦਿੱਤਾ ਪਰ ਅਸਲ ਵਿੱਚ ਇਹ ਚੰਗੇ ਬੰਦਿਆਂ ਪ੍ਰਤੀ ਸ਼ਰਧਾਜਲੀ ਤੇ ਮਾੜਿਆ ਪ੍ਰਤੀ ਰੋਸ ਦਾ ਪ੍ਰਗਟਾਵਾ ਵੀ ਕਹੀ ਜਾ ਸਕਦੀ ਹੈ।


- ਡਾ. ਜਸਵਿੰਦਰ ਕੌਰ ਬਿੰਦਰਾ

## ਮਰਦ ਬੱਚੀ (ਸੀ. ਆਰ. ਮੌਦਗਿਲ)




ਮਰਦ ਬੱਚੀ (ਚੇਤਨਾ ਪ੍ਰਕਾਸ਼ਨ ਲੁਧਿਆਣਾ) ਵਲੋਂ ਪ੍ਰਕਾਸ਼ਤ ਕਹਾਣੀਆਂ ਦੀ ਨਵੀਂ ਪੁਸਤਕ ਹੈ। ਮੌਦਗਿਲ ਪੰਜਾਬੀ ਕਹਾਣੀ ਦੇ ਖੇਤਰ ਵਿਚ ਕਾਫੀ ਲੰਮੇ ਸਮੇਂ ਤੋਂ ਸਰਗਰਮ ਹੈ। ਜਿਸ ਦੀ ਕਹਾਣੀ ਮੁੱਖ ਰੂਪ ਵਿਚ ਲੋਕ-ਸੰਵੇਦਨਾ, ਲੋਕ-ਕਥਾ, ਲੋਕ ਕਾਵਿ ਮੁਹਾਵਰੇ ਨਾਲ ਜੁੜੀ ਹੋਈ ਹੈ। ਚੁਸਤ ਵਾਰਤਾਲਾਪ ਅਤੇ ਕਥਾ ਰਸ ਦੀ ਭਰਪੂਰਤਾ ਉਸ ਦੀ ਕਹਾਣੀ ਦਾ ਪ੍ਰਮੁੱਖ ਲੱਛਣ ਹੈ। ਸਾਡੇ ਸਮਾਜ ਵਿਚ ਜਨ-ਸਧਾਰਨ ਕਿਵੇਂ ਪਿਸ ਰਿਹਾ ਹੈ ਇਸ ਨੂੰ ਉਸ ਨੇ ਸਿੱਦਤ ਨਾਲ ਮਹਿਸੂਸ ਕੀਤਾ ਹੈ। ਪੁਸਤਕ ਦੀ ਟਾਇਟਲ ਕਹਾਣੀ 'ਮਰਦ ਬੱਚੀ' ਪੰਜਾਬ ਦੇ ਕਾਲੇ ਦਿਨਾਂ ਦੇ ਇਰਦ ਗਿਰਦ ਘੁੰਮਦੀ ਹੈ। ਕਹਾਣੀ 'ਚ ਪ੍ਰਚੱਲਤ ਕਥਾ ਰੂੜੀ ਕਿ 'ਜੋ ਅੱਤਵਾਦੀਆਂ ਨੂੰ ਲਲਕਾਰਦਾ ਹੈ ਮਾਰਿਆ ਜਾਂਦਾ' ਲੇਖਕ ਵਰਤਦਾ ਹੈ ਪਰ ਨਾਲ ਉਸ ਨੇ ਰਾਣੋ ਨਾਂ ਦੇ ਪਾਤਰ ਨੂੰ ਉਭਾਰਿਆ ਹੈ ਜੋ ਆਪਣੇ ਪਿਤਾ ਦਾ ਬਦਲਾ ਅੱਤਵਾਦੀਆਂ ਨੂੰ ਮਾਰਕੇ ਲੈਂਦੀ ਹੈ। 'ਕੁੰਢੀਆਂ ਮੁੱਛਾਂ' ਕਹਾਣੀ ਵਿਚ ਵੀ ਉਸ ਨੇ 'ਜੁਗਤ' ਦੀ ਮਿੱਥ ਨੂੰ ਕਹਾਣੀ ਦੇ ਮੁੱਖ ਪਾਤਰ ਨਾਲ ਤੋਰ ਕੇ ਫਫੇਕੁੱਟਣੀ ਮਾਂ ਤੇ ਥਾਣੇਦਾਰ ਨੂੰ ਮਾਰ ਦਿੰਦਾ ਹੈ। 'ਗਧੇ ਲੱਦ' ਕਹਾਣੀ ਸਾਡੇ ਵਿਦਿਅਕ ਪ੍ਰਬੰਧ ਤੇ ਟਕੋਰ ਕਰਦੀ ਹੈ। 'ਘਰ ਘਰ ਇਹੋ ਅੱਗ' ਕਹਾਣੀ ਵਿਚ ਨੌਕਰੀਆਂ ਕਰਦੇ ਮਨੁੱਖ ਦੇ ਦੰਭ ਨੂੰ ਨੰਗਾ ਕਰਨ ਲਈ ਲੇਖਕ ਨੇ ਕਲੱਬ ਦੇ ਤਿੰਨ ਨੌਕਰ ਸੂਤਰਧਾਰਾਂ ਨੂੰ ਲਿਆ ਹੈ। 'ਜੂਠਣ' ਕਹਾਣੀ ਗਰੀਬੀ ਵਿਚ ਪੜ੍ਹਿਆ ਮੇਜਰ ਦੀ ਕਹਾਣੀ ਹੈ ਜਿਹੜਾ ਅਤਿ ਦੀ ਗਰੀਬੀ ਵਿਚ ਪੜ੍ਹ ਕੇ ਉੱਚ ਅਹੁਦੇ 'ਤੇ ਪਹੁੰਚਦਾ ਹੈ। ਇੰਝ ਪੁਸਤਕ 'ਚ ਪੱਲੇ ਨੀ ਪਈ, ਬਾਲ-ਗੋਪਾਲ, ਆਖਰੀ ਇਲਾਜ ਕਹਾਣੀਆਂ ਨੂੰ ਸੇਧ ਭਰਪੂਰ ਤੇ ਪਾਠਕ ਨੂੰ ਬੰਨੀ ਰੱਖਣ ਦੀ ਜੁਗਤ ਰੱਖਦੀਆਂ ਹਨ। ਮੌਦਗਿੱਲ ਸਮਾਜ ਦੇ ਗੰਭੀਰ ਮਸਲਿਆ ਨੂੰ ਆਪਣੀਆਂ ਕਹਾਣੀਆਂ ਦਾ ਵਿਸ਼ਾ ਬਣਾਉਂਦਾ ਹੈ।

## ਬਲਦੀ ਬਰਫ਼ ਦਾ ਸੇਕ (ਖ਼ਾਲਿਦ ਹੁਸੈਨ)




ਬਲਦੀ ਬਰਫ਼ ਦਾ ਸੇਕ (ਚੇਤਨਾ ਪ੍ਰਕਾਸ਼ਨ, ਲੁਧਿਆਣਾ) ਜੰਮੂ ਕਸ਼ਮੀਰ ਖਿੱਤੇ ਨਾਲ ਜੁੜੇ ਪ੍ਰਤੀਨਿੱਧ ਕਹਾਣੀਕਾਰ ਖ਼ਾਲਿਦ ਹੁਸੈਨ ਦਾ 28 ਕਹਾਣੀਆਂ ਵਾਲਾ ਪ੍ਰਤੀਨਿੱਧ ਕਹਾਣੀ ਸੰਗ੍ਰਹਿ ਹੈ। ਸੰਤਾਲੀ ਦੀ ਵੰਡ ਵੇਲੇ ਮਨੁੱਖ ਨੂੰ ਆਈਆਂ ਮੁਸੀਬਤਾਂ, ਤੰਗੀਆਂ, ਕਾਮ-ਸੰਬੰਧ, ਤੇ ਮਨੁੱਖ ਦੀ ਜੀਉਣ ਦੀ ਲਾਲਸਾ ਉਸ ਦੀਆਂ ਕਹਾਣੀਆਂ ਦੇ ਵਿਸ਼ੇ ਹਨ। ਉਹ ਅਜਿਹੇ ਪਾਤਰ ਲੈਂਦਾ ਹੈ ਜੋ ਭਰਪੂਰ ਜ਼ਿੰਦਗੀ ਜੀਉਣ ਲਈ ਤੜਫਦੇ ਹਨ। ਮੁਸਲਿਮ ਕਲਚਰ ਦਾ ਰੰਗ ਉਸਦੀਆਂ ਕਹਾਣੀਆਂ ਦੀ ਜਿੰਦ-ਜਾਨ ਹੈ। 'ਬਲਦੀ ਬਰਫ਼ ਦਾ ਸੇਕ' ਵਿਚ ਲੇਖਕ ਨੇ ਬੜੀ ਕੁਸ਼ਲਤਾ ਨਾਲ ਲੋਕ ਕਹਾਣੀ ਨੂੰ ਕਹਾਣੀ ਵਿਚ ਪ੍ਰਗਟ ਕੀਤਾ ਹੈ। ਇਹ ਬਹੁ ਅਰਥੀ ਕਹਾਣੀ ਹੈ। ਇਸ ਤੋਂ ਇਲਾਵਾ 'ਹਲਾਲਾ', 'ਕਵਾਰ ਗੰਦਲ', 'ਡੂੰਘੇ ਪਾਣੀਆਂ ਦਾ ਦੁੱਖ, ਉਡੀਕ ਦਾ ਕੈਦੀ ਉਸ ਦੀਆਂ ਬਹੁ ਅਰਥੀ, ਧੁੰਨੀਆਂ ਸਿਰਜਦੀਆਂ ਕਹਾਣੀਆਂ ਹਨ। ਉਹ ਪਾਤਰਾਂ ਦੇ ਮਨੋਵਿਗਿਆਨ ਨੂੰ ਬੜੀ ਕੁਸ਼ਲਤਾ ਨਾਲ ਪੇਸ਼ ਕਰਦਾ ਹੈ ਉਹ ਨਿੱਕੀਆਂ-ਨਿੱਕੀਆਂ ਘਟਨਾਵਾਂ ਨੂੰ ਮੁੱਖ ਘਟਨਾ ਨਾਲ ਜੋੜਦਾ ਹੋਇਆ ਪਾਠਕ ਨੂੰ ਆਪਣੇ ਨਾਲ ਵਹਾ ਕੇ ਲੈ ਜਾਂਦਾ ਹੈ।



ਉਹ ਐਨੇ ਬਹੁ ਅਰਥੀ ਦ੍ਰਿਸ਼ ਸਿਰਜ ਲੈਂਦਾ ਹੈ ਕਿ ਪਾਠਕ ਦੀ ਮਨੋਦਿਸ਼ਾ ਦੀ ਝਲਕ ਸਹਿਜੇ ਹੀ ਮਿਲ ਜਾਂਦੀ ਹੈ। 'ਇਸਤਿਹਾਰਾਂ ਵਾਲੀ ਹਵੇਲੀ', ਕੰਧਾਂ ਵਿਚ ਵਾਸ਼ਨਾ, ਉਡਾਰੂ ਸੱਪ ਦਾ ਡੰਗ, ਠੰਡੀ ਕਾਂਗੜੀ ਉਸ ਦੀਆਂ ਹੋਰ ਚੰਗੀਆਂ ਕਹਾਣੀਆਂ ਹਨ। ਉਸ ਦੀਆਂ ਕਹਾਣੀਆਂ ਵਿਚ ਜੰਮੂ ਕਸ਼ਮੀਰ ਦਾ ਸਮਾਜ ਪੂਰੀ ਸਮੁੱਚਤਾ ਵਿਚ ਪੇਸ਼ ਹੋਇਆ ਹੈ। ਕਹਾਣੀਆਂ ਦੀ ਇਹ ਪ੍ਰਤੀਨਿਧ ਪੁਸਤਕ ਹੈ। ਜਿਹੜੀ ਹਰ ਸਾਹਿਤਕਾਰ ਨੂੰ ਜ਼ਰੂਰੀ ਪੜ੍ਹਨੀ ਚਾਹੀਦੀ ਹੈ।

- ਸਰੋਜ

## ਹੈਲੋ ਇੰਡੀਅਨ (ਸੁਰਿੰਦਰ ਸਿੰਘ ਰਾਏ)




'ਹੈਲੋ ਇੰਡੀਅਨ' (ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ) ਵੱਲੋਂ ਪ੍ਰਕਾਸ਼ਤ ਆਸਟ੍ਰੇਲੀਆ ਵਿਚ ਪ੍ਰਵਾਸ ਕਰ ਚੁੱਕੇ ਸੁਰਿੰਦਰ ਸਿੰਘ ਰਾਏ ਦਾ ਪ੍ਰਥਮ ਕਹਾਣੀ ਸੰਗ੍ਰਹਿ ਹੈ। ਇਹ ਵਿਚ ਤੇਰਾਂ ਕਹਾਣੀਆਂ ਹਨ ਜੋ ਸਾਡੇ ਸਮਾਜਿਕ ਯਥਾਰਥ ਦੇ ਵਿਭਿੰਨ ਪਹਿਲੂਆਂ ਨੂੰ ਬੜੇ ਸੁੰਦਰ, ਕਲਾਮਈ ਅਤੇ ਜੀਵੰਤ ਰੂਪ ਵਿਚ ਪੇਸ਼ ਕਰਦੀਆਂ ਹਨ। ਕਹਾਣੀਕਾਰ ਦਾ ਮੁੱਖ ਉਦੇਸ਼ ਇਨ੍ਹਾਂ ਕਹਾਣੀਆਂ ਰਾਹੀ ਸਮਾਜਿਕ ਪ੍ਰਸਥਿਤੀਆਂ ਦਾ ਸਾਰਥਕ ਵਿਸ਼ਲੇਸ਼ਣ ਕਰਕੇ ਨਰੋਏ ਸਮਾਜ ਦੀ ਸਿਰਜਣਾ ਕਰਨਾ ਪ੍ਰਤੀਤ ਹੁੰਦਾ ਹੈ। ਸੁਰਿੰਦਰ ਸਿੰਘ ਰਾਏ ਦੀਆਂ ਇਹ ਕਹਾਣੀਆਂ ਸਮਾਜਿਕ ਪ੍ਰਸਥਿਤੀਆਂ ਦਾ ਵਿਸ਼ਲੇਸ਼ਣ ਕਰਦੀਆਂ ਹੋਈਆਂ ਸਾਡੇ ਵਰਤਮਾਨ ਸਮਾਜ ਵਿਚ ਬਦਲ ਰਹੀਆਂ ਮਾਨਵੀ ਕਦਰਾਂ ਕੀਮਤਾਂ ਤੇ ਰਿਸ਼ਤਿਆਂ ਦੇ ਬਦਲ ਰਹੇ ਅਰਥਾਂ ਦੀ ਵੀ ਸੋਝੀ ਕਰਾਉਂਦੀਆਂ ਹਨ।

ਇਨ੍ਹਾਂ ਕਹਾਣੀਆਂ ਵਿਚ ਸਮਾਜ ਦੇ ਵੱਖ-ਵੱਖ ਪਾਸਾਰ ਖੋਲੇ ਗਏ ਹਨ, ਜਿਨ੍ਹਾਂ ਵਿਚ ਪ੍ਰਵਾਸ ਨਾਲ ਸੰਬੰਧਿਤ ਮਸਲੇ, ਭਰੂਣ ਹੱਤਿਆ, ਸਾਡੇ ਸਮਾਜ ਵਿਚਲੀ ਅਸਮਾਨ ਜਾਤੀ-ਜਮਾਤੀ ਵੰਡ ਅਤੇ ਇਸ ਅਸਾਵੀਂ ਵੰਡ ਪ੍ਰਣਾਲੀ ਵਿੱਚ ਨੀਵੀਂ ਜਾਤ ਨਾਲ ਸੰਬੰਧਿਤ ਲੋਕਾਂ ਦੀ ਹੁੰਦੀ ਦੁਰਦਸ਼ਾ ਅਤੇ ਸਾਡੇ ਸਮਾਜ ਵਿਚਲੇ ਦਫ਼ਤਰੀ ਕਲਚਰ ਦੀ ਗੱਲ ਕੀਤੀ ਗਈ ਹੈ। ਟਾਈਟਲ ਕਹਾਣੀ 'ਹੈਲੋ ਇੰਡੀਅਨ' ਕਹਾਣੀ ਆਸਟ੍ਰੇਲੀਆ ਦੀਪ ਵਿਚ ਵਿਚਰਦੇ ਮੈਂ ਪਾਤਰ ਦੀ ਕਹਾਣੀ ਇਕ ਪਾਸੇ ਤਾਂ ਸਾਡੇ ਲੋਕਾਂ ਵਿਚ ਵਿਦੇਸ਼ ਜਾਣ ਦੀ ਰੁਚੀ ਨੂੰ ਉਜਾਗਰ ਕਰਦੀ ਹੈ, ਦੂਜੇ ਪਾਸੇ ਇੱਥੇ ਸਥਾਨਕ ਲੋਕਾਂ ਦੇ 'ਹੈਲੋ ਇੰਡੀਅਨ' ਕਹਿਣ ਵਿਚ ਆਵਾਸੀਆਂ ਨਾਲ ਨਿੱਘੀ ਸਹਾਨੁਭੂਤੀ ਦਰਸਾਈ ਹੈ। 'ਛਾਂ ਦਾਰ ਬੂਟਾ' ਵੀ ਕੁਝ ਇਸੇ ਤਰ੍ਹਾਂ ਦੀ ਕਹਾਣੀ ਹੈ ਜੋ ਨੰਬਰਦਾਰ ਨਿਰੰਜਣ ਸਿੰਘ ਦੇ ਚਾਵਾਂ ਮਲ੍ਹਾਰਾਂ ਨਾਲ ਪਾਲੇ ਆਪਣੇ ਪੁੱਤਰ ਬੂਟੇ ਦਾ ਅਮਰੀਕਾ ਜਾ ਵੱਸਣ, ਇਸ ਸਿਲਸਿਲੇ ਵਿਚ ਏਜੰਟਾਂ ਦੁਆਰਾ ਖੁਆਰ ਹੋਣ ਆਦਿ ਦੀ ਗੱਲ ਕੀਤੀ ਹੈ। ਬੂਟਾ ਅਮਰੀਕਾ ਜਾ ਕੇ ਖੂਬ ਕਮਾਈ ਕਰਕੇ ਭਾਵੇਂ ਆਪਣੇ ਪਰਿਵਾਰ ਦੀ ਆਰਥਿਕ ਸਥਿਤੀ ਤਾਂ ਸਾਵੀਂ ਕਰ ਦਿੰਦਾ ਹੈ ਪਰ ਮਨੁੱਖ ਦੀਆਂ ਪਦਾਰਥਕ ਦੇ ਨਾਲ ਨਾਲ ਕੁਝ ਮਾਨਸਿਕ, ਭਾਵੁਕ ਤੇ ਜੈਵਿਕ ਜ਼ਰੂਰਤਾਂ ਵੀ ਹੁੰਦੀਆਂ ਹਨ ਜਿਨ੍ਹਾਂ ਦੀ ਪੂਰਤੀ ਜ਼ਰੂਰੀ ਹੈ। ਬੂਟੇ ਦੇ ਜਾਣ ਨਾਲ ਉਸਦੀ ਪਤਨੀ ਪਰਮਿੰਦਰ ਦੀਆਂ ਇਹ ਲੋੜਾਂ ਉਪੇਖਿਅਤ ਹੋ ਜਾਂਦੀਆਂ ਹਨ। ਪਤਨੀ ਦੇ ਨਾਲ-ਨਾਲ ਬੂਟੇ ਦਾ ਬਾਪ ਵੀ ਸੰਤਾਪ ਭੋਗਦਾ ਹੈ ਅਤੇ ਬੂਟੇ ਦੇ ਅਮਰੀਕਾ ਜਾ ਵੱਸਣ ਨਾਲ ਉਸਨੂੰ ਇੰਝ ਲੱਗਦਾ ਹੈ, ਜਿਵੇਂ ਉਸਦੇ ਵਿਹੜੇ ਵਿਚ ਲੱਗਿਆ ਛਾਂ ਦਾਰ ਬੂਟਾ ਪੱਟਿਆ ਗਿਆ ਹੋਵੇ।

'ਜੈਲਦਾਰ ਦੀ ਧੀ' ਕਹਾਣੀ ਪੰਜਾਬੀ ਸਮਾਜ ਵਿਚ ਲੋਕਾਂ ਦੀ ਵਿਦੇਸ਼ ਜਾ ਵੱਸਣ ਤੇ ਉੱਥੇ ਜਾ ਕੇ ਆਪਣੇ ਸਮਾਜ ਸਭਿਆਚਾਰ ਤੋਂ ਟੁੱਟਣ ਦੀ ਗੱਲ ਕਰਦੀ ਹੈ। ਨਵੀਂ ਪੀੜ੍ਹੀ ਦੀ ਆਪਣੇ ਵਿਰਸੇ ਤੋਂ ਮੂੰਹ


ਮੋੜਨ ਦੀ ਰੁਚੀ ਸਿਆਣਿਆਂ ਲਈ ਮਾਨਸਿਕ ਸੰਤਾਪ ਦਾ ਕਾਰਨ ਬਣ ਜਾਂਦੀ ਹੈ। 'ਭਰੂਣ ਹੱਤਿਆ' ਵਿਚ ਕਹਾਣੀਕਾਰ ਨੇ ਸਾਡੇ ਸਮਾਜ ਵਿਚ ਲੋਕਾਂ ਦੀ ਪੁੱਤਰ ਪ੍ਰਾਪਤੀ ਦੀ ਲਾਲਸਾ ਦਰਸਾਦੇ ਧੀਆਂ ਦੇ ਕੀਤੇ ਜਾਂਦੇ ਕੁੱਖ ਵਿਚਲੇ ਕਤਲਾਂ ਰਾਹੀਂ ਸਮਾਜ ਨੂੰ ਇਸ ਭੈੜੀ ਨਾਮੁਰਾਦ ਸੋਚ ਤੋਂ ਉੱਪਰ ਉੱਠਣ ਦਾ ਉਪਦੇਸ਼ ਦਿੱਤਾ ਹੈ। ਕਹਾਣੀ 'ਬਲੀ ਦਾ ਬੱਕਰਾ' ਸਾਡੇ ਜਾਤੀ-ਜਮਾਤੀ ਸੁਭਾਅ ਵਾਲੇ ਸਮਾਜ ਵਿਚ ਆਰਥਿਕ ਤੇ ਸਮਾਜਿਕ ਪੱਖੋਂ ਨੀਵੇਂ ਸ਼ੇਰੂ ਦੀ ਸਥਿਤੀ ਰਾਹੀਂ ਦਰਸਾਉਂਦੀ ਹੈ ਕਿ ਇਥੇ ਗਰੀਬ ਤੇ ਨੀਵੀਂ ਸ਼੍ਰੇਣੀ ਕਿਸ ਤਰ੍ਹਾਂ ਉੱਚ ਸ਼੍ਰੇਣੀ ਲੋਕਾਂ ਦੇ ਨਜਾਇਜ਼ ਜਬਰ ਦਾ ਸ਼ਿਕਾਰ ਹੁੰਦੀ ਹੈ। ਕਹਾਣੀ 'ਸੱਤ-ਇਕਵੰਜਾ' ਵੀ ਕੁਝ ਇਸੇ ਤਰ੍ਹਾਂ ਦੇ ਵਿਸ਼ੇ ਵਸਤੂ ਨਾਲ ਸੰਬੰਧਿਤ ਹੈ। 'ਹੱਕ' ਕਹਾਣੀ ਵਿਚ ਕਹਾਣੀਕਾਰ ਨੇ ਸਾਡੇ ਸਿੱਖਿਆ ਪ੍ਰਬੰਧ ਦਾ ਵਿਸ਼ਲੇਸ਼ਣ ਕਰਕੇ ਉਸਦੀ ਨਿਘਾਰ ਵਾਲੀ ਸਥਿਤੀ ਨੂੰ ਵਿਅੰਗ ਦਾ ਨਿਸ਼ਾਨਾ ਬਣਾਉਂਦੇ ਹੋਏ ਇਸ ਸਿੱਖਿਆ ਪ੍ਰਬੰਧ ਦੇ ਸੁਧਾਰ ਦੀ ਗੱਲ ਕੀਤੀ ਹੈ।

ਇਸ ਤੋਂ ਇਲਾਵਾ ਕੁਝ ਕਹਾਣੀਆਂ ਜਿਵੇਂ 'ਅਹਿਸਾਸ' ਤੇ 'ਸੇਵਾ ਮੁਕਤੀ' ਸਾਡੇ ਦਫਤਰੀ ਕਲਚਰ ਨਾਲ ਸੰਬੰਧਿਤ ਹਨ। 'ਲਾਡਲਾ ਪੁੱਤ', 'ਢਿੱਲੀ ਬੁੱਕਲ' ਤੇ 'ਨਬਜ਼' ਚਰਿੱਤਰ ਪ੍ਰਧਾਨ ਕਹਾਣੀਆਂ ਹਨ। 'ਛੁਪਿਆ ਭੇਤ' ਕਹਾਣੀ ਸਾਡੇ ਡੇਰਾ ਕਲਚਰ ਦੀ ਗੱਲ ਕਰਦੀ ਹੋਈ ਸਾਡੇ ਸਮਾਜ ਵਿਚ ਸਾਧਾਂ-ਸੰਤਾਂ ਦੁਆਰਾ ਲੋਕਾਂ ਨੂੰ ਭਰਮਾਉਣ ਅਤੇ ਧਰਮ ਤੇ ਰਾਜਨੀਤੀ ਦੇ ਗੱਠਜੋੜ ਦਿਖਾ ਕੇ ਇਨ੍ਹਾਂ ਵਰਗਾਂ ਦੀਆਂ ਭੈੜੀਆਂ ਚਾਲਾਂ ਤੋਂ ਪਰਦਾ ਚੁੱਕਦੀ ਹੈ।

ਵਿਸ਼ੇ ਪੱਖੋਂ ਵੰਨ-ਸੁਵੰਨੀਆਂ ਇਹ ਕਹਾਣੀਆਂ ਸਾਡੇ ਸਮਾਜਿਕ ਯਥਾਰਥ ਦੀ ਮੂੰਹ ਬੋਲਦੀ ਤਸਵੀਰ ਹਨ। ਕਹਾਣੀਆਂ ਦੀ ਭਾਸ਼ਾ ਸ਼ੁੱਧ ਤੇ ਟਕਸਾਲੀ ਹੈ ਜਿਸ ਉੱਤੇ ਲੇਖਕ ਦਾ ਪੂਰਨ ਵਸੀਕਾਰ ਹੈ। ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਇਹਨਾਂ ਕਹਾਣੀਆਂ ਵਿਚ ਵਰਤਮਾਨ ਸਮਾਜਿਕ ਯਥਾਰਥ ਦਾ ਵਿਸ਼ਲੇਸ਼ਣ ਕਰਕੇ ਭਵਿੱਖ ਦੇ ਉਸਾਰੂ ਸਮਾਜ ਦਾ ਦਿਸ਼ਾ ਨਿਰਦੇਸ਼ਨ ਕੀਤਾ ਹੈ।

- ਪਰਮਜੀਤ ਕੌਰ ਸਿੱਧੂ

## ਤੱਲ੍ਹਣ-ਕਾਂਡ ਤੋ ਭਾਅਦ (ਸੰਪਾਦਕ : ਦਵਾਰਕਾ ਭਾਰਤੀ)




ਇਹ ਪੁਸਤਕ ਜਿਸ ਨੂੰ ਪ੍ਰਕਾਸ਼ਤ ਕੀਤਾ ਹੈ 'ਲੀਗਲ ਸੈਲ ਫਾਰ ਹਿਊਮਨ ਰਾਈਟਸ ਪੰਜਾਬ ਨੇ ਵਿਚ ਦਲਿਤ-ਉਤਪੀੜਨ ਦੀ ਗੱਲ ਕੇਵਲ ਪੰਜਾਬ ਹੀ ਨਹੀਂ ਬਲਿਕਿ ਸਮੁੱਚੇ ਭਾਰਤੀ ਪ੍ਰਾਸਪੈਕਟ ਵਿਚ ਕਰਨ ਦਾ ਯਤਨ ਕੀਤਾ ਹੈ। 'ਤੱਲ੍ਹਣ ਕਾਂਡ' ਤੋਂ ਅੱਜ ਅਸੀਂ ਸਾਰੇ ਜਾਣਦੇ ਹਾਂ। ਇਸ ਦਾ ਪਿਛੋਕੜ, ਸਮਾਜਿਕ ਟਕਰਾਓ ਤੇ ਜਾਤੀ ਤਣਾਓ ਪੰਜਾਬ ਦੇ ਲੋਕ ਭੋਗ ਚੁੱਕੇ ਹਨ। ਪੁਸਤਕ ਨੂੰ ਸੰਪਾਦਕ ਨੇ ਦੋ ਭਾਗਾਂ ਵਿਚ ਵੰਡਿਆ ਹੈ ਪਹਿਲੇ ਭਾਗ 'ਚ ਡਾ. ਰੌਣਕੀ ਰਾਮ, ਗਿਆਨ ਸਿੰਘ ਬੱਲ ਤੇ ਡਾ. ਹਰੀਸ਼ ਪੁਰੀ ਦੇ ਵਿਚਾਰ ਉਤੇਜਕ ਮੁੱਦਿਆ ਤੇ ਸਿਧਾਂਤਕ ਲੇਖ ਹਨ ਜਿਨ੍ਹਾਂ 'ਚ ਸਮਾਜਿਕ, ਜਾਤੀ-ਮਨੋਵਿਗਿਆਨਕ ਤਰੀਕੇ ਨਾਲ ਜਾਤੀ ਟਕਰਾਓ ਤੇ ਪਿਸ ਰਹੇ ਦਲਿਤਾਂ ਦੀ ਮਨੋਦਸ਼ਾ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ। ਡਾ. ਰੌਣਕੀ ਰਾਮ ਨੇ ਲੇਖ 'ਭਾਰਤ ਵਿਚ ਛੂਆਛਾਤ-ਇਕ ਵਿਲੱਖਣ ਵਰਤਾਰਾ' ਲੇਖ 'ਚ ਧਰਮ ਅੰਦੋਲਨ ਤੋਂ ਦਲਿਤਾਂ ਦੀ ਜਾਗ੍ਰਤੀ, ਜਾਤ-ਪਾਤ ਹਿੰਸਾ ਤੱਲ੍ਹਣ ਤੇ ਬੂਟਾ ਮੰਡੀ 'ਚ ਦਲਿਤਾਂ ਦੀ ਜਾਗ੍ਰਤੀ ਤੱਲ੍ਹਣ ਸੰਘਰਸ਼ ਕਿਵੇਂ ਹੋਇਆ ਆਦਿ ਮੁੱਦਿਆ ਤੇ ਰੌਣਕੀ ਰਾਮ ਹੁਰਾਂ ਸਿਧਾਂਤਕ ਟਿੱਪਣੀਆਂ ਕਰਦਿਆਂ ਇਸ ਵਰਤਾਰੇ ਨੂੰ ਸੰਤੁਲਤ ਪਹੁੰਚ ਨਾਲ ਸਮਝਣ ਦਾ




ਯਤਨ ਕੀਤਾ ਹੈ। ਗਿਆਨ ਸਿੰਘ ਬੱਲ ਨੇ ਦਲਿਤਾਂ ਦੇ ਹੁੰਦੇ ਸਮਾਜਿਕ ਬਾਈਕਾਟ ਦੇ ਮਨੋਵਿਗਿਆਨ ਨੂੰ ਆਪਣੇ ਲੇਖ 'ਚ ਸਮਝਾਉਣ ਦਾ ਯਤਨ ਕੀਤਾ ਹੈ। ਜਿਸ ਵਰਤਾਰੇ ਤੋਂ ਦਲਿਤਾਂ ਵਿਰੁੱਧ ਜਾਤੀ ਹਿੰਸਾ ਪੈਦਾ ਹੁੰਦੀ ਹੈ। ਸਮੁੱਚੇ ਲੇਖ 'ਚ ਸਮਾਜਿਕ ਬਾਈਕਾਟ ਕਿੱਥੇ-ਕਿੱਥੇ ਹੋਏ ਆਦਿ ਦੀਆਂ ਉਦਾਹਰਨਾ ਹਾਵੀ ਹਨ। ਮਨੋਵਿਗਿਆਨ ਪੱਖ ਤੇ ਘੱਟ ਗੱਲ ਹੋਈ ਹੈ। ਡਾ. ਹਰੀਸ਼ ਪੁਰੀ ਦਾ ਲੇਖ 'ਪੱਟੀ ਦਰਜ ਜਾਤੀਆਂ ਦੀ ਬਦਲਦੀ ਹਾਲਤ' ਇਸ ਕਿਤਾਬ ਦੀ ਪ੍ਰਾਪਤੀ ਕਹੀ ਜਾ ਸਕਦੀ ਹੈ। ਦਲਿਤ ਲੋਕਾਂ ਦੀ ਜ਼ਿੰਦਗੀ ਨੂੰ ਇਤਿਹਾਸਕ ਪਰਿਪੇਖ 'ਚ ਸਮਝਣ ਦਾ ਨਿੱਗਰ ਤੇ ਸਫ਼ਲ ਉਪਰਾਲਾ ਡਾ. ਪੁਰੀ ਹੁਰੀ ਕੀਤਾ ਹੈ। ਇਹ ਲੇਖ ਸਾਡੇ ਮਨ ਅੰਦਰ ਭਰਮ ਭੁਲੇਖਾ ਤੇ ਧੁੰਦਲਕੇ ਦੇ ਜਾਲੇ ਸਾਫ਼ ਕਰਨ 'ਚ ਸਫਲ ਹੁੰਦਾ ਹੈ। ਜਦੋਂ ਇਹ ਲੇਖ ਅਸੀਂ 'ਕਹਾਣੀ ਧਾਰਾ' ਵਿਚ ਪ੍ਰਕਾਸ਼ਤ ਕੀਤਾ ਸੀ ਤਾਂ ਪਾਠਕਾਂ ਨੇ ਭਰਵਾਂ ਹੁੰਗਾਰਾ ਦਿੱਤਾ ਸੀ।

ਦੂਜੇ ਭਾਗ ਵਿਚ ਅਖਬਾਰਾਂ ਦੀਆਂ ਖ਼ਬਰਾਂ ਛਾਪ ਕੇ ਕਿਤਾਬ ਦੇ ਸਿਧਾਂਤਕ ਮੁੱਲ ਨੂੰ ਸੰਪਾਦਕ ਨੇ ਘਟਾ ਦਿੱਤਾ ਹੈ। ਅਜਿਹੀ ਭਰਤੀ ਸੁਲਝੇ ਹੋਏ ਸੰਪਾਦਕ ਦੀ ਨਿਸ਼ਾਨੀ ਨਹੀਂ। ਕਿਤਾਬ ਦੀ ਲੇ-ਆਊਟ ਤੇ ਦਿੱਖ ਖਿੱਚ ਭਰਪੂਰ ਨਹੀਂ। ਇਸ ਦੀ ਦਿਖ ਕਿਤਾਬੀ ਘੱਟ ਮੈਗਜ਼ੀਨ ਵਾਲੀ ਵੱਧ ਲੱਗਦੀ ਹੈ।

ਡਾ. ਰਵੀ ਪਾਲ

## ਗਲੀ ਨੰਬਰ ਕੋਈ ਨਹੀਂ (ਅਨੇਮਨ ਸਿੰਘ)




'ਗਲੀ ਨੰਬਰ ਕੋਈ ਨਹੀਂ' ( ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ) ਅਨੇਮਨ ਸਿੰਘ ਦਾ ਪਲੇਠਾ ਕਹਾਣੀ ਸੰਗ੍ਰਹਿ ਹੈ। ਇਸ ਸੰਗ੍ਰਹਿ ਵਿੱਚ ਨੌ ਕਹਾਣੀਆਂ ਉਪਸਥਿਤ ਹਨ ਜੋ ਕਹਾਣੀਕਾਰ ਦੁਆਰਾ ਸਿਰਜੇ ਬ੍ਰਹਿਮੰਡ ਦੇ ਨੌਂ ਗ੍ਰਹਿਆ ਸਮਾਨ ਹਨ।

ਸੰਗ੍ਰਹਿ ਦੀ ਪਹਿਲੀ ਕਹਾਣੀ 'ਐਵੇਂ ਹੀ' ਸਮਲਿੰਗੀ ਸੰਬੰਧਾਂ ਦੁਆਲੇ ਸਿਰਜਿਆ ਬਿਰਤਾਂਤ ਹੈ। ਇਸ ਕਹਾਣੀ ਵਿਚ ਰੀਮਾ ਆਪਣੇ ਪਤੀ ਦੀ ਮੌਤ ਮਗਰੋਂ ਆਪਣੀ ਧੀ ਦੀ ਅਲਮਾਰੀ ਵਿਚੋਂ ਮਿਲੇ ਸਮਲਿੰਗੀ ਸੰਬੰਧਾਂ ਬਾਰੇ ਮੈਗਜ਼ੀਨ ਨੂੰ ਵੇਖ ਪ੍ਰੇਸ਼ਾਨ ਹੋ ਜਾਂਦੀ ਹੈ। ਨਿਧੀ ਵਲੋਂ ਆਈ ਚਿੱਠੀ ਉਸਨੂੰ ਹੋਰ ਵੀ ਭੈਅ ਭੀਤ ਕਰ ਜਾਂਦੀ ਹੈ। ਇਸ ਚਿੱਠੀ ਵਿੱਚ ਨਿਧੀ ਨੇ ਮਾਂ ਪਿਓ ਦੇ ਅੰਸ਼ਾਂ ਦਾ ਬੱਚਿਆ ਵਿਚ ਸ਼ਾਮਲ ਹੋਣ ਦੇ ਆਸਾਰ ਉਤੇ ਸਹਿਮਤੀ ਪ੍ਰਗਟਾਈ ਹੈ। ਜਿਸ ਕਾਰਨ ਰਿਮੀ ਨੂੰ ਆਪਣੇ ਪਤੀ ਦੀ ਸਮਲਿੰਗੀ ਸੰਬੰਧਾਂ ਦੀ ਆਦਤ ਦਾ ਧੀ ਵਿਚ ਵੀ ਹੋਣ ਦਾ ਖਦਸਾ ਸਤਾਉਣ ਲਗਦਾ ਹੈ।


'ਸਾਇਦ' ਕਹਾਣੀ ਬਾਂਝ ਔਰਤ ਦੀ ਮਨੋਤ੍ਰਾਸਦੀ ਪ੍ਰਸਤੁਤ ਕਰਦੀ ਹੈ। ਕਹਾਣੀ ਦੀ ਮੁੱਖ ਪਾਤਰ ਆਪਣੇ 'ਚ ਕੋਈ ਕਮੀ ਨਾ ਹੋਣ ਕਾਰਨ ਵੀ ਇਹੋ ਸੰਤਾਪ ਭੋਗਦੀ ਹੈ ਅਤੇ ਆਪਣੀ ਨੌਕਰਾਣੀ ਹਮੀਆ ਦੀ ਸਲਾਹ ਰਾਹੀਂ ਆਪਣੀ ਕੁੱਖ ਭਰਨ ਦੀ ਲਾਲਸਾ ਅਧੀਨ ਕਿਸੇ ਗੈਰ ਮਰਦ ਦਾ ਆਸਰਾ ਭਾਲਦੀ ਹੈ। ਕਹਾਣੀ ਦੇ ਅੰਤ ਤੱਕ ਉਸਦੀ ਭਟਕਣ ਜਾਰੀ ਰਹਿੰਦੀ ਹੈ।

'ਟਿਕ-ਟਿਕ ਟਿਕ' ਕਹਾਣੀ ਅਸਲ ਵਿੱਚ ਅਜਿਹੇ ਮਨੁੱਖ ਦੀ ਮਾਨਸਿਕ ਪ੍ਰੇਸ਼ਾਨੀ ਦਾ ਸੰਕੇਤ ਹੈ ਜਿਸ ਨੂੰ ਆਪਣੀ ਪਤਨੀ ਦੇ ਚਰਿਤਰ ਉਤੇ ਸ਼ੱਕ ਹੈ। ਇਸ ਮਾਨਸਿਕ ਤ੍ਰਾਸਦੀ ਅਧੀਨ ਘੜੀ ਦੀ ਟਿਕ ਟਿਕ ਉਸਦੇ ਮਾਨਸਿਕ ਦਵੰਦ ਨੂੰ ਹੋਰ ਵੀ ਗਹਿਰਾ ਕਰਦੀ ਹੈ। ਟਾਈਟਲ ਕਹਾਣੀ 'ਗਲੀ ਨੰਬਰ ਕੋਈ ਨਹੀਂ' ਨੇ ਆਪਣੇ ਅੰਦਰ ਬਹੁਤ ਸਾਰੇ ਪਾਤਰ ਅਤੇ ਵਿਸ਼ੇ ਸਮੋਏ ਹੋਏ ਹਨ। ਗਰੀਬੀ ਨਾਲ ਘੁਲ ਰਹੇ ਮਨੁੱਖਾਂ ਦੀ ਆਰਥਿਕ ਦਸ਼ਾ ਰਿਸ਼ਤਿਆਂ ਦੀਆਂ ਬਦਲਦੀਆਂ ਸਮੀਕਰਨਾ ਅਤੇ ਨਾਰੀ ਤ੍ਰਾਸਦੀ ਤੋਂ ਇਲਾਵਾ ਮੁੱਖ ਪਾਤਰ ਲੱਧੀ ਦੇ ਭਗਤ ਸਿੰਘ ਵਾਂਗ ਬਣਨ ਦੀ ਇਛਾ ਕਹਾਣੀ ਵਿਚ ਦੇਸ਼ ਭਗਤੀ ਅਤੇ ਕ੍ਰਾਂਤੀ ਕਾਰੀ ਸੋਚ ਦੀ ਪੇਸ਼ਕਾਰੀ ਵੀ

ਕਰਦੀ ਹੈ। 'ਧੁੜਕੂ' ਕਹਾਣੀ ਵਿਚ ਇਕ ਕੁੜੀ ਦੇ ਅਲੜ ਉਮਰੇ ਬਣੇ ਪ੍ਰੇਮ ਸੰਬੰਧਾਂ ਕਾਰਨ ਉਸਨੂੰ ਉਹਨਾਂ ਦਾ ਖਮਿਆਜਾ ਭੁਗਤਿਆ ਦਰਸਾਇਆ ਗਿਆ ਹੈ। ਮਰਦ-ਔਰਤ ਦੁਆਰਾ ਸਿਰਜੇ ਸੰਬੰਧਾਂ ਦਾ ਵਿਆਜ ਹਮੇਸ਼ਾ ਔਰਤ ਹੀ ਚੁਕਾਉਂਦੀ ਹੈ ਜਿਵੇਂ ਕਹਾਣੀ ਦੀ ਪਾਤਰ ਸੀਬੋ ਦੇ ਪਤੀ ਦਾ ਉਸਨੂੰ ਛੱਡਣਾ ਅਤੇ ਬੰਤੀ ਦਾ ਦੁਹਾਜੂ ਤੇ ਨਾ-ਮਰਦ ਨਾਲ ਵਿਆਹੇ ਜਾਣਾ ਇਸ ਗੱਲ ਦਾ ਪ੍ਰਤੀਕ ਹੈ।

ਇਸ ਸੰਗ੍ਰਹਿ ਦੀਆਂ ਸਾਰੀਆਂ ਕਹਾਣੀਆਂ ਪੜ੍ਹਨ ਉਪਰੰਤ ਇਸ ਵਿਚ ਦੁਹਰਾ ਦੀ ਉਣਤਾਈ ਕਾਫੀ ਅਟਕਦੀ ਹੈ। ਪ੍ਰੰਤੂ ਕਹਾਣੀ ਦੀ ਬਿਰਤਾਂਤਕ ਸੰਰਚਨਾ ਪਾਠਕ ਨੂੰ ਮੁੱਢ ਤੋਂ ਅੰਤ ਤੱਕ ਬੰਨ ਕੇ ਰੱਖਣ 'ਚ ਕਾਮਯਾਬ ਸਿੱਧ ਹੁੰਦੀ ਹੈ।

## ਆਖਿਰ ਸਿਕੰਦਰ ਜਿੱਤ ਗਿਆ (ਵਿਸ਼ਵ ਜੋਤੀ ਧੀਰ)




ਕਹਾਣੀ ਸੰਗ੍ਰਹਿ 'ਆਖਿਰ ਸਿਕੰਦਰ ਜਿੱਤ ਗਿਆ' ( ਚੇਤਨਾ ਪ੍ਰਕਾਸ਼ਨ, ਲੁਧਿਆਣਾ) ਰਾਹੀਂ ਵਿਸ਼ਵ ਜੋਤੀ ਧੀਰ ਨੇ ਸਾਹਿਤਕ ਪਿੜ ਵਿਚ ਪ੍ਰਵੇਸ਼ ਕੀਤਾ ਹੈ। ਇਸ ਸੰਗ੍ਰਹਿ ਵਿਚ ਕੁਲ 12 ਕਹਾਣੀਆਂ ਹਨ ਜੋ ਆਪਣੇ ਅੰਦਰ ਵੱਖੋਂ-ਵੱਖਰੇ ਵਿਸ਼ੇ ਸਮੋਈ ਪਰਤ-ਦਰ-ਪਰਤ ਪਾਠਕਾਂ ਅਗੇ ਖੁਲਦੀਆਂ ਹਨ। ਇਹਨਾਂ ਵਿੱਚੋਂ ਕਈ ਕਹਾਣੀਆਂ ਪਹਿਲਾਂ ਮੈਗਜੀਨਾਂ ਦਾ ਸਿੰਗਾਰ ਬਣ ਚੁੱਕੀਆਂ ਹਨ।

ਸੰਗ੍ਰਹਿ ਦੀ ਪਹਿਲੀ ਕਹਾਣੀ 'ਛਿੰਦਾ ਪੁੱਤ' ਧੀ ਦਾ ਆਪਣੇ ਪਿਤਾ ਲਈ ਸਤਿਕਾਰ ਅਤੇ ਪਿਆਰ ਦੇ ਭਾਵ ਦਾ ਪ੍ਰਗਟਾਵਾ ਕਰਦੀ ਹੈ। ਕਹਾਣੀ ਦੀ ਮੁੱਖ ਪਾਤਰ ਆਪਣੇ ਪਿਤਾ ਦੀ ਬੀਮਾਰੀ ਦੀ ਹਾਲਤ ਵਿੱਚ ਉਹਨਾਂ ਕੋਲ ਰਹਿਣਾ ਚਾਹੁੰਦਾ ਹੈ। ਪ੍ਰੰਤੂ ਪਤੀ ਹਰੀਸ਼ ਦੀ ਆਗਿਆ ਨਾ ਠੁਕਰਾ ਸਕਣ ਕਾਰਨ ਅਣਮੰਨੇ ਮਨ ਨਾਲ ਉਸ ਨਾਲ ਤੁਰ ਪੈਂਦੀ ਹੈ। ਪਿਤਾ ਤੋਂ ਦੂਰ ਜਾਂਦਿਆਂ ਉਹ ਮਹਿਸੂਸ ਕਰਦੀ ਹੈ, ਜਿਵੇਂ ਕਿਸੇ ਕੈਦ ਵਿਚ ਵਾਪਸ ਜਾ ਰਹੀ ਹੋਵੇ।

'ਆਖਿਰ ਸਿਕੰਦਰ ਜਿੱਤ ਗਿਆ' ਵਿਚ ਸਿਕੰਦਰ ਲੱਛਮੀ ਦੇ ਪੇਕੇ ਘਰ ਦਾ ਇਕ ਨੌਕਰ ਹੈ ਜੋ ਉਸ ਬਾਊ ਜੀ ਦੇ ਹਰ ਜ਼ੁਲਮ ਨੂੰ ਬਿਨਾ ਕਿਸੇ ਵਿਰੋਧ ਜਾਂ ਸਿਕਵੇ ਦੇ ਸਹਿੰਦਾ ਹੈ ਵਿਆਹ ਤੋਂ ਬਾਅਦ ਲੱਛਮੀ ਨੂੰ ਆਪਣਾ ਆਪਾ ਵੀ ਸਿਕੰਦਰ ਵਾਂਗ ਲਤਾੜਿਆ ਲਗਦਾ ਹੈ। ਪਤੀ ਦੇ ਅੱਤਿਆਚਾਰ ਉਸ ਨੂੰ ਵੀ ਬਿਨਾਂ ਹੀਲ ਹੁਜਤ ਸਹਿਣੇ ਪੈਂਦੇ ਹਨ। ਅੰਤ ਵਿਚ ਸਿਕੰਦਰ ਦਾ ਬਗਾਵਤ ਕਰਨਾ ਲੱਛਮੀ ਲਈ ਨਵੀ ਸੇਧ ਸਿੱਧ ਹੁੰਦਾ ਹੈ। ਸਿਕੰਦਰ ਦੇ ਘਰੋਂ ਭੱਜ ਜਾਣ ਦੀ ਖਬਰ ਉਸਨੂੰ ਨਵੀਂ ਸ਼ਕਤੀ ਪ੍ਰਦਾਨ ਕਰਦੀ ਹੈ। ਜਿਸ ਕਾਰਨ ਉਹ ਵੀ ਪਤੀ ਦੀ ਇੱਛਾ ਵਿਰੁਧ ਨੌਕਰੀ ਕਰਨ ਦਾ ਫ਼ੈਸਲਾ ਕਰ ਲੈਂਦੀ ਹੈ। ਅਤੇ ਉਸਦੀ ਗ੍ਰਿਫ਼ਤ ਤੋਂ ਆਜ਼ਾਦ ਹੋ ਜਾਂਦੀ ਹੈ।


ਕਹਾਣੀ 'ਐਟੀਕ ਪੀਸ' ਬਜ਼ੁਰਗਾ ਨੂੰ ਘਰਾਂ ਵਿਚ ਨਜ਼ਰ ਅੰਦਾਜ਼ ਕਰਨ ਅਤੇ ਉਨ੍ਹਾਂ ਨਾਲ ਹੋ ਰਹੇ ਦੁਰ-ਵਿਵਹਾਰ ਦੀ ਗਾਥਾ ਪ੍ਰਗਟਾਉਂਦੀ ਹੈ। ਕਹਾਣੀ 'ਚ ਪਿੰਕੀ ਆਪਣੀ ਸਹੇਲੀ ਮਨਦੀਪ ਦੇ ਘਰੇ ਸਾਂਭੀਆਂ ਵਿਰਾਸਤੀ ਵਸਤਾਂ ਵੇਖ ਖੁਸ਼ ਹੁੰਦਾ ਹੈ। ਪਰ ਘਰ ਵਿਚ ਬਜ਼ੁਰਗ ਦੀ ਹੋ ਰਹੀ ਬੇਕਦਰੀ ਵੇਖ ਇਹ ਸਭ ਚੀਜਾ ਉਸਨੂੰ ਡਰਾਉਂਣੀਆਂ ਅਤੇ ਖੂੰਖਾਰ ਜਾਪਦੀਆਂ ਹਨ।

'ਕੁੜਿਕੀ' ਕਹਾਣੀ ਵਿਚ ਪਿੰਡ ਦੀ ਕਾਲਜ ਪੜ੍ਹਦੀ ਕੁੜੀ, ਪ੍ਰੇਮੀ ਦਾ ਪਿਆਰ ਪਾਉਣ ਲਈ ਘਰੋਂ ਨਿਕਲ ਜਾਂਦੀ ਹੈ। ਪ੍ਰੰਤੂ ਉਸਦੇ ਦੋਸਤਾਂ ਤੋਂ ਉਸਦੀ ਸਚਾਈ ਸੁਣ ਅਤੇ ਪਿੰਡ ਦੇ ਲੋਕਾਂ ਦਾ ਆਪਣੇ ਪ੍ਰਤੀ ਮਾਣ ਤੇ ਵਿਸ਼ਵਾਸ਼ ਵੇਖ ਘਰ ਵਾਪਸ ਪਰਤ ਆਉਂਦੀ ਹੈ। ਵਿਸ਼ਵ ਜੋਤੀ ਧੀਰ ਨੇ ਅੱਜ ਦੇ ਕਹਾਣੀਕਾਰਾਂ ਦੀ ਲੰਬੀ



ਕਤਾਰ ਵਿਚੋਂ ਇਕ ਦਮ ਅੱਗੇ ਆ ਖਲੋਣ ਦਾ ਹੌਸਲਾ, ਹਿੰਮਤ ਅਤੇ ਕਾਬਲੀਅਤ ਵਿਖਾਈ ਹੈ। ਉਸਦੀਆਂ ਕਹਾਣੀਆਂ ਨਾਰੀ ਮਨ ਦੀ ਵੇਦਨਾ ਨੂੰ ਪ੍ਰਸਤੁਤ ਕਰਨ ਤੋਂ ਇਲਾਵਾ ਮਨੁੱਖ ਜਾਤੀ ਦੇ ਕਈ ਗੁੰਝਲਦਾਰ ਮਸਲਿਆਂ ਪ੍ਰਤੀ ਜਾਗਰੁਕਤਾ ਪੈਦਾ ਕਰਦੇ ਹਨ। ਇਕਾ-ਦੁਕਾ ਕਹਾਣੀਆਂ ਨੂੰ ਛੱਡ ਕੇ ਸਾਰੀਆਂ ਹੀ ਕਹਾਣੀਆਂ ਸਾਹਿਤਕ ਤੇ ਵਿਸ਼ੇਗਤ ਕਸਵੱਟੀ ਉਤੇ ਸਫ਼ਲਤਾ ਪੂਰਵਕ ਪੂਰਾ ਉਤਰਦੀਆ ਹਨ।

## ਪ੍ਰੇਤ (ਦਰਸ਼ਨ ਮਿਤਵਾ)




ਇਹ ਨਾਟਕ 'ਪ੍ਰੇਤ' (ਉਡਾਨ ਪਬਲੀਕੇਸ਼ਨ, ਮਾਨਸਾ) ਦਰਸ਼ਨ ਮਿਤਵਾ ਦੁਆਰਾ ਲਿਖਿਆ ਗਿਆ ਹੈ ਜੋ ਕਿ ਇਕ ਸੱਚੀ ਘਟਨਾ ਉੱਤੇ ਅਧਾਰਿਤ ਹੈ। ਇਸ ਨਾਟਕ ਉਤੇ ਬਣੀ ਟੈਲੀ ਫਿਲਮ 'ਬਲੱਡੀਫੂਲ' ਕਾਫੀ ਚਰਚਿਤ ਹੋਈ।

ਰਿਟਾਇਰ ਫੌਜੀ ਗੁਰਨਾਮ ਸਿੰਘ ਦੀ ਪਰਿਵਾਰਕ ਜ਼ਿੰਦਗੀ ਉੱਤੇ ਅਧਾਰਿਤ ਇਹ ਨਾਟਕ, ਨਾਰੀ ਤ੍ਰਾਸਦੀ ਅਤੇ ਅੰਧ ਵਿਸ਼ਵਾਸ਼ ਜਿਹੀਆਂ ਸਮੱਸਿਆਵਾਂ ਨੂੰ ਆਪਣਾ ਵਿਸ਼ਾ ਬਣਾਉਂਦੀ ਹੈ। ਨਾਟਕ ਵਿਚ ਫੌਜੀ ਦੀ ਪਤਨੀ ਗੁਰਮੇਲ ਕੌਰ ਦੀ ਘਰ ਵਿਚ ਥਾਂ ਇਕ ਨੌਕਰਾਣੀ ਬਰਾਬਰ ਹੈ। ਜੋ ਸਾਰਾ ਦਿਨ ਪਤੀ ਦੀ ਸੇਵਾ ਕਰਦੀ ਅਤੇ ਉਸਦਾ ਗਾਲੀ ਗਲੋਚ ਸਹਿੰਦੀ ਹੈ। ਗੁਰਮੇਲ ਕੌਰ ਸ਼ਰਾਬ ਅਤੇ ਮੀਟ ਨੂੰ ਅੰਤਾਂ ਦੀ ਨਫ਼ਰਤ ਕਰਦੀ ਹੈ ਪਰ ਫੌਜ਼ੀ ਘਰ ਵਿਚ ਉਸਨੂੰ ਮੀਟ ਰਿੰਨਣ ਲਾਉਂਦਾ ਅਤੇ ਸ਼ਰਾਬ ਦੀ ਬੋਤਲ ਹਰ ਸ਼ਾਮ ਖੋਲਦਾ ਹੈ। ਫੌਜ਼ੀ ਦੇ ਦੁਰਵਿਵਹਾਰ ਤੋਂ ਤੰਗ ਆ ਕੇ ਗੁਰਮੇਲ ਕੌਰ, ਭੂਤ-ਪ੍ਰੇਤ ਦਾ ਭਰਮ ਪਾ ਕੇ ਪਤੀ ਤੋਂ ਸ਼ਰਾਬ ਮੀਟ ਦਾ ਸੇਵਨ ਛਡਵਾਉਣਾ ਚਹੁੰਦੀ ਹੈ। ਪ੍ਰਤੂੰ ਵਿਸ਼ਵਾਸ ਨੂੰ ਮੰਨਣ ਤੋਂ ਇਨਕਾਰੀ ਹੋ ਜਾਂਦਾ ਹੈ।

ਘਰ ਵਿੱਚ ਇੱਟਾ ਰੋੜੇ ਵਜਣ, ਕੱਪੜਿਆਂ ਨੂੰ ਅੱਗ ਲੱਗ ਜਾਣ ਅਤੇ ਗੁਰਮੇਲ ਕੌਰ ਦੀ ਬੀਮਾਰੀ ਵੀ ਫੌਜ਼ੀ ਨੂੰ ਇਸ ਅੰਧਵਿਸ਼ਵਾਸ ਵੱਲ ਨਹੀਂ ਉਲਾਰ ਸਕਦੀ ਉਹ ਘਰ ਪਹਿਰਾ ਲਾ ਅਜਿਹੀਆਂ ਘਟਨਾਵਾਂ ਉਤੇ ਕਾਬੂ ਪਾਉਣ ਦੀ ਕੋਸ਼ਿਸ਼ ਕਰਦੀ ਹੈ। ਉਸਦੀ ਪਤਨੀ ਅਤੇ ਗੁਆਂਢਣ ਉਸਦੇ ਵਿਰੋਧ ਦੇ ਬਾਵਜੂਦ ਘਰ ਵਿਚ ਸਾਧਾਂ ਨੂੰ ਬੁਲਾ ਭੂਤ-ਪ੍ਰੇਤ ਕਢਵਾਉਣ ਦਾ ਯਤਨ ਕਰਦੀਆਂ ਹਨ। ਅੰਤ ਤਰਕਸ਼ੀਲ ਸੁਸਾਇਟੀ ਦੇ ਯੁਵਾ ਮੈਂਬਰ ਸਾਧਾਂ ਨੂੰ ਭਜਾ ਗੁਰਮੇਲ ਕੌਰ ਦੁਆਰਾ ਪੈਦਾ ਕੀਤੀ ਇਸ ਗਲਤ ਫਹਿਮੀ ਨੂੰ ਸੁਧਾਰਨ ਦਾ ਵਾਅਦਾ ਲੈਂਦੇ ਹਨ ਅਤੇ ਨਾਲ ਹੀ ਫੌਜੀ ਦੀ ਦੁਰਵਿਵਹਾਰ ਅਤੇ ਸ਼ਰਾਬ ਮੀਟ ਦੇ ਸੇਵਨ ਤੋਂ ਤੋਬਾ ਕਰਵਾਉਂਦੇ ਹਨ, ਜੋ ਕਿ ਘਰ ਵਿੱਚ ਅਸਲੀ ਪ੍ਰੇਤ ਸੀ।

ਇਸ ਨਾਟਕ ਵਿਚ ਨਾਟਕਕਾਰ ਜਿੱਥੇ ਫੌਜੀ ਦੇ ਕਿਰਦਾਰ ਰਾਹੀਂ ਉਸਦੀ ਭਾਸ਼ਾ ਰਾਹੀ, ਜੋ ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ ਦਾ ਸੁਮੇਲ ਹੈ) ਹਾਸ ਰਸ ਪੈਦਾ ਕਰਦਾ ਹੈ। ਉਥੇ ਨਾਲ ਹੀ, ਫੌਜੀ ਦੇ ਨਿਡੱਰ ਹੋਣ ਅਤੇ ਹਰ ਮੁਸੀਬਤ ਦਾ ਡਟ ਕੇ ਮੁਕਾਬਲਾ ਕਰਨ ਦੀ ਭਾਵਨਾ ਦਾ ਪ੍ਰਗਟਾਵਾ ਵੀ ਕਰਦਾ ਹੈ। ਯਥਾਰਥਵਾਦੀ ਸ਼ੈਲੀ ਅਧੀਨ ਰਚਿਆ ਇਹ ਨਾਟਕ, ਅੰਧ ਵਿਸ਼ਵਾਸ ਵਿਚ ਗ੍ਰਸੇ ਲੋਕਾਂ ਅਤੇ ਉਹਨਾਂ ਦਾ ਆਰਥਿਕ ਸ਼ੋਸ਼ਣ ਕਰਦੇ ਪਖੰਡੀ ਸਾਧਾ ਦਾ ਪਰਦਾ ਕਰਦਾ ਹੈ। ਦੂਜੇ ਪਾਸੇ ਤਰਕਸ਼ੀਲ ਸੁਸਾਇਟੀ ਦੀ ਚੰਗੀ ਕਾਰਗੁਜਾਰੀ ਅਤੇ ਨਾਰੀ ਤ੍ਰਾਸਦੀ ਜਿਹੇ ਮੁੱਦਿਆ ਉੱਤੇ ਵੀ ਪਾਠਕਾਂ ਦਾ ਧਿਆਨ ਕੇਂਦਰਿਤ ਕਰਦਾ ਹੈ।

- ਡਾ. ਅਰਵਿੰਦਰ ਕੌਰ ਬਹਾਲ

# ਹੁੰਗਾਰਾ

ਜੁਲਾਈ-ਸਤੰਬਰ ਕਹਾਣੀ ਧਾਰਾ-6 ਅੰਕ ਪੜ੍ਹਿਆ ਹੈ। ਸਭ ਤੋਂ ਪਹਿਲਾਂ ਬੇਬੀ ਹਾਲਦਾਰ ਦੀ ਮੁਲਾਕਾਤ ਪੜ੍ਹੀ। ਮੈਂ ਪਿਛਲੇ ਦਿਨੀਂ ਪੋਚਾ ਤੇ ਸਫ਼ਾਈ ਦਾ ਕੰਮਕਰਨ ਵਾਲੇ ਪਾਤਰਾਂ ਨੂੰ ਲੈ ਕੇ 'ਤੁਰਦਿਆਂ ਤੁਰਦਿਆਂ' ਨਾਵਲ ਲਿਖਿਆ। ਬੇਬੀ ਹਾਲਦਾਰ ਵਾਂਗ ਗੋਮਤੀ, ਗੋਮਤੀ ਨਾਵਲ ਦੀ ਨਾਇਕਾ ਹੈ। ਫਿਰ ਮੈਂ ਅੰਮ੍ਰਿਤਪਾਲ ਕੌਰ ਦੀ ਕਹਾਣੀ 'ਜਰਾਇਤ' ਪੜ੍ਹੀ। ਅੰਮ੍ਰਿਤਪਾਲ ਕੌਰ ਦੀ ਕਹਾਣੀ ਦੇ ਵਸਤੂ ਨੂੰ ਪ੍ਰਸਤੁਤ ਕਰਨ ਵਾਲਾ ਵਾਤਾਵਰਣ ਬੜਾ ਢੁੱਕਵਾ ਹੈ। ਭਲਾ ਹੁੰਦਾ ਉਹ ਅੰਤ ਵਿੱਚ ਆਪਣੀ ਧੀ ਤੋਂ ਵਿਦਰੋਹੀ ਬਣ ਜਾਣ ਦੀ ਵਿਨਾਇਕ ਵਿਧਾ ਅਪਣਾਉਂਦੀ। 'ਕਹਾਣੀ ਧਾਰਾ' ਲਈ ਲਿਖੇ ਖ਼ਤ ਵੀ ਪੜ੍ਹੇ ਪ੍ਰੋ. ਹਰਭਜਨ ਸਿੰਘ ਯੂ. ਐਸ. ਏ. ਵਾਲੇ ਟਾਇਪ ਨੂੰ ਮੋਟਾ ਕਰਨ ਲਈ ਆਖਦੇ ਹਨ ਮੇਰੀ ਉਨ੍ਹਾਂ ਨਾਲ ਸਹਿਮਤੀ ਹੈ। ਬਾਰੀਕ ਟਾਇਮ ਅੱਖਾਂ ਲਈ ਹਾਨੀਕਾਰਕ ਹੈ। ਮੇਰੇ ਵਰਗੇ ਬੁੱਢੇ ਲਈ ਤਾਂ ਹੋਰ ਵੀ ਹਾਨੀਕਾਰਕ।

- *ਓਮ ਪ੍ਰਕਾਸ਼ ਗਾਸੋ, ਬਰਨਾਲਾ*

'ਕਹਾਣੀ ਧਾਰਾ' ਮਿਲ ਰਿਹਾ ਹੈ। ਤੇ ਮੈਂ ਸਾਰਾ ਪੜ੍ਹਦਾ ਵੀ ਹਾਂ। ਪਰਚੇ ਦਾ ਮੈਟਰ ਬੜਾ ਚੰਗਾ ਹੁੰਦਾ ਹੈ। ਅੱਛਾ ਪਰਚਾ ਕੱਢ ਰਹੇ ਹੋ। - *ਪ੍ਰੇਮ ਸਿੰਘ ਮਾਨ*, ਯੂ. ਐਸ. ਏ.

ਕਹਾਣੀ ਧਾਰਾ-6 ਪੜ੍ਹਿਆ। ਅਜੇ ਤੱਕ ਮੈਂ ਦੋ ਕਹਾਣੀਆਂ ਪੜ੍ਹੀਆਂ ਹਨ। ਚੰਗੀਆਂ ਲਗੀਆਂ ਹਨ। ਪਰਚੇ ਦੀ ਦਿਖ ਬਹੁਤ ਵਧੀਆ ਹੈ ਤੇ ਪੇਪਰ ਤੇ ਪ੍ਰਿੰਟਿੰਗ ਵੀ ਸਾਫ ਹੈ ਉਮੀਦ ਹੈ ਕਿ ਹਰ ਪਰਚਾ ਏਸੇ ਸਟੈਂਡਰਡ ਦਾ ਹੀ ਆਉਂਦਾ ਹੋਏਗਾ। ਤੁਹਾਡੀ ਮਿਹਨਤ ਨੂੰ ਮੁਬਾਰਕਾਂ !

- *ਭੁਪਿੰਦਰ ਉਸਤਾਦ*, ਈ. ਜੀ. 919, ਗੋਬਿੰਦਗੜ੍ਹ, ਜਲੰਧਰ।

'ਕਹਾਣੀ ਧਾਰਾ' ਦਾ ਨਵਾਂ ਅੰਕ ਉਪਭੋਗੀ ਕਲਚਰ ਦੀ 'ਸਰਸਰਾਹਟ' (ਨਿਰਮਲ ਜਸਵਾਲ) ਨਾਲ ਸ਼ੁਰੂ ਹੁੰਦਾ ਹੈ। ਉਪਭੋਗ ਵਿਚ ਮਸਤ ਹਨ। ਕੋਈ ਸੋਚੇ... ਪਰ ਜੇ ਉਹ ਫਿਲਾਸਫਰ ਬਣ ਕੇ ਸੋਚਣ ਸਮਝਣ ਲੱਗ ਪਏ... ਫੇਰ ਨਾਇਕ ਵਿਅਕਤੀ ਹੀਣਤਾ ਮਹਿਸੂਸ ਕਰਦੀ ਹੋਈ... ਮਰਦ ਔਰਤ ਸਬੰਧਾਂ ਵਿਚ... ਆਪਣੇ ਆਪ ਨਾਲ ਹੋਰ ਵਿਸ਼ਵਾਸ ਘਾਤ ਕਰਨਾ ਨੀਂ ਚਾਹੁੰਦੀ ... ਤੇ ਉਹਨੂੰ 'ਜੀਰੋ ਦੀ ਖੇਡ' (ਸੋਮਾ ਸਬਲੋਕ) ਕਿਧਰੇ ਵੱਧ ਚੰਗੀ ਲਗਦੀ ਏ।

ਬਹੁਤੀਆਂ ਕਹਾਣੀਆਂ ਰੂੜੀ-ਵਾਦੀ ਸਮਾਜਕ ਵਿਵਸਥਾ ਵਿਚੋਂ ਆਪਣਾ ਨਾਰੀਵਾਦੀ ਰੂਪ ਗ੍ਰਹਿਣ ਕਰਦੀਆਂ ਹਨ। ... ਚੰਪਾ ਤੇ ਲਾਏ ਦੂਸ਼ਣਾਂ ਕਰਕੇ ਤਾਏ ਲਈ 'ਖੁਲ ਜਾ ਸਿੰਮ ਸਿੰਮ' ਨਹੀਂ। ਕਰਮੇ ਦੇ ਉਹਦੇ ਨਾਲ ਲੜਕੇ ਗਿਆ ਪੁੱਤਰ ਆਪ ਸ਼ਹਿਰ ਵਿਚ 'ਲਿਵ ਇਨ' ਉੱਤਰ ਆਧੁਨਿਕ ਕਾਲ ਵਿਚ ਜੀ ਰਿਹਾ। ਨਾਰੀ ਜਾਤੀ ਉੱਤੇ ਬੱਚਾ ਨਾ ਜੰਮਣ ਕਰਕੇ ਕੀਤੇ ਤ੍ਰਿਸ਼ਕਾਰਾਂ ਦੇ ਪਏ ਹੋਏ ਸੰਸਕਾਰਾਂ ਕਰਕੇ ਹੀ ਨਾਇਕਾ ਪਰਵਾਰ ਵਿਚ ਪੂਰਾ ਮਾਣ ਸਤਿਕਾਰ ਹੁੰਦਿਆ ਵੀ ਆਪਣੀ ਭੁੱਖੇ, ਬੱਚਾ ਜੰਮਣ ਦੀ 'ਤਮੰਨਾ' (ਨਰਿੰਦਰ ਕੌਰ ਭੱਚੂ) ਪੂਰੀ ਨਾ ਹੋਣ ਕਰਕੇ ਦੁਖੀ ਹੈ।

ਪਿਆਰ ਸ਼ਾਇਦ ਕੁਦਰਤ ਦੀ ਗੋਦ ਵਿਚ ਵਸੇ 'ਨੋਨਾ' (ਇੰਦਰਜੀਤਪਾਲ ਕੌਰ) ਵਰਗੇ ਪਾਤਰਾਂ ਲਈ ਹੈ। ਜਿੰਨਾਂ ਮਨੁੱਖ ਕੁਦਰਤ ਤੋਂ ਦੂਰ ਹੁੰਦਾ ਜਾ ਰਿਹਾ, ਖੁਦਗਰਜੀ ਵਿਚ ਫਸਿਆ ਰਿਸ਼ਤਿਆ ਦਾ ਘਾਣ ਕਰੀ ਜਾ ਰਿਹਾ ਹੈ, ਜਿਸਦਾ ਖ਼ਮਿਆਜਾ ਵੀ ਇਸਤਰੀ ਜਾਤੀ ਨੂੰ ਭੁਗਤਣਾ ਪੈਂਦਾ ਹੈ। ਨਾਇਕਾ ਨੂੰ 'ਅੰਦਰਲੀ ਤਪਸ਼' ਸਿਰਜਣਾਤਮਕਤਾ ਦੇ ਰੂਪ ਵਿਚ... ਸਮਾਜਕ ਜਬਰ ਤੋਂ ਛੁਟਕਾਰਾ ਦਿਵਾ ਸਕੀ ਹੈ। ... ਧੀ ਦਾ ਵਿਆਹ ਕਰਕੇ, 'ਜਰਾਇਤ' ਦੀ ਨਾਇਕਾ ਪੇਕਿਆ ਨੂੰ ਤੁਰ ਪਈ। ਸਹੁਰਿਆਂ ਰਾਹੀਂ ਕੀਤੇ ਅਪਮਾਨ ਨੂੰ ਉਹ ਆਪਣੇ ਦਿਲੋਂ ਕੱਢ ਨਹੀਂ ਸੀ ਸਕੀ। ਕਹਾਣੀਆਂ ਪੜ੍ਹਕੇ ਤੁਹਾਡੀ ਸੰਪਾਦਕੀ ਵਿਚ ਲਿਖੀ ਗੱਲ ... ਯੋਗ ਜਾਪਦੀ ਹੈ ਕਿ ਔਰਤ ਲੇਖਕਾਂ ਹੀ ਨਾਰੀਵਾਦੀ ਸੰਵੇਦਨਾ ਨੂੰ ਚੰਗੀ ਤਰ੍ਹਾਂ ਫੜ੍ਹ ਸਕਦੀਆਂ ਹਨ।

ਪਰ ਅੰਕ ਦੀ ਪ੍ਰਾਪਤੀ ਬੇਬੀ ਹਾਲਦਾਰ ਦੀ ਸ੍ਵੈ ਜੀਵਨੀ 'ਆਪਣੀ ਕਹਾਣੀ' ਬਾਰੇ ਕੀਤੀ ਮੁਲਾਕਾਤ ਹੈ। ''ਮੈਂ ਸਭ ਨੂੰ ਮਾਫ ਕੀਤਾ' ਲਿਖਦਿਆਂ ਵੀ ਉਹਨੇ ਪਿਓ, ਪਤੀ ਆਦਿ ਰਾਹੀ ਨਾਰੀ ਤੇ ਕੀਤੇ ਜ਼ੁਲਮ ਦੀ ਕਹਾਣੀ ਲਿਖਕੇ 'ਕਿਸੇ ਨੂੰ ਮਾਫ ਨਹੀਂ ਕੀਤਾ' 'ਜਨ ਬੋਧ' ਪੁਨਰ ਜਨਮ ਪੜ੍ਹ ਰਿਹਾਂ। ਇਹ ਠੋਸ ਹਕੀਕਤ ਹੈ



ਕਿ ਵਿਗਿਆਨਕ ਗਿਆਨ ਦੀ ਅਸਲੀਅਤ ਤੋਂ ਮੁਨਕਰ ਹੋ ਜਾਵੇ, ਵਿਗਿਆਨਕ ਵਿਧੀ ਨਾਲ ਵੀ ਸਹਿਮਤ ਨਾ ਹੋਵੇ, ਤੇ ਵਿਗਿਆਨ ਫਿਰ ਕੁਝ ਨਹੀਂ ਕਰ ਸਕਦਾ।'

- *ਸਰੂਪ ਸਿਆਲਵੀ*, ਰੋਪੜ।

'ਕਹਾਣੀ ਧਾਰਾ' ਦਾ ਮੈਟਰ ਕਾਫੀ ਰੌਚਿਕ ਅਤੇ ਤਰੋ-ਤਾਜਾ ਹੁੰਦੈ, ਇਹ ਨਵਾਂ-ਪਨ ਦਿਲ ਅੰਦਰ ਇਕ ਹੁਲਾਸ ਜਿਹਾ ਪੈਦਾ ਕਰਦਾ ਏ। ਪਾਠਕ ਵਜੋਂ ਆਪਣੀ ਪਸੰਦਗੀ ਦੀ ਗੱਲ ਕਰਾਂ ਤਾਂ ਕਹਾਣੀ 'ਜਰਾਇਤ' ਖ਼ੂਬਸੂਰਤ ਲੱਗੀ, ਪੜ੍ਹੇ-ਲਿਖੇ ਸਮਾਜ ਵਿਚ ਅੰਗੂਠਾ ਛਾਪ ਨਿਜ਼ੂਮੀਆਂ ਦਾ ਸਿੱਕਾ ਹਾਲਾਂ ਵੀ ਕਿਸ ਕਦਰ ਚੱਲਦਾ ਹੈ। ਦੂਜੀ ਰਚਨਾ ''ਖੁੱਲ ਜਾ ਸਿੰਮ-ਸਿੰਮ' ਮਾਅਰਕੇ ਦੀ ਰਚਨਾ ਹੈ, ਮਨੁੱਖ ਦੇ ਅੰਦਰਲੀ ਸਥਿਤੀ ਦੀ ਉੱਥਲ-ਪੁੱਥਲ ਨੂੰ ਬਿਆਨ ਕਰਨ ਦਾ ਲਾਜੁਆਬ ਢੰਗ ਹੈ। ਬਾਕੀ ਦੀਆਂ ਕਹਾਣੀਆਂ ਵੀ ਮਨ ਨੂੰ ਟੁੰਬਦੀਆਂ ਹਨ। 'ਸਰਸਰਾਹਟ' ਛਣਕਦੇ ਘੁੰਗਰੂਆਂ ਵਰਗੀ ਕਹਾਣੀ ਹੈ, ਜਿਸ ਦਾ ਛਣਕਣਾ ਤਾਂ ਚੰਗਾ ਲੱਗਦੈ... ਪਰ ਸੁਰ-ਤਾਲ ਨਹੀਂ? 'ਜ਼ੀਰੋ ਦੀ ਖੇਡ' ਬੜੀ ਦਿਲ-ਗੁਰਦੇ ਨਾਲ ਲਿਖੀ ਲੱਗਦੀ ਏ, ਲਾਲਸਾ ਵੱਸ ਮਨੁੱਖ ਕਿਥੋਂ ਤੱਕ ਡਿੱਗਦਾ ਹੈ, ਜ਼ੀਰੋ ਤੋਂ ਹਿੰਦਸਾ ਬਣਨ ਤੱਕ, ਪਰ ਹਿੰਦਸੇ ਤੋਂ ਜ਼ੀਰੋ ਵੱਲ ਪਰਤਣ ਦਾ ਸਫ਼ਰ... ਕਿੰਨਾ ਕੁੱਝ ਪਿੱਛੇ ਖ਼ੁਰ ਜਾਂਦਾ ਏ। 'ਤਮੰਨਾ' ਦੀ ਪਾਤਰ ਇੰਦੂ ਚਾਰ ਦਿਵਾਰੀ ਅੰਦਰ ਹੀ ਅੱਗ ਵਾਂਗ ਸੁਲ਼ਗਦੀ ਏ, ਜਦ ਕਿ ਸਮਾਜਿਕ ਸੱਚ ਇਹ ਹੈ ਕਿ ਔਰਤ ਔਲਾਦ ਖ਼ਾਤਰ ਅੱਕੀਂ ਪਲਾਹੀਂ ਹੱਥ ਮਾਰਦੀ ਏ। ਸ਼ਾਇਦ ਇਹ ਭੱਚੂ ਜੀ ਦਾ ਕੋਈ ਵੱਖਰਾ ਤਜਰਬਾ ਹੈ ਜਾਂ ਵੱਖਰਾ ਨਜ਼ਰੀਆ... । 'ਨੋਨਾ' ਕਹਾਣੀ ਇਕ ਲੇਖ ਵਾਗੂੰ ਜਾਪੀ ਪਰ ਫਿਰ ਵੀ ਆਪਣੀ ਗੱਲ ਕਹਿਣ ਵਿਚ ਸਫ਼ਲ ਰਹੀ ਏ। 'ਅੰਦਰਲੀ ਤਪਸ਼' ਦਾ ਸੰਘਰਸ਼ ਕਾਮਯਾਬ ਰਿਹਾ, ਜੋ ਨਾ-ਮੁਰਾਦ ਬਿਮਾਰੀ ਲਈ ਦਵਾ ਦਾਰੂ ਦਾ ਕੰਮ ਕਰਦਾ ਹੈ। 'ਜ਼ਿੰਦਗੀ ਦਾ ਕੈਦੀ' ਵੱਖਰੀ ਗੱਲ ਕਰਦੀ ਕਹਾਣੀ ਹੈ, ਜੋ ਆਪਣੇ ਵਿਸ਼ੇ ਅਨੁਸਾਰ ਸੰਪੂਰਨ ਹੈ।

ਮੁਲਾਕਾਤ ਵਿਚ ਬੇਬੀ ਹਾਲਦਾਰ ਨਾਲ ਮਿਲਾਉਣ ਲਈ ਤੁਹਾਡਾ ਸ਼ੁਕਰੀਆਂ। ਸਾਹਿਤਕ ਮੁਲਾਕਣ ਵਿਚ ਚੰਦਨ ਨੇਗੀ, ਰਸ਼ਪਿੰਦਰ ਰਿਸ਼ਮ ਦੀ ਆਦਿ ਕੁਆਰੀ ਤੋਂ ਇਲਾਵਾ ਡਾ. ਅਕਵਿੰਦਰ ਕੌਰ ਬਾਹਲ ਵਲੋਂ ਹੋਰ ਲੇਖਕਾਵਾਂ ਦੇ ਨਿੱਕੇ ਨਿੱਕੇ ਵੇਰਵੇ ਤਸੱਲੀ ਬਖ਼ਸ਼ ਰਹੇ। ਮੇਹਰਬਾਨੀ।

'ਜਨ ਬੋਧ' ਦੇ ਉਨੀ ਸਫ਼ੇ ਭਾਰੂ ਲੱਗਦੇ ਸਨ। ਪਰ ਪੜ੍ਹਣ ਉਪਰੰਤ ਰੌਚਿਕਤਾ ਬਰਾਬਰ ਬਣੀ ਰਹੀ। ਫਿਰ ਇਹ ਸਫ਼ੇ ਰੜਕਦੇ ਨਹੀਂ। ਕਾਫ਼ੀ ਹਵਾਲੇ ਦੇ ਕੇ ਇਸ ਨੂੰ ਨੇਪਰੇ ਚਾੜ੍ਹਿਆ ਗਿਆ ਹੈ। ਜੋ ਸਾਰਥਿਕ ਰਿਹਾ ਏ। ਖਾਸ ਕਰ 'ਅੰਡਾ ਤੇ ਸਪਰਮ' ਵਾਲਾ ਹਵਾਲਾ ਵਜ਼ਨਦਾਰ ਹੈ।

- *ਬਲਦੇਵ ਪੋਹਲੋਪੁਰੀ*, ਸਕੱਤਰ ਪੰਜਾਬੀ ਸਾਹਿਤ ਸਭਾ ਸੰਘੋਲ, ਫਤਿਹਗੜ੍ਹ ਸਾਹਿਬ।

'ਕਹਾਣੀ ਧਾਰਾ-6' ਇਸਤਰੀ ਕਹਾਣੀਕਾਰ ਵਿਸ਼ੇਸ਼ ਪ੍ਰਾਪਤ ਹੋਇਆ ਹੈ। ਧੰਨਵਾਦ। ਬਿਲਕੁਲ ਹੀ ਨਵੀਂਆਂ ਕਲਮਾਂ ਦੀਆਂ ਕਹਾਣੀਆਂ ਪ੍ਰਕਾਸ਼ਤ ਕੀਤੀਆਂ ਹਨ। ਸਿਵਾਏ ਨਿਰਮਲ ਜਸਵਾਲ ਦੇ। ਉਂਝ ਜੇ ਜਸਵਾਲ ਦੀ ਕਹਾਣੀ ਨਾ ਵੀ ਛਾਪੀ ਜਾਂਦੀ ਤਾਂ ਚੰਗਾ ਸੀ। ਸੁਰਿੰਦਰ ਨੀਰ ਅਤੇ ਮਧੂ ਗੁਲਾਟੀ ਦੀਆਂ ਕਹਾਣੀਆਂ ਪੰਜਾਬੀ ਕਹਾਣੀ ਦੀ ਨਰੋਈ ਧਾਰਾ 'ਚ ਸਮਾਉਣ ਯੋਗ ਹਨ। ਮੁਬਾਰਕ। ਡਾ. ਅਕਵਿੰਦਰ ਕੌਰ ਦੇ ਰੀਵਿਊ ਨਿਬੰਧ ਸਲਾਹੁਣਯੋਗ ਹਨ। - *ਤੇਜਵੰਤ ਮਾਨ* (ਡਾ.) ਸੰਗਰੂਰ

'ਕਹਾਣੀ ਧਾਰਾ'-6 ਮਿਲ ਗਿਆ। ਬਹੁਤ ਧੰਨਵਾਦ। ਤੁਹਾਡੇ ਯਤਨਾਂ ਦੀ ਸ਼ਲਾਘਾ ਕੀਤੇ ਬਿਨਾ ਨਹੀਂ ਰਹਿ ਸਕਦੇ। ਬਹੁਤ ਮਿਹਨਤ ਕਰਦੇ ਹੋ। ਤੁਹਾਡੇ ਵਰਗੇ ਪ੍ਰੋਢ ਦਿਮਾਗ ਨੂੰ ਪਤਾ ਹੈ ਕਿ ਮਿਹਨਤਾਂ ਹੀ ਵਿਰਾਨੀਆਂ'ਚ ਰੰਗੀਨੀਆਂ ਭਰਦੀਆਂ ਨੇ।

ਇਸ ਅੰਕ ਦੀਆਂ ਕਹਾਣੀਆਂ ਪੜ੍ਹ ਕੇ ਸਮਾਜ ਦੇ ਬਹੁਤ ਸਾਰੇ ਗੁੱਝੇ ਭੇਦਾਂ ਬਾਰੇ ਪਤਾ ਲਗਦਾ ਹੈ। ਕਾਫ਼ੀ ਚਿਰ ਤੋਂ ਮੇਰੇ ਜ਼ਿਹਨ 'ਚ ਇੱਕ ਦੁਬਿਧਾ ਸੀ, ਬੇਬੀ ਹਾਲਦਾਰ ਦੀ 'ਮੁਲਾਕਾਤ ਪੜ੍ਹ ਕੇ ਰਾਹ ਲੱਭ ਪਿਆ। ਕੁਦਰਤ ਨੇ ਔਰਤ ਨੂੰ ਵਿਸ਼ਾਲ ਦਿਲ ਦਿੱਤਾ ਹੈ। ਜੋ ਕੰਕਰ, ਪੱਥਰ ਕੰਡੇ ਹਿਰਦੇ 'ਚ ਸਾਂਭ ਕੇ ਹੋਰਾਂ ਨੂੰ ਫੁੱਲਾਂ ਜਿਹੀ ਖੁਸ਼ਬੋਈ ਦਿੰਦੀ ਹੈ 'ਜਨ ਬੋਧ' ਵਾਲੇ ਭਾਗ ਨੇ ਵਿਸਥਾਰ ਸਹਿਤ ਜਾਣਕਾਰੀ ਦੇ ਕੇ ਆਮ ਮਨੁੱਖ ਦੀ ਦੋਚਿੱਤੀ ਖ਼ਤਮ ਕਰ ਦਿੱਤੀ।

ਅੰਕ-5 ਦੀ ਕਹਾਣੀ ਵੱਟਾ' ਨੇ ਰਾਹ ਕਾਫ਼ੀ ਮੋਕਲਾ ਕਰ ਦਿੱਤਾ ਹੈ। ਆਪਣੇ ਬੱਚਿਆਂ ਦੀ ਖੁਸ਼ੀ ਹੀ ਮਾਪਿਆ ਦਾ ਸੁੱਖ ਹੈ। ਦੇਖਦੇ ਆ ਸਾਡਾ ਸਮਾਜ ਕਦ ਇਹਨਾਂ ਰਾਹਾਂ 'ਤੇ ਸਿੱਧਾ ਤੁਰਨਾ ਸਿਖੇਗਾ।

- *ਨਰਿੰਦਰ ਕੌਰ ਭੱਚੂ*, ਨੂਰ ਮਹਿਲ

Year: 2 Issue No. 7
'KAHANI DHARA'(PUNJABI QUARTERLY) Oct.-Dec., 2007 R.N.I. Regd No. PUN PUN 2006 / 19971


# ਨੈਸ਼ਨਲ ਬੁਕ ਟਰੱਸਟ, ਇੰਡੀਆ ਦੀਆਂ
## ਸਾਹਿਤਕ ਪੁਸਤਕਾਂ ਦੇ ਵਿਸ਼ਾਲ ਸੰਸਾਰ ਨਾਲ ਸਾਂਝ ਪਾਓ

*ਪੰਜਾਬ ਦੇ ਚੋਣਵੇਂ ਖਿਡਾਰੀ :* ਪ੍ਰਿੰ. ਸਰਵਣ ਸਿੰਘ
ਮੂਲ ਪੰਜਾਬੀ ਕੀਮਤ : 80.00
ਇਸ ਪੁਸਤਕ ਵਿਚ ਪੰਜਾਬ ਦੇ ਚੋਣਵੇਂ 67ਖਿਡਾਰੀਆਂ ਬਾਰੇ, ਜੋ ਕਿ ਵੱਖ-ਵੱਖ ਖੇਡਾਂ ਨਾਲ ਸੰਬੰਧਿਤ ਹਨ, ਬਾਰੇ ਬਹੁਤ ਹੀ ਦਿਲਚਸਪ ਜਾਣਕਾਰੀ ਦਿੱਤੀ ਗਈ ਹੈ।

*ਬੰਦੀ ਬੋਲ :* ਡਾ. ਗੁਰਦੇਵ ਸਿੰਘ ਸਿੱਧੂ (ਸੰਪਾਦਕ)
ਮੂਲ ਪੰਜਾਬੀ ਕੀਮਤ :100.00
ਸੁਤੰਤਰਤਾ ਸੰਗਰਾਮ ਦੌਰਾਨ ਅੰਗਰੇਜ਼ ਸਰਕਾਰ ਨੇ ਜੋ ਪੰਜਾਬੀ ਦੀ ਕਵਿਤਾ ਜ਼ਬਤ ਕੀਤੀ ਸੀ, ਉਸ ਨੂੰ ਇਸ ਸੰਗ੍ਰਹਿ ਵਿਚ ਸ਼ਾਮਲ ਕੀਤਾ ਗਿਆ ਹੈ।

*1857 ਦੀ ਬਗ਼ਾਵਤ :* ਪੀ. ਸੀ. ਜੋਸ਼ੀ
ਅਨੁਵਾਦ : ਡਾ. ਨਰੇਸ਼ ਕੀਮਤ: 85.00
ਇਸ ਪੁਸਤਕ ਵਿਚ 1857 ਦੇ ਗ਼ਦਰ ਬਾਰੇ ਭਰਪੂਰ ਜਾਣਕਾਰੀ ਦਿੱਤੀ ਗਈ ਹੈ।

*ਭਾਰਤ ਦੀਆਂ ਲੋਕ-ਕਥਾਵਾਂ :*
ਏ. ਕੇ. ਰਾਮਾਨੁਜਨ (ਸੰਪਾਦਕ)
ਅਨੁ : ਡਾ. ਗੁਰਚਰਨ ਸਿੰਘ ਅਰਸ਼ੀ
ਕੀਮਤ: 115.00
ਇਸ ਪੁਸਤਕ ਵਿਚ ਸੰਪਾਦਕ ਨੇ ਹਰੇਕ ਪ੍ਰਾਂਤ ਦੀਆਂ ਦੋ-ਦੋ -ਤਿੰਨ-ਤਿੰਨ ਦਿਲਚਸਪ ਲੋਕ-ਕਥਾਵਾਂ ਨੂੰ ਸ਼ਾਮਲ ਕੀਤਾ ਹੈ।

*ਬੇਗਮਾਂ ਦੇ ਅੱਥਰੂ :* ਖ਼ਵਾਜਾ ਹਸਨ ਨਿਜ਼ਾਮੀ
ਅਨੁਵਾਦਕ: ਡਾ. ਬਲਦੇਵ ਸਿੰਘ 'ਬੱਦਨ'
ਕੀਮਤ 35.00
ਦਿੱਲੀ ਦੇ ਸ਼ਾਹੀ ਖ਼ਾਨਦਾਨ ਨਾਲ 1857 ਦੇ ਗ਼ਦਰ ਦੌਰਾਨ ਜੋ ਕੁਝ ਵਾਪਰਿਆ, ਉਸ ਦੀਆਂ ਦਰਦਨਾਕ ਸਥਿਤੀਆਂ ਦਾ ਵਰਣਨ ਇਸ ਪੁਸਤਕ ਵਿਚ ਕੀਤਾ ਗਿਆ ਹੈ।

*ਸੁਭੱਦਰਾ ਕੁਮਾਰੀ ਚੌਹਾਨ ਦੀਆਂ ਚੋਣਵੀਆਂ ਕਹਾਣੀਆਂ :* ਅਨੰਦ ਪ੍ਰਕਾਸ਼ (ਸੰਪਾਦਕ)
ਅਨੁ.: ਡਾ. ਅਮਰਜੀਤ ਕੌਰ ਕੀਮਤ: 75.00
ਇਸ ਪੁਸਤਕ ਵਿਚ ਲੇਖਿਕਾ ਦੀਆਂ 22 ਚੋਣਵੀਆਂ ਕਹਾਣੀਆਂ ਸ਼ਾਮਲ ਕੀਤੀਆਂ ਗਈਆਂ ਹਨ।

*ਸੁਤੰਤਰਤਾ ਸੰਗ੍ਰਾਮ ਦੀ ਬਸੰਤ :* ਨਾਰਾਇਣ ਦੇਸਾਈ
ਅਨੁ. : ਦਰਸ਼ਨ ਮਿਤਵਾ ਕੀਮਤ: 14.00
1917 ਤੋਂ 1931 ਤਕ ਇਸ ਦੇਸ਼ ਵਿਚ ਸੱਤਿਆ-ਗ੍ਰਹਿ ਦਾ ਸੂਰਜ ਚੜ੍ਹਿਆ ਅਤੇ ਉਹ ਮੱਧ ਵਿਚ ਪਹੁੰਚ ਕੇ ਆਪਣੀ ਨਿਰਾਲੀ ਚਮਕ ਨਾਲ ਪ੍ਰਕਾਸ਼ਿਤ ਹੋਇਆ। ਇਸ ਪੁਸਤਕ ਵਿਚ ਉਪਰੋਕਤ ਸਮੇਂ ਦੌਰਾਨ ਦੇ ਸੱਤਿਆਗ੍ਰਹਿਾਂ ਦਾ ਜ਼ਿਕਰ ਹੈ।

*ਕਰਮਯੋਗੀ ਲੋਕਮਾਨਯ ਤਿਲਕ :* ਗ. ਪ੍ਰ. ਪ੍ਰਧਾਨ
ਅਨੁ. : ਰਾਮ ਸਿੰਘ ਚਾਹਲ ਕੀਮਤ: 15.00
ਇਸ ਪੁਸਤਕ ਵਿਚ ਤੇਜ਼-ਤਰਾਰ ਪੱਤਰਕਾਰ ਅਤੇ ਜੁਝਾਰੂ ਸਿਆਸਤ-ਦਾਨ ਲੋਕਮਾਨਯ ਤਿਲਕ ਦੇ ਜੀਵਨ ਦੇ ਹਰ ਪਹਿਲੂ 'ਤੇ ਚਾਨਣਾ ਪਾਇਆ ਗਿਆ ਹੈ।

*ਉਸ ਚਿੜੀ ਦਾ ਨਾਂ :* ਪੰਕਜ ਬਿਸ਼ਟ
ਅਨੁ.: ਡਾ. ਬਲਦੇਵ ਸਿੰਘ 'ਬੱਦਨ' ਕੀਮਤ : 67.00
ਇਹ ਨਾਵਲ ਪਰਿਵਾਰਕ ਸੰਬੰਧਾਂ ਦੇ ਤਾਣੇ-ਬਾਣੇ ਦੇ ਬਾਵਜੂਦ ਵਿਭਿੰਨ ਇਤਿਹਾਸਕ ਤੱਥਾਂ, ਲੋਕ-ਕਥਾਵਾਂ ਦੇ ਮਾਧਿਅਮ ਨਾਲ ਆਧੁਨਿਕਤਾ ਅਤੇ ਪਰੰਪਰਾ ਦੇ ਜਟਿਲ ਟਕਰਾਉ ਨੂੰ ਦਰਸਾਉਂਦਾ ਹੈ।

*ਕਾਲਾ ਪਾਣੀ ਅੰਡੇਮਾਨ ਦੀ ਦੰਡੀ-ਬਸਤੀ :*
ਪ੍ਰਮੋਦ ਕੁਮਾਰ
ਅਨੁਵਾਦਕ : ਬਿੰਦਰ ਬਸਰਾ ਕੀਮਤ: 40.00
ਇਸ ਪੁਸਤਕ ਵਿਚ ਕਾਲਾ ਪਾਣੀ ਦੀ ਸਜ਼ਾ ਪ੍ਰਾਪਤ ਰਾਜਸੀ ਯੁੱਧ-ਕੈਦੀਆਂ ਦੇ ਤਜਰਬਿਆਂ ਦੇ ਦਸਤਾਵੇਜ਼ੀ-ਕਰਨ ਦਾ ਕੰਮ ਕੀਤਾ ਹੈ।

*ਕਿੱਸਾ ਗੁਲਾਮ ( ਹਿੰਦੀ ) :* ਰਮੇਸ਼ ਚੰਦਰ ਸ਼ਾਹ
ਅਨੁਵਾਦਕ : ਪ੍ਰੇਮ ਗੋਰਖੀ ਕੀਮਤ : 80. 00
ਲੇਖਕ 'ਕਿੱਸਾ ਗੁਲਾਮ' ਵਿਚ ਅੱਜ ਦੇ ਆਧੁਨਿਕ ਭਾਰਤ ਦੇ ਸਭਿਆਚਾਰਕ ਸੰਘਰਸ਼ ਨੂੰ ਇਕ ਸੰਵੇਦਨਾਤਮਕ ਸਵੈ-ਸੰਘਰਸ਼ ਦੇ ਪੱਧਰ 'ਤੇ ਉਠਾਉਂਦੇ ਹਨ।

## ਪੁਸਤਕਾਂ ਖਰੀਦਣ ਲਈ ਹੇਠ ਲਿਖੇ ਪਤੇ 'ਤੇ ਸੰਪਰਕ ਕਰੋ


ਨੈਸ਼ਨਲ ਬੁਕ ਟਰੱਸਟ, ਇੰਡੀਆ
ਏ-5, ਗਰੀਨ ਪਾਰਕ, ਨਵੀਂ ਦਿੱਲੀ-110016
ਟੈਲੀਫੈਕਸ 91-11-26512588, 26564020, 26851795, 26960158
e-mail:nbtindia@ndb.vsnl.net.in
website: www. nbtindia. org.in

ਮੁੰਬਈ : ਟੈਲੀਫੈਕਸ : 91-22-23720442
e-mail: nbtindiamumbai@yahoo.com
ਬੰਗਲੌਰ : ਟੈਲੀਫੈਕਸ : 91-80-26711994
e-mail: nbtindiasro@vsnl.net
ਕੋਲਕਾਤਾ ਟੈਲੀਫੈਕਸ 91-33-22413899
e-mail: nbtero@dataone.in